**The** prevailing situation in one of the established democratic polity, economically and socially advanced country, the only super-power of the world, the USA, is troubled by the happenings in the wake of unfortunate death of a Black- American, George Floyd owing to the alleged high-handedness by the police. The entire country is in turmoil. The blacks feel alienated and discriminated by the whites. There is a clear racial and ethnic divide. Giving way to their pent up anger against the administration and the society, blacks are on the road in protest. Some of them, including anti social elements, are resorting to violence and looting making a mockery of civil administration. These kinds of happenings are usual and routine in developing and poor countries including India, particularly India where the social system is based on discriminatory practices of caste and untouchability. Though these inhuman and anti-social practices have been banned and stopped constitutionally yet it is taking time to eradicate the evil from the mindset of people. Same is true of the USA – from Abraham Lincoln – Martin Luther King Jr. – Barack Obama – Donald Trump, the bug of social menace of racial and ethnic discrimination could not be completely eradicated. In Africa, Nelson Mandela, Kenneth Kaunda among others could not avert the disaster in Rwanda, Burundi, Sudan, Somalia, Yemen etc. In Europe, the happenings in Eastern Europe in the early 1990s are a grim reminder of the unjust social and economic order in which the entire humanity is condemned to live. We need to sit, consider, discuss these ground realities, if we wish to live in peace and look forward towards further development and prosperity.

What is the answer to better the situation? The answer is clearly to resort to confidence building measures and enhanced social understandings besides constitutional arrangement to establish a just, social and economic order. It is not that I am talking of something new and unique. We all know this. But still, I would like to draw the attention of the international community to a proposal which was humbly made to the government of India in June, 2015 to declare April 14, birth anniversary of Dr. B.R. Ambedkar, the champion of equality, justice, liberty and fraternity, as International Day of Equality under the aegis of the UN. Since then, we have been pursuing the matter with the government of India and the international inter-locators in a humble way. The proposal is resting with the Ministry of External Affairs of the GOI. The immediate motivation to raise the issue in this write up, to engage the international community, came from the unfortunate and uncalled for happenings in the USA in the wake of George Floyd's death resulting in social upheaval in the USA. Some details of the proposal on International Day of Equality may be accessed from the link: http://diplomatictitbits.blogspot.com/2020/04/april-14-birth-anniversary-of-babasaheb.html

The proposal on International Day of Equality, if accepted, will bring in the legacy of Gautama Buddha – Swami Vivekananda – Rabindranath Tagore - Mahatma Gandhi – Babasaheb Ambedkar to strengthen the lofty ideals of the UN to establish a just political, social and economic world order. It will be yet another message for humanity to honour and adopt the cherished attributes of Equality, Liberty, Justice and Fraternity to live in peace and harmony. At the same time, it will be a befitting honour to the greatest son of India, Dr. Bhimrao Ramji Ambedkar, father of the Indian constitution and a champion of equality and fraternity in the diverse society. Babasaheb Ambedkar did not represent any particular political ideology or dogma but the teachings and philosophy of the greatest Master Gautama the Buddha. It goes without mentioning that Dr. B.R. Ambedkar was one of the most educated and experienced personality of the contemporary world with coveted degrees in law, economics, humanities from the renowned universities of Americas, Europe and Asia. His sterling contribution to reform the Indian society of 1.3 billion remains unparallel in the annals of history so far.

With this, I close my submission, by underlining the increasing relevance of the proposed International Day of Equality not only to honour the greatest icon of our times, Dr. B . R . Ambedkar but also to put in place yet another big CBM to usher into a just and equitable world order, a great need of the day.

I take this opportunity to wish all the best to the people of the USA to come out of the current mess created by the mindset and sense of racial superiority which is against the tenets of a humane society.






**Postscript:-**

Five decades after the civil rights movement and more than six decades after India adopted the constitution framed by Ambedkar, racial and caste discrimination as well as inequality run deep in the fabrics of both countries. Discrimination along caste and racial lines has been and still are structured by social, political and cultural institutions. Like King, Ambedkar-led movements against untouchability fought for Dalit representation in parliament, drew up a constitution which, he hoped, would ensure equal rights to all Indians, regardless of caste or religion. Yet, in both cases, much work remains to be done.

*(Extract from Ms. Monobina Gupta's article "The Shared Legacies of Martin Luther King and Ambedkar" published in the Wire on April 10, 2018)*

# SAD DEMISE OF Mrs. ROSHNI CHOPRA



**It** was very saddening to know that Mrs. Roshni Chopra, wife of Mr. Sukhraj Chopra of San Francisco left for her heavenly abode recently.Mrs. Chopra was a person of a very poised and elegant nature and behavior. The whole Chopra family is a very dedicated family and is always in the forefronts for financial help in the establishment of all our Guru Ghars. Her sudden departure from this mortal world is a great loss to the community as well.

Sri Guru Ravidass Sabha, Pittsburg deeply mourns this great loss and shares it with the Chopra family and conveys its condolences and sympathies to the bereaved family with prayers for the departed soul to rest in peace and tranquility.



**- O. P. Balley**
On behalf of
Management Committee
Sri Guru Ravidass Sabha,
Pittsburg (California)



Many congratulations on the foundation day of the historic Ad Dharm movement of Punjab. This was the first movement of its kind launched by the great visionaries of our Samaj' who wanted to liberate us from the adverse social conditions of oppressive subjugation, economic hardships and political marginalization. The revered founders of this movement taught us to live with dignity and to struggle for our due share in resources of the society. Once again our heartfelt congratulations to the whole Samaj on this auspicious day of ours!



**Shri Amardeep Chahal with his Wife, Mother & Father**

**ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ**



BABA MANGU RAM MUGGOWALIA JI
14-01-1886 - 22-04-1980
FOUNDER: AD-Dharam Mandal, Punjab

**Many congratulations on the foundation day of the historic Ad Dharm movement of Punjab. This was the first movement of its kind launched by the great visionaries of our Samaj' who wanted to liberate us from the adverse social conditions of oppressive subjugation, economic hardships and political marginalization. The revered founders of this movement taught us to live with dignity and to struggle for our due share in resources of the society. Once again our heartfelt congratulations to the whole Samaj on this auspicious day of ours!**


ਕਮਿਊਨਿਟੀ ਦੇ ਨਿਸ਼ਕਾਮ ਸੇਵਕ,
ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ
ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

**Holidayinn Express,**

**DAYS INN and**

**MOMI HOSPITALITY**

**INVESTMENT**

**ਕੈਲੀਫੋਰਨੀਆ ਦੇ ਮਾਲਕ**



ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਅਤੇ ਪ੍ਰੇਮ ਸੋਢੀ ਮੋਮੀ

# MOMI BROTHERS

## ਅਤੇ ਸਮੂਹ ਮੋਮੀ ਪਰਿਵਾਰ



SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਦੇਸ਼ ਦੁਆਬਾ ਦਾ 9ਵੇਂ ਵਰ੍ਹੇ ਦਾ ਨੌਵਾਂ ਅੰਕ

# ਦੇਸ਼ ਦੁਆਬਾ

ਹਫ਼ਤਾਵਾਰੀ

VOL - 9 ISSUE - 9

June 10, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਵੱਲੋਂ ਚਲਾਈ ਸੁਨਹਿਰੀ ਆਦਿ ਧਰਮ ਲਹਿਰ ਦੀ ਪਹਿਲੀ ਕਾਨਫਰੰਸ 11-12 ਜੂਨ 1926 ਦੇ 94 ਸਾਲ ਪੂਰੇ ਹੋਣ 'ਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।


**ਇਸ ਸਬੰਧਿਤ ਡਾ. ਜੀ. ਸੀ. ਕੌਲ ਦਾ ਵਿਸ਼ੇਸ ਲੇਖ ਦੇਖੋ ਸਫਾ 11, ਸ੍ਰੀ ਸੀ. ਐਲ. ਚੁੰਬਰ ਦਾ ਸਫਾ 12 ਅਤੇ ਸ. ਲਾਲ ਸਿੰਘ ਸੁਲਹਾਣੀ ਦਾ ਸਫਾ 17 'ਤੇ**




ਬਹੁਜਨ ਲਹਿਰ ਦੇ ਬਾਬਾ ਬੋਹੜ ਭਾਈ ਹਰਭਜਨ ਸਿੰਘ ਲਾਖਾ ਦੀ 6ਵੀਂ ਬਰਸੀ ਨੂੰ ਸਮਰਪਿਤ ਸ. ਲਾਲ ਸਿੰਘ ਸੁਲਹਾਣੀ ਦਾ ਵਿਸ਼ੇਸ ਲੇਖ ਦੇਖੋ ਸਫਾ 18 'ਤੇ।

# ਜਾਰਜ ਫਲਾਇਡ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਦਾ ਆਇਆ ਹੜ੍ਹ

**ਹਿਊਸਟਨ (ਬਿਊਰੋ)–** ਅਮਰੀਕਾ ਦੇ ਹਿਊਸਟਨ ਸ਼ਹਿਰ ਦੇ ਇਕ ਚਰਚ 'ਚ ਸਿਆਹਫਾਮ ਜਾਰਜ ਫਲਾਇਡ ਦੀ ਦੇਹ ਅੰਤਿਮ ਦਰਸ਼ਨਾਂ ਲਈ ਰੱਖੀ ਗਈ। ਇਸ ਦੌਰਾਨ ਸ਼ਰਧਾਂਜਲੀ ਦੇਣ ਲਈ ਵੱਡੀ ਗਿਣਤੀ 'ਚ ਲੋਕ ਇਕੱਠੇ ਹੋਏ। ਮਾਸਕ ਤੇ ਗਲਵਸ 'ਚ ਪੁੱਜੇ ਪੰਜ ਹਜ਼ਾਰ ਤੋਂ ਵੱਧ ਲੋਕਾਂ ਨੇ ਅਫਰੀਕੀ-ਅਮਰੀਕੀ ਫਲਾਇਡ ਦੇ ਅੰਤਿਮ ਦਰਸ਼ਨ ਕੀਤੇ ਤੇ ਸ਼ਰਧਾਂਜਲੀ ਦਿੱਤੀ। ਮਿਨੀਪੋਲਿਸ 'ਚ ਬੀਤੀ 25 ਮਈ ਨੂੰ ਪੁਲਿਸ ਹਿਰਾਸਤ 'ਚ ਫਲਾਇਡ ਦੀ ਮੌਤ ਹੋ ਗਈ ਸੀ। ਇਕ ਪੁਲਿਸ ਅਧਿਕਾਰੀ ਵੱਲੋਂ ਕਰੀਬ ਨੌਂ ਮਿੰਟ ਤਕ ਗੋਡੇ ਨਾਲ ਉਸ ਦੀ ਗਰਦਨ ਦਬਾਏ ਜਾਣ ਦੀ ਵੀਡੀਓ ਸਾਹਮਣੇ ਆਈ ਸੀ। ਇਸ ਤੋਂ ਬਾਅਦ ਪੂਰੇ ਅਮਰੀਕਾ 'ਚ ਕੋਰੋਨਾ ਮਹਾਮਾਰੀ ਦੌਰਾਨ ਕਈ ਦਿਨਾਂ ਤਕ ਵੱਡੇ ਪੱਧਰ 'ਤੇ ਵਿਰੋਧ ਮੁਜ਼ਾਹਰੇ ਤੇ ਹਿੰਸਾ ਹੋਈ ਹੈ। ਇਸ ਹੱਤਿਆਕਾਂਡ ਦੇ ਵਿਰੋਧ 'ਚ ਹੁਣ ਵੀ ਕਈ ਸ਼ਹਿਰਾਂ 'ਚ ਵਿਰੋਧ ਮੁਜ਼ਾਹਰੇ ਹੋ ਰਹੇ ਹਨ।



46 ਸਾਲਾ ਫਲਾਇਡ ਦੀ ਦੇਹ ਅੰਤਿਮ ਸਸਕਾਰ ਲਈ ਸ਼ਨਿਚਰਵਾਰ ਰਾਤ ਹਿਊਸਟਨ ਲਿਆਂਦਾ ਗਿਆ। ਇਸ ਤੋਂ ਬਾਅਦ ਸੋਮਵਾਰ ਨੂੰ ਇੱਥੋਂ ਦੇ ਫਾਊਂਟੇਨ ਆਫ ਪ੍ਰੇਜ ਚਰਚ 'ਚ ਦੇਹ ਨੂੰ ਇਕ ਸੁਨਹਿਰੇ ਰੰਗ ਦੇ ਖੁੱਲ੍ਹੇ ਤਾਬੂਤ 'ਚ ਰੱਖਿਆ ਗਿਆ ਤਾਂ ਜੋ ਲੋਕ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਸਕੇ। ਅੰਤਿਮ ਦਰਸ਼ਨ ਲਈ ਦੁਪਹਿਰ 12 ਵਜੇ ਤੋਂ ਲੈ ਕੇ ਸ਼ਾਮ ਛੇ ਵਜੇ ਤਕ ਦਾ ਸਮਾਂ ਤੈਅ ਕੀਤਾ ਗਿਆ ਸੀ। ਇਸ ਦੌਰਾਨ ਸ਼ਰਧਾਂਜਲੀ ਦੇਣ ਲਈ ਅਮਰੀਕਾ ਦੇ ਕਈ ਦੂਜੇ ਸ਼ਹਿਰਾਂ ਤੋਂ ਲੋਕ ਉੱਥੇ ਪੁੱਜੇ। ਕਈ ਲੋਕ ਲੰਬੀ ਡਰਾਈਵਿੰਗ ਕਰ ਕੇ ਫਲਾਇਡ ਦੇ ਅੰਤਿਮ ਦਰਸ਼ਨ ਕਰਨ ਲਈ ਆਏ ਸਨ।

ਫਲਾਇਡ ਨੇ ਆਪਣਾ ਜ਼ਿਆਦਾਤਰ ਸਮਾਂ ਇਸੇ ਚਰਚ 'ਚ ਗੁਜ਼ਾਰਿਆ ਸੀ। ਉਨ੍ਹਾਂ ਦੀ ਦੇਹ ਹਿਊਸਟਨ ਮੈਮੋਰੀਅਲ ਗਾਰਡਨਜ਼ ਕਬਰਿਸਤਾਨ 'ਚ ਦਫ਼ਨਾਈ ਜਾਵੇਗੀ। ਇੱਥੇ ਹੀ ਉਨ੍ਹਾਂ ਦੀ ਮਾਂ ਲਾਰੇਂਸੀ ਫਲਾਇਡ ਦੀ ਕਬਰ ਹੈ। ਲਾਰੇਂਸੀ ਦੀ ਕਬਰ ਨੇੜੇ ਹੀ ਉਨ੍ਹਾਂ ਦੀ ਦੇਹ ਦਫ਼ਨ ਕੀਤੀ ਜਾਵੇਗੀ।

**ਫਲਾਇਡ ਦੇ ਪਰਿਵਾਰ ਨੂੰ ਮਿਲੇ ਗਵਰਨਰ**

ਫਲਾਇਡ ਦਾ ਪਰਿਵਾਰ ਵੀ ਟੈਕਸਾਸ ਸੂਬੇ ਦੇ ਵੱਡੇ ਸ਼ਹਿਰ ਹਿਊਸਟਨ

**(ਬਾਕੀ ਸਫਾ 24 'ਤੇ)**

# ਵਾਸ਼ਿੰਗਟਨ 'ਚ ਮਹਾਤਮਾ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣਾ ਮਨੁੱਖਤਾ ਖ਼ਿਲਾਫ਼ ਅਪਰਾਧ- ਸੰਧੂ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਮਹਾਤਮਾ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਘਟਨਾ ਬਾਰੇ ਕਿਹਾ ਕਿ ਇਹ ਮਨੁੱਖਤਾ ਖ਼ਿਲਾਫ਼ ਅਪਰਾਧ ਹੈ। ਉਨ੍ਹਾਂ ਏ ਐੱਨ ਆਈ ਨੂੰ ਦੱਸਿਆ, 'ਗਾਂਧੀ ਦਾ ਬੁੱਤ ਇੱਥੇ ਵੱਕਾਰੀ ਸਮਾਰਕ ਹੈ ਜਿਹੜਾ ਨੈਸ਼ਨਲ ਪਾਰਕ ਪੁਲਿਸ ਦੇ ਕੰਟਰੋਲ ਵਾਲੇ ਖੇਤਰ 'ਚ ਸਥਿਤ ਹੈ। ਇਸ ਪਾਰਕ ਦਾ ਉਦਘਾਟਨ ਸਾਲ 2000 ਵਿਚ ਤੱਤਕਾਲੀ ਭਾਰਤੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਤੱਤਕਾਲੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਵੱਲੋਂ ਕੀਤਾ ਗਿਆ ਸੀ।'



ਅਮਰੀਕਾ 'ਚ ਅਫ਼ਰੀਕੀ-ਅਮਰੀਕੀ ਜਾਰਜ ਫਲਾਇਡ ਦੀ ਪੁਲਿਸ ਹਿਰਾਸਤ 'ਚ ਮੌਤ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਜਾਰੀ ਹੈ। ਦੇਸ਼ ਭਰ 'ਚ ਹਿੰਸਾ, ਤੋੜਭੰਨ ਤੇ ਲੁੱਟ-ਖੋਹ ਦੀਆਂ ਘਟਨਾਵਾਂ ਵੀ ਹੋਈਆਂ ਹਨ। ਇਸ ਲੜੀ 'ਚ ਵਾਸ਼ਿੰਗਟਨ ਸਥਿਤ ਭਾਰਤੀ ਦੂਤਘਰ ਦੇ ਬਾਹਰ ਮਹਾਤਮਾ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਗਿਆ। ਅਮਰੀਕਾ ਵੱਲੋਂ ਭਾਰਤ ਨੂੰ ਜੀ-7 ਸੰਮੇਲਨ 'ਚ ਸ਼ਾਮਲ ਹੋਣ ਦਾ ਸੱਦਾ ਤੇ ਇਸ ਦੇ ਵਿਸਤਾਰ ਦਾ ਪ੍ਰਸਤਾਵ ਦਿੱਤਾ ਗਿਆ ਜਿਸ 'ਤੇ ਭਾਰਤ ਨੇ ਖ਼ੁਸ਼ੀ ਜ਼ਾਹਿਰ ਕੀਤੀ। ਉੱਥੇ ਹੀ ਚੀਨ ਨੇ ਅਮਰੀਕਾ ਦੇ ਇਸ ਕਦਮ 'ਤੇ ਇਤਰਾਜ਼ ਪ੍ਰਗਟਾਇਆ ਹੈ। ਅਮਰੀਕਾ 'ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਮੰਗਲਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਾਡ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਫੋਨ 'ਤੇ ਹੋਈ ਗੱਲਬਾਤ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ, '2 ਜੂਨ ਨੂੰ ਫੋਨ 'ਤੇ ਹੋਈ ਗੱਲਬਾਤ ਦੌਰਾਨ ਹੋਰਨਾਂ ਮੁੱਦਿਆਂ ਤੋਂ ਇਲਾਵਾ ਜੀ-7 ਨਾਲ ਸਬੰਧਤ ਦੋ ਮਾਮਲਿਆਂ ਨੂੰ ਉਠਾਇਆ ਗਿਆ। ਪਹਿਲਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਮੇਲਨ 'ਚ ਆਉਣ ਦਾ ਸੱਦਾ ਦਿੱਤਾ ਤੇ ਦੂਸਰਾ ਉਨ੍ਹਾਂ ਨਾਲ ਜੀ-7 ਦੇ ਵਿਸਤਾਰ ਦੀ ਇੱਛਾ ਪ੍ਰਗਟਾਈ। ਇਹ ਦੋਵੇਂ ਨਿਯਮਤ ਰੂਪ 'ਚ ਸੰਪਰਕ 'ਚ ਹਨ। ਭਾਰਤ ਤੇ ਅਮਰੀਕੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਇਕ-ਦੂਸਰੇ ਨਾਲ ਗੱਲਬਾਤ ਕਰਦੇ ਰਹਿੰਦੇ ਹਨ।' ਉਨ੍ਹਾਂ ਦੱਸਿਆ ਕਿ ਇਸ ਗੱਲਬਾਤ 'ਚ ਜੀ-7,

**(ਬਾਕੀ ਸਫਾ 24 'ਤੇ)**


Indian Grill

Indiangrillsanleandro.com

Pal343@ yahoo.com

510-878-2704, 510-332-1074 Mobile

We do Outdoor & Indoor Catering for all your Events

1600 Washington Ave. San Leandro.CA 94577

Open 7 days a week

Lunch Buffet : 11:00 AM - 2:30 PM

Fine Dining: 4.30 PM - 9"30 PM



GINNY WALIA
Law Offices. Inc
Ginny H. K. Walia

Experienced Jury Trial Lawyer
Featured as a legal analyst on Fox News, MSNBC and Kron 4

FAMILY LAW, CRIMINAL DEFENSE AND CIVIL LITIGATION

Tel: (408) 724-9200
Fax: (408) 724-9202
Toll Free: 1 (800) 379-9330

ginny@walialawfirm.com
www.walialawfirm.com

BAGGA JEWELERS

916-912-8842, 916-329-8772

SINCE 1996

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga

6930 65TH STREET # 115 SACRAMENTO CA 95823



MAJESTIC HOMES

RAMESH SUMAN
Broker Realtor
RCS-D ™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.

959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





INDIA BAZAAR



Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਜਾਰਜ ਫਲਾਇਡ ਨੂੰ 'ਮੌਤ ਅੰਜਾਈ ਨਹੀ ਜਾਵੇਗੀ' ਦੇ ਸੰਦੇਸ਼ ਨਾਲ ਕੀਤਾ ਸੁਪਰਦੇ ਖ਼ਾਕ








**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**—ਹੋਸਟਨ ਵਿਚ 500 ਦੇ ਕਰੀਬ ਦੋਸਤਾਂ, ਮਿੱਤਰਾਂ, ਰਾਜਸੀ ਆਗੂਆਂ ਤੇ ਹੋਰ ਲੋਕਾਂ ਦੇ ਇਕੱਠ ਵਿਚ ਪੁਲਿਸ ਹਿਰਾਸਤ ਵਿਚ ਮਾਰੇ ਗਏ ਅਫਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫਲਾਇਡ ਨੂੰ ਸਪੁਰਦੇ ਖਾਕ ਕਰ ਦਿੱਤਾ ਗਿਆ। ਫਲਾਈਡ ਦੀ ਅਰਥੀ ਨੂੰ ਚਰਚ ਤੱਕ ਪਹੁੰਚਾਉਣ ਲਈ ਕਾਫੀ ਸਮਾਂ ਲੱਗਾ ਕਿਉਂਕਿ ਸੜਕ ਦੇ ਦੋਨੋਂ ਪਾਸੇ ਭਾਰੀ ਗਿਣਤੀ ਵਿਚ ਲੋਕ ਖੜੇ ਸਨ।

ਕਈ ਆਖਰੀ ਸਲਾਮ ਕਰ ਰਹੇ ਸਨ ਤੇ ਕੁਝ ਨੇ ਬੈਨਰ ਚੁੱਕੇ ਹੋਏ ਸਨ। ਬਹੁਤ ਸਾਰੇ ਲੋਕ ਅੰਤਿਮ ਰਸਮਾਂ ਵਿਚ ਸ਼ਾਮਿਲ ਹੋਣ ਲਈ ਚਰਚ ਵਿਚ ਨਿਰਧਾਰਤ ਸਮੇਂ ਤੋਂ ਬਹੁਤ ਸਮਾਂ ਪਹਿਲਾਂ ਪਹੁੰਚ ਚੁੱਕੇ ਸਨ। ਕੋਰੋਨਾਵਾਇਰਸ ਤੋਂ ਬਚਾਅ ਲਈ ਲੋਕਾਂ ਨੇ ਮਾਸਕ ਪਾਏ ਹੋਏ ਸਨ। ਲੋਕਾਂ ਨੇ 'ਕਾਲਿਆਂ ਦੀ ਜਿੰਦਗੀ ਦੇ ਵੀ ਅਰਥ ਹਨ' ਤੇ 'ਮੇਰੀ ਧੌਣ ਤੋਂ ਗੋਡਾ ਹਟਾਓ' ਵਰਗੇ ਨਾਅਰੇ ਲਾਏ ਤੇ ਫਲਾਈਡ- ਫਲਾਈਡ ਕਈ ਵਾਰ ਪੁਕਾਰਿਆ। ਅਰਥੀ ਦੇ ਅੱਗੇ ਪੁਲਿਸ ਦੀ ਟੁੱਕੜੀ ਜਾ ਰਹੀ ਸੀ। ਹੋਸਟਨ ਪੁਲਿਸ ਮੁੱਖੀ ਆਰਟ ਅਸੀਵੀਡੋ ਤੇ ਹੋਰ ਪੁਲਿਸ ਅਧਿਕਾਰੀ ਪੈਦਲ ਚਲ ਰਹੇ ਸਨ।

ਫਲਾਈਡ ਦੀ ਅਰਥੀ ਤੇ ਅੰਤਿਮ ਰਸਮਾਂ ਵਿਚ ਸ਼ਾਮਿਲ ਲੋਕਾਂ ਦੇ ਹੋਸਟਨ ਮੈਮੋਰੀਅਲ ਗਾਰਡਨਜ਼ ਵਿਚ ਪੁੱਜਣ ਉਪਰੰਤ ਗੇਟ ਬੰਦ ਕਰ ਦਿੱਤੇ ਗਏ। ਇਸ ਮੌਕੇ ਫਲਾਈਡ ਦੀ 'ਮੌਤ ਅੰਜਾਈ ਨਹੀਂ ਜਾਵੇਗੀ' ਸੰਦੇਸ਼ ਪ੍ਰਸਾਰਿਤ ਕੀਤਾ ਗਿਆ। ਬੁਲਾਰਿਆਂ ਵਿਚ ਜਾਰਜ ਫਲਾਈਡ ਦਾ ਭਰਾ ਰੋਡਨੀ ਫਲਾਈਡ ਵੀ ਸ਼ਾਮਿਲ ਸਨ। ਉਸ ਨੇ ਕਿਹਾ ਕਿ 'ਮੈਂ ਆਪਣੇ ਭਰਾ ਲਈ ਨਿਆਂ ਦੀ ਮੰਗ ਕਰਦਾ ਹਾਂ, ਅੱਜ ਵਿਸ਼ਵ ਭਰ ਵਿਚ ਉਸ ਨੂੰ ਯਾਦ ਕੀਤਾ ਜਾ ਰਿਹਾ ਹੈ, ਉਸ ਦੀ ਮੌਤ ਨੇ ਵਿਸ਼ਵ ਵਿਚ ਬਦਲਾਅ ਦਾ ਰਾਹ ਖੋਲ ਦਿੱਤਾ ਹੈ।' ਇਕੱਠ ਵਿਚ ਇਸ ਸਾਲ ਦੇ ਅਖੀਰ ਵਿਚ ਹੋ ਰਹੀ ਰਾਸ਼ਟਰਪਤੀ ਦੀ ਚੋਣ ਲਈ ਡੈਮੋਕਰੈਟਿਕ ਉਮੀਦਾਵਰ ਜੋਅ ਬਿਡੇਨ, ਹੋਸਟਨ ਦੇ ਮੇਅਰ ਸਿਲਵੈਸਟਰ ਟਰਨਰ, ਰਿਪਬਲਿਕ ਆਗੂ ਸ਼ੀਲਾ ਜੈਕਸਨ ਲੀ ਤੇ ਐਲ ਗਰੀਨ ਵੀ ਹਾਜਰ ਸਨ। ਸਾਬਕਾ ਰਾਸ਼ਟਰਪਤੀ ਬਿਡੇਨ ਨੇ ਪਰਿਵਾਰ ਨੂੰ ਵੱਖਰੇ ਤੌਰ 'ਤੇ ਮਿਲਕੇ ਵੀ ਜਾਰਜ ਫਲਾਈਡ ਦੀ ਮੌਤ ਉਪਰ ਅਫਸੋਸ ਪ੍ਰਗਟਾਇਆ ।

ਜੋਅ ਬਿਡੇਨ ਨੇ ਕਿਹਾ ਕਿ ' ਹੁਣ ਨਸਲੀ ਨਿਆਂ ਦਾ ਸਮਾ ਹੈ। ਸਾਨੂੰ ਆਪਣੇ ਬੱਚਿਆਂ ਨੂੰ ਹਰ ਹਾਲਤ ਵਿਚ ਜਵਾਬ ਦੇਣਾ ਪਵੇਗਾ । ਜਦੋਂ ਫਲਾਈਡ ਨੂੰ ਨਿਆਂ ਮਿਲ ਜਾਵੇਗਾ ਤਾਂ ਅਸੀਂ ਸਹੀ ਅਰਥਾਂ ਵਿਚ ਨਸਲੀ ਨਿਆਂ ਦੇ ਰਾਹ ਪੈ ਜਾਵਾਂਗੇ। 6 ਸਾਲਾ ਬੱਚੀ ਗਿਨਾ ਤੇਰਾ ਪਿਤਾ ਦੁਨੀਆ ਬਦਲ ਕੇ ਰਖ ਦੇਵੇਗਾ।''

ਸ਼ੀਲਾ ਜੈਕਸਨ ਲੀ ਨੇ ਕਿਹਾ ਕਿ ਮੈਨੂੰ ਨਹੀਂ ਪਤਾ ਕਿ 'ਮੈ ਸਾਹ ਨਹੀਂ ਲੈ ਸਕਦਾ' ਸ਼ਬਦ ਮੇਰੇ ਜ਼ਿਹਨ ਵਿਚੋਂ ਕਦੋਂ ਨਿਕਲਣਗੇ ਪਰ ਹੁਣ ਮੇਰੀ ਜਿੰਦਗੀ ਦਾ ਮੰਤਵ ਬਣ ਗਿਆ ਹੈ ਕਿ ਭਵਿੱਖ ਵਿਚ 8.46 ਮਿੰਟ ਤੱਕ ਪੁਲਿਸ ਦੀ ਦਰਿੰਦਗੀ ਵੇਖਣ ਨੂੰ ਨਾ ਮਿਲੇ। ਅੰਤ ਵਿਚ ਪਰਿਵਾਰ ਵੱਲੋਂ ਅੰਤਿਮ ਰਸਮਾਂ ਵਿਚ ਸ਼ਾਮਿਲ ਲੋਕਾਂ ਦਾ ਧੰਨਵਾਦ ਕੀਤਾ ਗਿਆ।

# ਜਾਰਜ ਫਲਾਇਡ ਦੀ ਮੌਤ ਨੂੰ ਨਜਿੱਠਣ ਦੇ ਮਾਮਲੇ 'ਚ ਟਰੰਪ ਦੀ ਪਹੁੰਚ ਨੂੰ ਅਮਰੀਕੀਆਂ ਨੇ ਨਕਾਰਿਆ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**- 4 ਸਰਵੇਖਣਾਂ ਵਿਚ ਅਮਰੀਕੀਆਂ ਨੇ ਜਾਰਜ ਫਲਾਇਡ ਦੀ ਮੌਤ ਤੇ ਉਸ ਉਪਰੰਤ ਹੋਏ ਪ੍ਰਦਰਸ਼ਨਾਂ ਨਾਲ ਨਜਿੱਠਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਪਣਾਈ ਪਹੁੰਚ ਨੂੰ ਰੱਦ ਕਰ ਦਿੱਤਾ ਹੈ। ਟਰੰਪ ਤੇ ਸੈਨੇਟਰ ਟੌਮ ਕੌਟਨ ਸਮੇਤ ਕਈ ਹੋਰ ਰਿਪਬਲੀਕਨ ਸੈਨੇਟਰ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਲਈ ਫੌਜ ਤਾਇਨਾਤ ਕਰਨ ਦੀ ਵਕਾਲਤ ਕਰ ਰਹੇ ਹਨ ਜਦ ਕਿ ਰਖਿਆ ਮੰਤਰੀ ਮਾਰਕ ਐਸਪਰ , ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ ਬੁੱਸ਼ ਤੇ ਹੋਰਨਾਂ ਨੇ ਪੁਰਜੋਰ ਸ਼ਬਦਾਂ ਵਿਚ ਟਰੰਪ ਪ੍ਰਸ਼ਾਸਨ ਦੀ ਇਸ ਪਹੁੰਚ ਦਾ ਵਿਰੋਧ ਕੀਤਾ ਹੈ। ਸੀ.ਬੀ.ਸੀ ਨਿਊਜ਼, ਐਮਰਸਨ ਕਾਲਜ, ਰਾਈਟਰ ਤੇ ਮੋਨਮਾਊਥ ਯੁਨੀਵਰਸਿਟੀ ਵੱਲੋਂ ਕਰਵਾਏ ਸਰਵੇਖਣਾਂ ਅਨੁਸਾਰ ਜਿਆਦਾਤਰ ਅਮਰੀਕੀ ਟਰੰਪ ਦੇ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਦੇ ਢੰਗ ਤਰੀਕੇ ਨਾਲ ਸਹਿਮਤ ਨਹੀਂ ਹਨ ਤੇ ਜਿਸ ਢੰਗ ਨਾਲ ਰਾਸ਼ਟਰਪਤੀ ਨੇ ਨਸਲੀ ਮੁੱਦੇ ਨੂੰ ਉਭਾਰਿਆ ਉਸ ਨੂੰ ਵੀ ਰੱਦ ਕੀਤਾ ਹੈ।

**ਜਾਰਜ ਫਲਾਇਡ ਨੂੰ ਸ਼ਰਧਾਂਜਲੀਆਂ**

ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਨੇ ਅਮਰੀਕੀਆਂ ਨੂੰ ਇਕਜੁੱਟ ਕਰ ਦਿੱਤਾ ਹੈ। ਅੱਜ ਅਮਰੀਕਾ ਭਰ ਵਿਚ ਪ੍ਰਦਰਸ਼ਨਕਾਰੀਆਂ ਤੇ ਹੋਰ ਲੋਕਾਂ ਨੇ ਜਾਰਜ ਫਲਾਇਡ ਨੂੰ ਯਾਦ ਕੀਤਾ ਤੇ 8.46 ਮਿੰਟ ਚੁੱਪ ਰਹਿ ਕੇ ਮ੍ਰਿਤਕ ਨੂੰ ਸ਼ਰਧਾਂਜਲੀਆਂ ਦਿੱਤੀਆਂ। ਯਾਦ ਰਹੇ ਗੋਰੇ ਪੁਲਿਸ ਅਧਿਕਾਰੀ ਡੈਰਿਕ ਚੂਵਿਨ ਨੇ 8.46 ਮਿੰਟਾਂ ਤੱਕ ਜਾਰਜ ਫਲਾਇਡ ਦੀ ਸਾਹ ਰਗ ਆਪਣੇ ਗੋਡੇ ਨਾਲ ਦਬਾਈ ਰਖੀ ਸੀ ਜਿਸ ਕਾਰਨ ਉਹ ਦਮ ਤੋੜ ਗਿਆ ਸੀ। ਕਈ ਥਾਵਾਂ 'ਤੇ ਪੁਲਿਸ ਨੇ ਵੀ ਗੋਡਿਆਂ ਭਾਰ ਹੋ ਕੇ ਮ੍ਰਿਤਕ ਨੂੰ ਸ਼ਰਧਾਂਜਲੀ ਦਿੱਤੀ। ਐਟਲਾਂਟਾ ਵਿਚ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਧੀ ਬਰਨੀਸ ਕਿੰਗ ਨੇ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਓਦੋਂ ਤੱਕ ਰੁਕਣਾ ਨਹੀਂ ਜਦੋਂ ਤੱਕ ਅਮਰੀਕਾ ਸਮੇਤ ਵਿਸ਼ਵ ਭਰ ਵਿਚ ਕਿਸੇ ਕਾਲੇ ਜਾਂ ਭੂਰੇ ਵਿਅਕਤੀ ਦੇ ਸਾਹ ਬੰਦ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦੇਣ ਵਾਲੀਆਂ ਘਟਨਾਵਾਂ ਬੰਦ ਨਹੀਂ ਹੋ ਜਾਂਦੀਆਂ। ਫਾਲ ਰਿਵਰ, ਮਾਸਾਚੂਸੈਟਸ ਵਿਚ ਪ੍ਰਦਰਸ਼ਨਕਾਰੀ ਘਾਹ ਉਪਰ ਪੁੱਠੇ ਲੇਟ ਗਏ ਤੇ ਉਨਾਂ ਨੇ ਆਪਣੇ ਹੱਥ ਪਿੱਠ ਪਿੱਛੇ ਕੀਤੇ ਹੋਏ ਸਨ ਬਿਲਕੁੱਲ ਉਸੇ ਤਰਾਂ ਜਿਸ ਤਰਾਂ ਜਾਰਜ ਫਲਾਇਡ ਆਪਣੇ ਅੰਤ ਵੇਲੇ ਪੁੱਠਾ ਪਿਆ ਸੀ ਤੇ ਪੁਲਿਸ ਅਧਿਕਾਰੀ ਨੇ ਉਸ ਦੀ ਸਾਹ ਰਗ ਉਪਰ ਪੂਰੇ ਜੋਰ ਨਾਲ ਗੋਡਾ ਰਖਿਆ ਹੋਇਆ ਸੀ। ਫਾਲ ਰਿਵਰ ਦੇ ਪੁਲਿਸ ਅਧਿਕਾਰੀਆਂ ਨੇ ਵੀ ਗੋਡਿਆਂ ਭਾਰ ਹੋ ਕੇ ਪ੍ਰਦਰਸ਼ਨਕਾਰੀਆਂ ਦਾ ਸਾਥ ਦਿੱਤਾ।




**ਪੁਲਿਸ ਨੇ ਮੈਡੀਕਲ ਸੈਂਟਰ ਤਬਾਹ ਕੀਤਾ**

ਐਸ਼ਵਿਲੇ, ਐਨ. ਸੀ ਵਿਚ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਲਈ ਬਣਾਇਆ ਵਾਲੰਟਰੀ ਮੈਡੀਕਲ ਸੈਂਟਰ ਤਬਾਹ ਕਰ ਦਿੱਤਾ। ਪੁਲਿਸ ਦਾ ਕਹਿਣਾ ਹੈ ਕਿ ਇਹ ਮੈਡੀਕਲ ਸੈਂਟਰ ਨਿੱਜੀ ਜਾਇਦਾਦ 'ਚ ਮਾਲਿਕ ਦੀ ਬਿਨਾਂ ਆਗਿਆ ਤੋਂ ਬਣਾਇਆ ਗਿਆ ਸੀ। ਪੁਲਿਸ ਨੇ ਇਥੇ ਪਈਆਂ ਪਾਣੀਆਂ ਦੀਆਂ ਬੋਤਲਾਂ, ਪੱਟੀਆਂ ਤੇ ਹੋਰ ਡਾਕਟਰੀ ਸਾਜ ਸਮਾਨ ਨਸ਼ਟ ਕਰ ਦਿੱਤਾ। ਮੇਅਰ ਐਸਥਰ ਮੈਨਹੀਮਰ ਨੇ ਪੁਲਿਸ ਦੀ ਇਸ ਕਾਰਵਾਈ ਨੂੰ ਬੇਹੂਦਾ ਕਰਾਰ ਦਿੱਤਾ ਹੈ। ਪੁਲਿਸ ਮੁੱਖੀ ਡੇਵਿਡ ਜੈਕ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਬੋਤਲਾਂ ਨੂੰ ਪੁਲਿਸ ਖਿਲਾਫ ਹਥਿਆਰ ਵਜੋਂ ਵਰਤ ਰਹੇ ਸਨ ਇਸ ਲਈ ਉਨਾਂ ਨੂੰ ਤਬਾਹ ਕੀਤਾ ਗਿਆ ਹੈ


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਪ੍ਰਦਰਸ਼ਨਾਂ ਨੂੰ ਰੋਕਣ ਲਈ ਰਾਜ ਤਾਕਤ ਦੀ ਵਰਤੋਂ ਕਰਨ-ਟਰੰਪ

## ਮਿਨੀਐਪੋਲਿਸ ਵਿਚ ਹੁਣ ਕੋਈ ਵੀ ਪੁਲਿਸ ਵਾਲਾ ਨਹੀਂ ਰੱਖ ਸਕੇਗਾ ਧੌਣ 'ਤੇ ਗੋਡਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਪ੍ਰਦਰਸ਼ਨਾਂ ਨੂੰ ਰੋਕਣ ਲਈ ਤਾਕਤ ਦੀ ਵਰਤੋਂ ਕਰਨ ਉਪਰ ਜੋਰ ਦਿੱਤਾ ਹੈ। ਵਾਈਟ ਹਾਊਸ ਦੇ ਰੋਜ ਗਾਰਡਨ ਵਿਖੇ ਰਾਸ਼ਟਰਪਤੀ ਨੇ ਗਵਰਨਰਾਂ ਨੂੰ ਕਿਹਾ ਕਿ ਪ੍ਰਦਰਸ਼ਨਾਂ ਨੂੰ ਰੋਕਣ ਲਈ ਨੈਸ਼ਨਲ ਗਾਰਡ ਫੋਰਸਾਂ ਦੀ ਵਰਤੋਂ ਕੀਤੀ ਜਾਵੇ। ਬੇਰੁਜ਼ਗਾਰੀ ਦਰ ਪਿਛਲੇ ਮਹੀਨੇ ਦੀ 14.7% ਤੋਂ ਘਟਕੇ 13.3% ਰਹਿ ਜਾਣ ਤੋਂ ਉਤਸ਼ਾਹਿਤ ਹੋਏ ਰਾਸ਼ਟਰਪਤੀ ਨੇ ਕਿਹਾ ਕਿ ਵਿਸ਼ਵ ਵਿਚ ਸਾਡੀ ਮਹਾਨ ਅਰਥਵਿਵਸਥਾ ਹੈ, ਸਾਡੀਆਂ ਨੌਕਰੀਆਂ ਵਾਪਿਸ ਆ ਰਹੀਆਂ ਹਨ। ਰਾਸ਼ਟਰਪਤੀ ਨੇ ਕਾਲੇ ਲੋਕਾਂ ਦੀ ਸਥਿੱਤੀ ਉਪਰ ਬਹੁਤਾ ਕੁਝ ਨਹੀਂ ਕਿਹਾ। ਇਸ ਦਰਮਿਆਨ ਪੁਲਿਸ ਸੁਧਾਰਾਂ ਦੀ ਮੰਗ ਜੋਰ ਫੜ ਗਈ ਹੈ ਤੇ ਪੁਲਿਸ ਦੀ ਜਗਾ 'ਤੇ ਬਦਲਵੀਂ ਵਿਵਸਥਾ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ।

**ਧੌਣ 'ਤੇ ਗੋਡਾ ਰੱਖਣ ਉਪਰ ਪਾਬੰਦੀ**

ਮਿਨੀਸੋਟਾ ਰਾਜ ਦੇ ਮਿਨੀਐਪੋਲਿਸ ਸ਼ਹਿਰ ਜਿਥੇ 25 ਮਈ ਨੂੰ ਇਕ ਪੁਲਿਸ ਅਧਿਕਾਰੀ ਨੇ ਜਾਰਜ ਫਲਾਇਡ ਨਾਂ ਦੇ ਕਾਲੇ ਵਿਅਕਤੀ ਦੀ ਸਾਹ ਰਗ ਉਪਰ ਗੋਡਾ ਰਖਕੇ ਹੱਤਿਆ ਕਰ ਦਿੱਤੀ ਸੀ, ਵਿਚ ਹੁਣ ਕੋਈ ਵੀ ਪੁਲਿਸ ਵਾਲਾ ਅਜਿਹਾ ਨਹੀਂ ਕਰ ਸਕੇਗਾ। ਪੁਲਿਸ ਉਪਰ ਕਿਸੇ ਦੀ ਧੌਣ 'ਤੇ ਗੋਡਾ ਰਖਣ ਉਪਰ ਪਾਬੰਦੀ ਲਾ ਦਿੱਤੀ ਹੈ। ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਮਿਨੀਐਪੋਲਿਸ ਦੇ ਪੁਲਿਸ ਵਿਭਾਗ ਵਿਚ ਇਹ ਪਹਿਲੀ ਤਬਦੀਲੀ ਲਿਆਂਦੀ ਗਈ ਹੈ। ਸ਼ਹਿਰ ਦੀ ਕੌਂਸਲ ਦੇ ਪ੍ਰਧਾਨ ਲੀਸਾ ਬੈਂਡਰ ਨੇ ਕਿਹਾ ਹੈ ਕਿ ਏਜੰਸੀ ਨੂੰ ਖਤਮ ਕਰਕੇ ਸ਼ਹਿਰ ਵਿਚ ਜਨਤਿਕ ਸੁਰੱਖਿਆ ਦੀ ਨਵੀਂ ਵਿਵਸਥਾ ਲਾਗੂ ਕੀਤੀ ਜਾਵੇਗੀ। ਹਾਵਰਡ ਯੁਨੀਵਰਸਿਟੀ ਦੇ ਵਿਦਿਆਰਥੀਆਂ ਨੇ ਕਿਹਾ ਹੈ ਕਿ ਕਾਲਜਾਂ ਨੂੰ ਪੁਲਿਸ ਤੋਂ ਮੁਕਤ ਕਰ ਦਿੱਤਾ ਜਾਵੇ ਤੇ ਕੈਂਪਸ ਦੀ ਸੁਰੱਖਿਆ ਲਈ ਨਵੇਂ ਢੰਗ ਤਰੀਕਿਆਂ ਬਾਰੇ ਵਿਚਾਰ ਕੀਤੀ ਜਾਵੇ।



**ਪੁਲਿਸ ਅਧਿਕਾਰੀਆਂ ਵਲੋਂ ਜ਼ਮਾਨਤ ਲਈ ਬੇਨਤੀ**

ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਮੁੱਖ ਦੋਸ਼ੀ ਡੈਰਿਕ ਚੂਵਿਨ ਦੇ ਨਾਲ ਗ੍ਰਿਫ਼ਤਾਰ ਕੀਤੇ ਗਏ ਤਿੰਨ ਹੋਰ ਪੁਲਿਸ ਅਧਿਕਾਰੀਆਂ ਨੇ ਜ਼ਮਾਨਤ ਲਈ ਬੇਨਤੀ ਕੀਤੀ ਹੈ। ਜਿਸ 'ਤੇ ਅਦਾਲਤ ਨੇ ਹਰੇਕ ਪੁਲਿਸ ਅਧਿਕਾਰੀ ਨੂੰ 7,50,000 ਡਾਲਰ ਜਮਾਂ ਕਰਵਾਉਣ ਲਈ ਕਿਹਾ ਹੈ। ਇਨਾਂ ਤਿੰਨਾਂ ਪੁਲਿਸ ਅਧਿਕਾਰੀਆਂ ਉਪਰ ਹੱਤਿਆ ਵੇਲੇ ਮੁੱਖ ਦੋਸ਼ੀ ਚੂਵਿਨ ਦੀ ਮੱਦਦ ਕਰਨ ਦਾ ਦੋਸ਼ ਲਾਇਆ ਗਿਆ ਹੈ।

**ਮਿਨੀਸੋਟਾ, ਕੈਲੀਫੋਰਨੀਆ ਤੇ ਹੋਰ ਥਾਵਾਂ 'ਤੇ ਪ੍ਰਦਰਸ਼ਨ ਜਾਰੀ**

ਜਾਰਜ ਫਲਾਇਡ ਦੇ ਮਾਮਲੇ ਵਿਚ ਨਿਆਂ ਦੀ ਮੰਗ ਨੂੰ ਲੈ ਕੇ ਮਿਨੀਸੋਟਾ, ਕੈਲੀਫੋਰਨੀਆ ਤੇ ਹੋਰ ਥਾਵਾਂ 'ਤੇ ਪ੍ਰਦਰਸ਼ਨਾਂ ਦਾ ਸਿਲਸਲਾ ਜਾਰੀ ਰਿਹਾ। ਪ੍ਰਦਰਸ਼ਨ ਸ਼ਾਂਤਮਈ ਰਹੇ। ਪ੍ਰਦਰਸ਼ਨਕਾਰੀਆਂ ਨੇ ਵਾਇਟ ਹਾਊਸ ਦੇ ਬਾਹਰ ਵਾਰ ਮੋਟੇ ਅੱਖਰਾਂ ਵਿਚ ' ਬਲੈਕ ਲਿਵਜ਼ ਮੈਟਰ' ਉਕਰ ਦਿੱਤਾ ਹੈ ਜਦ ਕਿ ਡੀ ਸੀ ਦੇ ਮੇਅਰ ਮੁਰੀਲ ਬੋਜਰ ਨੇ ਆਪਣੇ ਬਲਾਕ ਦਾ ਨਾਂ 'ਬਲੈਕ ਲਿਵਜ਼ ਮੈਟਰ ਪਲਾਜ਼ਾ' ਰਖ ਦਿੱਤਾ ਹੈ। ਸੰਘੀ ਅਧਿਕਾਰੀਆਂ ਨਾਲ ਤਨਾਅ ਦਰਮਿਆਨ ਮੇਅਰ ਵੱਲੋਂ ਇਹ ਨਵਾਂ ਕਦਮ ਚੁੱਕਿਆ ਗਿਆ ਹੈ।

**ਐਨ.ਐਫ.ਐਲ ਵੱਲੋਂ ਪ੍ਰਦਰਸ਼ਨਾਂ ਦਾ ਸਮਰਥਨ**

ਨੈਸ਼ਨਲ ਫੁੱਟਬਾਲ ਲੀਗ ਨੇ ਕਾਲੇ ਭਾਈਚਾਰੇ ਨਾਲ ਇਕਜੁੱਟਤਾ ਪ੍ਰਗਟਾਈ ਹੈ। ਕਮਿਸ਼ਨਰ ਰੋਜਰ ਗੋਡੈਲ ਨੇ ਬਿਆਨ ਵਿਚ ਕਿਹਾ ਹੈ ਕਿ ''ਅਸੀਂ, ਨੈਸ਼ਨਲ ਫੁੱਟਬਾਲ ਲੀਗ ਨਸਲਵਾਦ ਤੇ ਕਾਲਿਆਂ ਨੂੰ ਦਬਾਉਣ ਦੀ ਨਿੰਦਾ ਕਰਦੇ ਹਾਂ। ਨੈਸ਼ਨਲ ਫੁੱਟਬਾਲ ਲੀਗ ਇਹ ਸਵਿਕਾਰ ਕਰਦੀ ਹੈ ਕਿ ਐਨ.ਐਫ.ਐਲ ਖਿਡਾਰੀਆਂ ਦੀ ਗੱਲ ਪਹਿਲਾਂ ਨਾ ਸੁਣਕੇ ਅਸੀਂ ਗਲਤੀ ਕੀਤੀ ਹੈ ਤੇ ਹੁਣ ਅਸੀਂ ਸਭ ਨੂੰ ਬੇਨਤੀ ਕਰਦੇ ਹਾਂ ਕਿ ਉਹ ਪੁਲਿਸ ਅਤਿਆਚਾਰ ਵਿਰੁੱਧ ਬੋਲਣ ਤੇ ਸ਼ਾਤਮਈ ਪ੍ਰਦਰਸ਼ਨ ਕਰਨ।''

# ਪੁਲਿਸ ਵਿਭਾਗ ਨਹੀ ਹੋਵੇਗਾ ਭੰਗ ਤੇ ਨਾ ਹੀ ਰੋਕੇ ਜਾਣਗੇ ਫੰਡ- ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਕਾਲੇ ਵਿਅਕਤੀ ਜਾਰਜ ਫਲਾਇਡ ਦੀ ਮਿਨੀਸੋਟਾ ਰਾਜ ਦੇ ਮਿਨੀਐਪੋਲਿਸ ਸ਼ਹਿਰ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਤੋਂ ਬਾਅਦ ਦੇਸ਼ ਭਰ ਵਿਚ ਪੁਲਿਸ ਵਿਭਾਗ ਭੰਗ ਕਰ ਦੇਣ ਦੀ ਉੱਠ ਰਹੀ ਮੰਗ ਦੇ ਦਰਮਿਆਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਪਸ਼ਟ ਕੀਤਾ ਹੈ ਕਿ ਅਜਿਹਾ ਕਿਸੇ ਵੀ ਹਾਲਤ ਵਿਚ ਨਹੀਂ ਕੀਤਾ ਜਾਵੇਗਾ। ਵਾਈਟ ਹਾਊਸ ਵਿਚ ਲਾਅ ਇਨਫੋਰਸਮੈਂਟ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਰਾਸ਼ਟਰਪਤੀ ਨੇ ਕਿਹਾ ਕਿ ਪੁਲਿਸ ਵਿਭਾਗ ਨੂੰ ਭੰਗ ਨਹੀਂ ਕੀਤਾ ਜਾਵੇਗਾ ਤੇ ਨਾ ਹੀ ਪੁਲਿਸ ਵਿਭਾਗ ਨੂੰ ਮਿਲਦੇ ਫੰਡ ਰੋਕੇ ਜਾਣਗੇ। ਰਾਜ ਪੱਧਰ ਦੇ ਜਾਂ ਸਥਾਨਕ ਮੁੱਦਿਆਂ ਬਾਰੇ ਕੋਈ ਵੀ ਨਿਰਨਾ ਲੈਣ ਦਾ ਅਧਿਕਾਰ ਮੇਅਰ, ਗਵਰਨਰ, ਸਿਟੀ ਕੌਂਸਲ ਜਾਂ ਵਿਧਾਨ ਸਭਾ ਉਪਰ ਛੱਡ ਦਿੱਤਾ ਜਾਂਦਾ ਹੈ ਪਰ ਪੁਲਿਸ ਵਿਭਾਗ ਖਤਮ ਕਰ ਦੇਣ ਦੇ ਮੁੱਦੇ 'ਤੇ ਰਾਸ਼ਟਰਪਤੀ ਨੇ ਸਿੱਧੀ ਦਖਲਅੰਦਾਜੀ ਕਰਨ ਦਾ ਫੈਸਲਾ ਲਿਆ ਹੈ। ਇਥੇ ਵਰਣਨਯੋਗ ਹੈ ਕਿ ਬੀਤੀ ਦਿਨ ਮਿਨੀਐਪੋਲਿਸ ਸਿਟੀ ਕੌਂਸਲ ਦੀ ਵੱਡੀ ਬਹੁਗਿਣਤੀ ਵੱਲੋਂ ਪੁਲਿਸ ਵਿਭਾਗ ਭੰਗ ਕਰਨ ਦਾ ਸਮਰਥਨ ਕੀਤਾ ਗਿਆ ਸੀ।

ਸਾਬਕਾ ਰਾਸ਼ਟਰਪਤੀ ਤੇ ਨਵੰਬਰ ਵਿਚ ਹੋ ਰਹੀਆਂ ਰਾਸ਼ਟਰਪਤੀ ਚੋਣਾਂ 'ਚ ਡੈਮੋਕਰੈਟਿਕ ਉਮੀਦਵਾਰ ਜੋਅ ਬਿਡੇਨ ਨੇ ਵੀ ਪੁਲਿਸ ਵਿਭਾਗ ਦੇ ਫੰਡਾਂ ਵਿਚ ਕਟੌਤੀ ਕਰਨ ਜਾਂ ਭੰਗ ਕਰਨ ਦਾ ਵਿਰੋਧ ਕੀਤਾ ਹੈ।

**ਗ੍ਰਿਫ਼ਤਾਰ ਲੋਕਾਂ ਵਿਰੁੱਧ ਨਹੀਂ ਚਲਣਗੇ ਮੁਕੱਦਮੇ**

ਜਾਰਜ ਫਲਾਈਡ ਦੇ ਮਾਮਲੇ ਵਿਚ ਨਿਆਂ ਦੀ ਮੰਗ ਨੂੰ ਲੈ ਕੇ ਲਾਸ ਏਂਜਲਸ ਵਿਚ ਕਰਫ਼ਿਊ ਜਾਂ ਪੁਲਿਸ ਦੇ ਹੋਰ ਆਦੇਸ਼ਾਂ ਦੀ ਉਲੰਘਣਾ ਕਰਕੇ ਹੋਏ ਪ੍ਰਦਰਸ਼ਨਾਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਹਜਾਰਾਂ ਲੋਕਾਂ ਵਿਰੁੱਧ ਕਿਸੇ ਵੀ ਤਰਾਂ ਦੇ ਦੋਸ਼ ਆਇਦ ਨਹੀਂ ਕੀਤੇ ਜਾਣਗੇ। ਸਿਟੀ ਅਟਾਰਨੀ ਮਾਈਕ ਫੀਉਰ ਨੇ ਕਿਹਾ ਹੈ ਕਿ ਅਦਾਲਤ ਦੇ ਬਾਹਰ ਇਨਾਂ ਮਾਮਲਿਆਂ ਨੂੰ ਹੱਲ ਕੀਤਾ ਜਾਵੇਗਾ ਤੇ ਕਿਸੇ ਨੂੰ ਵੀ ਕੋਈ ਸਜ਼ਾ ਨਹੀਂ ਦਿੱਤੀ ਜਾਵੇਗੀ। ਜਿਲਾ ਅਟਾਰਨੀ ਜੈਕੀ ਲੇਸੀ ਨੇ ਵੀ ਕਿਹਾ ਹੈ ਕਿ ਉਹ ਲਾਸ ਏਂਜਲਸ ਕਾਊਂਟੀ ਵਿਚ ਪ੍ਰਦਰਸ਼ਨਕਾਰੀਆਂ ਦੇ ਵਿਵਹਾਰ ਨੂੰ ਲੈ ਕੇ ਕਿਸੇ ਵੀ ਤਰਾਂ ਦੇ ਦੋਸ਼ ਆਇਦ ਨਹੀਂ ਕਰਨਗੇ। ਲਾਸ ਏਂਜਲਸ ਵਿਚ ਪੁਲਿਸ ਨੇ 3000 ਤੋਂ ਵਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ।

**ਪੁਲਿਸ ਵਿਚ ਹੋਣਗੇ ਸੁਧਾਰ**

ਅਮਰੀਕੀ ਕਾਂਗਰਸ ਵੱਲੋਂ ਪੁਲਿਸ ਵਿਭਾਗ ਵਿਚ ਸੁਧਾਰ ਕੀਤੇ ਜਾ ਰਹੇ ਹਨ ਤੇ ਇਸ ਸਬੰਧੀ ਚੁੱਕੇ ਜਾਣ ਵਾਲੇ ਕਦਮਾ ਦਾ ਖੁਲਾਸਾ ਆਉਂਦੇ ਦਿਨਾਂ ਦੌਰਾਨ ਹੋਣ ਦੀ ਸੰਭਾਵਨਾ ਹੈ। ਇਨਾਂ ਸੁਧਾਰਾਂ ਵਿਚ ਪੁਲਿਸ ਨੂੰ ਹੱਦਾਂ ਵਿਚ ਰਹਿਕੇ ਕਾਰਵਾਈ ਕਰਨ ਲਈ ਪਾਬੰਦ ਕੀਤਾ ਜਾਵੇਗਾ। ਪੁਲਿਸ ਨੂੰ ਕਿਸੇ ਵੀ ਵਿਅਕਤੀ ਦਾ ਸਾਹ ਬੰਦ ਕਰਨ ਜਾਂ ਉਸ ਦੀ ਧੌਣ ਉਪਰ ਗੋਡਾ ਰਖਣ ਦਾ ਅਧਿਕਾਰ ਨਹੀਂ ਹੋਵੇਗਾ। ਹਾਲਾਂ ਕਿ ਸੁਧਾਰਾਂ ਬਾਰੇ ਲੰਬੀ ਬਹਿਸ ਹੋਣ ਦੀ ਸੰਭਾਵਨਾ ਹੈ ਪਰ ਸਮਾਜਿਕ ਕਾਰਕੁੰਨ ਇਸ ਨੂੰ ਚੰਗੀ ਸ਼ੁਰੂਆਤ ਕਹਿ ਰਹੇ ਹਨ। ਨਿਊਯਾਰਕ ਦੇ ਮੇਅਰ ਬਿੱਲ ਡੀ ਬਲਾਸੀਓ ਨੇ ਪੁਲਿਸ ਵਿਚ ਵੱਡੀ ਪੱਧਰ ਉਪਰ ਸੁਧਾਰ ਕਰਨ ਦਾ ਐਲਾਨ ਕੀਤਾ ਹੈ। ਉਨਾਂ ਕਿਹਾ ਹੈ ਕਿ ਉਹ ਸਿਟੀ ਕੌਂਸਲ ਨਾਲ ਇਸ ਸਬੰਧੀ ਅਗਲੇ 3 ਹਫ਼ਤਿਆਂ ਦੌਰਾਨ ਵਿਚਾਰ ਵਟਾਂਦਰਾ ਕਰਨਗੇ।

## ਜੇਕਰ ਭਾਰਤ ਤੇ ਚੀਨ ਨੇ ਵਧੇਰੇ ਟੈਸਟ ਕੀਤੇ ਹੁੰਦੇ ਤਾਂ ਉਥੇ ਅਮਰੀਕਾ ਨਾਲੋਂ ਵਧ ਮਾਮਲੇ ਹੁੰਦੇ- ਟਰੰਪ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨਾਵਾਇਰਸ ਨਾਲ ਨਜਿੱਠਣ ਦੇ ਆਪਣੇ ਢੰਗ ਤਰੀਕੇ ਨੂੰ ਉਚਿੱਤ ਦਸਦਿਆਂ ਕਿਹਾ ਹੈ ਕਿ ਜੇਕਰ ਭਾਰਤ ਤੇ ਚੀਨ ਵਰਗੇ ਦੇਸ਼ਾਂ ਨੇ ਕੋਰੋਨਾ ਵਾਇਰਸ ਦੇ ਵਧ ਟੈਸਟ ਕੀਤੇ ਹੁੰਦੇ ਤਾਂ ਉਥੇ ਕੋਰੋਨਾ ਵਾਇਰਸ ਦੇ ਮਾਮਲੇ ਅਮਰੀਕਾ ਨਾਲੋਂ ਵੀ ਵਧ ਜਾਣੇ ਸਨ। ਉਨਾਂ ਨੇ ਪੁਰੀਟਨ ਮੈਡੀਕਲ ਪ੍ਰੋਡਕਟਸ ਮੈਨੀ ਵਿਖੇ ਕਿਹਾ ਕਿ ਅਮਰੀਕਾ ਨੇ 2 ਕਰੋੜ ਟੈਸਟ ਕੀਤੇ ਹਨ ਜਦ ਕਿ ਜਰਮਨੀ ਨੇ 40 ਲੱਖ ਤੇ ਦੱਖਣੀ ਕੋਰੀਆ ਜਿਸ ਦੀ ਕੋਰੋਨਾਵਾਇਰਸ ਮਹਾਮਾਰੀ ਉਪਰ ਕਾਬੂ ਪਾਉਣ ਦੇ ਮਾਮਲੇ ਵਿਚ ਚਰਚਾ ਹੁੰਦੀ ਹੈ, ਵਿਚ 30 ਲੱਖ ਦੇ ਕਰੀਬ ਟੈਸਟ ਹੋਏ ਹਨ। ਟਰੰਪ ਨੇ ਕਿਹਾ ਕਿ ਸਿਹਤ ਮੰਤਰਾਲੇ ਅਨੁਸਾਰ ਭਾਰਤ ਨੇ ਹੁਣ ਤੱਕ 40 ਲੱਖ ਤੋਂ ਵਧ ਟੈਸਟ ਕੀਤੇ ਹਨ ਜਦ ਕਿ ਅਸੀਂ ਕੋਰੋਨਾ ਟੈਸਟਿੰਗ ਦੇ ਮਾਮਲੇ ਵਿਚ 2 ਕਰੋੜ ਤੋਂ ਟੱਪ ਗਏ ਹਾਂ। ਉਨਾਂ ਕਿਹਾ ਕਿ ਜਿੰਨੇ ਵਧ ਟੈਸਟ ਕਰੋਗੇ ਓਨੇ ਵਧ ਮਾਮਲੇ ਸਾਹਮਣੇ ਆਉਣਗੇ। ਅਮਰੀਕਾ ਵਿਚ ਹੁਣ ਤੱਕ 1,12,096 ਮੌਤਾਂ ਹੋ ਚੁੱਕੀਆਂ ਹਨ ਤੇ ਕੋਰੋਨਾਵਾਇਰਸ ਨਾਲ ਪੀੜਤਾਂ ਦੀ ਗਿਣਤੀ 19,88,544 ਹੈ।



## ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਅਗਸਤ ਤੱਕ 1,45,000 ਮੌਤਾਂ ਹੋਣ ਦਾ ਅਨੁਮਾਨ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਯੁਨੀਵਰਸਿਟੀ ਆਫ ਵਾਸ਼ਿੰਗਟਨ ਨੇ ਅਨੁਮਾਨ ਲਾਇਆ ਹੈ ਕਿ ਅਗਸਤ ਤੱਕ ਕੋਵਿਡ-19 ਨਾਲ ਮਰਨ ਵਾਲਿਆਂ ਦੀ ਗਿਣਤੀ 1,45,000 ਹੋ ਸਕਦੀ ਹੈ। ਇਹ ਅਨੁਮਾਨ ਉਸ ਸਮੇ ਆਇਆ ਹੈ ਜਦੋਂ ਹਸਪਤਾਲਾਂ ਵਿਚ ਨਵੇਂ ਮਰੀਜ ਵੱਡੀ ਗਿਣਤੀ ਵਿਚ ਆ ਰਹੇ ਹਨ। ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ 586 ਕੋਰੋਨਾਪੀੜਤ ਹੋਰ ਮਰੀਜ਼ ਦਮ ਤੋੜ ਗਏ ਹਨ ਜਿਹਨਾਂ ਨਾਲ ਮੌਤਾਂ ਦੀ ਕੁਲ ਗਿਣਤੀ 1,13,055 ਹੋ ਗਈ ਹੈ। ਕੋਰੋਨਾਵਾਇਰਸ ਦੇ 19044 ਨਵੇਂ ਮਾਮਲੇ ਸਾਹਮਣੇ ਆਏ ਹਨ। ਪੀੜਤਾਂ ਦੀ ਕੁਲ ਗਿਣਤੀ 20,26,493 ਹੋ ਗਈ ਹੈ। 7,73,480 ਲੋਕ ਠੀਕ ਹੋਏ ਹਨ। ਇਸ ਤਰਾਂ ਸਿਹਤਮੰਦ ਹੋਣ ਦੀ ਦਰ 87% ਹੈ ਜੋ ਰਾਹਤ ਦੇਣ ਵਾਲੀ ਖਬਰ ਹੈ।



## ਕਾਲਿਆਂ ਉਪਰ ਅਤਿਆਚਾਰਾਂ ਨਾਲ ਨਜਿੱਠਣ ਲਈ ਕਾਨੂੰਨ ਬਣਾਉਣ ਦੀ ਤਿਆਰੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਤੋਂ ਬਾਅਦ ਹੋਏ ਪ੍ਰਦਰਸ਼ਨਾਂ ਦੌਰਾਨ ਕਾਲਿਆਂ ਉਪਰ ਅਤਿਆਚਾਰ ਦੇ ਉਠਾਏ ਮੁੱਦਿਆਂ ਦੇ ਮੱਦੇਨਜਰ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜਾਰਜ ਦਾ ਭਰਾ ਇਸ ਹਫਤੇ ਕਾਂਗਰਸ ਦੀ ਇਕ ਕਮੇਟੀ ਅੱਗੇ ਪੇਸ਼ ਹੋਵੇਗਾ ਤੇ ਨਸਲੀ ਹਿੰਸਾ ਬਾਰੇ ਆਪਣੇ ਵਿਚਾਰ ਰਖੇਗਾ। ਹਾਊਸ ਜੁਡੀਸ਼ਰੀ ਕਮੇਟੀ ਦੀ ਸਪੋਕਸਪਰਸਨ ਸ਼ਾਡਵਨ ਰੈਡਿਕ ਸਮਿਥ ਨੇ ਕਿਹਾ ਹੈ ਕਿ ਫਿਲੋਨਿਸ ਫਲਾਇਡ ਬੁੱਧਵਾਰ ਨੂੰ ਸੁਣਵਾਈ ਦੌਰਾਨ ਆਪਣੇ ਭਰਾ ਜਾਰਜ ਦੀ ਮੌਤ, ਪੁਲਿਸ ਦੀ ਦਰਿੰਦਗੀ ਤੇ ਨਸਲੀ ਭਿੰਨਭੇਦ ਬਾਰੇ ਆਪਣਾ ਪੱਖ ਰਖੇਗਾ। ਫਿਲੋਨਿਸ ਫਲਾਇਡ ਵੱਲੋਂ ਜੁਡੀਸ਼ਰੀ ਕਮੇਟੀ ਅੱਗੇ ਕੀਤੇ ਖੁਲਾਸੇ ਦੀ ਬਹੁਤ ਅਹਿਮੀਅਤ ਸਮਝੀ ਜਾਂਦੀ ਹੈ ਕਿਉਂਕਿ ਕਮੇਟੀ ਦੀਆਂ ਸ਼ਿਫਾਰਸ਼ਾਂ ਦੇ ਆਧਾਰ 'ਤੇ ਇਕ ਕਾਨੂੰਨ ਬਣਾਏ ਜਾਣ ਦੀ ਸੰਭਾਵਨਾ ਹੈ ਜਿਸ ਦਾ ਮਕਸਦ ਪ੍ਰਦਰਸ਼ਕਾਰੀਆਂ ਵੱਲੋਂ ਨਸਲੀ ਹਿੰਸਾ ਨੂੰ ਲੈ ਕੇ ਉਠਾਏ ਮਸਲਿਆਂ ਨੂੰ ਸੁਲਝਾਉਣਾ ਹੈ।

**ਪ੍ਰਦਰਸ਼ਨਾਂ ਦਾ ਸਿਲਸਿਲਾ ਜਾਰੀ**

ਜਾਰਜ ਫਲਾਇਡ ਦੀ ਮੌਤ ਨੇ ਸਮੁੱਚੇ ਅਫਰੀਕਨ ਮੂਲ ਦੇ ਅਮਰੀਕੀ ਨਾਗਰਿਕਾਂ ਵਿਚ ਜਾਗਰੂਕਤਾ ਪੈਦਾ ਕਰ ਦਿੱਤੀ ਹੈ। 12 ਵੇਂ ਦਿਨ ਵਾਸ਼ਿੰਗਟਨ ਸਮੇਤ ਵੱਖ ਵੱਖ ਥਾਵਾਂ 'ਤੇ ਸ਼ਾਤਮਈ ਪ੍ਰਦਰਸ਼ਨ ਹੋਏ ਜਿਨਾਂ ਵਿਚ ਕਾਲੇ, ਗੋਰੇ, ਨੌਜਵਾਨ, ਬਜ਼ੁਰਗ, ਹਰ ਵਰਗ ਤੇ ਉਮਰ ਦੇ ਲੋਕ ਸ਼ਾਮਿਲ ਹੋਏ। ਡਾਊਨ ਟਾਊਨ ਵਾਸ਼ਿੰਗਟਨ ਵਿਚ ਹਜਾਰਾਂ ਲੋਕ ਇਕੱਤਰ ਹੋਏ। ਵਾਸ਼ਿੰਗਟਨ ਵਿਚ ਕੈਪੀਟੋਲ, ਲਿੰਕਨ ਮੈਮੋਰੀਅਲ ਤੇ ਵਾਈਟ ਹਾਊਸ ਨੇੜੇ ਲੋਕ ਇਕੱਤਰ ਹੋਏ ਤੇ ਉਨਾਂ ਨੇ ਅਫਰੀਕਨ ਮੂਲ ਦੇ ਅਮਰੀਕੀ ਨਾਗਰਿਕਾਂ ਖਿਲਾਫ਼ ਪੁਲਿਸ ਹਿੰਸਾ ਦਾ ਜੋਰਦਾਰ ਵਿਰੋਧ ਕੀਤਾ। ਸ਼ਹਿਰ ਵਿਚ ਰੈਲੀ ਵੀ ਕੱਢੀ ਗਈ। ਸਨਫਰਾਂਸਿਸਕੋ, ਉਤਰੀ ਕੈਰੋਲੀਨਾ ਤੇ ਫਿਲਾਡੈਲਫੀਆ ਵਿਚ ਪ੍ਰਦਰਸ਼ਨਕਾਰੀਆਂ ਨੇ ਇਨਕਲਾਬ ਜਿੰਦਾਬਾਦ ਤੇ ਇਨ-ਕਲਾਬ ਤੋਂ ਘਟ ਕੁਝ ਨਹੀਂ ਚਾਹੀਦਾ ਵਰਗੇ ਨਾਅਰੇ ਲਾਏ। ਉਤਰੀ ਕੈਰੋਲੀਨਾ ਜਿਥੇ ਜਾਰਜ ਫਲਾਇਡ ਦਾ ਜਨਮ ਹੋਇਆ ਸੀ, ਵਿਖੇ ਵੱਡਾ ਇਕੱਠ ਹੋਇਆ। ਇਕੱਠ ਵਿਚ ਫਲਾਇਡ ਦੇ ਪਰਿਵਾਰਕ ਮੈਂਬਰ, ਮਿੱਤਰ-ਦੋਸਤ ਤੇ ਭਾਈਚਾਰੇ ਦੇ ਲੋਕ ਸ਼ਾਮਿਲ ਹੋਏ। ਉਤਰੀ ਕੈਰੋਲੀਨਾ ਦੇ ਦੋ ਕਾਂਗਰਸ ਮੈਂਬਰ ਜੀ ਕੇ ਬਟਰਫੀਲਡ ਡੈਮੋਕਰੈਟਿਕ ਤੇ ਰਿਚਰਡ ਹੁਡਸਨ ਰਿਪਬਲੀਕਨ ਵੀ ਸ਼ਾਮਿਲ ਸਨ।

ਕ੍ਰਿਸਟੋਫਰ ਡੀ ਸਟੇਕਹਾਊਸ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ 25 ਮਈ ਦਾ ਦਿਨ ਇਕ ਵੱਖਰੀ ਤਰਾਂ ਦਾ ਦਿਨ ਸੀ ਕਿਉਂਕਿ ਉਸ ਦਿਨ ਜਾਰਜ ਫਲਾਈਡ ਦੀ ਪੁਲਿਸ ਹਿਰਾਸਤ ਵਿਚ ਮੌਤ ਹੋਈ ਸੀ। ਉਨਾਂ ਕਿਹਾ ਕਿ ਅੱਜ ਲੋਕ ਸੜਕਾਂ ਉਪਰ ਨਿਕਲ ਆਏ ਹਨ। ਜਾਰਜ ਦੀ ਮੌਤ ਨੇ ਲੋਕਾਂ ਵਿਚ ਇਕ ਨਵਾਂ ਜੋਸ਼ ਭਰ ਦਿੱਤਾ ਹੈ ਜਿਸ ਸਦਕਾ ਰਾਸ਼ਟਰ ਵਿਚ ਤਬਦੀਲੀ ਤੈਅ ਹੈ।

**ਫਲਾਇਡ ਚੰਗਾ ਬੰਦਾ ਨਹੀਂ ਸੀ**

ਕੰਜ਼ਰਵੇਟਿਵ ਕਾਰਕੁੰਨ ਕੰਡੇਸ ਓਨਜ ਦੀ ਇਕ ਇੰਟਰਵਿਊ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਟਵਿਟਰ 'ਤੇ ਸਾਂਝਾ ਕੀਤਾ ਹੈ। ਕੰਡੇਸ ਓਨਜ ਨੇ ਕਿਹਾ ਹੈ ਕਿ '''ਜਾਰਜ ਫਲਾਇਡ ਚੰਗਾ ਬੰਦਾ ਨਹੀਂ ਸੀ। ਉਹ 5 ਵਾਰ ਜੇਲ ਜਾ ਚੁੱਕਾ ਹੈ।

ਮੈ ਹੈਰਾਨ ਹਾਂ ਕਿ ਉਸ ਨੂੰ ਸ਼ਹੀਦ ਵਾਂਗ ਪੇਸ਼ ਕੀਤਾ ਜਾ ਰਿਹਾ ਹੈ।'' ਰੇਡੀਓ ਹੋਸਟ ਗਲੈਨ ਬੈਕ ਨੇ ਇਸ ਇੰਟਰਵਿਊ ਨੂੰ ਟਵਿਟਰ ਉਪਰ ਪਾਇਆ ਹੈ ਜਿਸ ਨੂੰ ਅਗੇ ਟਰੰਪ ਨੇ ਬਿਨਾਂ ਕਿਸੇ ਟਿਪਣੀ ਦੇ ਟਵੀਟ ਕੀਤਾ ਹੈ।

## ਰਾਸ਼ਟਰਪਤੀ ਟਰੰਪ ਨੇ ਵਾਸ਼ਿੰਗਟਨ ਵਿਚੋਂ ਨੈਸ਼ਨਲ ਗਾਰਡ ਹਟਾਉਣ ਦਾ ਦਿੱਤਾ ਆਦੇਸ਼

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਮਿਨੀਐਪੋਲਿਸ ਸ਼ਹਿਰ ਵਿਚ ਜਾਰਜ ਫਲਾਈਡ ਨਾਮੀ ਕਾਲੇ ਵਿਅਕਤੀ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਤੋਂ ਬਾਅਦ ਵਾਸ਼ਿੰਗਟਨ ਵਿਚ ਤਾਇਨਾਤ ਕੀਤੇ ਨੈਸ਼ਨਲ ਗਾਰਡ ਹਟਾ ਲਏ ਗਏ ਹਨ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਜਾਣਕਾਰੀ ਟਵੀਟ ਕਰਕੇ ਦਿੱਤੀ ਹੈ। ਉਨਾਂ ਕਿਹਾ ਹੈ ਕਿ 'ਮੈ ਹੁਣੇ ਹੀ ਵਾਸ਼ਿੰਗਟਨ ਡੀ. ਸੀ ਵਿਚੋਂ ਨੈਸ਼ਨਲ ਗਾਰਡ ਹਟਾਉਣ ਦੀ ਪ੍ਰਕ੍ਰਿਆ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਹੈ ਕਿਉਂਕਿ ਹੁਣ ਹਰ ਚੀਜ਼ ਨਿਯੰਤਰਣ ਹੇਠ ਹੈ। ਉਹ ਹੁਣ ਵਾਪਿਸ ਜਾ ਰਹੇ ਹਨ ਪਰ ਜੇਕਰ ਲੋੜ ਪਈ ਤਾਂ ਉਨਾਂ ਨੂੰ ਦੁਬਾਰਾ ਫਿਰ ਫੌਰੀ ਸੱਦ ਲਿਆ ਜਾਵੇਗਾ।'

ਲੰਘੇ ਦਿਨ ਵਾਸ਼ਿੰਗਟਨ ਵਿਚ ਕੁੱਝ ਲੋਕ ਇਕੱਠੇ ਹੋਏ ਪਰ ਉਨਾਂ ਨੇ ਸ਼ਾਤਮਈ ਪ੍ਰਦਰਸ਼ਨ ਕੀਤਾ। ਨਿਊਯਾਰਕ ਸਮੇਤ ਕਈ ਸ਼ਹਿਰਾਂ ਵਿਚ ਹਾਲਾਤ ਸ਼ਾਂਤ ਹੋ ਗਏ ਹਨ ਤੇ ਕਰਫ਼ਿਊ ਹਟਾ ਲਿਆ ਗਿਆ ਹੈ। ਨਿਊਯਾਰਕ ਦੇ ਮੇਅਰ ਬਿੱਲ ਡੀ ਬਲਾਸੀਓ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਕਰਫ਼ਿਊ ਨੂੰ ਤੁਰੰਤ ਹਟਾ ਲਿਆ ਗਿਆ ਹੈ ਕਿਉਂਕਿ ਸਭ ਕੁਝ ਆਮ ਵਾਂਗ ਹੋ ਰਿਹਾ ਹੈ।

**ਮਿਨੀਐਪੋਲਿਸ ਦਾ ਪੁਲਿਸ ਵਿਭਾਗ ਹੋਵੇਗਾ ਭੰਗ**

ਮਿਨੀਐਪੋਲਿਸ ਸਿਟੀ ਕੌਂਸਲ ਨੇ ਲੰਘੇ ਦਿਨ ਸ਼ਹਿਰ ਦੇ ਪੁਲਿਸ ਵਿਭਾਗ ਵਿਚ ਇਨਕਲਾਬੀ ਤਬਦੀਲੀਆਂ ਕਰਨ ਦਾ ਫੈਸਲਾ ਕੀਤਾ। ਕੌਂਸਲ ਦੀ ਵੱਡੀ ਬਹੁਗਿਣਤੀ ਨੇ ਜਨਤਿਕ ਤੌਰ 'ਤੇ ਪੁਲਿਸ ਵਿਭਾਗ ਭੰਗ ਕਰਨ ਦਾ ਸਮਰਥਨ ਕੀਤਾ ਹੈ। ਹਾਲਾਂ ਕਿ ਮੇਅਰ ਜੈਕਬ ਫਰੇ ਪੁਲਿਸ ਵਿਚ ਸੁਧਾਰ ਲਿਆਉਣਾ ਚਹੁੰਦੇ ਹਨ ਪਰੰਤੂ ਕੌਂਸਲ ਦੇ 12 ਵਿਚੋਂ 9 ਮੈਂਬਰਾਂ ਨੇ ਪੁਲਿਸ ਵਿਭਾਗ ਨੂੰ ਭੰਗ ਕਰਨ ਦੀ ਹਮਾਇਤ ਕੀਤੀ।

ਕੌਂਸਲ ਦੀ ਪ੍ਰਧਾਨ ਲੀਸਾ ਬੈਂਡਰ ਨੇ ਕਿਹਾ ਕਿ ਇਹ ਸਪੱਸ਼ਟ ਹੋ ਗਿਆ ਹੈ ਕਿ ਸਾਡੀ ਪੁਲਿਸ ਸਾਡੇ ਸਮਾਜ ਨੂੰ ਸੁਰੱਖਿਅਤ ਰਖਣ ਵਿਚ ਨਾਕਾਮ ਰਹੀ ਹੈ। ਪੁਲਿਸ ਵਿਭਾਗ ਵਿਚ ਵੱਡੀ ਪੱਧਰ ਉਪਰ ਸੁਧਾਰ ਲਿਆਉਣ ਦੀਆਂ ਕੋਸ਼ਿਸ਼ਾਂ ਫੇਲ ਹੋ ਚੁੱਕੀਆਂ ਹਨ। ਇਥੇ ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿਟੀ ਕੌਂਸਲ ਨੇ ਪੁਲਿਸ ਵੱਲੋਂ ਕਿਸੇ ਵੀ ਵਿਅਕਤੀ ਦੀ ਧੌਣ ਉਪਰ ਗੋਡਾ ਰਖਣ 'ਤੇ ਪਾਬੰਦੀ ਲਾ ਦਿੱਤੀ ਸੀ। ਆਉਣ ਵਾਲੇ ਦਿਨਾਂ ਵਿਚ ਪੁਲਿਸ ਵਿਭਾਗ ਦੀ ਸ਼ਕਲ ਕਿਹੋ ਜਿਹੀ ਹੋਵੇਗੀ, ਇਹ ਸਪੱਸ਼ਟ ਹੋ ਜਾਵੇਗਾ ਪਰ ਇਕ ਗੱਲ ਅਜੇ ਸਾਫ ਨਹੀਂ ਹੈ ਕਿ ਪੁਲਿਸ ਵਿਭਾਗ ਦੀ ਥਾਂ 'ਤੇ ਕਿਹੜੀ ਵਿਵਸਥਾ ਬਣਾਈ ਜਾਵੇਗੀ।

**ਗੋਰੇ ਪੁਲਿਸ ਅਧਿਕਾਰੀ ਨੂੰ ਕਾਲਿਆਂ ਨੇ ਬਚਾਇਆ**

ਲੁਈਸਵਿਲੇ ਵਿਚ ਕਲਾਰਕ ਬ੍ਰਿਜ ਕੋਲ ਗੈਲਨ ਹਿੰਸ਼ਾ ਨਾਮੀ ਪੁਲਿਸ ਅਧਿਕਾਰੀ ਦੀ ਕਾਰ ਨੂੰ ਪ੍ਰਦਰਸ਼ਨਕਾਰੀਆਂ ਨੇ ਘੇਰ ਲਿਆ ਤੇ ਉਹ ਉਸ ਦੀ ਕਾਰ ਉਪਰ ਚੜ ਗਏ।

ਪੁਲਿਸ ਅਧਿਕਾਰੀ ਨੇ ਆਪਣੇ ਸਾਥੀਆਂ ਨੂੰ ਰੇਡੀਓ ਕਾਲ ਕਰਕੇ ਮੱਦਦ ਦੀ ਬੇਨਤੀ ਕੀਤੀ। ਉਹ ਖੁਦ ਕਾਰ ਵਿਚੋਂ ਨਿਕਲਕੇ ਬਾਹਰ ਆ ਗਿਆ। ਏਨੇ ਨੂੰ ਉਥੇ ਮੌਜੂਦ ਹੋਰ ਪ੍ਰਦਰਸ਼ਨਕਾਰੀਆਂ ਨੇ ਉਸ ਦੁਆਲੇ ਘੇਰਾ ਪਾ ਲਿਆ। ਬਾਅਦ ਵਿਚ ਹਿੰਸ਼ਾ ਨੇ ਮੰਨਿਆ ਕਿ ਕੁੱਝ ਲੋਕਾਂ ਦੀ ਮੱਦਦ ਨਾਲ ਉਨਾਂ ਦੀ ਜਾਨ ਬਚ ਗਈ ਹੈ।

# ਚੋਪੜਾ ਪਰਿਵਾਰ ਨੂੰ ਅਸਹਿ ਗਹਿਰਾ ਸਦਮਾ

## ਇੰਡੋ-ਫੀਜ਼ੀ-ਅਮੈਰੀਕਨ ਭਾਈਚਾਰੇ 'ਚ ਜਾਣੀ ਪਹਿਚਾਣੀ ਸ਼ਖਸੀਅਤ ਮਿਸਿਜ਼ ਰੌਸ਼ਨੀ ਚੋਪੜਾ ਦਾ ਦਿਹਾਂਤ-ਸਸਕਾਰ

**ਬੇ-ਏਰੀਆ (ਬਿਊਰੋ)-** ਬ੍ਰਿਟਿਸ਼-ਇੰਡੀਆ ਦੌਰਾਨ ਬਹੁਤ ਸਾਰੇ ਭਾਰਤੀਆਂ ਨੂੰ ਬ੍ਰਿਟਿਸ਼ ਸਰਕਾਰ ਕੰਮਕਾਰ ਲਈ ਜਾਂ ਤਾਂ ਲੈ ਗਈ ਜਾਂ ਕੁਝ ਪਰਿਵਾਰ ਕੰਮਕਾਰਾਂ ਲਈ 19ਵੀਂ ਸਦੀ ਵਿਚ ਫਿਜ਼ੀ ਚਲੇ ਗਏ ਅਤੇ ਜਿਉਂ ਹੀ ਫਿਜ਼ੀ ਆਜ਼ਾਦ ਹੋਇਆ ਤਾਂ ਬਹੁਤ ਸਾਰੇ ਲੋਕ ਇੰਗਲੈਂਡ-ਕੈਨੇਡਾ6ਅਮਰੀਕਾ ਆਦਿ ਦੇਸ਼ਾਂ 'ਚ ਚਲੇ ਗਏ। ਉਹਨਾਂ ਪਰਿਵਾਰਾਂ 'ਚੋਂ ਸ. ਸੁਖਰਾਜ ਸਿੰਘ ਚੋਪੜਾ ਵੀ ਇਕ ਰਿਹਾ ਹੈ।






ਇੱਥੇ ਇਹ ਵਰਣਨ ਕਰਨਾ ਜ਼ਰੂਰੀ ਹੋਵੇਗਾ ਕਿ ਭਾਰਤੀ ਜਿੱਥੇ ਵੀ ਗਏ, ਉਥੇ ਉਹ ਆਪਣੇ ਨਾਲ ਆਪਣੇ ਸੰਸਕਾਰ, ਧਾਰਮਿਕ, ਸਮਾਜਿਕ ਤੇ ਸਭਿਆਚਾਰ ਆਦਿ ਨੂੰ ਵੀ ਭੁੱਲੇ ਹੀ ਨਹੀਂ ਬਲਕਿ ਆਪੋ-ਆਪਣੀ ਆਸਥਾ ਤੇ ਸਮਰੱਥਾ ਅਨੁਸਾਰ ਆਪਣੇ ਇਸ਼ਟ ਨੂੰ ਯਾਦ ਕਰਨ ਲਈ ਮੰਦਰ, ਗੁਰਦੁਆਰੇ, ਮਸਜਿਦ, ਚਰਚ ਆਦਿ ਵੀ ਉਸਾਰੇ। ਇਸੇ ਤਰ੍ਹਾਂ ਪਿਟਸਬਰਗ (ਕੈਲੇਫੋਰਨੀਆ) 'ਚ ਸ੍ਰੀ ਗੁਰੂ ਰਵਿਦਾਸ ਟੈਂਪਲ 'ਚ ਉਸਾਰਿਆ ਗਿਆ ਜੋ ਉਤਰੀ ਅਮਰੀਕਾ ਦਾ ਇਹ ਪਹਿਲਾ ਗੁਰੂ ਘਰ ਹੈ, ਜਿਸ ਵਿਚ ਫਿਜ਼ੀ ਦੇ ਲੋਕਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਤੋਂ ਪਹਿਲਾਂ ਉਹਨਾਂ ਫਿਜ਼ੀ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਉਤੇ ਵੀ ਗੁਰੂ ਘਰ ਉਸਾਰਿਆ ਸੀ ਜੋ ਭਾਰਤ ਤੋਂ ਬਾਹਰ ਕਿਸੇ ਹੋਰ ਦੇਸ਼ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਉਸਾਰਿਆ ਜਾਣ ਵਾਲਾ ਪਹਿਲਾ ਗੁਰੂ ਘਰ ਹੈ। ਸੋ ਸ੍ਰੀਮਾਨ ਸੁਖਰਾਜ ਸਿੰਘ ਚੋਪੜਾ ਜੀ ਨੂੰ ਕੈਲੇਫੋਰਨੀਆ 'ਚ ਸਾਰੇ ਹੀ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੀ ਨਹੀਂ ਬਲਕਿ ਵੱਧ-ਚੜ੍ਹ ਕੇ ਤਨ, ਮਨ, ਧਨ ਨਾਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਨਤਮਸਤਕ ਹੁੰਦਿਆਂ ਸੇਵਾ ਵੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਹ ਸਭ ਉਹਨਾਂ ਨੂੰ ਆਪਣੀ ਧਰਮ ਪਤਨੀ ਮਿਸਿਜ਼ ਰੌਸ਼ਨੀ ਚੋਪੜਾ ਦੇ ਸੰਪੂਰਨ ਨਹਿਯੋਗ ਨਾਲ ਸੰਭਵ ਹੋਇਆ।



ਹੁਣ ਉਹੀ ਮਿਸਿਜ਼ ਰੌਸ਼ਨੀ ਚੋਪੜਾ ਇਸ ਫਾਨੀ ਸੰਸਾਰ ਤੋਂ 3 ਜੂਨ 2020 ਨੂੰ ਆਖਰੀ ਅਲਵਿਦਾ ਆਖ ਕੇ ਸਵਰਗੀ ਰੌਸ਼ਨੀ ਚੋਪੜਾ ਹੋ ਗਈ। ਸਵਰਗੀ ਮਿਸਿਜ਼ ਰੌਸ਼ਨੀ ਚੋਪੜਾ ਦੇ ਬੇਵਕਤੀ ਅਕਾਲ ਚਲਾਣਾ ਕਰ ਜਾਣ ਨਾਲ ਜਿੱਥੇ ਸਮੂਹ ਚੋਪੜਾ ਪਰਿਵਾਰ ਨੂੰ ਅਸਹਿ ਗਹਿਰੇ ਸਦਮਾ ਲੱਗਾ ਹੈ, ਉਥੇ ਆਪਣੇ ਭਾਈਚਾਰੇ ਦੀ ਇਕ ਸੁਹਿਰਦ ਤੇ ਨੇਕ ਦਿਲ ਔਰਤ ਦਾ ਸਦਾ-ਸਦਾ ਲਈ ਵਿੱਛੜ ਜਾਣਾ ਬੜਾ ਦੁਖਦਾਇਕ ਹੈ। ਸਵਰਗੀ ਰੌਸ਼ਨੀ ਚੋਪੜਾ ਕਮਿਊਨਿਟੀ 'ਚ ਬੜੇ ਵਧੀਆ ਸੁਭਾਅ ਤੇ ਸਭ ਨਾਲ ਪਿਆਰ ਨਾਲ ਮਿਲਣ ਵਾਲੀ ਸ਼ਖਸੀਅਤ ਸੀ। ਉਸ ਦਾ ਗੁਰਬਾਣੀ ਨਾਲ ਪਿਆਰ ਸੀ, ਇਸੇ ਲਈ ਗੁਰੂ ਘਰਾਂ 'ਚ ਸਮਾਗਮ ਵਕਤ ਅਕਸਰ ਹੀ ਸ਼ਬਦ/ਗੀਤ ਜਾਂ ਕਵਿਤਾ ਨਾਲ ਹਾਜ਼ਰੀ ਲਗਾਇਆ ਕਰਦੀ ਸੀ।

ਉਹ ਪੁੰਨ ਦਾਨ 'ਚ ਵਿਸ਼ਵਾਸ ਹੀ ਨਹੀਂ ਬਲਕਿ ਕਰਿਆ ਕਰਦੀ ਸੀ। ਉਹ ਆਪਣੇ ਨੇਕ ਸੁਭਾਅ ਅਤੇ ਕਮਿਊਨਿਟੀ 'ਚ ਪਾਏ ਯੋਗਦਾਨ ਲਈ ਲੰਬੇ ਸਮੇਂ ਲਈ ਯਾਦ ਕੀਤੀ ਜਾਂਦੀ ਰਹੇਗੀ। ਅਦਾਰਾ 'ਦੇਸ਼ ਦੁਆਬਾ' ਇਸ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਤੇ ਅਕਾਲ ਪੁਰਖ ਆਪਣੇ ਚਰਨਾਂ 'ਚ ਨਿਵਾਸ ਦੇਵੇ, ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਅਤੇ ਮਗਰ ਦੁਖੀ ਚੋਪੜਾ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਸ੍ਰੀ ਸੁਖਰਾਜ ਚੋਪੜਾ ਦੀ ਮਿਸਜ਼ ਸ੍ਰੀਮਤੀ ਰੌਸ਼ਨੀ ਚੋਪੜਾ ਦਾ ਦੇਹਾਂਤ

**ਹੇਵਰਡ (ਬਿਊਰੋ)-** ਨਾਮਵਰ ਸ਼ਖਸੀਅਤ ਸ੍ਰੀਮਾਨ ਸੁਖਰਾਜ ਸਿੰਘ ਚੋਪੜਾ ਪਰਿਵਾਰ ਨੂੰ ਉਸ ਵਕਤ ਅਸਹਿ ਸਦਮਾ ਲੱਗਾ ਜਦੋਂ ਉਹਨਾਂ ਦੀ ਸੁਪਤਨੀ ਸ੍ਰੀਮਤੀ ਰੌਸ਼ਨੀ ਚੋਪੜਾ ਦਾ 3 ਜੂਨ ਨੂੰ ਦੇਹਾਂਤ ਹੋ ਗਿਆ। ਚੋਪੜਾ ਪਰਿਵਾਰ ਵੱਲੋਂ ਕੈਲੇਫੋਰਨੀਆ ਦੇ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਨੂੰ ਸ਼ੁਰੂ ਤੋਂ ਮਾਇਕ ਮਦਦ ਰਹੀ ਹੈ। ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਸਾਰੇ ਗੁਰੂ ਘਰਾਂ ਦੇ ਓਪਨਿੰਗ ਉਦਘਾਅਨ ਕਰਨ ਦਾ ਸੇਵਾ ਮਾਣ ਪ੍ਰਾਪਤ ਹੋਇਆ ਹੈ। ਇਹ ਸਭ ਸ੍ਰੀਮਤੀ ਰੌਸ਼ਨੀ ਚੋਪੜਾ ਦੇ ਸਦਕੇ ਹੀ ਸੰਭਵ ਸੀ। ਸਵਰਗੀ ਸ੍ਰੀਮਤੀ ਰੌਸ਼ਨੀ ਚੋਪੜਾ ਦਾ ਸਸਕਾਰ 8 ਜੂਨ ਨੂੰ ਚੈਂਪਲ ਆਫ ਚਾਇਮ ਹੇਵਰਡ ਵਿਖੇ ਕੀਤਾ ਗਿਆ, ਜਿੱਥੇ ਸਰਵ ਸ੍ਰੀ ਸੁਖਰਾਜ ਸਿੰਘ ਚੋਪੜਾ ਤੋਂ ਇਲਾਵਾ ਸ੍ਰੀ ਵਿਨੋਦ ਕੁਮਾਰ ਚੁੰਬਰ, ਕਮਲ ਚੋਪੜਾ, ਬਿਮਲ ਚੋਪੜਾ, ਯਸ਼ ਚੋਪੜਾ, ਡਾ. ਹਰਮੇਸ਼ ਕੁਮਾਰ ਆਦਿ। ਸਭ ਨੇ ਆਪਣੇ ਤੇ ਆਪਣੇ ਪਰਿਵਾਰ ਵੱਲੋਂ ਸ੍ਰੀ ਚੋਪੜਾ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ, ਜਿੱਥੇ ਉਹਨਾਂ ਕਿਹਾ ਕਿ ਸਵਰਗੀ ਰੌਸ਼ਨੀ ਚੋਪੜਾ ਦੇ ਵਿਛੋੜੇ ਨਾਲ ਕਮਿਊਨਿਟੀ ਨੂੰ ਬੜਾ ਵੱਡਾ ਘਾਟਾ ਪਿਆ, ਉਥੇ ਚੋਪੜਾ ਪਰਿਵਾਰ ਨੇ ਗਹਿਰਾ ਸਦਮਾ ਤਾਂ ਹੈ ਹੀ ਪਰ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਪਲ-ਪਲ ਸਾਥ ਦੇਣ ਵਾਲੀ ਉਹਨਾਂ ਦੀ ਨੇਕ ਸੁਭਾਅ ਵਾਲੀ ਧਰਮ ਪਤਨੀ ਦਾ ਇੰਨੀ ਜਲਦੀ ਚਲੇ ਜਾਣਾ ਬੜੇ ਦੁੱਖ ਦੀ ਗੱਲ ਹੈ। ਸ੍ਰੀ ਵਿਨੋਦ ਕੁਮਾਰ ਚੁੰਬਰ ਚੇਅਰਮੈਨ ਨੇ ਆਪਣੇ ਵੱਲੋਂ ਆਪਣੇ ਪਰਿਵਾਰ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਅਸੀਂ ਸਾਰੇ ਮਿਸਿਜ਼ ਰੌਸ਼ਨੀ ਚੋਪੜਾ ਦਾ ਸਾਡੇ ਸਮਾਜ 'ਚ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਾਂਗਾ।







ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ।

ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀ-ਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ। ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ। ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ, ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦਿ ਧਰਮ ਮੰਡਲ ਪੰਜਾਬ ਜੀ ਦੀ ਆਪਣੀ ਹੱਥ ਲਿਖਤ 11-12 ਜੂਨ ਨੂੰ ਸਮਰਪਿਤ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-137

## ਚਕਵਾ-ਚਕਵੀ ਦੇ ਸੂਰਜੀ-ਪਿਆਰ ਤੋਂ ਸਿਖਿਆ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਚਕਵਾ-ਚਕਵੀ ਇੰਨ੍ਹਾਂ ਨੂੰ ਫਾਰਸੀ 'ਚ ਸੁਰਖ਼ਾਬ ਆਖਦੇ ਹਨ। ਭਾਰਤੀ ਉਪ ਮਹਾਂਦੀਪ ਦੇ ਇਹ ਪੰਛੀ ਦੱਖਣੀ ਪੂਰਬੀ ਯੂਰਪ ਵਿੱਚ ਸੰਤਾਨ ਉਤਪਤੀ ਕਰਦੈ ਪੰਜਾਬ ਵਿੱਚ ਇਹ ਸਰਦੀਆਂ ਦੇ ਦਿਨਾਂ ਵਿੱਚ ਆਉਣ ਵਾਲੇ ਪ੍ਰਵਾਸੀ ਪੰਛੀ ਹਨ। ਸੁਰਖ਼ਾਬ ਦੀਆਂ ਅਨੇਕ ਕਿਸਮਾਂ ਮਿਲਦੀਆਂ ਨੇ ਜਿਨ੍ਹਾਂ ਵਿੱਚੋਂ ਸੁਨਹਿਰਾ, ਆਮ,ਅਤੇ ਪੱਟੇਦਾਰ ਸੁਰਖ਼ਾਬ ਬਹੁਤ ਮਸ਼ਹੂਰ ਹਨ। ਸੁਰਖ਼ਾਬ ਨੂੰ ਇਨ੍ਹਾਂ ਦੇ ਸੁਨਹਿਰੀ ਸੁੰਦਰ ਰੰਗ ਕਰਕੇ ਕਹਿੰਦੇ ਹਨ।ਜੋੜੀਆਂ ਵਿੱਚ ਰਹਿਣ ਕਰਕੇ ਇਸ ਨੂੰ ਚਕਵਾ-ਚਕਵੀ ਵੀ ਕਹਿੰਦੇ ਹਨ। ਇਨ੍ਹਾਂ ਦੀਆਂ ੧੪੫ ਜਾਤੀਆਂ ਦੇ ਪ੍ਰਵਾਰ ਨੂੰ "ਐਨਾਟੀਡੇਈ" ਕਹਿੰਦੇ ਹਨ। ਇਸ ਪ੍ਰਵਾਰ ਦੀਆਂ ਭਾਰਤ ਵਿੱਚ ਮਿਲਣ ਵਾਲੀਆਂ ਬਹੁਤੀਆਂ ਜਾਤੀਆਂ ਇੱਥੇ ਸਾਰਾ ਸਾਲ ਨਹੀਂ ਰਹਿੰਦੀਆਂ। ਇਹ ਭਾਰਤ ਵਿੱਚ ਦੂਰੋਂ ਦੁਰਾਡਿਓਂ ਠੰਢੇ ਇਲਾਕਿਆਂ ਵਿੱਚੋਂ ਲੰਮੇ ਪੈਂਡੇ ਤੈਅ ਕਰਕੇ ਸਰਦੀਆਂ ਦੇ ਸ਼ੁਰੂ ਅਕਤੂਬਰ ਮਹੀਨੇ ਦੇ ਅਖੀਰ ਵਿੱਚ ਆਉਂਦੀਆਂ ਅਤੇ ਸਰਦੀਆਂ ਮੁੱਕਣ ਮਗਰੋਂ ਬੱਚੇ ਦੇਣ ਲਈ ਵਾਪਸ ਠੰਢੇ ਇਲਾਕਿਆਂ ਵੱਲ ਚਲੀਆਂ ਜਾਂਦੀਆਂ ਹਨ। ਗਰਮੀਆਂ ਵਿੱਚ ਇਹ ਕਸ਼ਮੀਰ, ਲੱਦਾਖ ਅਤੇ ਨੇਪਾਲ 'ਚ ਸਮਾਂ ਬਤੀਤ ਕਰਦੇ ਹਨ।

ਇਨ੍ਹਾਂ ਖ਼ੂਬਸੂਰਤ ਸੁਰਖ਼ਾਬਾਂ(ਚਕਵਾ-ਚਕਵੀ) ਦੀ ਲੰਬਾਈ 60-70 ਸੈਂਟੀਮੀਟਰ, ਭਾਰ ੯੦੦-੧੦੦੦ ਗ੍ਰਾਮ ਅਤੇ ਖੰਭਾਂ ਦਾ ਪਸਾਰ ੧੧੦-੧੩੫ ਸੈਂਟੀਮੀਟਰ ਹੁੰਦਾ ਹੈ। ਆਪਣੇ ਚਮਕੀਲੇ ਪਰ ਜੰਗਾਲੇ ਜਿਹੇ ਸੰਤਰੀ ਅਤੇ ਕਾਲੇ ਰੰਗ ਕਰਕੇ ਇਹ ਦੂਰੋਂ ਹੀ ਬਾਕੀ ਦੀਆਂ ਬੱਤਖਾਂ ਦੇ ਝੁੰਡ ਵਿੱਚੋਂ ਚਮਕ ਪੈਂਦੇ ਹਨ। ਇਨ੍ਹਾਂ ਦਾ ਫਿੱਕਾ ਸੰਤਰੀ ਬਦਾਮੀ ਸਿਰ, ਕਾਲੀਆਂ ਅੱਖਾਂ ਅਤੇ ਛੋਟੀ-ਚੌੜੀ ਪਾਸਿਆਂ ਉੱਤੇ ਕੰਘੀਆਂ ਵਾਲੀ ਕਾਲੀ ਚੁੰਝ ਹੁੰਦੀ ਹੈ। ਉੱਡਣ ਵੇਲੇ ਇਨ੍ਹਾਂ ਦੇ ਖੰਭ ਮੋਢਿਆਂ ਤੋਂ ਪਿੱਛੋਂ ਚਿੱਟੇ ਅਤੇ ਪਿਛਲੇ ਪਾਸਿਓਂ ਗੂੜ੍ਹੀ ਹਰੀ ਭਾਹ ਮਾਰਨ ਕਰਕੇ ਕਾਲੇ ਦਿਸਦੇ ਹਨ। ਸੁਰਖ਼ਾਬਾਂ ਦੀ ਪੂਛ ਅਤੇ ਝਿੱਲੀਦਾਰ ਪੰਜੇ ਵੀ ਕਾਲੇ ਹੀ ਹੁੰਦੇ ਹਨ। ਪਾਣੀ ਵਿੱਚ ਤਰਨ ਲਈ ਇਨ੍ਹਾਂ ਦੀਆਂ ਲੱਤਾਂ ਸਰੀਰ ਦੇ ਥੋੜ੍ਹਾ ਪਿੱਛੇ ਨੂੰ ਕਰਕੇ ਲੱਗੀਆਂ ਹੁੰਦੀਆਂ ਤੇ ਇਹ ਬੜੇ ਮਿਜ਼ਾਜ ਅਤੇ ਨਜ਼ਾਕਤ ਨਾਲ ਜ਼ਮੀਨ ਉੱਤੇ ਵੀ ਤੁਰ ਲੈਂਦੇ ਹਨ। ਨਰ ਅਤੇ ਮਾਦਾ ਵਿੱਚ ਦੇਖਣ ਨੂੰ ਬਹੁਤਾ ਫ਼ਰਕ ਨਹੀਂ ਹੁੰਦਾ ਪਰ ਬਹਾਰ ਦੇ ਮੌਸਮ ਵਿੱਚ ਨਰਾਂ ਦੀ ਗਰਦਨ ਦੀ ਜੜ੍ਹ ਉੱਤੇ ਇੱਕ ਪਤਲਾ ਜਿਹਾ ਕਾਲੇ ਰੰਗ ਦਾ ਕਾਲਰ ਬਣ ਜਾਂਦਾ ਹੈ।

ਤਾਜ਼ੇ ਪਾਣੀ ਵਿੱਚ ਰਹਿਣ ਵਾਲੇ ਇਨ੍ਹਾਂ ਖ਼ਬਰਦਾਰ ਸੁਰਖ਼ਾਬਾਂ ਦੀਆਂ ਜੋੜੀਆਂ ਨੂੰ ਅਕਸਰ ਪਿੰਡਾਂ ਦੇ ਛੱਪੜਾਂ ਜਾਂ ਟੋਭਿਆਂ ਵਿੱਚ ਵੀ ਤਰਦਿਆਂ ਦੇਖਿਆ ਜਾ ਸਕਦਾ ਹੈ। ਵੱਡੀਆਂ ਝੀਲਾਂ ਅਤੇ ਛੰਭਾਂ ਵਿੱਚ ਇਹ ਵੱਡੀਆਂ ਡਾਰਾਂ ਵਿੱਚ ਹੋਰ ਬੱਤਖਾਂ ਦੇ ਨਾਲ ਰਹਿੰਦੇ ਹਨ। ਆਮ ਤੌਰ 'ਤੇ ਇਹ ਪਾਣੀ ਵਿੱਚ ਘੱਟ ਅਤੇ ਪਾਣੀ ਦੇ ਪਾਸਿਆਂ ਉੱਤੇ ਘਾਹ ਜਾਂ ਗਿੱਟੇ-ਗਿੱਟੇ ਪਾਣੀ ਵਿੱਚ ਕੱਚੇ ਘਾਹ ਤੇ ਪਾਣੀ ਦੇ ਪੌਦਿਆਂ ਦੇ ਪੱਤਿਆਂ ਨੂੰ ਬੱਕਰੀਆਂ ਵਾਂਗ ਚੂੰਡਦੇ ਫਿਰਦੇ ਜਾਂ ਇਹ ਪਾਣੀ ਦੇ ਵਿਚਕਾਰ ਰੇਤੇ ਦੇ ਟਾਪੂਆਂ ਉੱਤੇ ਅਰਾਮ ਕਰਨ ਲਈ ਬੈਠੇ ਰਹਿੰਦੇ ਹਨ। ਇਹ ਪਾਣੀ ਦੇ ਨੇੜੇ ਪਏ ਪੱਥਰਾਂ ਹੇਠੋਂ ਕੀੜੇ-ਮਕੌੜੇ ਅਤੇ ਘੋਗੇ-ਸਿੱਪੀਆਂ ਕੱਢ ਕੇ ਵੀ ਖਾਂਦੇ ਹਨ। ਇਸ ਦੇ ਨਾਲ ਜਦੋਂ ਪਾਣੀ ਵਿੱਚ ਤਰਦੇ ਹੋਣ ਤਾਂ ਬਾਕੀ ਦੀਆਂ ਬੱਤਖਾਂ ਵਾਂਗ ਆਪਣਾ ਪੂਰਾ ਸਿਰ ਪਾਣੀ ਵਿੱਚ ਡੋਬ ਕੇ ਅਤੇ ਪੂਛ ਉੱਪਰ ਨੂੰ ਚੁੱਕ ਕੇ ਪਾਣੀ 'ਚੋਂ ਛੋਟੀਆਂ ਮੱਛੀਆਂ ਫੜ੍ਹ ਕੇ ਖਾਂਦੇ ਹਨ। ਸੁਰਖ਼ਾਬ ਚੁੱਪ-ਚਾਪ ਹੀ ਰਹਿੰਦੇ ਪਰ ਉੱਡਣ ਲੱਗੇ ਨੱਕ 'ਚੋਂ ਉੱਚੀ ਸਾਰੀ 'ਅਨਗ-ਅਨਗ' ਜਾਂ ਬਿਗੁਲ ਵਰਗੀ 'ਪੋਕ-ਪੋਕ' ਦੀ ਅਵਾਜ਼ ਕੱਢਦੇ ਹਨ। ਉੱਡਣ ਵੇਲੇ ਇਹ ਪਾਣੀ ਉੱਤੇ ਪਹਿਲਾਂ ਕੁਝ ਦੂਰ ਦੌੜਦੇ ਅਤੇ ਫਿਰ ਜ਼ੋਰ ਲਾ ਕੇ ਖੰਭ ਮਾਰ-ਮਾਰ ਕੇ ਹਵਾ ਵਿੱਚ ਉੱਡ ਜਾਂਦੇ ਹਨ।

ਚੇਤੰਨ ਸੁਭਾਅ ਦੇ ਇਨ੍ਹਾਂ ਸੁਰਖ਼ਾਬਾਂ ਉੱਤੇ ਬਹਾਰ ਮਈ-ਜੂਨ ਵਿੱਚ ਆਉਂਦੀ ਤੇ ਉਸ ਵੇਲੇ ਇਹ ਠੰਢੇ ਇਲਾਕਿਆਂ ਵਿੱਚ ਪਹੁੰਚ ਚੁੱਕੇ ਹੁੰਦੇ ਹਨ। ਉੱਥੇ ਇਹ ਪਾਣੀ ਤੋਂ ਕਾਫ਼ੀ ਦੂਰ ਪਹਾੜਾਂ ਵਿਚਲੀਆਂ ਵੱਡੀਆਂ ਚਟਾਨਾਂ, ਸਿੱਲਾਂ ਦੀਆਂ ਝੀਥਾਂ, ਖੁੱਡਾਂ ਜਾਂ ਵੱਡੇ ਦਰੱਖਤਾਂ ਦੀਆਂ ਖੋੜਾਂ ਵਿੱਚ ਆਪਣੇ ਹੀ ਲੱਥੇ ਹੋਏ ਖੰਭਾਂ ਦਾ ਆਲ੍ਹਣਾ ਪਾਉਂਦੇ ਹਨ। ਮਾਦਾ ਉਸ ਵਿੱਚ ੬ ਤੋਂ ੧੦ ਮੋਤੀਆ-ਭਾਹ ਵਾਲੇ ਚਮਕੀਲੇ ਚਿੱਟੇ ਅੰਡੇ ਦਿੰਦੀ ਹੈ। ਉਹ ਇਕੱਲੀ ਅੰਡਿਆਂ ਨੂੰ ੨੮ ਤੋਂ ੩੦ ਦਿਨ ਸੇਕ ਕੇ ਬੱਚੇ ਕੱਢ ਲੈਂਦੀ ਹੈ। ਅੰਡਿਆਂ ਵਿੱਚੋਂ ਨਿਕਲਣ ਸਮੇਂ ਇਨ੍ਹਾਂ ਬੱਚਿਆਂ ਦਾ ਸਰੀਰ ਪੋਲੇ ਅਤੇ ਛੋਟੇ-ਛੋਟੇ ਖੰਭਾਂ ਨਾਲ ਢੱਕਿਆ ਹੁੰਦਾ ਅਤੇ ਉਸ ਸਮੇਂ ਉਹ ਤੁਰਨ ਅਤੇ ਤਰਨ ਦੋਨਾਂ ਦੇ ਯੋਗ ਹੁੰਦੇ ਹਨ। ਬੱਚਿਆਂ ਦੇ ੫੫ ਦਿਨਾਂ ਵਿੱਚ ਉੱਡਣ ਯੋਗ ਪੂਰੇ ਖੰਭ ਆ ਜਾਂਦੇ ਤੇ ਉਹ ਉੱਡਣ ਦੇ ਕਾਬਲ ਹੁੰਦੇ ਦੋ ਸਾਲਾਂ ਵਿੱਚ ਆਪ ਪੂਰੇ ਪੰਛੀ ਬਣ ਜਾਂਦੇ ਹਨ।

ਬੋਧੀ ਲੋਕ ਸੁਰਖ਼ਾਬਾਂ ਨੂੰ ਪਵਿੱਤ੍ਰ ਪੰਛੀ ਮੰਨਦੇ ਤੇ ਇਨ੍ਹਾਂ ਨੂੰ ਮਾਰਦੇ ਨਹੀਂ ਸਗੋਂ ਇਨ੍ਹਾਂ ਦੀ ਰਾਖੀ ਕਰਦੇ ਹਨ। ਸ਼ੌਕ ਲਈ ਵੀ ਬਹੁਤੇ ਸ਼ਿਕਾਰੀ ਸੁਰਖ਼ਾਬਾਂ ਨੂੰ ਬਖ਼ਸ਼ ਦਿੰਦੇ ਨੇ ਭਾਵੇਂ ਦੂਜੀਆਂ ਬੱਤਖਾਂ ਨੂੰ ਮਾਰਨੋਂ ਬਾਜ਼ ਨਹੀਂ ਆਉਂਦੇ ਪਰ ਬਹੁਤੀਆਂ ਥਾਵਾਂ ਉੱਤੇ ਗਰੀਬ ਅਤੇ ਲੋੜਵੰਦ ਲੋਕ ਇਨ੍ਹਾਂ ਨੂੰ ਮਾਰ ਕੇ ਖਾਂਦੇ ਹਨ। ਵੀਹਵੀਂ ਸਦੀ ਦੇ ਸ਼ੁਰੂ ਤਕ ਜਦੋਂ ਪੰਛੀਆਂ ਦੇ ਖੰਭਾਂ ਨੂੰ ਸਿਰ 'ਤੇ ਜਾਂ ਟੋਪੀਆਂ ਵਿੱਚ ਲਾਉਣ ਦਾ ਰਿਵਾਜ ਸੀ ਤਾਂ ਭਾਰਤ 'ਚੋਂ ਸੁਰਖ਼ਾਬਾਂ ਦੇ ਖੰਭ ਬਾਹਰਲੇ ਮੁਲਕਾਂ ਨੂੰ ਭੇਜਣ ਦਾ ਵਪਾਰ ਕੀਤਾ ਜਾਂਦਾ ਸੀ। ਪੰਜਾਬ ਦੇ ਸਾਹਿਤ ਅਤੇ ਲੋਕ ਕਥਾਵਾਂ ਵਿੱਚ ਇਨ੍ਹਾਂ ਨੂੰ ਬਹੁਤ ਅਹਿਮ ਥਾਂ ਮਿਲੀ ਹੋਈ ਹੈ।

ਚੱਕਵਾ-ਚੱਕਵੀ ਕਾਵਿ ਸਹਿਤ 'ਚ ਪ੍ਰੇਮ ਦੇ ਪ੍ਰਤੀਕ ਮੰਨੇ ਗਏ ਹਨ। ਇਹ ਪੰਛੀ ਜੋੜਾ ਸੂਰਜ ਨੂੰ ਪਿਆਰ ਕਰਦਾ ਅਤੇ ਸੂਰਜ ਦੇ ਡੁਬਦਿਆਂ ਹੀ ਵਿਆਕਲ ਹੋ ਇਧਰ-ਉਧਰ ਭਟਕਦਾ ਇਕ ਦੂਜੇ ਦਾ ਸੰਪਰਕ ਗਵਾ ਲੈਂਦਾ ਹੈ। ਚਕਵਾ ਆਪਣੀ ਸਾਥਣ ਨੂੰ ਲੱਭਣ ਲਈ ਨਦੀ ਦੇ ਦੂਜੇ ਕਿਨਾਰੇ ਚਲੇ ਜਾਂਦਾ ਤੇ ਚਕਵੀ ਵੀ ਚਕਵੇ ਨੂੰ ਭਾਲਦੀ ਉੱਡ ਕੇ ਦੂਜੇ ਪਾਸੇ ਚਲੀ ਜਾਂਦੀ ਹੈ। ਜਦ ਦੋਵੇਂ ਥੱਕ ਜਾਂਦੇ ਤਾਂ ਚੜ੍ਹਦੇ ਪਾਸੇ ਸੂਰਜ ਵੱਲ ਮੂੰਹ ਕਰਕੇ ਬੈਠਦੇ ਹਨ। ਸੂਰਜ ਨਿਕਲਣ 'ਤੇ ਦੋਵੇਂ ਪਿਆਰ ਦੇ ਖਿੱਚੇ ਆਪਸ 'ਚ ਮਿਲ ਪੈਂਦੇ ਹਨ। ਗੁਰੂ ਨਾਨਕ ਸਾਹਿਬ ਨੇ ਪ੍ਰਭੂ ਨਾਲ ਕੀਤੇ ਜਾਣ ਵਾਲੇ ਪਿਆਰ ਲਈ ਇਨ੍ਹਾਂ ਪ੍ਰੇਮੀ ਪੰਛੀਆਂ ਦੀ ਉਦਾਹਰਣ ਸਿਰੀ ਰਾਗ ਵਿੱਚ ਇਉਂ ਪੇਸ਼ ਕੀਤੀ ਹੈ-ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ॥ ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰ॥ (ਮ:੧-੬੦) ਭਾਈ ਗੁਰਦਾਸ ਜੀ ਨੇ ਵੀ ਐਸੇ ਪਿਆਰ ਦਾ ਜਿਕਰ ਵਾਰਾਂ 'ਚ ਇਉਂ ਕੀਤਾ ਹੈ-ਚੰਦ ਚਕੋਰ ਪਰੀਤ ਹੈ ਲਾਏ ਤਾਰ ਨਿਹਾਲੇ। ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ। (ਵਾਰ-੨੭) ਜਿਵੇਂ ਚੱਕਵਾ-ਚੱਕਵੀ ਦਾ ਪਿਆਰ ਸੂਰਜ ਨਾਲ ਹੁੰਦੈ ਇਵੇਂ ਹੀ ਸਾਨੂੰ ਆਪਣੇ ਸੁਆਮੀ ਕਰਤਾਰ ਨਾਲ ਹੋਣਾ ਚਾਹੀਦੈ ਨਾ ਕਿ ਮਾਇਆ ਮੋਹ ਦੇ ਨਾਸਵਾਨ ਪਦਾਰਥਾਂ ਨਾਲ। ਜਿਵੇਂ ਇਨ੍ਹਾਂ ਸੁੰਦਰ ਪੰਛੀਆਂ ਦੀ ਸੁਆਮੀ ਸੂਰਜ ਦੀ ਚੜ੍ਹਤ-ਲਾਲੀ ਨੂੰ ਦੇਖਣ ਦੀ ਤਾਂਘ, ਦੋਹਾਂ ਵਿਛੜਿਆਂ ਨੂੰ ਮੇਲ ਦਿੰਦੀ ਇਵੇਂ ਹੀ ਦੁਨਿਆਵੀ ਪਦਾਰਥਾਂ ਤੇ ਵਿਕਾਰਾਂ ਦੀ ਭਟਕਣਾ ਪ੍ਰਭੂ ਸੂਰਜ ਨੂੰ ਮਿਲਣ ਦੀ ਤਾਂਘ ਸਾਨੂੰ ਭੁੱਲੇ ਭਟਕਿਆਂ ਨੂੰ ਮੇਲ ਦਿੰਦੀ ਹੈ। ਇਸ ਕੁਦਰਤੀ ਪਿਆਰ ਵਰਤਾਰੇ ਤੋਂ ਸਾਨੂੰ ਵੀ ਸੱਚੇ ਪ੍ਰੇਮ ਦੀ ਸਿਖਿਆ ਲੈਣੀ ਚਾਹੀਦੀ ਹੈ।






The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨੈਸ਼ਨਲ ਫੈਡਰੇਸ਼ਨ ਇੰਡੀਅਨ- ਅਮਰੀਕਨ ਦੇ ਸਾਬਕਾ ਪ੍ਰਧਾਨ ਰਮੇਸ਼ ਪਟੇਲ ਦੀ ਕੋਵਿੰਡ-19 ਨਾਲ ਮੌਤ

**ਨਿਊਯਾਰਕ (ਰਾਜ ਗੋਗਨਾ)**– ਬੀਤੇਂ ਦਿਨ ਭਾਰਤੀ-ਅਮਰੀਕੀ ਭਾਈਚਾਰੇ ਦੀ ਉੱਘੀ ਜਾਣੀ ਪਹਿਚਾਣੀ ਸ਼ਖ਼ਸੀਅਤ ਅਤੇ ਪ੍ਰਮੁੱਖ ਨੇਤਾ ਅਤੇ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਆਫ ਨਿਊਯਾਰਕ, ਨਿਊਜਰਸੀ ਐਂਡ ਕਨੇਟੀਕਟ (ਐਫ. ਆਈ. ਏ. ਟ੍ਰਾਈ ਸਟੇਟ) ਦੇ ਕਾਫ਼ੀ ਸਾਲਾ ਤੋ ਪ੍ਰਧਾਨ ਰਹੇ ਗੁਜਰਾਤੀ ਮੂਲ ਦੇ ਰਮੇਸ਼ ਭਾਰੀ ਪਟੇਲ ਦੀ ਇਥੇ ਕੋਰੋਨਾਵਾਇਰਸ ਦੀ ਮਹਾਮਾਰੀ ਕਾਰਨ ਮੌਤ ਹੋ ਗਈ। ਰਮੇਸ



ਪਟੇਲ (78) ਸਾਲਾ ਦੇ ਸਨ ਅਤੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਅਤੇ ਪੁੱਤਰ ਸੁਵਾਸ ਅਤੇ ਧੀਆਂ ਮਨੀਸ਼ਾ ਅਤੇ ਕੁੰਜਲ ਹਨ। ਵਾਸ਼ਿੰਗਟਨ ਡੀ.ਸੀ ਅਮਰੀਕਾ ਤੋ ਭਾਰਤ ਰਾਜਦੂਤ ਸ: ਤਰਨਜੀਤ ਸਿੰਘ ਸੰਧੂ ਨੇ ਰਮੇਸ਼ ਪਟੇਲ ਦੀ ਮੌਤ 'ਤੇ ਸ਼ੋਕ ਵਿਅਕਤ ਕੀਤਾ ਹੈ। ਅਤੇ ਸੰਧੂ ਨੇ ਟਵੀਟ ਕੀਤਾ ਕਿ ਕੋਵਿਡ-19 ਨਾਲ ਕਰੀਬ 2 ਮਹੀਨੇ ਤੱਕ ਜੰਗ ਤੋਂ ਬਾਅਦ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਦੇ ਸੰਸਥਾਪਕ ਮੈਂਬਰ ਅਤੇ ਪ੍ਰਧਾਨ ਰਮੇਸ਼ ਪਟੇਲ ਦੀ ਮੌਤ ਦੇ ਬਾਰੇ ਵਿੱਚ ਜਾਣ ਕੇ ਬਹੁਤ ਹੀ ਦੁੱਖ ਹੋਇਆ। ਉਨ੍ਹਾਂ ਅੱਗੇ ਆਖਿਆ ਕਿ ਉਹ ਭਾਰਤੀ-ਅਮਰੀਕੀ ਭਾਈਚਾਰੇ ਦੇ ਬੜੇ ਮਿਲਣਸਾਰ ਸਾਊ ਸੁਭਾਅ ਦੇ ਬੇਹੱਦ ਸਨਮਾਨਿਤ ਨੇਤਾ ਸਨ। ਸਾਨੂੰ ਉਨ੍ਹਾਂ ਦੀ ਹਮੇਸ਼ਾ ਹੀ ਕਮੀ ਮਹਿਸੂਸ ਹੋਵੇਗੀ।

ਈਸ਼ਵਰ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ। ਨਿਊਯਾਰਕ ਵਿਚ ਭਾਰਤ ਦੇ ਕੌਂਸਲੇਟ ਜਨਰਲ ਸੰਦੀਪ ਚੱਕਰਵਰਤੀ ਨੇ ਵੀ ਟਵੀਟ ਕਰ ਰਮੇਸ਼ ਪਟੇਲ ਦੀ ਮੌਤ 'ਤੇ ਦੁੱਖ ਵਿਅਕਤ ਕਰਦੇ ਹੋਏ ਇਸ ਨੂੰ ਭਾਰਤੀ-ਅਮਰੀਕੀ ਭਾਈਚਾਰੇ ਲਈ ਵੱਡਾ ਹਾਦਸਾ ਕਰਾਰ ਦਿੱਤਾ। ਭਾਈਚਾਰਕ ਸੇਵਾ ਤੋਂ ਇਲਾਵਾ ਪਟੇਲ ਨੇ ਨਿਊਯਾਰਕ ਪੁਲਿਸ ਵਿਭਾਗ ਦੀ ਫੋਰੈਂਸਿਕ ਜਾਂਚ ਸ਼ਾਖਾ ਵਿਚ ਕੰਮ ਕੀਤਾ ਅਤੇ 2013 ਵਿਚ ਉਨ੍ਹਾਂ ਵੱਕਾਰੀ ਇਲੀਸ ਆਈਲੈਂਡ ਮੈਡਲ ਆਫ ਆਨਰ ਨਾਲ ਸਨਮਾਨਿਤ ਕੀਤਾ ਗਿਆ ਸੀ। ਅਮਰੀਕਾ ਦੇ ਹਰੇਕ ਸੂਬੇ ਚ' ਵੱਸਦੇ ਗੁਜਰਾਤੀ ਭਾਈਚਾਰੇ ਨੇ ਵੀ ਉਹਨਾਂ ਦੀ ਮੋਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਜੋ ਹਰੇਕ ਭਾਈਚਾਰੇ 'ਚ ਵਿਚਰਦੇ ਸਨ।

# ਸਿਆਟਲ ਵਿਚ ਜੂਨ 84 ਘੱਲੂਘਾਰਾ ਦਿਵਸ ਮਨਾਇਆ- ਸਰਬੱਤ ਦੇ ਭਲੇ ਲਈ ਅਰਦਾਸ






**ਸਿਆਟਲ (ਗੁਰਚਰਨ ਸਿੰਘ ਢਿੱਲੋਂ)**– ਸਿਆਟਲ ਦੇ ਵੱਖ-ਵੱਖ ਗੁਰੂ ਘਰਾਂ ਵਿਚ ਥੋੜ੍ਹੀ-ਥੋੜ੍ਹੀ ਸੰਗਤ ਦੀ ਹਾਜ਼ਰੀ ਵਿਚ ਤਾਲਾਬੰਦੀ ਦੇ ਚਲਦਿਆਂ ਜੂਨ 84 ਘੱਲੂਘਾਰਾ ਦੀ 36ਵੀਂ ਵਰ੍ਹੇਗਢ ਮਨਾਈ ਗਈ। ਗੁਰਦ-ਆਰਾ ਸੱਚਾ ਮਾਰਗ ਵਿਚ ਹੈਡ ਗ੍ਰੰਥੀ ਭਾਈ ਮੋਹਣ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ।

ਭਾਈ ਮੋਹਣ ਸਿੰਘ ਨੇ ਦੱਸਿਆ ਕਿ 36 ਸਾਲ ਬੀਤ ਜਾਣ ਤੇ ਵੀ ਨਿਹੱਥੇ ਤੇ ਬੇਗੁਨਾਹ ਸ਼ਰਧਾਲੂ ਮਾਰੇ ਜਾਣ ਅਤੇ ਅਕਾਲ ਤਖਤ ਢਾਹੇ ਜਾਣ ਤੇ ਸਿੱਖਾਂ ਨੂੰ ਨਿਆਂ ਨਹੀਂ ਮਿਲਿਆ। ਜੂਨ 84 ਦੇ ਸ਼ਹੀਦਾਂ ਨੂੰ ਸ਼ਰਧ-'ਜਲੀ ਭੇਟ ਕੀਤੀ ਗਈ। ਸਿਆਟਲ ਦੇ ਕਵੀਸ਼ਰੀ ਜਥੇ ਕਾਕਾ ਹਰਜੋਤ ਸਿੰਘ ਤੇ ਕਾਕਾ ਭਾਗੀਰਥ ਸਿੰਘ ਨੇ ਫੇਸਬੁੱਕ ਤੇ ਜੂਨ 84 ਘੱਲੂਘਾਰੇ ਤੇ ਰੋਸਮਈ ਵਾਰਾਂ ਸੁਣਾ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਉਜਾਗਰ ਕੀਤਾ ਅਤੇ ਘੱਲੂਘਾਰੇ ਦਾ ਦੁਖਾਂਤ ਪ੍ਰਗਟ ਕਰਕੇ ਸ਼ਈਦਾਂ ਨੂੰ ਸ਼ਰਧਾਂਜਲੀ ਦਿੱਤੀ।

# 30-40 ਸਾਲ ਦੀ ਉਮਰ ਵਾਲੇ ਕੋਰੋਨਾ ਮਰੀਜ਼ਾਂ 'ਚ ਵੱਧ ਰਿਹਾ ਸਟ੍ਰੋਕ ਦਾ ਖ਼ਤਰਾ

**ਵਾਸ਼ਿੰਗਟਨ**– ਪੂਰਬੀ ਦੁਨੀਆ 'ਚ ਕੋਰੋਨਾ ਵਾਇਰਸ ਤੇ ਇਸਦੇ ਮਰੀਜ਼ਾਂ 'ਤੇ ਲਗਾਤਾਰ ਖੋਜ ਹੋ ਰਹੀ ਹੈ। ਹੁਣ ਖੋਜ 'ਚ ਸਾਹਮਣੇ ਆਇਆ ਹੈ ਕਿ ਕੋਰੋਨਾ ਵਾਇਰਸ ਕਾਰਨ ਸਿਹਤਮੰਦ ਨੌਜਵਾਨਾਂ 'ਚ ਸਟ੍ਰੋਕ ਦਾ ਵੱਡਾ ਖ਼ਤਰਾ ਪੈਦਾ ਹੋ ਗਿਆ ਹੈ। ਇਹ ਖੋਜ ਅਮਰੀਕਾ ਸਥਿਤ ਥਾਮਸ ਜੇਫਰਸਨ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਕੀਤਾ ਹੈ। ਇਹ ਖੋਜ ਸਾਇੰਸ ਡੈਲੀ 'ਚ ਪ੍ਰਕਾਸ਼ਿਤ ਵੀ ਹੋਇਆ ਹੈ। ਇਸ ਦੀ ਰਿਸਰਚ 'ਚ ਆਇਆ ਹੈ ਕਿ 30 ਤੋਂ 40 ਸਾਲ ਦੀ ਉਮਰ ਦੇ ਸੰਕ੍ਰਮਿਤ ਮਰੀਜ਼ਾਂ ਨੂੰ ਬਹੁਤ ਗੰਭੀਰ ਸਟ੍ਰੋਕ ਆ ਰਹੇ ਹਨ। ਇਸ ਤਰ੍ਹਾਂ ਦੇ ਸਟ੍ਰੋਕ ਆਮ ਤੌਰ 'ਤੇ ਬਜ਼ੁਰਗ ਮਰੀਜ਼ਾਂ 'ਚ ਦੇਖੇ ਜਾਂਦੇ ਹਨ। ਇਸ ਖੋਜ 'ਚ ਇਕ ਖਾਸ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਸੰਕ੍ਰਮਿਤ ਹੋਣ ਤੋਂ ਪਹਿਲਾਂ ਇਨ੍ਹਾਂ ਨੌਜਵਾਨਾਂ 'ਚ ਇਸ ਤਰ੍ਹਾਂ ਦੇ ਗੰਭੀਰ ਸਟ੍ਰੋਕ ਦੇ ਕੋਈ ਲੱਛਣ ਮੌਜੂਦ ਨਹੀਂ ਸੀ।

### ਕੋਰੋਨਾ ਮਰੀਜ਼ਾਂ 'ਤੇ ਹੋਈ ਖੋਜ

ਇਸ ਰਿਸਰਚ ਨੂੰ ਖੋਜ ਕਰਤਾਵਾਂ ਨੇ 20 ਮਾਰਚ ਤੋਂ 10 ਅਪ੍ਰੈਲ 'ਚ ਅੰਜ਼ਾਮ ਦਿੱਤਾ ਹੈ। ਅਜਿਹੇ 'ਚ 14 ਸੰਕ੍ਰਮਿਤ ਮਰੀਜ਼ਾਂ 'ਤੇ ਅਧਿਐਨ ਕੀਤਾ। ਜਿਸ 'ਚ ਇਸ ਵਾਇਰਸ ਦੀ ਲਪੇਟ 'ਚ ਆਉਣ ਮਗਰੋਂ ਸਟ੍ਰੋਕ ਦੇ ਲੱਛਣ ਪੈਦਾ ਹੋਏ ਸੀ। ਇਸ ਖੋਜ 'ਚ ਸ਼ਾਮਲ ਸਾਰੇ ਸੰਕ੍ਰਮਿਤ ਮਰੀਜ਼ 50 ਸਾਲ ਤੋਂ ਘੱਟ ਉਮਰ ਦੇ ਹਨ। ਸਾਇੰਸ ਡੈਲੀ ਦੇ ਮੁਤਾਬਕ ਇਹ ਸਾਰੇ ਮਰੀਜ਼ ਵੱਖ-ਵੱਖ ਬੀਮਾਰੀਆਂ ਦੇ ਇਲਾਜ ਲਈ ਹਸਪਤਾਲ 'ਚ ਦਾਖਲ ਹੋਏ ਸੀ। ਇੱਥੇ ਉਨ੍ਹਾਂ ਨੂੰ ਗੰਭੀਰ ਸਟ੍ਰੋਕ ਦਾ ਸਾਹਮਣਾ ਕਰਨਾ ਪਿਆ ਸੀ। ਇਸ ਅਧਿਐਨ 'ਚ ਸਾਹਮਣੇ ਆਇਆ ਕਿ ਆਮ ਤੌਰ 'ਤੇ ਹੋਣ ਵਾਲੇ ਸਟ੍ਰੋਕ ਦੀ ਤੁਲਨਾ 'ਚ ਇੰਨ੍ਹਾਂ ਮਰੀਜ਼ਾਂ ਨੂੰ ਆਏ ਸਟ੍ਰੋਕ ਵੱਖ ਤੀਬਰਤਾ ਦੇ ਸੀ।

### ਹਸਪਤਾਲ ਜਾਣ ਤੋਂ ਕਤਰਾ ਰਹੇ ਮਰੀਜ਼

ਇਸ ਰਿਸਰਚ ਮੁਤਾਬਕ ਮਰੀਜ਼ ਇਸ ਤਰ੍ਹਾਂ ਦੇ ਸਟ੍ਰੋਕ ਤੇ ਕੋਰੋਨਾ ਵਾਇਰਸ ਦੇ ਸੰਕ੍ਰਮਣ ਦੇ ਡਰ ਦੇ ਸਮੇਂ 'ਤੇ ਹਸਪਤਾਲ ਪਹੁੰਚਣ ਤੋਂ ਕਤਰਾਉਂਦੇ ਹਨ। ਅਜਿਹੇ 'ਚ ਇਨ੍ਹਾਂ ਦੀ ਜਾਣਕਾਰੀ ਖਤਰਾ ਵੱਧ ਰਿਹਾ ਹੈ। ਕੋਵਿਡ-19 'ਚ ਇਸ ਦੇ ਤਰ੍ਹਾਂ ਦੇ ਸਟ੍ਰੋਕ ਨਾਲ ਆਮ ਤੌਰ 'ਤੇ 5 ਤੋਂ 10 ਫੀਸਦੀ ਮਰੀਜ਼ਾਂ ਦੀ ਮੌਤ ਹੁੰਦੀ ਹੈ। ਅਧਿਐਨ 'ਚ ਪਾਇਆ ਗਿਆ ਹੈ ਕਿ ਸਟ੍ਰੋਕ ਦੇ ਮਰੀਜ਼ਾਂ 'ਚ 31.5 ਫੀਸਦੀ ਮਰੀਜ਼ਾਂ ਨੂੰ ਕੋਰੋਨਾ ਵਾਇਰਸ ਹੈ।

### ਤੀਬਰ ਅਧਿਐਨ ਦੀ ਜ਼ਰੂਰਤ

ਤੁਹਾਨੂੰ ਇੱਥੇ ਇਹ ਹੀ ਵੀ ਦੱਸਣਾ ਜ਼ਰੂਰੀ ਹੋਵੇਗਾ ਕਿ ਇਹ ਖੋਜ ਪੂਰਬ 'ਚ ਹੋਏ ਦੂਜੇ ਖੋਜ 'ਤੇ ਮੋਹਰ ਲਾ ਰਿਹਾ ਹੈ ਕਿ ਜਿਸ 'ਚ ਕੋਰੋਨਾ ਵਾਇਰਸ ਦੇ ਮਰੀਜ਼ਾਂ 'ਚ ਇਸ ਤਰ੍ਹਾਂ ਦੇ ਖੋਜ ਦੀ ਗੱਲ ਕਹੀ ਗਈ ਸੀ। ਸਾਇੰਸ ਡੇਲੀ ਮੁਤਾਬਕ ਇਸ ਦੇ ਤਰ੍ਹਾਂ ਦੇ ਸਟ੍ਰੋਕ ਦੇ ਪਿੱਛੇ ਹੋਣ ਵਾਲੇ ਕਾਰਨਾਂ ਨੂੰ ਜਾਣਨ ਲਈ ਤੇ ਜ਼ਿਆਦਾ ਤੀਬਰ ਅਧਿਐਨ ਦੀ ਜ਼ਰੂਰਤ ਹੈ।

ਇਸ ਖੋਜ 'ਚ ਇਹ ਪਤਾ ਚੱਲ ਸਕੇਗਾ ਕਿ ਵਾਇਰਸ ਸਰੀਰ 'ਚ ਜਾ ਕੇ ਕਿਸ ਤਰ੍ਹਾਂ ਨਾਲ ਪ੍ਰਤੀਕਿਰਿਆ ਕਰ ਰਿਹਾ ਹੈ ਤੇ ਸਰੀਰ ਦੇ ਕਿਹੜੇ-ਕਿਹੜੇ ਅੰਗਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਕੋਰੋਨਾ ਨਾਲ ਜਾ ਚੁੱਕੀਆਂ ਹਨ 4 ਲੱਖ ਤੋਂ ਜ਼ਿਆਦਾ ਜਾਨਾਂ ਜ਼ਿਕਰਯੋਗ ਹੈ ਕਿ ਪੂਰੀ ਦੁਨੀਆ 'ਚ ਇਸ ਜਾਨਲੇਵਾ ਵਾਇਰਸ ਨੇ 4 ਲੱਖ ਤੋਂ ਜ਼ਿਆਦਾ ਲੋਕਾਂ ਦੀ ਜਾਨ ਲੈ ਲਈ ਹੈ। ਦੂਜੇ ਪਾਸੇ ਇਸ ਨਾਲ ਸੰਕ੍ਰਮਿਤ ਮਰੀਜ਼ਾਂ ਦਾ ਅੰਕੜਾ ਪੂਰੀ ਦੁਨੀਆਂ 'ਚ 72 ਲੱਖ ਤੋਂ ਪਾਰ ਪਹੁੰਚ ਗਿਆ ਹੈ। ਵਰਲਡੋਮੀਟਰ ਮੁਤਾਬਕ ਪੂਰੀ ਦੁਨੀਆ 'ਚ ਇਸ ਵਾਇਰਸ ਨਾਲ ਸੰਕ੍ਰਮਿਤ 3536869 ਮਰੀਜ਼ ਠੀਕ ਹੋ ਚੁੱਕੇ ਹਨ ਤੇ 3254104 ਐਕਟਿਵ ਕੇਸ ਹਨ। ਇਸ 'ਚ 53800 ਦੀ ਹਾਲਤ ਬਹੁਤ ਗੰਭੀਰ ਹੈ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਮਨਿੰਦਰ ਦਿਓਲ ਗੀਤ 'ਪਾਣੀ ਪੈਟਰੋਲ' ਨਾਲ ਫਿਰ ਚਰਚਾ ਵਿੱਚ..!

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਮੇਰੇ ਖ਼ਤ ਤੇ ਫੋਟੋਆਂ, ਸ਼ਰਬਤੀ ਅੱਖੀਆਂ ਅਤੇ ਮੁੰਡਿਆ ਦੇ ਦਿਲ ਹਿੱਲਦੇ ਵਰਗੇ ਸੁੱਪਰ ਹਿੱਟ ਗੀਤ ਗਾਉਣ ਵਾਲੀ ਹੁਸਨਾਂ ਦੀ ਪਰੀ ਗਾਇਕਾ ਮਨਿੰਦਰ ਦਿਓਲ ਅੱਜਕੱਲ ਫੇਰ ਆਪਣੇ ਨਵੇਂ ਨਕੋਰ ਸ਼ਰਾਰਤੀ ਗੀਤ ਪਾਣੀ ਪੈਟਰੋਲ ਨੂੰ ਲੈਕੇ ਸੁਰਖ਼ੀਆਂ ਵਿੱਚ ਹੈ। ਇਹ ਗੀਤ ਉਹਨਾਂ ਦੇ ਪਤੀ ਉੱਘੇ ਪ੍ਰਮੋਟਰ ਤੇ ਗੀਤਕਾਰ ਸਨੀ ਮਾਨ ਦੁ-ਆਰਾ ਲਿਖਿਆ ਗਿਆ ਹੈ। ਸੰਗੀਤ ਦੀ ਦੁਨੀਆਂ ਦੀ ਜਾਣੀ ਪਹਿਚਾਣੀ ਕੈਟਰਿਕ ਕੰਪਨੀ ਦੁਆਰਾ ਇਹ ਗੀਤ ਰਲੀਜ਼ ਕੀਤਾ ਗਿਆ ਹੈ। ਇਸ ਗੀਤ ਨੂੰ ਮਿੱਠਾ ਸੰਗੀਤ 'ਮਿਊਜਕ ਮਾਸਟਰ ਟੋਨੀ ਵੱਲੋਂ ਦਿੱਤਾ ਗਿਆ ਹੈ। ਇਸ ਗੀਤ ਨੂੰ ਖ਼ੂਬਸੂਰਤ ਵੀਡੀਓ ਨਾਲ ਸ਼ਿੰਗਾਰਿਆ ਹੈ ਕੈਮਰਾਮੈਂਨ ਹਰਪ੍ਰੀਤ ਸਿੰਘ ਨੇ, ਇਸ ਗੀਤ ਦੀ ਪ੍ਰੋਡਕਸ਼ਨ ਚੰਦਨ ਜੀ ਦੁਆਰਾ ਤਿਆਰ ਕੀਤੀ ਗਈ ਹੈ। ਇਹ ਗੀਤ ਹਾਲੇ ਕੁਝ ਦਿਨ ਪਹਿਲਾ ਹੀ ਰਲੀਜ਼ ਹੋਇਆ ਹੈ, ਅਤੇ ਸ਼ੋਸ਼ਲ ਮੀਡੀਆ ਤੇ ਇਸ ਗੀਤ ਦੀ ਇਸ ਸਮੇਂ ਪੂਰੀ ਧੁੰਮ ਪਈ ਹੋਈ ਹੈ। ਲੋਕੀਂ ਗੀਤ ਦੇ ਬੋਲ, ਮਨਿੰਦਰ ਦਿਓਲ ਦੀ ਅਵਾਜ਼ ਤੇ ਅਦਾਕਾਰੀ ਨੂੰ ਬੇਹੱਦ ਪਸੰਦ ਕਰ ਰਹੇ ਹਨ ਅਤੇ ਮਨਿੰਦਰ ਦਿਓਲ ਇੱਕ ਵਾਰ ਫਿਰ ਇਸ ਗੀਤ ਨਾਲ ਪੰਜਾਬੀ ਗਾਇਕੀ ਵਿੱਚ ਚਰਚਾ ਵਿੱਚ ਹੈ।




# ਸਪੋਰਟਸ ਕਲੱਬ ਨੇ ਡਾ ਦਵਿੰਦਰ ਤਿਵਾੜੀ ਤੇ ਲਵਪ੍ਰੀਤ ਇਕੋਲਾਹਾ ਨੂੰ ਕੀਤਾ ਸਨਮਾਨਿਤ

ਪਿੰਡ ਦੀਵਾਲਾ ਤਹਿਸੀਲ ਸਮਰਾਲਾ ਜਿਲ੍ਹਾ ਲੁਧਿਆਣਾ ਵਿਖੇ ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਹਿ ਸਿੰਘ ਜੀ ਸਪੋਰਟਸ ਕਲੱਬ ਵਲੋਂ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਮੁੱਖ ਤੌਰ ਤੇ ਡਾ ਦਵਿੰਦਰ ਤਿਵਾੜੀ ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ (ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ) ਤੇ ਲਵਪ੍ਰੀਤ ਇਕੋਲਾਹਾ ਮੀਟਿੰਗ ਵਿੱਚ ਸ਼ਾਮਿਲ ਹੋਏ। ਜਿਸ ਵਿਚ ਡਾ. ਤਿਵਾੜੀ ਜੀ ਤੇ ਲਵਪ੍ਰੀਤ ਇਕੋਲਾਹਾ ਜੀ ਨੂੰ ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਹਿ ਸਿੰਘ ਜੀ ਸਪੋਰਟਸ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ।

ਡਾ. ਤਿਵਾੜੀ ਜੀ ਨੇ 5 ਪਿੰਡਾ ਦਾ ਜਿੰਮਾ ਆਪਣੇ ਸਿਰ ਲਿਆ ਜਿਸ ਵਿੱਚ ਪੰਜ ਪਿੰਡ ਸਮਾਰਟ ਪਿੰਡ ਬਣਾਏ ਜਾਣਗੇ ਤੇ ਓਨ੍ਹਾਂ ਕਿਹਾ ਕੇ ਸਾਰੇ ਪਿੰਡਾਂ ਵਿਚ ਇਸੇ ਤਰਾਂ ਨੌਜਵਾਨ ਇਕਠੇ ਹੋਕੇ ਪਿੰਡਾਂ ਵਿਚ ਗਰਾਊਂਡ ਉਸਾਰੇ ਜਾਣ ਅਸੀ ਖੇਤੀ ਦੇ ਨਾਲ ਨਾਲ ਓਨ੍ਹਾਂ ਦੀ ਵੀ ਮਦਦ ਕਰਾਂਗੇ।

ਲਵਪ੍ਰੀਤ ਇਕੋਲਾਹਾ ਜੀ ਨੇ ਸੰਬੋਧਿਤ ਕਰਦੇ ਹੋਏ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਕਿਹਾ ਤੇ ਆਪਣੇ ਆਪਣੇ ਪਿੰਡਾਂ ਵਿਚ ਗਰਾਊਂਡ ਉਸਾਰੇ ਜਾਣ ਤੇ ਸਾਡੇ ਵੱਲੋਂ ਕੋਈ ਵੀ ਕਾਨੂੰਨੀ ਮਦਦ ਚਾਹੀਦੀ ਹੋਵੇ ਉਹ ਦੇਣ ਲਈ ਕਿਹਾ ਤੇ ਓਨ੍ਹਾਂ ਕਿਹਾ ਕੇ ਪੰਜਾਬ ਨੂੰ 5 ਪਾਣੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਜੋ ਕਿ ਅੱਜ 6 ਵਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਇਸ ਦਰਿਆ ਵਿਚ ਧਸ ਰਹੇ ਨੌਜਵਾਨ, ਬੱਚਿਆਂ ਨੂੰ ਬਾਹਰ ਲੈਕੇ ਆਉਣ ਲਈ ਆਪਣੇ ਆਪਣੇ ਪਿੰਡਾਂ ਵਿਚ ਕਮੇਟੀਆਂ ਬਣਾ ਕੇ ਕਲੱਬ ਬਣਾ ਕੇ ਪਿੰਡਾ ਵਿਚ ਗਰਾਊਂਡ ਉਸਾਰੇ ਜਾਣ ਓਨ੍ਹਾਂ ਕਿਹਾ ਕਿ ਸਾਡੀ ਕਾਨੂੰਨੀ ਤੌਰ ਤੇ ਕੋਈ ਵੀ ਮਦਦ ਲਈ ਮੈ ਤੇ ਸਾਡੀ ਟੀਮ ਹਰਦਮ ਤਿਆਰ ਹੈ।


ਰਿਪੋਰਟ ਅਤੇ ਤਸਵੀਰਾਂ- ਤਸਵਿੰਦਰ ਸਿੰਘ ਬੜੈਚ

ਉੱਥੇ ਹੀ ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਹਿ ਸਿੰਘ ਜੀ ਸਪੋਰਟਸ ਕਲੱਬ ਦੀਵਾਲਾ ਵੱਲੋਂ ਸਾਰੇ ਨੌਜਵਾਨ ਜਿਨਾ ਨੇ ਮੀਟਿੰਗ ਵਿੱਚ ਹਿੱਸਾ ਲਿਆ ਓਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਤੇ ਨਵੀਂ ਪੀੜੀ ਨੂੰ ਨਸ਼ਿਆ ਤੋਂ ਦੂਰ ਰਹਿਣ ਲਈ ਤੇ ਆਪਣੇ ਆਪਣੇ ਪਿੰਡਾਂ ਵਿਚੋਂ ਗਰਾਊਂਡ ਉਸਾਰੇ ਜਾਣ ਲਈ ਨੌਜਵਾਨਾਂ ਤੇ ਪਿੰਡ ਦੀਆਂ ਪੰਚਾਇਤਾਂ ਨੂੰ ਸੁਨੇਹਾ ਵੀ ਦਿੱਤਾ।

ਇਸ ਮੌਕੇ ਪ੍ਰਧਾਨ ਸਤਨਾਮ ਸਿੰਘ, ਗੁਰਪ੍ਰੀਤ ਸਿੰਘ, ਤਸਵਿੰਦਰ ਸਿੰਘ ਬੜੈਚ, ਹਰਦੀਪ ਸਿੰਘ ਦੀਪੀ, ਸੁਖਪ੍ਰੀਤ ਸਿੰਘ, ਹਰਭਜਨ ਸਿੰਘ, ਹਰਦੀਪ ਸਿੰਘ ਸ਼ੈਟੀ, ਸਤਿਬਲਿਹਾਰ ਸਿੰਘ, ਮੇਜਰ ਸਿੰਘ, ਮਾਸਟਰ ਸੁਖਵੀਰ ਸਿੰਘ, ਲਖਵੀਰ ਸਿੰਘ ਲੱਖਾ ਆਦਿ ਹਾਜ਼ਿਰ ਸਨ।

# ਨਿਊਜ਼ੀਲੈਂਡ ਨੋਟਾਂ ਨੇ ਖਿੱਚਿਆ ਗ੍ਰਾਫ-ਪ੍ਰਤੀ ਡਾਲਰ ਰੇਟ ਵਧ ਕੇ ਹੋਇਆ 49.31 ਰੁਪਏ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਅੱਜ ਜਿਵੇਂ ਹੀ ਦੇਸ਼ ਦੇ ਵਿਚ ਕਰੋਨਾ ਜ਼ੀਰੋ ਦਾ ਐਲਾਨ ਹੋਇਆ ਉਸੇ ਵੇਲੇ ਬਿਜਨਸ ਕਰਦੇ ਅਦਾਰਿਆਂ ਦੇ ਮਾਲਕਾਂ ਅਤੇ ਉਨ੍ਹਾਂ ਦੇ ਕਾਮਿਆਂ ਦੇ ਚਿਹਰੇ ਖਿਲ ਗਏ। ਅੱਜ 9 ਜੂਨ ਤੋਂ ਦੇਸ਼ ਨਵੀਂ ਅੰਗੜਾਈ ਨਾਲ ਉਠਿਆ ਹੈ ਅਤੇ ਠੰਡੇ-ਠੰਡੇ ਮੌਸਮ ਦੇ ਵਿਚ ਆਰਥਿਕਤਾ ਦਾ ਚੁੱਲ੍ਹਾ ਗਰਮ ਕਰਕੇ ਦੁਬਾਰਾ ਦੇਸ਼ ਨੂੰ ਵਿਕਾਸ ਦੀ ਪਰਪੱਕਤਾ ਵਿਚ ਢਾਲ ਦੇਵੇਗਾ।



ਸਟਾਕ ਮਾਰਕੀਟ ਦੇ ਵਿਚ ਉਭਾਰ ਆ ਚੁੱਕਾ ਹੈ। ਲੈਵਲ ਦੋ ਦੇ ਵਿਚ ਡਾਲਰ ਦੀ ਕੀਮਤ ਨੇ ਕਾਫੀ ਉਚਾ ਜਾਣਾ ਸ਼ੁਰੂ ਕੀਤਾ ਅਤੇ 8 ਜੂਨ ਨੂੰ ਪ੍ਰਤੀ ਡਾਲਰ ਭਾਰਤੀ ਰੁਪਿਆ ਵਿਚ ਕੀਮਤ 49 ਰੁਪਏ 31 ਪੈਸੇ ਤੱਕ ਵੇਖੀ ਗਈ। ਸੋ ਅਜਿਹੇ ਝਲਕਾਰੇ ਆਉਣ ਵਾਲੇ ਚੰਗੇ ਸਮੇਂ ਦੇ ਸ਼ੁੱਭ ਸੰਕੇਤ ਹਨ। ਸੋ ਡਾਲਰਾਂ ਦਾ ਮੁੱਲ ਪੈਣ ਲੱਗ ਪਿਆ ਹੈ...ਪੈਸੇ ਭੇਜਣ ਦਾ ਵਧੀਆ ਮੌਕਾ ਹੈ ਜੇਕਰ ਕਰੋਨਾ ਦੇ ਡੰਗ ਤੋਂ ਬਚੇ ਰਹਿ ਗਏ ਹਨ।


BERKSHIRE HATHAWAY
BH HS BERKSHIRE HATHAWAY HOMESERVICES
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828


# ਜ਼ਿੰਦਗੀ ਬਦਲਦਿਆਂ ਦੇਰ ਨਹੀ ਲਗਦੀ

ਕਿਆ ਹੰਸੁ ਕਿਆ ਬਗੁਲਾ ਜਾ ਜਉ ਨਦਿਰ ਕਰੇਇ ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥੨॥

ਕਈ ਵਾਰ ਇਨਸਾਨ ਦੇ ਹਲਾਤ ਹੀ ਕੁਝ ਐਸੇ ਬਣ ਜਾਂਦੇ ਨੇ ਕਿ ਜ਼ਿੰਦਗੀ ਬਦਲ-ਦਿਆਂ ਦੇਰ ਨਹੀਂ ਲਗਦੀ। ਕੋਈ ਪਤਾ ਨਹੀਂ ਲਗਦਾ ਕਦੋਂ ਕੋਈ ਚੰਗਾ ਭਲਾ ਖਿਡਾਰੀ ਨਸ਼ੇ ਦੀ ਦਲਦਲ ਵਿੱਚ ਧਸਕੇ ਅਪਰਾਧ ਦੀ ਦੁਨੀਆਂ ਦਾ ਬਾਦਸ਼ਾਹ ਬਣ ਜਾਵੇ। ਜੀ ਮੈਂ ਗੱਲ ਕਰ ਰਿਹਾ ਹਾਂ ਬਠਿੰਡੇ ਵਾਲੇ ਕਾਂ ਦੀ, ਜੀਹਦਾ ਨਾਮ ਸੁਣਕੇ ਮਾਲਵੇ ਇਲਾਕੇ ਵਿੱਚ ਦਹਿਸ਼ਤ ਛਾ ਜਾਂਦੀ ਸੀ। ਲੰਮਾ ਸਮਾਂ ਬਦਮਾਸ਼ੀ ਅਤੇ ਨਸ਼ੇ ਕਰਨ ਕਰਕੇ ਬਹੁਤ ਬਦਨਾਮ ਰਹਿ ਚੁੱਕਿਆ ਸੀ 'ਤੇ ਅਖੀਰ ਕਹਿੰਦੇ ਨੇ ਕਿ ਅਗਰ ਸੁਭਾ ਦਾ ਭੁੱਲਿਆ ਸ਼ਾਮੀਂ ਘਰ ਮੁੜ ਆਵੇ ਉਹਨੂੰ ਭੁੱਲਿਆ ਨਹੀਂ ਕਹਿੰਦੇ। ਐਸਾ ਕੁਝ ਕ੍ਰਿਸ਼ਮਾਂ ਬਠਿੰਡੇ ਵਾਲੇ ਕਾਂ ਨਾਲ ਹੋਇਆ ਜਿਹੜਾ ਅੱਜ ਸਭ ਮਾੜੇ ਕੰਮ ਛੱਡਕੇ ਗੁਰਸਿੱਖੀ ਵਾਲਾ ਜੀਵਨ ਬਤੀਤ ਕਰ ਰਿਹਾ ਹੈ।

ਰਜਿੰਦਰਪਾਲ ਸਿੰਘ ਖਾਲਸਾ( ਬਠਿੰਡੇ ਵਾਲਾ ਕਾਂ) ਉਸਦੇ ਜੀਵਨ ਦੇ ਅਧਾਰਿਤ ਇੱਕ ਜੀਵਨੀ ਪੁਸਤਕ "ਕਾਗਹੁ ਹੰਸੁ ਕਰੇਇ" ਬਹੁਤ ਜਲਦ ਤੁਹਾਡੇ ਰੂਬਰੂ ਕਰ ਰਹੇ ਹਾਂ। ਇਸ ਪੁਸਤਕ ਵਿੱਚ ਸਾਰੀਆਂ ਉਹ ਘਟਨਾਵਾਂ ਦਰਜ ਨੇ ਜਿੰਨ੍ਹਾਂ ਕਰਕੇ ਬਠਿੰਡੇ ਵਾਲਾ ਕਾਂ ਕਿਵੇਂ ਖਾਲਸਾਈ ਜੀਵਨ ਧਾਰਨ ਕਰਕੇ ਰਜਿੰਦਰਪਾਲ ਸਿੰਘ ਖਾਲਸਾ ਬਣਿਆ। ਰਜਿੰਦਰਪਾਲ ਸਿੰਘ ਦਾ ਪੂਰਾ ਪਰਿਵਾਰ ਉਹਨਾਂ ਦੀ ਪਤਨੀ ਅਤੇ ਬੱਚੇ ਅੱਜ ਸਿੱਖੀ ਸਰੂਪ ਵਿੱਚ ਹਨ, ਅਤੇ ਗੁਰੂ ਦੇ ਗੁਣਾਂ ਨੂੰ ਧਾਰਨ ਕਰਕੇ ਸਿੱਖ ਰਹਿਤ ਮਰਿਆਦਾ ਅਨੁਸਾਰ ਆਪਣਾ ਜੀਵਨ ਬਸਰ ਕਰ ਰਹੇ ਹਨ। ਇਹ ਪੁਸਤਕ ਉਹਨਾਂ ਨੌਜਵਾਨਾਂ ਦਾ ਰਾਹ ਦੁਸੇਰਾ ਕਰੇਗੀ ਜੋ ਕਿਸੇ ਕਾਰਨ ਕਰਕੇ ਨਸ਼ੇ ਕਰ ਲੱਗ ਗਏ ਅਤੇ ਗੁਨਾਂਹ ਦੀ ਦੁਨੀਆਂ ਵਿੱਚ ਚੱਲੇ ਗਏ ਹਨ। ਇਸ ਕਿਤਾਬ ਦਾ ਮੁੱਖ ਮਕਸਦ ਉਹਨਾਂ ਨੂੰ ਉਤਸ਼ਾਹਿਤ ਕਰਨਾ ਹੈ, ਕਿ ਅਗਰ ਗੁਰੂ ਦੀ ਕਿਰਪਾ ਨਾਲ ਬਠਿੰਡੇ ਵਾਲਾ ਕਾਂ ਰਜਿੰਦਰਪਾਲ ਸਿੰਘ ਖਾਲਸਾ ਬਣ ਸਕਦਾ ਹੈ 'ਤਾਂ ਤੁਸੀਂ ਕਿਉਂ ਨਹੀਂ ..? ਸੋ ਆਓ ਸਾਰੇ ਜਾਣੇ ਰਲਕੇ ਇਸ ਉਪਰਾਲੇ ਲਈ ਪੂਰੀ ਟੀਮ ਨੂੰ ਵਧਾਈ ਦੇਈਏ ਅਤੇ ਆਸ ਕਰੀਏ ਕਿ ਇਹ ਆਪਣੇ ਮਕਸਦ ਲਈ ਕਾਮਯਾਬ ਹੋਣ।



ਸ਼ੁੱਭਇਛਾਵਾਂ ਸਹਿਤ


**ਪੱਤਰਕਾਰ**
**ਗੁਰਿੰਦਰਜੀਤ ਸਿੰਘ**
**"ਨੀਟਾ ਮਾਛੀਕੇ"**
**ਫਰਿਜ਼ਨੋ ਕੈਲੇਫੋਰਨੀਆਂ**
559-333-5776


# ਪ੍ਰਧਾਨ ਪ੍ਰੇਮ ਲਾਲ ਸੌਂਧੀ ਨੂੰ ਗਹਿਰਾ ਸਦਮਾ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਜੀ ਦੇ ਪਰਿਵਾਰ ਨੂੰ ਗਹਿਰਾ ਸਦਮਾ ਪਹੁੰਚਿਆ ਹੈ ਕਿ ਉਹਨਾਂ ਦੇ ਚਚੇਰੇ ਭਾਈ ਸ੍ਰੀ ਅਰੁਣ ਸੌਂਧੀ ਦੀ ਇਕ ਸੜਕ ਦੁਰਘਟਨਾ ਵਿਚ ਨਕੋਦਰ (ਜ਼ਿਲ੍ਹਾ ਜਲੰਧਰ) ਵਿਖੇ ਬੇਵਕਤ ਮੌਤ ਹੋ ਗਈ। ਜਿਹਨਾਂ ਦੀ ਉਮਰ ਕੇਵਲ 52 ਸਾਲ ਸੀ, ਜੋ ਆਪਣੇ ਪਿੱਛੇ ਪਤਨੀ ਤੇ ਦੋ ਬੱਚੇ ਛੱਡ ਗਏ ਹਨ। ਇਹ ਬੇਵਕਤ ਮੌਤ ਨਾਲ ਸਮੂਹ ਸੌਂਧੀ ਪਰਿਵਾਰ ਨੂੰ ਬੇਹੱਦ ਦੁੱਖ ਤੇ ਸਦਮਾ ਲੱਗਾ ਹੈ।

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਅਤੇ ਅਦਾਰਾ ਦੇਸ਼ ਦੁਆਬਾ ਪ੍ਰਧਾਨ ਪ੍ਰੇਮ ਲਾਲ ਸੌਂਧੀ ਤੇ ਸਮੂਹ ਸੌਂਧੀ ਪਰਿਵਾਰ ਨਾਲ ਇਸ ਦੁੱਖ ਭਰੇ ਵਕਤ ਵਿਚ ਸ਼ਰੀਕ ਹੈ ਤੇ ਭਗਵਾਨ ਵਾਲਮੀਕ ਜੀ ਦੇ ਚਰਨਾਂ 'ਚ ਅਰਦਾਸ ਕਰਦੀ ਹੈ ਕਿ ਵਿਛੜੀ ਰੂਹ ਨੂੰ ਚਰਨਾਂ 'ਚ ਸਥਾਨ ਬਖਸ਼ੇ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਦੁੱਖ ਪ੍ਰਗਟ ਕਰਨ ਲਈ ਸ੍ਰੀ ਪ੍ਰੇਮ ਲਾਲ ਸੌਂਧੀ ਨਾਲ 530-813-3877 ਸੰਪਰਕ ਕੀਤਾ ਜਾ ਸਕਦਾ ਹੈ।

# ਕੋਰੋਨਾ ਵੈਕਸੀਨ ਲਈ ਨਵੇਂ ਟੀਚੇ ਦੀ ਪਛਾਣ

**ਵਾਸ਼ਿੰਗਟਨ (ਬਿਊਰੋ)–** ਕੋਰੋਨਾ ਵਾਇਰਸ (ਕੋਵਿਡ-19) ਦਾ ਕਹਿਰ ਪੂਰੀ ਦੁਨੀਆ 'ਚ ਵੱਧਦਾ ਹੀ ਜਾ ਰਿਹਾ ਹੈ। ਇਸ ਖ਼ਤਰਨਾਕ ਵਾਇਰਸ ਦੀ ਕਾਟ ਲੱਭਣ ਦੇ ਯਤਨ ਵਿਚ ਕਈ ਇਲਾਜ ਅਤੇ ਵੈਕਸੀਨ (ਟੀਕਾ) 'ਤੇ ਕਾਫ਼ੀ ਤੇਜ਼ ਗਤੀ ਨਾਲ ਖੋਜ ਕੀਤੀ ਜਾ ਰਹੀ ਹੈ।



ਇਸੇ ਕਵਾਇਦ ਵਿਚ ਅਮ-ਰੀਕੀ ਕੈਂਸਰ ਖੋਜੀਆਂ ਨੇ ਵੈਕਸੀਨ ਤਿਆਰ ਕਰਨ ਲਈ ਅਜਿਹੇ ਨਵੇਂ ਟੀਚੇ ਦੀ ਪਛਾਣ ਕੀਤੀ ਹੈ ਜਿਸ ਨਾਲ ਕੋਰੋਨਾ ਵਾਇਰਸ 'ਤੇ ਕਾਬੂ ਪਾਇਆ ਜਾ ਸਕਦਾ ਹੈ। ਸੇਲ ਰਿ-ਪੋਰਟਸ ਮੈਡੀਸਨ ਪੱਤ੍ਰਕਾ ਵਿਚ ਛਪੇ ਅਧਿਐਨ ਅਨੁਸਾਰ ਖੋਜੀਆਂ ਨੇ ਕੋਰੋਨਾ ਦਾ ਕਾਰਨ ਬਣਨ ਵਾਲੇ ਸਾਰਸ-ਕੋਵੀ-2 ਵਾਇਰਸ ਦੇ ਸਹੀ ਪ੍ਰੋਟੀਨ ਸੀਕਵੈਂਸ ਦੀ ਪਛਾਣ ਲਈ ਕੈਂਸਰ ਇਮਿਊਨਿਟੀ ਦੇ ਵਿਕਾਸ 'ਚ ਵਰਤੇ ਜਾਣ ਵਾਲੇ ਟੂਲ ਦੀ ਵਰਤੋਂ ਕੀਤੀ ਹੈ।

ਇਸ ਨਵੇਂ ਟੀਚੇ ਦੀ ਪਛਾਣ ਹੋਣ ਨਾਲ ਕੋਰੋਨਾ ਵਾਇਰਸ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਅਮਰੀਕਾ ਦੇ ਚਿਲਡਰਨਜ਼ ਹਾਸਪਿਟਲ ਆਫ ਫਿਲਾਡੈਲਫੀਆ (ਸੀਐੱਚਓਪੀ) ਦੇ ਖੋਜੀਆਂ ਦਾ ਮੰਨਣਾ ਹੈ ਕਿ ਇਸ ਨਤੀਜੇ ਦੇ ਆਧਾਰ 'ਤੇ ਤਿਆਰ ਹੋਣ ਵਾਲੀ ਵੈਕਸੀਨ ਤੋਂ ਮਾਨਵ ਜਾਤੀ ਦੀ ਸੁਰੱਖਿਆ ਮੁਹੱਈਆ ਹੋਵੇਗੀ ਅਤੇ ਲੰਬੇ ਸਮੇਂ ਤਕ ਇਮਿਊਨ ਪ੍ਰਤੀਕਿਰਿਆ ਬਣੀ ਰਹੇਗੀ। ਅਧਿਐਨ ਦੇ ਮੁੱਖ ਖੋਜੀ ਅਤੇ ਸੀਐੱਚਓਪੀ ਦੇ ਕੈਂਸਰ ਸੈਂਟਰ ਵਿਚ ਬਾਲ ਰੋਗ ਮਾਹਿਰ ਜਾਨ ਐੱਮ ਮੈਰਿਸ ਨੇ ਦੱਸਿਆ ਕਿ ਕੈਂਸਰ ਕਈ ਮਾਅਨੇ ਵਿਚ ਇਕ ਵਾਇਰਸ ਦੀ ਤਰ੍ਹਾਂ ਵਿਹਾਰ ਕਰਦਾ ਹੈ। ਇਸ ਲਈ ਸਾਡੀ ਟੀਮ ਨੇ ਬਚਪਨ ਵਿਚ ਹੋਣ ਵਾਲੇ ਕੈਂਸਰ ਦੇ ਅਹਿਮ ਪਹਿਲੂਆਂ ਦੀ ਪਛਾਣ ਲਈ ਵਿਕਸਿਤ ਕੀਤੇ ਗਏ ਟੂਲ ਦਾ ਇਸ ਵਾਇਰਸ ਲਈ ਵਰਤੋਂ ਕਰਨ ਦਾ ਫ਼ੈਸਲਾ ਕੀਤਾ। ਅਸੀਂ ਸਾਰਸ-ਕੋਵੀ-2 ਵਾਇਰਸ ਨੂੰ ਕੰਟਰੋਲ ਕਰਨ ਲਈ ਸਹੀ ਪ੍ਰੋਟੀਨ ਸੀਕਵੈਂਸ ਦੀ ਪਛਾਣ ਲਈ ਇਨ੍ਹਾਂ ਟੂਲਜ਼ ਲਈ ਅਰਜ਼ੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਾਡਾ ਮੰਨਣਾ ਹੈ ਕਿ ਸਾਡੇ ਯਤਨ ਨਾਲ ਇਕ ਅਜਿਹੀ ਵੈਕਸੀਨ ਦੀ ਰਾਹ ਮੁਹੱਈਆ ਹੋ ਸਕਦੀ ਹੈ ਜੋ ਸੁਰੱਖਿਅਤ ਅਤੇ ਪ੍ਰਭਾਵੀ ਹੋ ਸਕਦੀ ਹੈ।


'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

# ਚੰਡੀਗੜ੍ਹ ਯੂਨੀਵਰਸਿਟੀ ਇੰਡਸਟਰੀ ਦੀ ਮੰਗ ਅਨੁਸਾਰ ਪ੍ਰਤੀਭਾਸ਼ਾਲੀ ਤੇ ਸਮਰੱਥਾਵਾਨ ਮੀਡੀਆ ਪੇਸ਼ੇਵਰ ਕਰ ਰਹੀ ਹੈ ਤਿਆਰ

## ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੇ 200 ਤੋਂ ਵੱਧ ਵਿਦਿਆਰਥੀਆਂ ਦੀ ਪ੍ਰਮੁੱਖ ਮੀਡੀਆ ਅਦਾਰਿਆਂ 'ਚ ਹੋਈ ਪਲੇਸਮੈਂਟ

**ਚੰਡੀਗੜ (ਬਿਊਰੋ)–** ਭਾਰਤ 'ਚ ਮੀਡੀਆ ਖੇਤਰ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ ਹੈ, ਖੇਤਰੀ ਅਤੇ ਕੌਮੀ ਪੱਧਰ ਦੇ ਨਾਲ-ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵੀ ਮੀਡੀਆ ਖੇਤਰ ਦੇ ਪੇਸ਼ੇਵਰਾਂ ਦੀ ਮੰਗ ਵੱਧ ਗਈ ਹੈ। ਤੇਜ਼ ਰਫ਼ਤਾਰ ਨਾਲ ਮੀਡੀਆ ਦਾ ਹੋ ਰਿਹਾ ਵਿਕਾਸ ਅਤੇ ਨਵੀਆਂ ਤਕਨੀਕਾਂ ਦੀ ਸ਼ੁਰੂਆਤ ਸੁਝਾਅ ਦਿੰਦੀ ਹੈ ਕਿ ਆਉਣ ਵਾਲੇ ਸਮੇਂ 'ਚ ਮੀਡੀਆ ਖੇਤਰ ਵਿੱਚ ਤਜ਼ਰਬੇਕਾਰ ਅਤੇ ਸਮਰੱਥਾਵਾਨ ਪੇਸ਼ੇਵਰਾਂ ਦੀ ਮੰਗ ਵਧੇਰੇ ਹੋਵੇਗੀ। ਜਿਸ ਦੇ ਮੱਦੇਨਜ਼ਰ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਆਪਣੇ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਦੇ ਵਿਦਿਆਰਥੀਆਂ ਨੂੰ ਇੰਡਸਟਰੀ ਦੀ ਮੰਗ ਅਨੁਸਾਰ ਤਿਆਰ ਕਰ ਰਹੀ ਹੈ।ਜਿਸ ਦੀ ਪ੍ਰਮਾਣਿਕਤਾ ਦਿੰਦੇ ਹੋਏ ਚੰਡੀਗੜ੍ਹ ਯੂਨੀਵਰਸਿਟੀ ਦੇ 200 ਤੋਂ ਵੱਧ ਵਿਦਿਆਰਥੀਆਂ ਨੇ ਮੀਡੀਆ ਖੇਤਰ 'ਚ ਸ਼ਾਨਦਾਰ ਪਲੇਸਮੈਂਟਾਂ ਹਾਸਲ ਕੀਤੀਆਂ ਹਨ। ਇਹ ਜਾਣਕਾਰੀ ਚੰਡੀਗੜ੍ਹ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਆਰ.ਐਸ ਬਾਵਾ ਜੀ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਮੀਡੀਆ ਦੇ ਰੂਬਰੂ ਹੁੰਦਿਆਂ ਡਾ. ਬਾਵਾ ਨੇ ਦੱਸਿਆ ਕਿ 'ਵਰਸਿਟੀ ਦੇ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਭਾਗ ਦੇ 2 ਬੈਚ (2018 ਅਤੇ 2019) ਸਫ਼ਲਤਾਪੂਰਕ ਸੰਪੰਨ ਹੋ ਗਏ, ਜਿਨ੍ਹਾਂ ਵਿਚੋਂ 200 ਵਿਦਿਆਰਥੀਆਂ ਨੇ ਦੇਸ਼ ਦੇ ਪ੍ਰਮੁੱਖ ਅਖ਼ਬਾਰਾਂ, ਚੈਨਲਾਂ, ਰੇਡਿਉ, ਵਿਗਿਆਪਨ ਅਤੇ ਲੋਕ ਸੰਪਰਕ ਏਜੰਸੀਆਂ 'ਚ ਸ਼ਾਨਦਾਰ ਸਾਲਾਨਾ ਪੈਕੇਜਾਂ 'ਤੇ ਨੌਕਰੀਆਂ ਪ੍ਰਾਪਤ ਕਰਨ ਦਾ ਮਾਣ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਮੀਡੀਆ ਸਟੱਡੀਜ਼ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਬੈਚਲਰ ਇਨ ਜਰਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਅਤੇ ਮਾਸਟਰਜ਼ ਇਨ ਜਰਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਪ੍ਰੋਗਰਾਮਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।






ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਡਾ. ਬਾਵਾ ਨੇ ਦੱਸਿਆ ਨੌਕਰੀਆਂ ਲਈ ਚੁਣੇ ਗਏ 200 ਵਿਦਿਆਰਥੀਆਂ ਵਿਚੋਂ 140 ਵਿਦਿਆਰਥੀ ਬੀ.ਏ ਜਰਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਨਾਲ ਸਬੰਧਿਤ ਹਨ ਜਦਕਿ 60 ਵਿਦਿਆਰਥੀ ਐਮ.ਏ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਤੋਂ ਹਨ। ਉਨ੍ਹਾਂ ਦੱਸਿਆ ਕਿ 'ਵਰਸਿਟੀ ਦੇ ਪਾਸਆਊਟ ਹੋਏ ਦੋ ਬੈਚਾਂ ਦੀ ਕੈਂਪਸ ਪਲੇਸਮੈਂਟ ਲਈ 40 ਖੇਤਰੀ ਅਤੇ ਕੌਮੀ ਚੈਨਲ, 50 ਤੋਂ ਵੱਧ ਅੰਗਰੇਜ਼ੀ ਅਤੇ ਖੇਤਰੀ ਭਾਸ਼ਾਵਾਂ ਵਾਲੇ ਅਖ਼ਬਾਰ, 30 ਦੇ ਕਰੀਬ ਵਿਗਿਆਪਨ ਅਤੇ ਪੀ.ਆਰ ਏਜੰਸੀਆ ਅਤੇ 40 ਤੋਂ ਵੱਧ ਆਨਲਾਈਨ/ਡਿਜ਼ੀਟਲ ਚੈਨਲ ਪਹੁੰਚੇ।ਡਾ. ਬਾਵਾ ਨੇ ਕਿਹਾ ਕਿ ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਸਾਡੇ ਮੀਡੀਆ ਖੇਤਰ ਦੇ 10 ਵਿਦਿਆਰਥੀ ਸਰਕਾਰੀ ਅਦਾਰਿਆਂ 'ਚ ਸੇਵਾਵਾਂ ਨਿਭਾ ਰਹੇ ਹਨ ਜਦਕਿ 50 ਵਿਦਿਆਰਥੀ ਡਿਜ਼ੀਟਲ ਮੀਡੀਆ, 15 ਰੇਡਿਉ, 65 ਵਿਦਿਆਰਥੀ ਟੀਵੀ ਅਤੇ ਇੰਟਰਟੇਨਮੈਂਟ ਚੈਨਲਾਂ, 50 ਅਖ਼ਬਾਰਾਂ/ਮੈਗਜ਼ੀਨ ਅਤੇ 20 ਵਿਦਿਆਰਥੀ ਵਿਗਿਆਪਨ ਅਤੇ ਲੋਕ ਸੰਪਰਕ ਏਜੰਸੀਆਂ 'ਚ ਨੌਕਰੀ ਲਈ ਚੁਣੇ ਗਏ ਹਨ।

ਡਾ. ਬਾਵਾ ਨੇ ਦੱਸਿਆ ਕਿ 'ਵਰਸਿਟੀ ਇੰਸਟੀਚਿਊਟ ਆਫ਼ ਮੀਡੀਆ ਸਟੱਡੀਜ਼ ਵਿਭਾਗ ਦਾ ਮੁੱਢਲਾ ਉਦੇਸ਼ ਵਿਦਿਆਰਥੀਆਂ ਨੂੰ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਖੇਤਰ 'ਚ ਇੰਡਸਟਰੀ ਦੀ ਲੋੜ ਅਨੁਸਾਰ ਤਿਆਰ ਕਰਨਾ ਹੈ, ਜਿਸ ਦੇ ਅੰਤਰਗਤ ਵਿਦਿਆਰਥੀਆਂ ਨੂੰ ਤਜ਼ਰਬੇਕਾਰ ਫੈਕਲਟੀ ਵੱਲੋਂ ਢੁੱਕਵਾਂ ਪਾਠਕ੍ਰਮ, ਹੱਥੀ ਤਜ਼ਰਬੇ ਮੁਹੱਈਆ ਕਰਵਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਪਲੇਸਮੈਂਟ ਦੇ ਅਧੀਨ ਸਾਡੇ ਵਿਦਿਆਰਥੀ ਈ.ਟੀ.ਵੀ, ਏ.ਬੀ.ਪੀ, ਨਿਊਜ਼ 18, ਇੰਡੀਆ ਨਿਊਜ਼, ਜ਼ੀ, ਦੂਰਦਰਸ਼ਨ, ਪੀਟੀਸੀ, ਨਿਊਜ਼ 24 ਆਦਿ ਅਦਾਰਿਆਂ 'ਚ ਸੇਵਾਵਾਂ ਨਿਭਾ ਰਹੇ ਹਨ ਅਤੇ ਬਹੁਤ ਸਾਰੇ ਵਿਦਿਆਰਥੀ ਦੈਨਿਕ ਭਾਸਕਰ, ਹਿੰਦੂਸਤਾਨ ਟਾਈਮਜ਼, ਪੰਜਾਬ ਕੇਸਰੀ, ਕਸ਼ਮੀਰ ਟਾਈਮਜ਼ ਅਤੇ ਟਾਈਮਜ਼ ਆਫ਼ ਇੰਡੀਆ ਆਦਿ ਅਖ਼ਬਾਰਾਂ 'ਚ ਉਚ ਰੁਤਬਿਆਂ 'ਤੇ ਤਾਇਨਾਤ ਹਨ ਜਦਕਿ ਰੇਡਿਓ ਅਦਾਰੇ ਜਿਵੇਂ ਕਿ ਬਿੱਗ ਐਫ਼ਐਮ, ਮਾਈ ਐਫ਼ਐਮ, ਰੈਡ ਐਫ਼ਐਮ ਅਤੇ ਰੇਡਿਉ ਮਿਰਚੀ ਆਦਿ ਵਿੱਚ 'ਵਰਸਿਟੀ ਦੇ ਵਿਦਿਆਰਥੀ ਯੋਗ ਸੇਵਾਵਾਂ ਨਿਭਾ ਰਹੇ ਹਨ।

ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ 'ਵਰਸਿਟੀ ਵੱਲੋਂ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਗੁਣਾਤਮਿਕ ਤੇ ਆਧੁਨਿਕ ਸਿੱਖਿਆ ਦੇ ਕੇ ਉਨ੍ਹਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾ ਰਿਹਾ ਹੈ। ਜਿਸ ਸਦਕਾ 'ਵਰਸਿਟੀ ਦੀ ਸਥਾਪਨਾ ਤੋਂ ਹੁਣ ਤੱਕ ਦੇ ਥੋੜ੍ਹੇ ਸਮੇਂ 'ਚ ਚੰਗੇ ਅਕਾਦਮਿਕ ਨਤੀਜਿਆਂ ਸਦਕਾ 691 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰੀ ਪ੍ਰਸਿੱਧ ਕੰਪਨੀਆਂ ਵੱਲੋਂ 6617 ਵਿਦਿਆਰਥੀਆਂ ਨੂੰ ਚੰਗੇ ਤਨਖ਼ਾਹ ਪੈਕੇਜ਼ਾ 'ਤੇ ਨੌਕਰੀ ਲਈ ਚੁਣਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਦਾ ਮੁੱਢਲਾ ਉਦੇਸ਼ ਹੈ ਕਿ ਜਰਨਲਿਜ਼ਮ ਐਂਡ ਮਾਸ ਕੱਮ ਦੇ ਵਿਦਿਆਰਥੀਆਂ ਨੂੰ ਖੇਤਰ ਸਬੰਧੀ ਚੌਤਰਫ਼ਾ ਗਿਆਨ ਪ੍ਰਦਾਨ ਕਰਵਾਉਣਾ ਹੈ ਤਾਂ ਜੋ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਖੇਤਰਾਂ 'ਚ ਮੁਹਾਰਤ ਹਾਸਲ ਕਰਕੇ ਸਾਡੇ ਵਿਦਿਆਰਥੀ ਨਵੇਂ ਸਮਾਜ ਦੀ ਸਿਰਜਣਾ 'ਚ ਯੋਗਦਾਨ ਪਾਉਣ

# ਦੁਨੀਆ ਦੇ ਚੰਦ ਕਰੋਨਾ ਸੁਰੱਖਿਅਤ ਦੇਸ਼ਾਂ ਦੇ ਵਿਚ ਨਿਊਜ਼ੀਲੈਂਡ ਦੇਸ਼ ਸ਼ਾਮਲ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਹੁਣ ਤੱਕ 12 ਅਜਿਹੇ ਦੇਸ਼ ਸਨ ਜਿੱਥੇ ਕਰੋਨਾ ਨੇ ਪੈਰ ਨਹੀਂ ਪਸਾਰੇ ਜਿਵੇਂ ਨਾਰਥ ਕੋਰੀਆ, ਤੁਰਕਿਮਨਸਤਾਨ, ਸੋਲੋਮਨ ਆਈਲੈਂਡ, ਵਨਾਤੂ, ਸਾਮੋਆ, ਕੀਰੀਬਾਤੀ, ਫੈਡਰੇਟਿਡ ਸਟੇਟਸ ਆਫ ਮਾਈਕ੍ਰੋਨੇਸੀਆ, ਟੌਂਗਾ, ਮਾਰਸ਼ਲ ਆਈਲੈਂਡ, ਪਲਾਊ ਅਤੇ ਤੂਵਾਲੂ। ਕੁਝ ਮੁਲਕਾਂ ਅੰਦਰ ਕਰੋਨਾ ਦਾਖਲ ਹੋਇਆ ਪਰ ਉਹ ਇਸ ਉਤੇ ਕਾਫੀ ਹੱਦ ਤੱਕ ਕਾਬੂ ਪਾਉਣ ਉਤੇ ਸਫਲ ਰਹੇ। ਇਨ੍ਹਾਂ ਵਿਚੋਂ ਇਕ ਨਿਊਜ਼ੀਲੈਂਡ ਅਜਿਜਾ ਦੇਸ਼ ਹੈ ਜਿਸਨੇ ਅੱਜ ਕਰੋਨਾ ਦਾ ਆਖਰੀ ਮਰੀਜ਼ ਵੀ ਠੀਕ ਕਰਕੇ ਦੇਸ਼ ਨੂੰ ਕਰੋਨਾ ਮੁਕਤ ਐਲਾਨ ਦਿੱਤਾ। 2 ਫਰਵਰੀ ਨੂੰ ਨਿਊਜ਼ੀਲੈਂਡ ਨੇ ਚਾਈਨਾ ਤੋਂ ਆਉਣ ਵਾਲਿਆਂ 'ਤੇ ਰੋਕ ਲਗਾ ਕੇ ਆਪਣੀ ਕਰੋਨਾ ਵਿਰੋਧੀ ਲੜਾਈ ਸ਼ੁਰੂ ਕੀਤੀ ਸੀ। 28 ਫਰਵਰੀ ਨੂੰ ਪਹਿਲਾ ਕੇਸ ਆਇਆ ਸੀ। 19 ਮਾਰਚ ਨੂੰ ਵਿਦੇਸ਼ੀਆਂ ਲਈ ਬਾਰਡਰ ਬੰਦ ਕਰ ਦਿੱਤੇ ਗਏ ਸਨ। ਅੱਜ ਆਖਰੀ ਮਰੀਜ਼ ਦੇ ਠੀਕ ਹੋਣ ਤੱਕ ਦੇਸ਼ ਵਿਚ ਕੁੱਲ ਪੁਸ਼ਟੀ ਕੀਤ ਗਏ ਕੇਸ 1154 ਹੋਏ ਅਤੇ ਸੰਭਾਵੀ ਮਰੀਜ਼ਾਂ ਨੂੰ ਮਿਲਾ ਕੇ ਕੁੱਲ 1504 ਕੇਸ ਗਿਣੇ ਗਏ।

ਇਥੇ ਲੌਕਡਾਊਨ ਪੱਧਰ ਦੋ ਚੱਲ ਰਿਹਾ ਸੀ ਅਤੇ ਅੱਜ ਅਧੀ ਰਾਤ ਨੂੰ ਲਾਕਡਾਊਨ-1 ਹੋ ਜਾਵੇਗਾ। ਇਸ ਤੋਂ ਬਾਅਦ ਕੋਈ ਸਮਾਜਿਕ ਦੂਰੀ, ਮਾਸਕ ਪਾਊਣਾ, ਜਨਤਕ ਇਕੱਠ ਕਰਨਾ ਆਦਿ ਉਤੇ ਪਾਬੰਦੀ



ਖਤਮ ਹੋ ਜਾਵੇਗਾ। ਕੱਲ੍ਹ ਤੋਂ ਜਨਤਕ ਟ੍ਰਾਂਸਪੋਰਟ ਆਮ ਦੀ ਤਰ੍ਹਾਂ ਹੋ ਜਾਵੇਗੀ। ਬੱਸਾਂ ਦੇ ਵਿਚ ਸਵਾਰੀਆਂ ਪਹਿਲਾਂ ਦੀ ਤਰ੍ਹਾਂ ਮੂਹਰਲੇ ਦਰਵਾਜੇ ਰਾਹੀਂ ਚੜ੍ਹਨਗੀਆਂ ਅਤੇ ਜਿੱਥੇ ਮਰਜ਼ੀ ਬੈਠ ਸਕਣਗੀਆਂ। ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਆਰਡਨ ਨੇ ਅੱਜ ਇਹ ਐਲਾਨ ਕੀਤਾ ਅਤੇ ਇਸ ਮੌਕੇ ਸਿਹਤ ਡਾਇਰੈਕਟਰ ਵੀ ਹਾਜਿਰ ਸਨ। ਜਦੋਂ ਪ੍ਰਧਾਨ ਮੰਤਰੀ ਨੂੰ ਸੂਚਨਾ ਮਿਲੀ ਕਿ ਦੇਸ਼ ਅੰਦਰ ਆਖਰੀ ਮਰੀਜ਼ ਵੀ ਠੀਕ ਹੋ ਗਿਆ ਤਾਂ ਉਸਨੇ ਕੀ ਕੀਤਾ? ਦੇ ਸਬੰਧ ਵਿਚ ਉਨ੍ਹਾਂ ਹਸਦਿਆਂ ਕਿਹਾ ਕਿ ਹਲਕਾ ਜਿਹਾ ਡਾਂਸ। ਦੇਸ਼ ਦੀਆਂ ਸਰਹੱਦਾਂ ਅਜੇ ਬੰਦ ਰਹਿਣਗੀਆਂ। ਵਿਦੇਸ਼ਾਂ ਤੋਂ ਵਾਪਿਸ ਪਰਤਣ ਵਾਲੇ ਕੀਵੀਆਂ ਦੇ ਲਈ 14 ਦਿਨ ਦਾ ਏਕਾਂਤਵਾਸ ਅਜੇ ਲਾਗੂ ਰਹੇਗਾ। ਨਿਊਜ਼ੀਲੈਂਡ ਪਹਿਲਾਂ ਆਪਣੇ ਗੁਆਂਢੀ ਮੁਲਕ ਦੇ ਨਾਲ ਬਬਲਜ਼ ਬਣਾ ਕੇ ਅੰਤਰਾਸ਼ਟਰੀ ਹਵਾਈ ਉਡਾਣਾ ਸ਼ੁਰੂ ਕਰੇਗਾ ਅਤੇ ਫਿਰ ਇਹੀ ਫਾਰਮੂਲਾ ਕਰੋਨਾ ਮੁਕਤ ਹੋ ਰਹੇ ਦੇਸ਼ਾਂ ਦੇ ਨਾਲ ਅਪਣਾਏਗਾ। ਲੋਕਾਂ ਨੂੰ ਅਜੇ ਸਲਾਹ ਦਿੱਤੀ ਗਈ ਹੈ ਕਿ ਉਹ ਆਪਣਾ ਰਿਕਾਰਡ ਰੱਖਣ ਕਿ ਕਿੱਥੇ-ਕਿਥੇ ਗਏ ਤਾਂ ਕਿ ਕਿਤੇ ਲੋੜ ਪਵੇ ਤਾਂ ਕਰੋਨਾ ਦੀ ਪਿੱਛਾ ਕੀਤਾ ਜਾ ਸਕੇ। ਲੋਕਲ ਏਅਰ ਲਾਈਨ ਨੇ ਟਿਕਟਾਂ ਦੀ ਦਰ ਘਟਾ ਦਿੱਤੀ ਹੈ। ਸਕਾਈ ਟਾਵਰ ਲਈ ਪਹਿਲਾਂ ਹੀ ਫੀਸ ਅੱਧੀ ਕਰ ਦਿੱਤੀ ਗਈ ਹੈ। ਵੱਖ-ਵੱਖ ਮੁਲਕਾਂ ਦੇ ਵਿਚ ਵੱਡੇ ਨੇਤਾਵਾਂ ਨੇ ਟਵੀਟ ਕਰਕੇ ਦੇਸ਼ ਨੂੰ ਵਧਾਈ ਦਿੱਤੀ ਹੈ। ਇੰਗਲੈਂਡ ਨੇ ਕਿਹਾ ਕਿ 5 ਮਿਲੀਅਨ ਲੋਕਾਂ ਦੀ ਟੀਮ ਦੀ ਜਿੱਤ ਹੋਈ ਹੈ।

# ਸੰਤ ਨਿਰਮਲ ਦਾਸ ਜੀ ਦੇ ਭਰਾ ਸ. ਪ੍ਰਕਾਸ਼ ਸਿੰਘ ਦਾ ਦੇਹਾਂਤ



**ਜਲੰਧਰ–** ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਜੀ ਦੇ ਵੱਡੇ ਭਰਾ ਸਰਦਾਰ ਪ੍ਰਕਾਸ਼ ਸਿੰਘ ਜੀ (ਰਿਟਾ.) ਆਈ. ਪੀ. ਐਸ. ਜੋ ਕਿ ਬੀਤੇ ਦਿਨੀਂ ਆਪਣੀ ਸੰਸ-ਾਰਕ ਯਾਤਰਾ ਪੂਰੀ ਕਰਕੇ ਸਦੀਵੀ ਵਿਛੋੜਾ ਦੇ ਗਏ ਹਨ। ਬੇਗਮਪੁਰਾ ਟੀਮ ਹਰਿਆਣਾ ਇਸ ਦੁੱਖ ਦੀ ਘੜੀ ਵਿਚ ਸੰਤ ਨਿਰਮਲ ਦਾਸ ਜੀ ਦੇ ਨਾਲ ਦੁੱਖ ਪ੍ਰਗਟ ਕਰਦੇ ਹੋਏ ਗੁਰੂ ਰਵਿਦਾਸ ਜੀ ਦੇ ਚਰਨਾਂ ਵਿਚ ਇਹੀ ਅਰਦਾਸ ਕਰਦੇ ਹਾਂ ਕਿ ਵਿੱਛੜੀ ਹੋਈ ਰੂਹ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਵੇ ਅਤੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿਚ ਹਿੰਮਤ ਅਤੇ ਹੌਸਲਾ ਬਖਸ਼ੇ।

# ਕੱਟੇ ਗਏ ਨੀਲੇ ਕਾਰਡ ਧਾਰਕਾਂ ਨੇ ਕੀਤਾ ਡਿਪੂ ਹੋਲਡਰ ਦੇ ਘਰ ਦਾ ਘਿਰਾਓ

**ਫਗਵਾੜਾ (ਬੀਕੇ ਰੱਤੂ)–** ਸ਼ਹਿਰ ਫਗਵਾੜਾ ਦੇ ਲਗਭਗ ਹਰ ਵਾਰਡ ਦੇ ਨੀਲੇ ਕਾਰਡ ਧਾਰਕਾਂ ਵਿੱਚ ਕਾਰਡ ਕੱਟੇ ਜਾਣ ਦਾ ਰੋਸ਼ ਪਾਇਆ ਜਾ ਰਿਹਾ ਹੈ ਜਿਸਦੇ ਚਲਦਿਆ ਵਾਰਡ ਨੰਬਰ 20 ਅਤੇ 22 ਦੇ ਵਸਨੀਕਾਂ ਨੇ ਦੁਖੀ ਹੋਕੇ ਡਿਪੂ ਹੋਲਡਰ ਅਤੇ ਵਾਰਡ ਕੌਂਸਲਰ ਦੇ ਘਰ ਦਾ ਘਿਰਾਓ ਕਰ ਦਿੱਤਾ।ਸੈਂਕੜੇ ਦੀ ਗਿਣਤੀ ਵਿੱਚ ਇੱਕਤਰ ਹੋਏ ਮੁੱਹਲਾ ਵਾਸੀਆ ਨੇ ਕਾਂਗਰਸ ਸਰਕਾਰ,ਵਾਰਡ ਕੌਂਸਲਰ, ਡਿਪੂ ਹੋਲਡਰ ਖਿਲਾਫ ਜੰਮਕੇ ਨਾਅਰੇਬਾਜੀ ਕਰਦੇ ਹੋਏ ਆਪਣੀ ਭੜਾਸ ਕੱਢੀ। ਜਾਣਕਾਰੀ ਦਿੰਦੇ ਹੋਏ ਮੁੱਹਲਾ ਵਾਸੀਆਂ ਨੇ ਦਸਿਆ ਕਿ ਮੁੱਹਲੇ ਦੇ ਬਹੁਤ ਸਾਰੇ ਲੋਕਾਂ ਦੇ ਨੀਲੇ ਕਾਰਡ ਕੱਟ ਦਿਤੇ ਗਏ ਹਨ ਜਿਸ ਕਾਰਣ ਉਂਨਾ ਨੂੰ ਸਰਕਾਰ ਤੋਂ ਆਈਆਂ ਸਹੂਲਤਾ ਹੋ ਵਾਂਝੇ ਰਹਿਣਾ ਪੈ ਰਿਹਾ ਹੈ।ਕਈ ਬਾਰ ਡਿਪੂ ਹੋਲਡਰ ਅਤੇ ਵਾਰਡ ਕੌਂਸਲਰ ਨੂੰ ਨੀਲੇ ਕਾਰਡ ਦਰੁਸਤ ਕਰਨ ਲਈ ਬੇਨਤੀ ਕੀਤੀ ਗਈ ਪਰ ਕੋਈ ਵੀ ਸੁਣਵਾਈ ਨਹੀ ਹੋਈ ਜਿਸ ਕਾਰਣ ਪਰੇਸ਼ਾਨ ਹੋਕੇ ਮੁੱਹਲਾ ਵਾਸੀਆ ਨੇ ਡਿਪੂ ਹੋਲਡਰ ਦੇ ਘਰ ਦਾ ਘਿਰਾਉ ਕਰਕੇ ਨਾਅਰੇਬਾਜੀ ਸ਼ੁਰੂ ਕਰ ਦਿੱਤੀ। ਮੁੱਹਲਾ ਵਾਸੀਆ ਨੇ ਇਲਜਾਮ ਲਗਾਇਆ ਕਿ ਡਿਪੂ ਹੋਲਡਰ ਕਣਕ ਦੀਆਂ ਬੋਰੀਆਂ ਲੋੜਵੰਦਾ ਨੂੰ ਨਾ ਦੇਕੇ ਵੇਚ ਰਿਹਾ ਹੈ ਜਿਸ ਕਾਰਣ ਲੋੜਵੰਦ ਲੋਕ ਕਣਕ ਤੋਂ ਵਾਂਝੇ ਰਹਿ ਰਹੇ ਹਨ।ਉਂਨਾ ਆਖਿਆ ਕਿ ਸਰਕਾਰ ਵਲੋਂ ਆਈ ਕਣਕ ਦੇ ਨਾਲ ਹੋਰ ਸਮੱਗਰੀ ਦਾ ਵੀ ਕੋਈ ਹਿਸਾਬ ਕਿਤਾਬ ਡਿਪੂ ਹੋਲਡਰ ਵਲੋਂ ਨਹੀ ਰਖਿਆ ਜਾਂਦਾ।ਜੋਵੀ ਮੁੱਹਲਾ ਵਾਸੀ ਡਿਪੂ ਹੋਲਡਰ ਦਾ ਵਿਰੋਧ ਕਰਦਾ ਹੈ ਉਸਨੂੰ ਕਣਕ ਦੇ ਦਿੱਤੀ ਜਾਂਦੀ ਹੈ ਪਰ ਲੋਵਵੰਦ ਹਮੇਸ਼ਾ ਦੀ ਤਰਾ ਸਰਕਾਰੀ ਮਦਦ ਤੋਂ ਵਾਂਝੇ ਰਹਿ ਜਾਂਦੇ ਹਨ।ਇਸ ਮੌਕੇ ਪਰਨੀਸ਼ ਬੰਗਾ,ਲਵਪ੍ਰੀਤ ਬੋਬੀ,ਹੇਮਰਾਜ,ਵਿਸ਼ਵਾਮਿੱਤਰ,ਭਗਵੰਤ ਰਾਮ, ਗੋਪੀ, ਸਤਪਾਲ, ਮੀਨੂੰ ਅਤੇ ਹੋਰ ਮੁੱਹਲਾ ਵਾਸੀ ਹਾਜਰ ਸਨ।



ਸਮੂਹ ਮੁੱਹਲਾ ਵਾਸੀਆਂ ਨੇ ਨੀਲੇ ਕਾਰਡ ਬਹਾਲ ਕਰਨ ਅਤੇ ਕਣਕ ਦੇਣ ਦੀ ਪ੍ਰਸ਼ਾਸਨ ਤੋਂ ਮੰਗ ਕੀਤੀ।ਇਸ ਬਾਰੇ ਜਦੋ ਡਿਪੂ ਹੋਲਡਰ ਰੋਹਿਤ ਗੋਗਨਾ ਦੇ ਪਿਤਾ ਮੰਗਤ ਰਾਏ ਗੋਗਨਾ ਨਾਲ ਗਲਬਾਤ ਕੀਤੀ ਤਾ ਉਂਨਾ ਕਿਹਾ ਕਿ ਨੀਲੇ ਕਾਰਡ ਪ੍ਰਸ਼ਾਸਨ ਵਲੋਂ ਕੱਟੇ ਗਏ ਹਨ ਅਤੇ ਜਿੰਨਾ ਦੇ ਨੀਲੇ ਕਾਰਡ ਕੱਟੇ ਗਏ ਹਨ ਉਂਨਾ ਨੂੰ ਕਣਕ ਨਹੀ ਵੰਡੀ ਜਾ ਸਕਦੀ। ਅਸੀ ਤੇ ਆਪ ਪ੍ਰਸ਼ਾਸਨ ਅੱਗੇ ਗੁਹਾਰ ਲਗਾ ਰਹੇ ਹਾਂ ਕਿ ਜਿਨ੍ਹਾ ਦੇ ਨੀਲੇ ਕਾਰਡ ਕੱਟੇ ਗਏ ਹਨ ਉਹ ਕਾਰਡ ਜਲਦ ਬਹਾਲ ਕੀਤੇ ਜਾਣ। ਉਨਾ ਆਖਿਆ ਕਿ ਜੇਕਰ ਮੈ ਆਪਣੇ ਘਰ ਦੀ ਕਣਕ ਦਾ ਆਟਾ ਪਿਸਾਉਣ ਵੀ ਜਾਂਵਾਂ ਤੇ ਲੋਕ ਆਖਦੇ ਹਨ ਕਿ ਸਰਕਾਰੀ ਕਣਕ ਵੇਚਣ ਗਿਆ ਹੈ। ਇਹ ਬੇਬੁਨਿਆਦ ਦੋਸ ਹਨ।


## ਲੜਕੀ ਦੀ ਲੋੜ

Boy 30 Years, 5’10”, Handsome Punjabi Hindu M.Sc. Plant Biotechnology, Bio-Medical Engineer Born and Educated in USA. Looking for beautiful, well-educated girl.

Please E-mail: cbob255@gmail.com your Bio-Data

Call us at Tel: 1-847-809-5340

## ਲੜਕੀ ਦੀ ਲੋੜ

ਕਮਲ ਬਾਬਰ, ਜਨਮ 1989 (ਜਲੰਧਰ), ਕੱਦ 5 ਫੁੱਟ 8 ਇੰਚ, ਜਾਤੀ ਬਾਬਰ, ਗੋਤਰ ਖੋਸਲ, ਬੀ ਏ ਪਾਸ ਬਿਜਨਸਮੈਨ, ਕੁਆਰੇ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕਾ ਮੰਗਲੀਕ ਹੈ, ਜੋ ਕਿ ਸੱਤਕਰਤਾਰ ਐਨਕਲੇਵ ਜਲੰਧਰ ਵਿਖੇ ਰਹਿੰਦਾ ਹੈ। ਪਿਤਾ ਦਾ ਨਾਂ ਅਸ਼ਵਨੀ ਬਾਬਰ (ਬਿਜਨਸਮੈਨ), ਮਾਤਾ ਘਰੇਲੂ ਔਰਤ। ਲੜਕੇ ਦਾ ਇਕ ਭਰਾ ਅਮਰੀਕਾ ਵਿਚ ਸੈਟਲ ਹੈ ਅਤੇ ਦੋ ਭੈਣਾਂ ਵਿਆਹੀਆਂ ਹੋਈਆਂ ਹਨ। ਪਰਿਵਾਰ ਮਾਡਰਨ ਅਤੇ ਵੈਜੀਟੇਰੀਅਨ ਹੈ। ਅਮਰੀਕਾ ਵਿਚ ਸੈਟਲ ਲੜਕੀ ਨੂੰ ਤਰਜੀਹ।

ਸੰਪਰਕ ਕਰੋ: 1-718-709-1908

# 16 ਜਨਤਕ ਅਤੇ ਟ੍ਰੇਡ ਯੂਨੀਅਨ ਦੇ ਸੱਦੇ ਤੇ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਨੂੰ ਤਹਿਸੀਲਦਾਰ ਬੰਗਾ ਰਾਹੀਂ ਭੇਜਿਆ ਮੰਗ ਪੱਤਰ

**ਬੰਗਾ, (ਰੇਸ਼ਮ ਕਰਨਾਣਵੀ)–** ਪੰਜਾਬ ਦੀਆਂ 16 ਜਨਤਕ ਜਥੇਬੰਦੀਆਂ ਦੇ ਸੱਦੇ ਤੇ ਟੈਕਨੀਕਲ ਸਰਵਿਸਿਜ਼ ਯੂਨੀਅਨ ਅਤੇ ਪਾਵਰਕੌਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਮੰਡਲ ਬੰਗਾ ਵੱਲੋਂ ਸਾਂਝੇ ਤੌਰ ਤੇ ਰੋਸ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਟੈਕਨੀਕਲ ਸਰਵਿਸਿਜ਼ ਯੂਨੀਅਨ ਸਰਕਲ ਪ੍ਰਧਾਨ ਸ੍ਰੀ ਨੰਦ ਲਾਲ, ਡਿਵੀਜ਼ਨ ਸਕੱਤਰ ਸ੍ਰੀ ਸ੍ਰੀ ਰੇਸ਼ਮ ਲਾਲ ਅਤੇ ਠੇਕਾ ਕਾਮਿਆਂ ਦੇ ਆਗੂ ਮੁਕੰਦਪੁਰ ਤੋਂ ਜਸਪ੍ਰੀਤ ਅਤੇ ਤਰਨਵੀਰ ਸਿੰਘ, ਬਹਿਰਾਮ ਤੋਂ ਸੰਜੀਵ ਕੁਮਾਰ, ਮਨਜੀਤ ਸਿੰਘ, ਦਿਹਾਤੀ ਬੰਗਾ ਤੋਂ ਅਮਨਦੀਪ, ਲਖਵਿੰਦਰ ਸਿੰਘ, ਸ਼ਹਿਰੀ ਬੰਗਾ ਤੋਂ ਵਿਨੋਦ ਕੁਮਾਰ, ਪਰਮਿੰਦਰ ਸਿੰਘ, ਸੰਤੋਖ ਸਿੰਘ ਡਰਾਈਵਰ, ਅਸ਼ਵਨੀ ਕੁਮਾਰ ਅਤੇ ਅਸ਼ੀਸ਼ ਕੁਮਾਰ ਨੇ ਦੱਸਿਆ ਕਿ ਪੂਰਾ ਦੇਸ਼ ਕਰੋਨਾ ਮਹਾਂਮਾਰੀ ਦੀ ਮਾਰ ਹੇਠ ਆਇਆ ਹੋਇਆ ਹੈ।




ਸਰਕਾਰਾਂ ਇਸ ਮਹਾਂਮਾਰੀ ਨਾਲ ਨਜਿੱਠਣ ਚੋਂ ਪੂਰੀ ਤਰ੍ਹਾਂ ਨਾਕਾਮ ਸਿੱਧ ਹੋਈਆਂ ਹਨ। ਆਗੂਆਂ ਨੇ ਮੰਗ ਕੀਤੀ ਕਿ ਇਸ ਮਹਾਂਮਾਰੀ ਦੀ ਆੜ ਵਿੱਚ ਵੱਖ ਵੱਖ ਅਦਾਰਿਆਂ ਜਿਵੇਂ ਬਿਜਲੀ, ਖੇਤਰਾਂ ਦੇ ਨਿਜੀਕਰਨ ਦੇ ਕਦਮ ਰੱਦ ਕੀਤੇ ਜਾਣ, ਬਿਜਲੀ ਸੋਧ ਬਿਲ 2020 ਵਾਪਸ ਲਿਆ ਜਾਵੇ, ਮਜ਼ਦੂਰ ਵਿਰੋਧੀ ਸੋਧਾਂ ਜਿਵੇਂ ਕੰਮ ਦਿਹਾੜੀ 12 ਘੰਟੇ ਕਰਨ, ਯੂਨੀਅਨਾਂ ਬਣਾਉਣ ਤੇ ਪਾਬੰਦੀ, ਤਨਖ਼ਾਹਾਂ, ਭੱਤੇ ਤੇ ਸੇਵਾ ਸ਼ਰਤਾਂ ਆਦਿ ਸਬੰਧੀ ਸੰਘਰਸ਼ਾਂ ਤੇ ਰੋਕ ਰੱਦ ਕੀਤੀ ਜਾਵੇ। ਪਾਵਰਕੌਮ ਅਦਾਰੇ ਅੰਦਰ ਡਿਊਟੀ ਦੌਰਾਨ ਹਾਦਸਾ ਗ੍ਰਸਤ ਹੋਏ ਠੇਕਾ ਕਾਮਿਆਂ ਨੂੰ ਤੁਰੰਤ ਯੋਗ ਮੁਆਵਜ਼ਾ ਦਿੱਤਾ ਜਾਵੇ, ਤਨਖ਼ਾਹ ਹਰ ਮਹੀਨੇ ਦੀ ਦਸ ਤਰੀਕ ਤੱਕ ਦੇਣੀ ਯਕੀਨੀ ਬਣਾਈ ਜਾਵੇ ਆਦਿ। ਇਹਨਾਂ ਮੰਗਾਂ ਸਬੰਧੀ ਮੰਗ ਪੱਤਰ ਕੇਂਦਰ ਸਰਕਾਰ ਤੇ ਰਾਜ ਸਰਕਾਰ ਨੂੰ ਤਹਿਸੀਲਦਾਰ ਬੰਗਾ ਰਾਂਹੀ ਭੇਜਿਆ ਗਿਆ।

# ਸ੍ਰੀ ਡੇਵਿਡ ਪਾਈਨ ਹੋਣਗੇ ਭਾਰਤ ਦੇ ਵਿਚ ਨਿਊਜ਼ੀਲੈਂਡ ਦੇ ਨਵੇਂ ਹਾਈ ਕਮਿਸ਼ਨਰ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਦੇਸ਼ ਮੰਤਰੀ ਸ੍ਰੀ ਵਿਨਸਨ ਪੀਟਰਜ ਵੱਲੋਂ ਸ੍ਰੀ ਡੇਵਿਡ ਪਾਈਨ ਨੂੰ ਭਾਰਤ 'ਚ ਨਵੇਂ ਹਾਈ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਹੈ। ਸ੍ਰੀ ਵਿਨਸਨ ਪੀਟਰਜ਼ ਅਤੇ ਵਪਾਰ ਮੰਤਰੀ ਸ੍ਰੀ ਡੇਵਿਡ ਪਾਰਕਰ ਬੀਤੀ 25 ਫਰਵਰੀ ਤੋਂ 29 ਫਰਵਰੀ ਤੱਕ ਭਾਰਤ ਦੌਰੇ ਉਤੇ ਗਏ ਸਨ। ਨਵੀਂ ਦਿੱਲੀ ਅਤੇ ਮੁੰਬਈ ਦਫਤਰ ਵਿਖੇ ਉਨ੍ਹਾਂ ਦੋਹਾਂ ਪਾਸਿਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਭਾਰਤ-ਨਿਊਜ਼ੀਲੈਂਡ ਵਪਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਉਤੇ ਵਿਚਾਰਾਂ ਕੀਤੀਆਂ ਸਨ। ਭਾਰਤ ਨਿਊਜ਼ੀਲੈਂਡ ਆਪਸੀ ਵਪਾਰ 2 ਬਿਲੀਅਨ ਤੋਂ ਉਪਰ ਦਾ ਹੈ। ਸ੍ਰੀ ਪਾਈਨ ਇਸ ਤੋਂ ਪਹਿਲਾਂ 2011 ਤੋਂ 2014 ਤੱਕ ਮਲੇਸ਼ੀਆ ਅਤੇ ਬਰੂਨੀ ਵਿਖੇ ਭਾਰਤ ਦੇ ਹਾਈ ਕਮਿਸ਼ਨਰ ਅਤੇ ਨਿਊਯਾਰਕ, ਕੈਨਬਰਾ ਤੇ ਫਿਲੀਪੀਨਜ਼ ਦੇ ਵਿਚ ਰਾਜਦੂਤ ਰਹਿ ਚੁੱਕੇ



ਹਨ। ਸ੍ਰੀ ਡੇਵਿਡ ਪਾਈਨ ਕਾਫੀ ਪੜ੍ਹੇ ਲਿਖੇ ਹਨ ਅਤੇ ਓਟਾਗੋ ਯੂਨੀਵਰਸਿਟੀ 'ਚ ਸਲਾਹਕਾਰ ਵੀ ਰਹੇ ਹਨ। 27 ਸਾਲ ਦੀ ਉਮਰ ਤੱਕ ਉਹ ਇਕ ਮਿਊਜ਼ਕ ਬੈਂਡ ਦੇ ਨਾਲ ਵੀ ਕੰਮ ਕਰਦੇ ਸਨ ਪਰ ਇਸ ਕੰਮ ਵਿਚ ਪੈਸਾ ਨਾ ਹੋਣ ਕਰਕੇ ਉਨ੍ਹਾਂ ਕੁਝ ਹੋਰ ਕਰਨ ਦਾ ਸੋਚਿਆ ਸੀ।

ਭਾਰਤ ਦੇ ਵਿਚ ਹਾਈ ਕਮਿਸ਼ਨਰ ਦੀ ਜਗ੍ਹਾ ਕੁਝ ਸਮੇਂ ਤੋਂ ਇਸ ਕਰਕੇ ਖਾਲੀ ਚੱਲ ਰਹੀ ਸੀ ਕਿਉਂਕਿ ਉਥੇ ਦਸੰਬਰ 2016 ਤੋਂ ਨਿਯੁਕਤ ਹਾਈ ਕਮਿਸ਼ਨਰ ਮੈਡਮ ਜਾਓਨਾ ਕੈਂਪਕਰਜ਼ ਆਪਣੀ ਨੌਕਰੀ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਵਾਪਿਸ ਨਿਊਜ਼ੀਲੈਂਡ ਪਰਤ ਆਈ ਸੀ ਅਤੇ ਵਿਦੇਸ਼ ਮੰਤਰਾਲੇ ਦੇ ਵਿਚ ਡਿਵੀਜ਼ਨ ਮੈਨੇਜਰ (ਗਲੋਬਲ ਡਿਵੈਲਪਮੈਂਟ ਐਂਡ ਸਕਾਲਰਸ਼ਿਪ) ਵਜੋਂ ਸੇਵਾ ਕਰਨ ਲੱਗੀ ਸੀ। ਇਸ ਦੌਰਾਨ ਸ੍ਰੀ ਗ੍ਰਾਹਮ ਮੌਰਟਨ ਜੋ ਕਿ ਪ੍ਰਿੰਸੀਪਲ ਅਡਵਾਈਜ਼ਰ ਏਸ਼ੀਆ ਅਤੇ ਅਮਰੀਕਾ ਹਨ, ਇਹ ਕਾਰਜ ਵੇਖ ਰਹੇ ਸਨ ਪਰ ਉਹ ਵੀ ਵਿਦੇਸ਼ ਮੰਤਰੀ ਦੀ ਯਾਤਰਾ ਬਾਅਦ ਵਲਿੰਗਟਨ ਆ ਗਏ ਸਨ। ਇਸ ਤੋਂ ਬਾਅਦ ਸਾਰਾ ਕੰਮ ਡਿਪਟੀ ਹਾਈ ਕਮਿਸ਼ਨਰ ਏਰਿਨ ਡਨਕਨ ਵੇਖ ਰਹੀ ਸੀ। ਏਅਰ ਨਿਊਜ਼ੀਲੈਂਡ ਦੀਆਂ ਦਿੱਲੀ ਤੋਂ ਆਈਆਂ ਦੋ ਵਿਸ਼ੇਸ਼ ਫਲਾਈਟਾਂ 24 ਅਪ੍ਰੈਲ ਅਤੇ 30 ਅਪ੍ਰੈਲ ਨੂੰ ਏਰਿਨ ਨੇ ਖੁਦ ਏਅਰਪੋਰਟ ਉਤੇ ਕੀਵੀਆਂ ਦੀ ਸਹਾਇਤਾ ਕੀਤੀ ਸੀ। ਸ੍ਰੀ ਡੇਵਿਡ ਪਾਈਨ ਬੰਗਲਾਦੇਸ਼ ਅਤੇ ਨੇਪਾਲ ਦਾ ਕਾਰਜ ਵੀ ਵੇਖਣਗੇ। ਉਹ ਛੇਤੀਂ ਹੀ ਕਾਰਜ ਭਾਰ ਸੰਭਾਲਣਗੇ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਬੂਟੇ ਲਗਾਉਣ ਵਾਲੇ ਬੱਚੇ ਨੂੰ ਕੀਤਾ ਸਨਮਾਨਿਤ

**ਫਗਵਾੜਾ (ਬੀ ਕੇ ਰੱਤੂ)–** ਬੂਟਿਆਂ ਨੂੰ ਲਾਉਣਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਅੱਜ ਦੇ ਸਮੇ ਵਿੱਚ ਜਿੱਥੇ ਬਹੁਤ ਹੀ ਜਰੂਰੀ ਹੈ ਉਥੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਅਹਿਜੇ ਉਪਰਾਲੇ ਸ਼ਲਾਘਾਯੋਗ ਨੇ । ਅਜਿਹੇ ਹੀ ਕਾਰਜਾਂ ਵਿੱਚ ਜੁਟਿਆ ਇਤਿਹਾਸਕ ਪਿੰਡ ਚੱਕ ਹਕੀਮ ਦਾ 15 ਸਾਲਾਂ ਮਨੀਸ਼ ਬੰਗੜ ਸਰਕਾਰੀ ਹਾਈ



ਸਕੂਲ ਮੇਹਟਾਂ ਦੀ ਨੌਵੀਂ ਕਲਾਸ ਦਾ ਵਿਦਿਆਰਥੀ ਹੈ। ਸਕੂਲ ਦੀ ਪੜ੍ਹਾਈ ਦੇ ਨਾਲ-ਨਾਲ ਬੂਟੇ ਲਗਾਉਣ ਦਾ ਸੌਕ ਰੱਖਦਾ ਹੈ। ਮਨੀਸ਼ ਬੰਗੜ ਪਿਛਲੇ ਇੱਕ ਸਾਲ ਤੋਂ ਉੱਪਰ ਦੇ ਸਮੇਂ ਤੋਂ ਡਾ. ਬੀ ਆਰ ਅੰਬੇਡਕਰ ਮੈਮੋਰੀਅਲ ਸੇਂਟਰ ਜੀ.ਟੀ. ਰੋਡ ਚੱਕ ਹਕੀਮ ਵਿਖੇ ਫੁੱਲਦਾਰ, ਫਲਦਾਰ ਅਤੇ ਛਾਂ ਵਾਲੇ ਬੂਟੇ ਲਗਾ ਰਿਹਾ ਹੈ। ਮਨੀਸ਼ ਇੰਨਾ ਬੂਟਿਆਂ ਦੀ ਸਾਂਭ ਸੰਭਾਲ ਹਰ ਰੋਜ ਥੋੜ੍ਹਾ ਸਮਾਂ ਕੱਢ ਕੇ ਕਰਦਾ ਰਹਿੰਦਾ ਹੈ। ਇਨ੍ਹਾਂ ਬੂਟਿਆਂ ਵਿੱਚ ਬੋਹੜ, ਪਿੱਪਲ, ਨਿੰਮ ਆਦਿ ਜਿਕਰਯੋਗ ਹਨ। ਬੱਚੇ ਦਾ ਹੋਸਲਾ ਵਧਾਉਂਦੇ ਹੋਏ ਅੱਜ ਵਿਸਵ ਵਾਤਾਵਰਣ ਦਿਵਸ ਮੌਕੇ ਤੇ ਸਮਾਜ ਸੇਵੀ ਪ੍ਰਮਜੀਤ ਬੰਗੜ ਨੰਬਰਦਾਰ ਅਤੇ ਨਿਰਮਾਤਾ ਨਿਰਦੇਸ਼ਕ ਸੀਟੂ ਬਾਈ ਵਲੋਂ ਮਨੀਸ਼ ਬੰਗੜ ਨੂੰ ਸਕੂਲ ਕਾਪੀਆਂ ਅਤੇ ਸਟੇਸ਼ਨਰੀ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਪ੍ਰਮਜੀਤ ਬੰਗੜ ਅਤੇ ਸੀਟੂ ਬਾਈ ਨੇ ਕਿਹਾ ਕਿ ਸਮਾਜ ਸੇਵਾ ਵਾਲੇ ਹੋਰਨਾਂ ਕਾਰਜਾਂ ਦੇ ਨਾਲ ਨਾਲ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬੂਟੇ ਲਗਾਉਣਾ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਵੀ ਬਹੁਤ ਵਧੀਆ ਤੇ ਸ਼ਲਾਘਾਯੋਗ ਉਪਰਾਲੇ ਹਨ। ਜੋ ਸਮੇਂ ਸਮੇਂ ਸਾਨੂੰ ਸਾਰਿਆਂ ਨੂੰ ਕਰਦੇ ਰਹਿਣਾ ਚਾਹੀਦਾ ਹੈ। ਮਨੀਸ਼ ਬੰਗੜ ਦੇ ਇਸ ਕਾਰਜ ਅਤੇ ਪੜ੍ਹਾਈ ਵਿੱਚ ਸਹਿਯੋਗ ਕਰਨ ਲਈ ਨੰਬਰਦਾਰ ਪ੍ਰਮਜੀਤ ਬੰਗੜ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਬੱਚੇ ਦਾ ਪੂਰਨ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ ਦੁਰਗਾ ਦਾਸ ਅਤੇ ਬਿੰਦਰ ਆਦਿ ਹਾਜ਼ਰ ਸਨ।

# ਨਾਮਵਰ ਲੇਖਕ ਜਸਪਾਲ ਸਿੰਘ ਕੰਵਲ ਨੂੰ ਭਾਰੀ ਸਦਮਾ, ਜੀਵਨ-ਸਾਥਣ ਅਲਵਿਦਾ ਕਹਿ ਗਏ

**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਸਾਹਿਤਕ ਹਲਕਿਆਂ ਦੀ ਜਾਣੀ-ਪਛਾਣੀ ਸਖ਼ਸ਼ੀਅਤ, ਭਾਈ ਦਿੱਤ ਸਿੰਘ ਮਾਸਿਕ ਪੱਤ੍ਰਿਕਾ ਦੇ ਐਡੀਟਰ ਅਤੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਦੇ ਸੰਯੁਕਤ ਸਕੱਤਰ ਜਸਪਾਲ ਸਿੰਘ ਕੰਵਲ ਜੀ (89689 68397) ਅਤੇ ਸਮੂਹ 'ਕੰਵਲ ਪਰਿਵਾਰ ' ਨੂੰ ਉਸ ਵਕਤ ਭਾਰੀ ਸਦਮਾ ਪੁੱਜਿਆ ਜਦੋਂ ਉਨਾਂ ਦੀ ਜੀਵਨ-ਸਾਥਣ ਬੀਬੀ ਕਰਮਜੀਤ ਕੌਰ ਕੰਵਲ ਜੀ (70) ਇਸ ਸੰਸਾਰ ਨੂੰ 29 ਮਈ, 20 ਨੂੰ ਅਲਵਿਦਾ ਕਹਿ ਗਏ। ਬੀਬੀ ਕਰਮਜੀਤ ਕੌਰ ਜੀ ਐਮ. ਈ. ਐਸ. ਚੰਡੀਗੜ ਜੋਨ ਤੋਂ ਬਤੌਰ ਅਸਿੱਸਟੈਂਟ ਡਾਇਰੈਕਟਰ ਐਡਮਿਨ ਸੇਵਾ-ਮੁਕਤ ਸਨ ਅਤੇ ਅੱਜ-ਕਲ ਚੰਡੀਗੜ ਵਿਖੇ ਪੱਕੇ ਤੌਰ ਤੇ ਰਹਿ ਰਹੇ ਸਨ। ਉਹ ਆਪਣੇ ਪਿੱਛੇ ਬੇਟਾ ਰੁਪਿੰਦਰ ਸਿੰਘ ਅਤੇ ਦੋ ਬੇਟੀਆਂ ਸੰਨਸ਼ਾਈਨ ਕੰਵਲ ਅਤੇ ਗੁਰਪ੍ਰੀਤ ਕੰਵਲ ਜੀ ਨੂੰ ਰੋਂਦੇ-ਕੁਰਲਾਂਉਂਦੇ ਛੱਡ ਗਏ ਹਨ।

ਪ੍ਰਧਾਨ ਲਾਲ ਸਿੰਘ ਲਾਲੀ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਦੀ ਓਨ-ਲਾਈਨ ਹੋਈ ਇਕ ਸ਼ੋਕ-ਇਕੱਤਰਤਾ ਵਿਚ ਵਿਛੜੀ ਰੂਹ ਨੂੰ ਸੇਜਲ ਅੱਖਾਂ ਨਾਲ਼ ਸ਼ਰਧਾਜਲੀਆਂ ਭੇਂਟ ਕਰਦਿਆਂ ਉਨਾਂ ਨੂੰ ਆਪਣੇ ਚਰਨਾਂ 'ਚ ਥਾਂ ਦੇਣ ਅਤੇ ਪਿੱਛੇ ਉਨਾਂ ਦੇ ਦੁਖੀ ਸਮੁੱਚੇ 'ਕੰਵਲ-ਪਰਿਵਾਰ' ਨੂੰ ਇਹ ਅਸਹਿ ਸਦਮਾ ਸਹਿਣ ਦਾ ਬਲ ਬਖ਼ਸ਼ਣ ਲਈ ਅਕਾਲ-



ਪੁਰਖ ਅੱਗੇ ਦੁਆਵਾਂ ਕੀਤੀਆਂ ਗਈਆਂ। ਇਸ ਸ਼ੋਕ-ਇਕੱਤਰਤਾ ਵਿਚ ਲਾਲ ਸਿੰਘ ਲਾਲੀ, ਪ੍ਰੀਤਮ ਲੁਧਿਆਣਵੀ, ਪ੍ਰਿੰ. ਬਲਬੀਰ ਛਿੱਬੜ, ਪਿਆਰਾ ਸਿੰਘ ਰਾਹੀ, ਸ਼ਮਸ਼ੇਰ ਸਿੰਘ ਪਾਲ, ਕ੍ਰਿਸ਼ਨ ਰਾਹੀ, ਬਲਵੰਤ ਸੱਲਣ, ਲਛਮਣ ਸਿੰਘ ਮੇਹੋ, ਨਸੀਬ ਸਿੰਘ ਸੇਵਕ, ਜਰਨੈਲ ਹਸਨਪੁਰੀ, ਮੇਜਰ ਸਿੰਘ ਇਸੜੂ, ਸ਼ਿਵ ਸਿੰਘ ਬੱਲੀ, ਮਹਿੰਗਾ ਸਿੰਘ ਕਲਸੀ, ਗੁਰਵਿੰਦਰ ਗੁਰੀ, ਕੁਲਵਿੰਦਰ ਕੌਰ ਮਹਿਕ, ਵਰਿੰਦਰ ਕੌਰ ਰੰਧਾਵਾ, ਨਸੀਬ ਸਿੰਘ ਨਸੀਬ, ਸੰਨੀ ਊਨੇ ਵਾਲਾ, ਅਮਰ ਵਿਰਦੀ, ਥੰਮਣ ਸੈਣੀ, ਕ੍ਰਿਸ਼ਨ ਭੱਟੀ, ਸੱਤਪਾਲ ਲਖੋਤਰਾ, ਸੁਖਵਿੰਦਰ ਨੂਰਪੁਰੀ, ਬਲਜੀਤ ਫਿੱਡਿਆਂ ਵਾਲਾ, ਅਹੀਰ ਹੁਸ਼ਿਆਰਪੁਰੀ, ਫਤਹਿ ਸਿੰਘ ਬਾਗੜੀ, ਸੁਖਚਰਨ ਸਾਹੋਕੇ, ਕਸ਼ਮੀਰ ਘੇਸਲ, ਆਰ. ਕੇ. ਸਾਹੋਵਾਲੀਆ, ਪੰਨਾ ਲਾਲ ਮੁਸਤਫਾਬਾਦੀ, ਸੁਦਾਗਰ ਮੁੰਡੀ ਖੈੜ, ਪਲਵਿੰਦਰਜੀਤ ਪਾਲੀ, ਨਵਪ੍ਰੀਤ ਕੌਰ ਸੰਧੂ, ਕੰਵਰ ਗਰੇਵਾਲ, ਬਾਵਾ ਬੱਲੀ, ਵਿਨੋਦ ਪਾਠਕ ਹਠੂਰੀਆ, ਰਾਜੂ ਨਾਹਰ, ਬਲਵੰਤ ਸਿੰਘ ਮੁਸਾਫ਼ਿਰ, ਜਗਜੀਤ ਮੁਕਤਸਰੀ, ਮਨਦੀਪ ਕੌਰ ਪ੍ਰੀਤ ਮੁਕੇਰੀਆਂ, ਵਰਿਆਮ ਬਟਾਲਵੀ, ਜਸਪ੍ਰੀਤ ਕੌਰ ਮੁਕਤਸਰੀ, ਸੰਦੀਪ ਅਰਸ਼, ਛੀਨਾ ਬੇਗਮ ਸੋਹਣੀ ਅਤੇ ਤ੍ਰਿਪਤਾ ਬਰਮੌਤਾ ਆਦਿ ਸਾਹਿਤਕਾਰ ਸਾਥੀ ਸ਼ਾਮਲ ਸਨ। ਸਭਨਾਂ ਵਲੋਂ ਦੁਖੀ-ਪਰਿਵਾਰ ਲਈ ਸ਼ੋਕ-ਸੁਨੇਹੇ ਭੇਜੇ ਗਏ ਅਤੇ ਇਸ ਦੁੱਖ ਦੀ ਘੜੀ ਵਿਚ ਜਸਪਾਲ ਸਿੰਘ ਕੰਵਲ ਜੀ ਦੇ ਨਾਲ ਖੜੇ ਹੋਣ ਦਾ ਭਰੋਸਾ ਦਿਵਾਇਆ।

# ਐੱਨਐੱਫਐੱਲ ਨਵਾਂ ਨੰਗਲ ਨਾਲ ਆਈਟੀਆਈ ਨੰਗਲ ਵੱਲੋਂ ਟ੍ਰੇਨਿੰਗ ਸੰਬੰਧੀ ਐਮਓਯੂ ਸਾਈਨ

ਪੰਜਾਬ ਸਰਕਾਰ ਸੂਬੇ ਵਿੱਚ ਹੁਨਰ ਸਿਖਲਾਈ ਪ੍ਰਾਪਤ ਕਰ ਰਹੇ ਨੌਜੁਆਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਇਸ ਕੜ੍ਹੀ ਅਧੀਨ ਸਰਕਾਰੀ ਆਈ ਟੀ ਆਈ ਨੰਗਲ ਵੱਲੋਂ ਸਰਕਾਰੀ ਉਦਯੋਗਿਕ ਇਕਾਈ ਐੱਨ ਐੱਫ ਐੱਲ ਨਵਾਂ ਨੰਗਲ ਨਾਲ ਸਿਖਿਆਰਥੀਆਂ ਦੀ ਟ੍ਰੇਨਿੰਗ ਸੰਬੰਧੀ ਇੱਕ ਐਮ ਓ ਯੂ ਸਹੀਬੱਧ ਕੀਤਾ ਗਿਆ ਹੈ।। ਇਹ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਤਕਨੀਕੀ ਸਿਖਿਆ ਸੰਸਥਾ (ਆਈ. ਟੀ. ਆਈ.) ਨੰਗਲ ਲਲਿਤ ਮੋਹਨ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਪੰਜਾਬ ਰਾਣਾ ਕੇ ਪੀ ਸਿੰਘ ਅਤੇ ਤਕਨੀਕੀ ਸਿੱਖਿਆ



ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਗਤੀਸ਼ੀਲ ਅਗਵਾਈ ਹੇਠ ਅਤੇ ਡਾਇਰੈਕਟਰ ਤਕਨੀਕੀ ਸਿੱਖਿਆਂ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਭਾਰਤ ਸਰਕਾਰ ਦੇ ਡੀਜੀਈ ਐਂਡ ਟੀ ਵੱਲੋਂ ਸਿਖਿਆਰਥੀਆਂ ਦੀ ਟ੍ਰੇਨਿੰਗ ਨੂੰ ਮੁੱਖ ਰੱਖਦਿਆਂ ਡਿਊਲ ਸਿਸਟਮ ਆਫ ਟ੍ਰੇਨਿੰਗ ਸਕੀਮ ਤਹਿਤ ਸਹੀਬੱਧ ਕੀਤੇ ਗਏ ਹਨ।ਉਕਤ ਸਹੀਬੱਧ ਕੀਤੇ ਗਏ ਐਮਓਯੂ ਤਹਿਤ ਆਈਟੀਆਈ ਦੀਆਂ ਇਲੈਕਰੀਸ਼ਨ, ਵੈਲਡਰ, ਟਰਨਰ, ਫਿਟਰ, ਡਰਾਫਟਸਮੈਨ ਮਕੈਨੀਕਲ, ਮਸੀਨਿਸ਼ਟ, ਮਕੈਨਿਕ ਮੋਟਰ ਵਹੀਕਲ, ਕੰਮਪਿਊਟਰ, ਹਾਰਡ ਵੇਅਰ, ਕੰਮਪਿਊਟਰ ਨੈਟਵਰਕਿੰਗ ਮੈਨਟੀਨੈੱਸ ਕਾਰਪੇਂਟਰ ਅਤੇ ਪਲੰਬਰ ਟਰੇਡ ਤਹਿਤ ਵੱਖ ਵੱਖ 12 ਟਰੇਡਾਂ ਦੇ ਸਿਖਿਆਰਥੀਆਂ ਨੂੰ ਪਰੈਕਟੀਕਲ ਸਿਖਲਾਈ ਐਨ ਐਫ ਐਲ ਵਿਖੇ ਦਿੱਤੀ ਜਾਵੇਗੀ ਅਤੇ ਥਿਊਰੀ ਆਈਟੀਆਈ ਨੰਗਲ ਵਿਖੇ ਪੜਾਈ ਜਾਵੇਗੀ। ਪ੍ਰਿੰਸੀਪਲ ਨੇ ਦੱਸਿਆ ਕਿ ਇਸ ਸ਼ੈਸ਼ਨ ਤੋਂ ਫਿਟਰ ਅਤੇ ਵੈਲਡਰ ਟਰੇਡਾਂ ਵਿੱਚ ਉਕਤ ਸਕੀਮ ਤਹਿਤ ਦਾਖਲਾ ਕੀਤਾ ਜਾਵੇਗਾ।ਉਨਾ ਦੱਸਿਆ ਕਿ ਇੰਡਸਟਰੀ ਦੀ ਮੰਗ ਅਨੁਸਾਰ ਕਰਵਾਈ ਜਾਣ ਵਾਲੀ ਇਹ ਟਰੇਨਿੰਗ ਸਿੱਖਿਆਥੀਆਂ ਲਈ ਲਾਹੇਵੰਦ ਹੋਵੇਗੀ। ਇਸ ਮੌਕੇ ਐੱਨਐੱਫਐੱਲ ਦੇ ਮਹਾ ਪ੍ਰਬੰਧਕ ਰਾਕੇਸ਼ ਮਾਰਕਨ, ਡੀਜੀਐੱਮ ਐੱਚ ਆਰ ਮੈਡਮ ਰੇਨੂੰ ਆਰ ਪੀ ਸਿੰਘ, ਆਈਪੀ ਸਿੰਘ ਡੀਜੀਐੱਮ ਐੱਚਆਰ, ਡੀ ਐੱਸ ਤੋਮਰ ਚੀਫ ਮਨੇਜਰ ਐੱਚਆਰ , ਸੁਭੰਕਰ ਮਿੱਤਰਾ, ਗਰੁੱਪ ਇੰਸਟਰਕਟਰ ਗੁਰਨਾਮ ਸਿੰਘ ਭੱਲੜੀ , ਇੰਸ.ਅਜੈ ਕੌਸ਼ਲ, ਅਸ਼ਵਨੀ ਸ਼ਰਮਾ ਆਦਿ ਹਾਜਰ ਸਨ।

**– ਕੁਲਦੀਪ ਚੰਦ (9417563054)**

# ਜਾਗਰੂਕਤਾ ਮੁਹਿੰਮ ਤਹਿਤ ਡਿਊਟੀ ਮੈਜਿਸਟਰੇਟ ਅਤੇ ਘਨੌਰ ਪੁਲਿਸ ਨੇ ਮਾਸਕ ਵੰਡੇ

**ਰਾਜਪੁਰਾ–** ਕੋਰੋਨਾ ਵਾਇਰਸ ਦੇ ਫੈਲਾਅ ਤੋਂ ਬਚਣ ਲਈ ਜਨਤਕ ਥਾਵਾਂ ਤੇ ਜਾਣ ਸਮੇਂ ਮੂੰਹ ਮਾਸਕ ਪਾਉਣਾ, ਵਿਅਕਤੀਗਤ ਦੂਰੀ ਬਣਾਕੇ ਰੱਖਣਾ ਅਤੇ ਵਾਰ ਵਾਰ ਸਾਬਣ ਨਾਲ ਹੱਥ ਧੋਣ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਲੋੜ ਤੇ ਜ਼ੋਰ ਦੇਣ ਦੀ ਅਪੀਲ ਕੀਤੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡਿਊਟੀ ਮੈਜਿਸਟਰੇਟ ਇੰਜੀਨੀਅਰ



ਸਤਨਾਮ ਸਿੰਘ ਮੱਟੂ ਘਨੌਰ ਨੇ ਪੁਲਿਸ ਮੁਲਾਜ਼ਮਾਂ ਨਾਲ ਥਾਣੇ ਸਾਹਮਣੇ ਨਾਕੇ ਤੇ ਰਾਹਗੀਰਾਂ ਨੂੰ ਮਾਸਕ ਵੰਡ ਕੇ ਜਾਗਰੂਕ ਕਰਦਿਆਂ ਕੀਤਾ। ਉਹਨਾਂ ਨੇ ਦੱਸਿਆ ਕਿ ਲੋਕਾਂ ਵਿੱਚ ਜਾਗਰੂਕਤਾ ਮੁਹਿੰਮ ਨੂੰ ਪ੍ਰਬਲ ਕਰਨ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ। ਉਹਨਾਂ ਜਨਤਾ ਨੂੰ ਸਿਹਤ ਵਿਭਾਗ ਦੁਆਰਾ ਦੱਸੇ ਪ੍ਰਹੇਜ਼ ਅਤੇ ਸਰਕਾਰ ਦੀਆਂ ਦੀ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਸਰਕਾਰ ਦੀਆਂ ਹਦਾਇਤਾਂ ਮਾਸਕ ਨਾ ਪਹਿਨਣ ਤੇ 500ਰੁਪਏ, ਵਿਅਕਤੀਗਤ ਦੂਰੀ ਦੀ ਉਲੰਘਣਾ ਤੇ 500 ਰੁਪਏ ਅਤੇ ਦੁਕਾਨ ਦੇ ਅੰਦਰ ਉਪਰੋਕਤ ਉਲੰਘਣਾ ਕਰਨ ਤੇ ਦੁਕਾਨਦਾਰ ਨੂੰ 2000 ਰੁਪਏ ਜੁਰਮਾਨਾ ਹੋ ਸਕਦਾ ਹੈ।

ਸੋ ਮਾਸਕ ਵੰਡ ਕੇ ਜਨਤਾ ਵਿੱਚ ਇੱਕ ਜਾਗਰੂਕਤਾ ਪੈਦਾ ਕਰਨ ਅਤੇ



ਪ੍ਰੇਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਦੱਸਿਆ ਕਿ ਉਹ ਅੱਜ ਸਮੇਤ 400 ਤੋਂ ਜ਼ਿਆਦਾ ਲੋਕਾਂ ਨੂੰ ਮਾਸਕ ਅਤੇ ਜਲ ਸਪਲਾਈ ਮਹਿਕਮੇ ਦੇ ਮੁਲਾਜ਼ਮਾਂ ਨੂੰ 100 ਤੋਂ ਜ਼ਿਆਦਾ ਸੈਨੀਟਾਈਜ਼ਰ ਵੰਡ ਚੁੱਕੇ ਹਨ।ਇਸ ਸਮੇਂ ਉਹਨਾਂ ਨਾਲ ਤੇਜਪਾਲ ਸਿੰਘ ਥਾਣਾ, ਨਰਿੰਦਰ ਸਿੰਘ ਏ ਐਸ਼ ਆਈ, ਗੁਰਮੁਖ ਸਿੰਘ, ਤਲਵਿੰਦਰ ਸਿੰਘ, ਅਵਤਾਰ ਸਿੰਘ ਹੌਲਦਾਰ ਆਦਿ ਵੀ ਹਾਜਰ ਸਨ।

11-12 ਜੂਨ 1926 ਨੂੰ ਯਾਦ ਕਰਦਿਆਂ

# ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੁੱਗੋਵਾਲੀਆ

ਭਾਰਤ ਵਿਚ ਵਿਦੇਸ਼ੀ ਧਾੜਵੀਆਂ ਦੇ ਪ੍ਰਵੇਸ਼ ਤੋਂ ਪਹਿਲਾਂ ਇਸ ਦੇਸ਼ ਵਿਚ ਵਰਣ-ਵੰਡ ਵਰਗ-ਵੰਡ, ਜਾਤ-ਪਾਤ, ਊਚ-ਨੀਚ ਅਤੇ ਨਾ-ਬਰਾਬਰੀ ਵਰਗੀਆਂ ਕੁਰੀਤੀਆਂ ਨਹੀਂ ਸਨ। ਇੱਥੋਂ ਦੇ ਮੂਲ ਨਿਵਾਸੀ ਕੁਦਰਤੀ ਨਿਯਮਾਂ ਅਧੀਨ ਵਿਚਰਦੇ ਸਨ ਅਤੇ ਅੱਜ ਵਰਗੇ ਕਠੋਰ ਨੈਤਿਕ ਜਾਬਤੇ ਮੁੱਢ-ਕਦੀਮੀ ਲੋਕ ਧਰਮ ਦੇ ਅੰਗ ਨਹੀਂ ਸਨ। ਉਹ ਆਪਸੀ ਸਾਂਝ, ਮਿਲਵਰਤਨ, ਪ੍ਰੇਮ-ਪਿਆਰ, ਸਤਿਕਾਰ ਅਤੇ ਸਦਭਾਵਨਾ ਅਧੀਨ ਆਪਣਾ ਜੀਵਨ ਬਸਰ ਕਰਦੇ ਸਨ। ਉਹ ਦੁਨੀਆਂ ਦੀ ਮਹਾਨ ਸਭਿਅਤਾ ਸਿੰਧੂ ਘਾਟੀ ਅਤੇ ਮਾਨਵ-ਧਰਮ ਦੇ ਸਿਰਜਕ ਸਨ। ਪ੍ਰੰਤੂ ਆਰੀਅਨ ਦੇ ਆਉਣ ਉਪਰੰਤ ਸਿਆਸੀ ਕੂਟਨੀਤੀ ਅਧੀਨ ਇਸ ਮਾਨਵਵਾਦੀ ਵਿਵਸਥਾ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ। ਆਰੀਆ ਦੁਆਰਾ ਸਿਰਜੀ ਵਰਣ-ਵਿਵਸਥਾ ਸਮਾਂ ਪੈ ਕੇ ਅਨੇਕਾਂ ਜਾਤੀਆਂ ਵਿਚ ਪਰਿਵਰਤਿਤ ਹੋ ਗਈ ਅਤੇ ਫਿਰ ਸਦੀਆਂ ਤੋਂ ਭਾਰਤ ਦੇ ਆਦਿਵਾਸੀਆਂ ਲਈ ਇਹ ਇਕ ਤ੍ਰਾਸਦੀ ਹੋ ਨਿਬੜੀ। ਆਰੀਆਂ ਦੁਆਰਾ ਸਿਰਜੀ ਇਸ ਸਮਾਜਿਕ, ਧਾਰਮਿਕ ਤੇ ਆਰਥਿਕ ਵਿਵਸਥਾ ਨੇ ਇਸ ਦੇਸ਼ ਦੇ ਕਰੋੜਾਂ ਮੂਲ ਨਿਵਾਸੀਆਂ ਨੂੰ ਸ਼ੂਦਰ, ਅਤੀ ਸ਼ੂਦਰ, ਅਛੂਤ ਅਤੇ ਗੁਲਾਮ ਬਣਾ ਕੇ ਪਸ਼ੂਆਂ ਤੋਂ ਵੀ ਭੈੜਾ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ।

ਸਦੀਆਂ ਪਹਿਲਾਂ ਤਥਾਗਤ ਬੁੱਧ ਨੇ ਇਸ ਅਮਾਨਵੀ ਸਿਸਟਮ ਵਿਰੁੱਧ ਆਵਾਜ਼ ਬੁਲੰਦ ਕੀਤੀ, ਮੱਧਕਾਲੀਨ ਯੁੱਗ ਵਿਚ ਭਗਤੀ ਅੰਦੋਲਨ ਦੇ ਸ਼੍ਰੋਮਣੀ ਸੰਤਾਂ-ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਨਕ ਦੇਵ ਜੀ ਅਤੇ ਹੋਰ ਅਨੇਕ ਸੰਤਾਂ, ਮਹਾਂਪੁਰਖਾਂ ਨੇ ਆਰੀਆਂ ਦੇ ਇਸ ਅਤੀ ਘਿਨਾਉਣੇ ਸਿਸਟਮ ਵਿਰੁੱਧ ਕਈ ਸਦੀਆਂ ਨਿਰੰਤਰ ਸੰਘਰਸ਼ ਕੀਤਾ। 20ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸੰਤਮੱਤ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਅਧੀਨ ਪੰਜਾਬ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਅਗਵਾਈ ਅਧੀਨ ਆਦਿ-ਵਾਸੀਆਂ ਦੀ ਬਹੁਲਤਾ ਵਾਲੇ ਖੇਤਰ ਦੁਆਬੇ ਵਿਚੋਂ ਆਦਿ ਧਰਮ ਲਹਿਰ ਇਕ ਅੰਦੋਲਨ ਦੇ ਰੂਪ ਵਿਚ ਆਰੰਭ ਹੋ ਕੇ ਪੰਜ ਤੋਂ ਦਸ ਸਾਲ ਦੇ ਅਲਪ ਅਰਸੇ ਵਿਚ ਹੀ ਪੂਰੇ ਪੰਜਾਬ ਵਿਚ ਫੈਲ ਗਈ।

ਮੈਨੂੰ ਇਸ ਗੱਲ ਦਾ ਫਖਰ ਹੈ ਕਿ ਇੰਗਲੈਂਡ ਨਿਵਾਸੀ ਸ੍ਰੀ ਮੰਗੂ ਰਾਮ ਜਸਪਾਲ ਵੱਲੋਂ ਮਾਡਲ ਟਾਊਨ, ਜਲੰਧਰ ਤੋਂ ਫਰਵਰੀ 1970 ਵਿਚ ਸਪਤਾਹਿਕ 'ਰਵਿਦਾਸ ਪੱਤ੍ਰਿਕਾ' ਪ੍ਰਕਾਸ਼ਿਤ ਕੀਤੇ ਜਾਣ ਉਪਰੰਤ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਜਨਰਲ ਸਕੱਤਰ ਚੌ. ਹਜ਼ਾਰਾ ਰਾਮ ਪਿੱਪਲਾਂਵਾਲਾ ਦੇ ਅੰਤਿਮ ਸਮੇਂ (ਕ੍ਰਮਵਾਰ 1980 ਅਤੇ 1983) ਤੱਕ ਇਹਨਾਂ ਮਹਾਨ ਸ਼ਖਸੀਅਤਾਂ ਦੀ ਸੰਗਤ ਮਾਨਣ ਅਤੇ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਦਾ ਰਿਹਾ। ਜਿੱਥੇ ਸਮਾਜ ਦੇ ਇਹਨਾਂ ਨਿਧੜਕ ਜਰਨੈਲਾਂ ਦੇ ਜੀਵਨ ਨੂੰ ਨੇੜਿਉਂ ਤੱਕਣ ਦਾ ਅਵਸਰ ਮਿਲਿਆ, ਉਥੇ ਆਦਿ ਧਰਮ ਮੰਡਲ ਦੀ ਸਥਾਪਨਾ, ਇਸਦੇ ਉਦੇਸ਼ਾਂ, ਸੰਘਰਸ਼ਾਂ, ਸ਼ਾਨਦਾਰ ਪ੍ਰਾਪਤੀਆਂ ਅਤੇ ਇਸਦੇ ਪਤਨ ਲਈ ਜ਼ਿੰਮੇਵਾਰ ਸਥਿਤੀਆਂ, ਸ਼ਖਸੀਅਤਾਂ ਅਤੇ ਕਾਰਨਾਂ ਦੇ ਪ੍ਰਗਟਾਵਿਆਂ ਦੇ ਚਿੱਤਰ ਅੱਜ ਵੀ ਮੇਰੇ ਮਨ ਦੀ ਕੈਨਵਸ 'ਤੇ ਉਲੀਕੇ ਪਏ ਹਨ।

ਭਾਰਤੀ ਸਮਾਜ ਦੀ ਵਰਣ-ਵੰਡ, ਜਾਤ-ਪਾਤ ਅਤੇ ਛੂਤ-ਛਾਤ ਸਰੰਚਨਾ ਅਧੀਨ ਬਾਬੂ ਮੰਗੂ ਰਾਮ ਉਚੇਰੀ ਵਿੱਦਿਆ ਪ੍ਰਾਪਤ ਨਾ ਕਰ ਸਕੇ। ਪੜ੍ਹਾਈ ਵਿਚ ਹੁਸ਼ਿਆਰ ਹੋਣ ਦੇ ਬਾਵਜੂਦ ਹਾਈ ਸਕੂਲ ਵਿਚ ਦਾਖਲ ਹੁੰਦਿਆਂ ਹੀ ਉਹਨਾਂ ਨੂੰ ਕਥਿਤ ਰਾਸ਼ਟਰ ਨਿਰਮਾਤਾ ਸਕੂਲ ਅਧਿਆਪਕਾਂ, ਚਪੜਾਸੀਆਂ ਅਤੇ ਵਿਦਿਆਰਥੀਆਂ ਦੇ ਘ੍ਰਿਣਤ ਵਤੀਰੇ ਦਾ ਸ਼ਿਕਾਰ ਹੋ ਕੇ ਪੜ੍ਹਾਈ ਵਿਚ ਹੀ ਛੱਡਣੀ ਪਈ। ਦਸੰਬਰ 1909 ਦੌਰਾਨ 23 ਸਾਲ ਦੀ ਉਮਰ ਵਿਚ ਖੁਸ਼ਹਾਲ ਜੀਵਨ ਦੀਆਂ ਸੱਧਰਾਂ ਲੈ ਕੇ ਅਮਰੀਕਾ ਪਹੁੰਚਣ ਤੋਂ ਪਹਿਲਾਂ ਉਹ ਆਪਣੇ ਪਿਤਾ ਜੀ ਅਤੇ ਭਰਾਵਾਂ ਦੇ ਨਾਲ ਦੇਹਰਾਦੂਨ ਦੇ ਵਿਕਾਸ ਨਗਰ ਵਿਖੇ ਚਮੜੇ ਦੇ ਵਿਉਪਾਰ ਵਿਚ ਉਹਨਾਂ ਦੀ ਸਹਾਇਤਾ ਵੀ ਕਰਦੇ ਰਹੇ। 1913 ਵਿਚ ਉਹ ਅਮਰੀਕਾ ਵਿਖੇ ਭਾਰਤ ਦੀ ਸੁਤੰਤਰਤਾ ਲਈ ਸਾਨਫਰਾਂਸਿਸਕੋ ਵਿਖੇ ਸਥਾਪਤ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਪੂਰੀ ਤਨਦੇਹੀ ਨਾਲ ਪਾਰਟੀ ਵੱਲੋਂ ਲਾਈਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਅਤੇ ਕਈ ਪ੍ਰਕਾਰ ਦੀਆਂ ਦੁਸ਼ਵਾਸੀਆਂ ਦਾ ਸਾਹਮਣਾ ਕਰਦਿਆਂ ਸੰਘਰਸ਼ਸ਼ੀਲ ਰਹੇ।

ਭਾਰਤ ਵਿਚ ਜਾਤ-ਪਾਤ, ਛੂਤ-ਛਾਤ ਦੀ ਸਮਾਜਿਕ ਲਾਹਨਤ ਨੇ ਵਿਦੇਸ਼ੀ ਭਾਰਤੀਆਂ ਨੂੰ ਵੀ ਆਪਣਾ ਸ਼ਿਕਾਰ ਬਣਾਈ ਰੱਖਿਆ ਹੈ। ਇਸੇ ਦਰਦ ਨੂੰ ਦਿਲ ਵਿਚ ਲੁਕੋਈ ਗਦਰ ਪਾਰਟੀ ਵੱਲੋਂ ਸੌਂਪੇ ਗਏ ਕੰਮਾਂ ਨੂੰ ਸਰਅੰਜ਼ਾਮ ਦਿੰਦੇ, ਪੂਰਬੀ ਦੇਸ਼ਾਂ 'ਚੋਂ ਘੁੰਮਦੇ-ਘੁੰਮਾਉਂਦੇ ਬਾਬੂ ਮੰਗੂ ਰਾਮ ਸ੍ਰੀਲੰਕਾ ਰਾਹੀਂ ਦੱਖਣੀ ਭਾਰਤ ਵਿਚਲੇ ਵਿਭਿੰਨ ਪ੍ਰਾਂਤਾਂ ਦੇ ਅਛੂਤਾਂ ਦੀ ਦਰਦਨਾਕ ਦਸ਼ਾ ਦੇ ਪੀੜਾਂ ਭਰੇ ਚਿੱਤਰਾਂ ਨੂੰ ਆਪਣੇ ਦਿਲ ਅੰਦਰ ਸਮੋਈ 1925 ਵਿਚ ਵਾਪਸ ਪੰਜਾਬ ਪਰਤ ਆਏ।

## ਆਦਿ ਧਰਮ ਲਹਿਰ ਦੀ ਸਥਾਪਨਾ

ਵਤਨ ਪਰਤ ਕੇ ਬਾਬੂ ਮੰਗੂ ਰਾਮ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਸੀ, ਅਛੂਤਾਂ ਦੀ ਦਰਿਦ੍ਰਤਾ ਅਤੇ ਦੁਰਦਸ਼ਾ ਭਰੀ ਸਥਿਤੀ ਅਤੇ ਇਸ ਸਮਾਜਿਕ ਵਿਵਸਥਾ ਨੂੰ ਕਿਵੇਂ ਪਰਿਵਰਤਿਤ ਕੀਤਾ ਜਾਵੇ। ਇਸ ਸਬੰਧੀ ਨਿਰੰਤਰ ਚਿੰਤਨ ਅਤੇ ਡੂੰਘੀ ਸੋਚ ਵਿਚੋਂ ਹੀ 11-12 ਜੂਨ 1926 ਨੂੰ ਬਾਬੂ ਜੀ ਦੇ ਆਪਣੇ ਹੀ ਪਿੰਡ ਮੁਗੋਵਾਲ ਵਿਖੇ ਹਜ਼ਾਰਾਂ ਅਛੂਤਾਂ ਦੇ ਭਰਵੇਂ ਇਕੱਠ ਵਿਚ 'ਆਦਿ ਧਰਮ' ਦੀ ਸਥਾਪਨਾ ਹੋਈ। 1925 ਦੇ ਆਰੰਭ ਵਿਚ ਵਿਦੇਸ਼ੋਂ ਪਰਤਦਿਆਂ ਹੀ ਪੰਜਾਬ ਦੇ ਅਛੂਤਾਂ ਦੀ ਜ਼ਿੰਦਗੀ ਵਿਚ ਖੁਸ਼ਹਾਲੀ ਅਤੇ ਬਹਾਰ ਲਿਆਉਣ ਲਈ ਬਾਬੂ ਮੰਗੂ ਰਾਮ ਨੇ ਦੁਆਬੇ ਦੇ ਅਗਾਂਹਵਧੂ ਸੋਚ ਰੱਖਣ ਵਾਲੇ ਅਛੂਤ ਸਾਥੀਆਂ ਦੇ ਸਹਿਯੋਗ ਨਾਲ ਮੂਲ ਨਿਵਾਸੀਆਂ ਦੇ ਸਮਾਨ ਅਧਿਕਾਰਾਂ ਪ੍ਰਤੀ ਜਨ-ਚੇਤਨਾ ਪੈਦਾ ਕਰਨ ਲਈ ਅਨੇਕ ਪਿੰਡਾਂ ਵਿਚ ਜਲਸੇ ਤੇ ਮੀਟਿੰਗਾਂ ਕੀਤੀਆਂ। ਸਿੱਟੇ ਵਜੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਜਾਗਰਿਤ ਪਿੰਡਾਂ ਦੇ ਅਨੇਕਾਂ ਨੌਜਵਾਨਾਂ ਦਾ ਭਰਪੂਰ ਸਹਿਯੋਗ ਉਹਨਾਂ ਨੂੰ ਪ੍ਰਾਪਤ ਹੋਇਆ। ਪਿੰਡ ਮੁਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 11-12 ਜੂਨ 1926 ਨੂੰ ਅਛੂਤਾਂ ਦੇ ਹੋਏ ਬੇਮਿਸਾਲ ਇਕੱਠ ਵਿਚ ਬੇਪਨਾਹ ਜਜ਼ਬੇ ਅਤੇ ਉਤਸ਼ਾਹ ਨਾਲ ਲਬਰੇਜ਼ ਤਤਕਾਲੀਨ ਨੌਜਵਾਨਾਂ ਨੇ ਬਾਬੂ ਮੰਗੂ ਰਾਮ ਦੀ ਰਹਿਨੁਮਾਈ ਹੇਠ ਹਿੰਦੂ ਧਰਮ ਵਿਰੁੱਧ ਬਗਾਵਤ ਦਾ ਬਿਗਲ ਵਜਾਉਂਦਿਆਂ ਇਕ ਨਵੇਂ ਧਰਮ ਦਾ ਆਗਾਜ਼ ਕੀਤਾ।

ਪੰਜਾਬ ਦੇ ਅਛੂਤਾਂ ਲਈ 'ਆਦਿ ਧਰਮ' ਦੀ ਸਿਰਜਣਾ ਕਰਦਿਆਂ ਬੇਮਿਸਾਲ ਇਕੱਠ ਵਿਚ ਪਾਸ ਹੋਏ ਮਤਿਆਂ ਦੇ ਰੂਪ ਵਿਚ ਹਜ਼ਾਰਾਂ ਸਾਲਾਂ ਤੋਂ ਪੀੜਾ ਭੋਗ ਰਹੇ ਮੂਲ ਨਿਵਾਸੀਆਂ ਦਾ ਪਹਿਲਾ 'ਐਲਾਨਨਾਮਾ' ਜਾਰੀ ਕੀਤਾ ਗਿਆ। ਜਿਸ ਵਿਚੋਂ ਕੁਝ ਨੁਕਤੇ ਇਥੇ ਪੇਸ਼ ਹਨ:

(ੳ) ਅਸੀਂ ਹਿੰਦੂ ਨਹੀਂ ਹਾਂ। ਅਸੀਂ ਹਿੰਦੂ ਧਰਮ ਦਾ ਹਿੱਸਾ ਨਹੀਂ ਹਾਂ ਅਤੇ ਨਾ ਹੀ ਹਿੰਦੂ ਸਾਡਾ ਹਿੱਸਾ ਹਨ।

(ਅ) ਮਰਦਸ਼ੁਮਾਰੀ ਵਿਚ ਆਦਿ ਧਰਮ ਨੂੰ ਵੱਖਰੇ ਧਰਮ ਵਜੋਂ ਸ਼ਾਮਲ ਕੀਤਾ ਜਾਵੇ ਅਤੇ ਸਾਨੂੰ ਹਿੰਦੂਆਂ ਦੇ ਬਰਾਬਰ ਹੱਕ ਦਿੱਤੇ ਜਾਣ।

(ੲ) ਜਿਹੜੇ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦਿਖਾਉਂਦੇ ਹਨ, ਉਹਨਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਅਜਿਹੀਆਂ ਪੁਸਤਕਾਂ ਨੂੰ ਮੰਨਣਾ ਇਕ ਨੈਤਿਕ ਪਾਪ ਹੈ।


ਡਾ. ਜੀ. ਸੀ. ਕੌਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਹੋਰਾਂ ਦੇ ਨਾਲ ਡਾ. ਜੀ. ਸੀ. ਕੌਲ

(ਸ) ਉਹ ਸ਼ਾਸਤਰ, ਜਿਵੇਂ ਕਿ ਮਨੂੰ ਸਿਮ੍ਰਿਤੀ, ਜਿਹੜੇ ਅਛੂਤਾਂ ਨੂੰ ਗੁਲਾਮ ਬਣਾਉਂਦੇ ਹਨ, ਦੇ ਉਪਰ ਪਾਬੰਦੀ ਲਾਈ ਜਾਵੇ ਅਤੇ ਜ਼ਬਤ ਕੀਤੇ ਜਾਣ। ਇਹ ਪੁਸਤਕਾਂ ਸਾਡੀ ਤਰੱਕੀ ਦੇ ਰਾਹ ਵਿਚ ਰੁਕਾਵਟ ਬਣ ਚੁੱਕੀਆਂ ਹਨ।

(ਹ) ਅਛੂਤਾਂ ਦੇ ਬੱਚਿਆਂ ਨੂੰ ਖਾਸ ਵਜ਼ੀਫੇ ਅਤੇ ਵਿੱਦਿਆ ਦਿੱਤੀ ਜਾਵੇ।

(ਕ) ਸਾਨੂੰ ਵੀ ਦੂਜਿਆਂ ਵਾਂਗ ਗ੍ਰਾਂਟਾਂ ਮਿਲਣੀਆਂ ਚਾਹੀਦੀਆਂ ਹਨ। ਅਛੂਤਾਂ ਲਈ ਵਿਸ਼ੇਸ਼ ਸਕੂਲਾਂ ਦੀ ਸਥਾਪਨਾ ਕੀਤੀ ਜਾਵੇ।

(ਖ) ਅਛੂਤ ਜਿਹਨਾਂ ਘਰਾਂ ਵਿਚ ਰਹਿੰਦੇ ਹਨ, ਉਹਨਾਂ ਨੂੰ ਇਹਨਾਂ ਘਰਾਂ ਦੀ ਮਾਲਕੀ ਦੇ ਯੋਗ ਬਣਾਇਆ ਜਾਵੇ। ਰਈਅਤਨਾਮਾ ਅਤੇ ਇਹੋ ਜਿਹੀਆਂ ਹਰ ਸ਼ਰਤਾਂ ਨੂੰ ਖਤਮ ਕੀਤਾ ਜਾਵੇ।

(ਗ) ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਮਹਿਕਮਿਆਂ ਨੂੰ ਚਿਤਾਵਨੀਆਂ ਜਾਰੀ ਕਰਕੇ ਕਿਸੇ ਨੂੰ ਵੀ ਅਛੂਤਾਂ ਤੋਂ, ਬਿਨਾਂ ਮਜ਼ਦੂਰੀ ਦਿੱਤਿਆਂ (ਬੇਗਾਰ) ਕੰਮ ਕਰਾਉਣ ਦਾ ਹੱਕ ਨਹੀਂ।

## ਆਦਿ ਧਰਮ ਦੇ ਕੁਝ ਮੁਢਲੇ ਸਿਧਾਂਤ ਤੇ ਫਰਜ਼

ਹਰ ਧਰਮ ਦੇ ਕੁਝ ਮੁਢਲੇ ਸਿਧਾਂਤ, ਸੰਕਲਪ ਅਤੇ ਅਸੂਲ ਹੁੰਦੇ ਹਨ। ਇਹ ਅਸੂਲ, ਨਿਯਮ ਅਤੇ ਰਹਿਤ ਮਰਿਆਦਾ ਹੀ ਕਿਸੇ ਨਵੇਂ ਧਰਮ ਦੀ ਵਿਸ਼ੇਸ਼ ਪਹਿਚਾਣ ਬਣਦੀ ਹੈ। ਉਪਰੋਕਤ ਕੁਝ ਇਕ ਅਹਿਮ ਨੁਕਤਿਆਂ ਤੋਂ ਇਲਾਵਾ ਆਦਿ ਧਰਮ ਦੇ ਮੁਢਲੇ ਸਿਧਾਂਤ ਅਤੇ ਆਦਿ ਧਰਮੀਆਂ ਦੇ ਫਰਜ਼ ਵੀ ਵਾਚਣਯੋਗ ਹਨ। ਇਹਨਾਂ ਅਸੂਲਾਂ, ਸਿਧਾਂਤਾਂ ਅਤੇ ਫਰਜ਼ਾਂ ਨੂੰ ਵਾਚ ਕੇ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਬਾਬੂ ਮੰਗੂ ਰਾਮ ਅਤੇ ਉਹਨਾਂ ਦੇ ਸਾਥੀ ਲੱਗਭੱਗ 94 ਸਾਲ ਪਹਿਲਾਂ ਅਰਥਾਤ 1926 ਵਿਚ ਵੀ ਮੂਲਨਿਵਾਸੀਆਂ ਦੀ ਸਮਾਜਿਕ, ਆਰਥਿਕ ਅਤੇ ਨੈਤਿਕ ਉਨਤੀ ਪ੍ਰਤੀ ਕਿੰਨੇ ਸੁਚੇਤ ਅਤੇ ਦੂਰਦਰਸ਼ੀ ਸਨ। ਸਾਡਾ ਸਮਾਜ ਤਾਂ ਅੱਜ ਵੀ ਇਨ੍ਹਾਂ ਕਮੀਆਂ, ਕੁਰੀਤੀਆਂ ਨੂੰ ਤਿਆਗ ਨਹੀਂ ਸਕਿਆ। ਆਦਿ ਧਰਮ ਦੇ ਮੁਢਲੇ ਸਿਧਾਂਤ ਅਤੇ ਆਦਿ ਧਰਮੀਆਂ ਦੇ ਫਰਜ਼ ਅਜੋਕੇ ਸਮਾਜ ਦੇ ਵਿਕਾਸ ਲਈ ਪਹਿਲਾਂ ਨਾਲੋਂ ਵੀ ਵੱਧ ਲੋੜੀਂਦੇ ਤੇ ਸਾਰਥਕ ਹਨ:

(ੳ) ਮੂਰਤੀ ਪੂਜਾ ਦੇ ਤਿਆਗ ਕਰੋ। ਜਾਦੂ-ਟੂਣਿਆਂ, ਵਹਿਮਾਂ-ਭਰਮਾਂ ਅਤੇ ਭੂਤਾਂ-ਪ੍ਰੇਤਾਂ ਦੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

(ਅ) ਆਦਿ ਧਰਮੀਆਂ ਨੂੰ ਚੋਰੀ, ਫਰਾਡ, ਝੂਠ, ਬੇਈਮਾਨੀ, ਕਿਸੇ ਦੂਸਰੇ ਦੀ ਪਤਨੀ ਵੱਲ ਭੈੜੀ ਨਜ਼ਰ ਨਾਲ ਤੱਕਣਾ, ਕਿਸੇ ਚੀਜ਼ ਦੀ ਵਰਤੋਂ ਕਰਨਾ ਜੋ ਨਸ਼ਾ ਚੜ੍ਹਾਉਂਦੀ ਹੋਵੇ, ਜੂਏਬਾਜ਼ੀ, ਕਿਸੇ ਦੂਸਰੇ ਵਿਅਕਤੀ ਦੀ ਜਾਇਦਾਦ ਜਾਂ ਵਸਤੂ ਨੂੰ ਜਬਰਦਸਤੀ ਪ੍ਰਾਪਤ ਕਰਨਾ, ਇਹ ਸਭ ਕੁਝ ਕੁਦਰਤ ਦੇ ਸਿਧਾਂਤ ਦੇ ਉਲਟ ਹੈ। ਇਸ ਲਈ ਇਹ ਆਦਿ ਧਰਮ ਦੇ ਸਿਧਾਂਤ ਦੇ ਉਲਟ ਹੈ।

(ੲ) ਗਿਆਨ ਨੂੰ ਗ੍ਰਹਿਣ ਕਰਨਾ, ਭਾਲਣਾ, ਤਰੱਕੀ ਨੂੰ ਪ੍ਰਾਪਤ ਕਰਨਾ ਅਤੇ ਭਾਲਣਾ ਹਰ ਆਦਮੀ ਅਤੇ ਔਰਤ ਲਈ ਜ਼ਰੂਰੀ ਹੈ।

(ਸ) ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ।

(ਹ) ਲੜਕੇ ਅਤੇ ਲੜਕੀ ਦੇ ਜਨਮ 'ਤੇ ਇਕੋ ਜਿਹੀ ਆਪਾਰ ਖੁਸ਼ੀ ਮਨਾਉਣੀ ਚਾਹੀਦੀ ਹੈ।

(ਕ) ਲੜਕੀਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ, ਖਾਸ ਕਰਕੇ ਘਰੇਲੂ ਕੰਮਾਂ ਅਤੇ ਸਿਲਾਈ ਕਢਾਈ ਦੀ।

(ਖ) ਮਰੇ ਪਸ਼ੂ ਜਾਂ ਪੰਛੀ ਦਾ ਮੀਟ ਖਾਣਾ ਆਦਿ ਧਰਮ ਦੇ ਨਿਯਮਾਂ ਦੇ ਵਿਰੁੱਧ ਹੈ।

(ਗ) ਸ਼ਰਾਬ ਜਾਂ ਕੋਈ ਹੋਰ ਨਸ਼ਾ ਬਿਮਾਰੀ ਦੀ ਹਾਲਤ ਤੋਂ ਬਿਨਾਂ ਵਰਤਣਾ ਇਕ ਪਾਪ ਹੈ।

(ਘ) ਬਾਲ ਵਿਆਹ ਅਤੇ ਖਰਚੀਲੇ ਵਿਆਹਾਂ ਦੀ ਪੂਰਨ ਮਨਾਹੀ ਕਰਵਾਉਣਾ।

(ਙ) ਆਦਿ ਧਰਮੀਆਂ ਨੂੰ ਸਾਰੇ ਪਿੰਡਾਂ ਵਿਚ ਦੁਕਾਨਾਂ ਅਤੇ ਕਾਰੋਬਾਰ ਖੋਲ੍ਹਣੇ ਚਾਹੀਦੇ ਹਨ।

(ਚ) ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ ਪਿਆਰ ਵਿਚ ਵਾਧਾ ਕਰਨ।

ਇਥੇ ਲੇਖ ਦੇ ਵਿਸਤ੍ਰਿਤ ਹੋਣ ਦੇ ਡਰ ਕਾਰਨ ਸਿਰਫ ਕੁਝ ਇਕ ਮਹੱਤਵਪੂਰਨ ਨੁਕਤਿਆਂ ਦਾ ਹੀ ਜ਼ਿਕਰ ਕੀਤਾ ਗਿਆ ਹੈ, ਉਂਝ ਆਦਿ ਧਰਮ ਦੇ ਸਿਧਾਂਤਾਂ ਅਤੇ ਆਦਿ-ਧਰਮੀਆਂ ਦੇ ਫਰਜ਼ਾਂ ਅਤੇ ਹਦਾਇਤਾਂ ਦੀ ਕੁੱਲ ਗਿਣਤੀ 78 ਹੈ।

ਬਾਬੂ ਜੀ ਨੇ ਜਲੰਧਰ ਨੂੰ ਆਦਿ ਧਰਮ ਦੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ ਅਤੇ ਇੱਥੇ ਹੀ ਬੜੀਆਂ ਬੋਝਲ ਆਰਥਿਕ ਕਠਿਨਾਈਆਂ ਦੇ ਬਾਵਜੂਦ ਆਪਣੇ ਸੁਹਿਰਦ ਅਤੇ ਪ੍ਰਤੀਬੱਧ ਸਾਥੀਆਂ, ਵਿਸ਼ੇਸ਼ ਕਰਕੇ ਸੇਠ ਕਿਸ਼ਨ ਦਾਸ ਬੂਟਾ ਮੰਡੀ ਦੇ ਸਹਿਯੋਗ ਨਾਲ 35 ਮਰਲੇ ਦਾ ਪਲਾਟ ਖਰੀਦ ਕੇ ਮੁਹੱਲਾ ਕਿਸ਼ਨਪੁਰਾ, ਜਲੰਧਰ (ਨੇੜੇ ਰੇਲਵੇ ਸਟੇਸ਼ਨ) ਵਿਖੇ ਸੰਸਥਾ ਦਾ ਕੇਂਦਰੀ ਦਫ਼ਤਰ ਕਾਇਮ ਕੀਤਾ। ਕਮਰਿਆਂ ਦੀ ਉਸਾਰੀ ਵਿਚ ਸੇਠ ਲੱਭੂ ਰਾਮ, ਸੁੱਚੀ ਪਿੰਡ ਜੋ ਇੱਟਾਂ ਦੇ ਭੱਠੇ ਦਾ ਮਾਲਕ ਸੀ, ਚੌ. ਦਸੌਂਧਾ ਸਿੰਘ ਪਿੰਡ ਢਾਡਾ, ਨੇੜੇ ਮਾਹਿਲਪੁਰ ਜੋ ਫਿਜ਼ੀ ਵਿਚ ਰਹਿੰਦੇ ਸਨ ਅਤੇ ਸੇਠ ਕਿਸ਼ਨ ਦਾਸ, ਸੇਠ ਸੁੰਦਰ ਦਾਸ ਬੂਟਾਂ ਮੰਡੀ ਦੇ ਵਿਸ਼ੇਸ਼ ਆਰਥਿਕ ਸਹਿਯੋਗ ਸਮੇਤ ਹੋਰ ਵੀ ਬਹੁਤ ਸਾਰੇ ਦੇਸੀ ਤੇ ਵਿਦੇਸ਼ੀ ਆਦਿ ਧਰਮੀਆਂ ਨੇ ਮਾਇਕ ਸਹਾਇਤਾ ਪ੍ਰਦਾਨ ਕੀਤੀ। ਜਲੰਧਰ ਵਿਖੇ ਸੰਸਥਾ ਦਾ ਕੇਂਦਰੀ ਦਫ਼ਤਰ ਸਥਾਪਤ ਕਰਨ ਉਪਰੰਤ ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਬਹੁਤ ਸਾਰੇ ਸੁਚੱਜੇ, ਸੂਝਵਾਨ ਅਤੇ ਦੂਰਅੰਦੇਸ਼ ਸਾਥੀ ਜਿਥੇ ਮੂਲਨਿਵਾਸੀਆਂ ਦੀ ਸਮਾਜਿਕ, ਆਰਥਿਕ ਅਤੇ ਧਾਰਮਿਕ ਦਸ਼ਾ ਪਰਿਵਰਤਿਤ ਕਰਨ ਲਈ ਸੰਘਰਸ਼ਸ਼ੀਲ ਹੋਏ, ਉਥੇ ਆਪਣੇ ਲੋਕਾਂ ਵਿਚ ਰਾਜਨੀਤਿਕ ਸੂਝ ਅਤੇ ਚੇਤਨਾ ਪੈਦਾ ਕਰਨ ਹਿੱਤ ਵੀ ਨਿਰੰਤਰ ਯਤਨਸ਼ੀਲ ਹੋ ਗਏ। 1927 ਵਿਚ ਆਦਿ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਪੰਜਾਬੀ ਵਿਚ ਹਫਤਾਵਾਰ 'ਆਦਿ ਡੰਕਾ' ਅਤੇ 1930 ਵਿਚ ਇਹੀ ਅਖ਼ਬਾਰ ਉਰਦੂ ਵਿਚ ਵੀ ਪ੍ਰਕਾਸ਼ਿਤ ਕੀਤਾ ਜਾਣ ਲੱਗਾ। ਸ਼ੁਰੂ ਵਿਚ ਇਸ ਪੇਪਰ ਦੀ ਸੰਪਾਦਨਾ ਬਾਬੂ ਜੀ ਨੇ ਖੁਦ ਕੀਤੀ, ਪਰ ਉਹਨਾਂ ਆਦਿ ਧਰਮ ਦੇ ਨਿਰੰਤਰ ਕੰਮ ਦਾ ਵਧੇਰੇ ਬੋਝ ਹੋਣ ਕਾਰਨ ਸ੍ਰੀ ਰਾਮ ਚੰਦ ਖੇੜਾ, ਨਜ਼ਦੀਕ ਮਾਹਿਲਪੁਰ ਨੂੰ ਸੰਪਾਦਕ ਅਤੇ ਸ੍ਰੀ ਸੰਤ ਰਾਮ ਆਜ਼ਾਦ, ਪਿੰਡ ਨੰਗਲ ਸ਼ਹੀਦਾਂ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਉਪ ਸੰਪਾਦਕ ਨਿਯੁਕਤ ਕਰ ਦਿੱਤਾ। ਹਫਤਾਵਾਰੀ 'ਆਦਿ ਡੰਕਾ' ਪੇਪਰ ਤੋਂ ਇਲਾਵਾ ਜਨ ਚੇਤਨਾ ਪੈਦਾ ਕਰਨ, ਸਮਾਜਿਕ ਤੇ ਧਾਰਮਿਕ ਕੁਰੀਤੀਆਂ ਦਾ ਤਿਆਗ ਕਰਨ ਅਤੇ ਵਿੱਦਿਆ ਪ੍ਰਤੀ ਚੇਤਨਾ ਪੈਦਾ ਕਰਨ ਲਈ ਕਾਵਿ-ਸੰਗ੍ਰਹਿ ਦੇ ਰੂਪ ਵਿਚ ਅਨੇਕ ਟਰੈਕਟ ਵੀ ਛਾਪ ਕੇ ਲੋਕਾਂ ਵਿਚ ਫਰੀ ਵੰਡਣ ਦਾ ਅਤਿ ਪ੍ਰਸੰਸਾਯੋਗ ਉਪਰਾਲਾ ਕੀਤਾ ਗਿਆ।

1928 ਵਿਚ ਬਰਤਾਨਵੀ ਸਰਕਾਰ ਨੇ ਆਜ਼ਾਦੀ ਪ੍ਰਾਪਤੀ ਲਈ ਭਾਰਤੀਆਂ ਵੱਲੋਂ ਕੀਤੇ ਜਾ ਰਹੇ ਅੰਦੋਲਨਾਂ ਤਹਿਤ ਮੰਗ ਪੂਰਤੀ ਦਾ ਸਰਵੇਖਣ ਕਰਨ ਲਈ ਜੌਹਨ ਸਾਈਮਨ ਦੀ ਅਗਵਾਈ ਹੇਠ ਰਾਇਲ ਕਮਿਸ਼ਨ ਭਾਰਤ ਭੇਜਿਆ। ਨਵੰਬਰ, 1908 ਨੂੰ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਆਦਿ ਧਰਮ ਮੰਡਲ ਨੇ ਕਮਿਸ਼ਨ ਤੋਂ ਮੈਮੋਰੰਡਮ ਰਾਹੀਂ ਆਦਿ ਧਰਮ ਨੂੰ ਇਕ ਵੱਖਰੇ ਧਰਮ ਵਜੋਂ ਵੱਖਰੇ ਅਧਿਕਾਰਾਂ ਦੀ ਮੰਗ ਕੀਤੀ। ਪਰ ਭਾਰਤੀ ਦੌਰੇ ਉਪਰੰਤ ਸਾਈਮਨ ਕਮਿਸ਼ਨ ਵੱਲੋਂ ਲੰਡਨ ਵਿਖੇ ਬਰਤਾਨਵੀ ਸਰਕਾਰ ਨੂੰ ਪ੍ਰਸਤੁਤ ਚੋਣ ਸੁਧਾਰਾਂ ਸਬੰਧੀ ਰਿਪੋਰਟ ਵਿਚ ਦਲਿਤਾਂ ਲਈ ਰਿਜ਼ਰਵ ਸੀਟਾਂ ਦੀ ਮੰਗ ਸਵੀਕਾਰ ਨਹੀਂ ਕੀਤੀ ਗਈ। ਸਗੋਂ ਰਿ-ਪੋਰਟ ਵਿਚ ਇਹ ਕਿਹਾ ਗਿਆ ਕਿ ਪੰਜਾਬ ਵਿਚ ਸਵਰਣ ਹਿੰਦੂਆਂ ਅਤੇ ਦਲਿਤ ਵਰਗਾਂ ਵਿਚ ਕੋਈ ਅੰਤਰ ਨਹੀਂ ਹੈ ਅਤੇ ਪੰਜਾਬ ਦੇ ਅਛੂਤਾਂ ਦੇ ਹਾਲਾਤ ਦੂਜੇ ਪ੍ਰਾਂਤਾਂ ਤੋਂ ਬਹੁਤ ਅੱਛੇ ਹਨ। ਇਹੀ ਕਾਰਨ ਸੀ ਕਿ 1932 ਵਿਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਰੈਮਜੇ ਮੈਕਡੋਨਲ ਵੱਲੋਂ ਜਾਰੀ ਸਾਲਸੀ ਫੈਸਲੇ 'ਕਮਿਊਨਲ ਐਵਾਰਡ ਵਿਚ ਪੰਜਾਬ ਦੇ ਦਲਿਤਾਂ ਲਈ ਕੋਈ ਵੀ ਰਿਜ਼ਰਵ ਨਹੀਂ ਕੀਤੀ ਗਈ।


ਡਾ. ਜੀ. ਸੀ. ਕੌਲ
91-94632-23223

## ਆਦਿ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ (1930)

12 ਅਕਤੂਬਰ 1929 ਨੂੰ ਬਾਬੂ ਮੰਗੂ ਰਾਮ ਦੀ ਰਹਿਨੁਮਾਈ ਹੇਠ ਆਦਿ ਧਰਮ ਮੰਡਲ ਵੱਲੋਂ ਪੰਜਾਬ ਦੇ ਤਤਕਾਲੀਨ ਗਵਰਨਰ ਸਰ ਜਾਫਰੀ ਨੂੰ ਜਲੰਧਰ ਵਿਖੇ ਆਦਿ ਧਰਮ ਨੂੰ ਇਕ ਵੱਖਰੇ ਧਰਮ ਵਜੋਂ ਮਾਨਤਾ ਦੇਣ ਸਮੇਤ 14 ਮੰਗਾਂ ਦਾ ਇਕ ਮੈਮੋਰੰਡਮ ਪੇਸ਼ ਕੀਤਾ ਗਿਆ। ਇਹਨਾਂ ਵਿਚੋਂ ਬਹੁਤ ਸਾਰੀਆਂ ਮੰਗਾਂ ਨੂੰ ਮੰਨ ਲਿਆ ਗਿਆ ਅਤੇ ਆਦਿ ਧਰਮ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਸੀ ਕਿ 26 ਫਰਵਰੀ 1930 ਨੂੰ 'ਆਦਿ ਧਰਮ' ਨੂੰ ਇਕ ਵੱਖਰੇ ਧਰਮ ਵਜੋਂ ਪੰਜਾਬ ਸਟੇਟ ਵਿਚ ਰਜਿਸਟਰ ਕਰ ਲਿਆ ਗਿਆ। ਇਸ ਤਰ੍ਹਾਂ ਪੰਜਾਬ ਵਿਚ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈ ਧਰਮ ਵਾਂਗ ਮਰਦਮਸ਼ੁਮਾਰੀ ਦੇ ਰਜਿਸਟਰ ਵਿਚ ਅਛੂਤਾਂ ਨੂੰ 'ਆਦਿ ਧਰਮ' ਦੇ ਵੱਖਰੇ ਇੰਦਰਾਜ ਵਿਚ ਰਜਿਸਟਰ ਹੋਣ ਦਾ ਹੱਕ ਪ੍ਰਾਪਤ ਹੋ ਗਿਆ। ਆਦਿ ਧਰਮ ਮੰਡਲ ਦੇ ਨਿਰੰਤਰ ਯਤਨਾਂ ਸਦਕਾ ਪੰਜਾਬ ਵਿਚ ਉਹਨਾਂ ਦੀ ਵੱਖਰੀ ਪਹਿਚਾਣ ਬਣ ਗਈ। ਪੰਜਾਬ ਮਰਦਮਸ਼ੁਮਾਰੀ ਰਿਪੋਰਟ, 1931, ਪਾਰਟ ਏ, ਚੈਪਟਰ 11, ਪੰਨਾ 189 ਅਨੁਸਾਰ:

"1930 ਵਿਚ ਮਰਦਮਸ਼ੁਮਾਰੀ ਦਾ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਪੰਜਾਬ ਆਦਿ ਧਰਮ ਮੰਡਲ ਨੇ ਦਲਿਤਾਂ ਦੀ ਨੁਮਾਇੰਦਗੀ ਕਰਦਿਆਂ ਪੰਜਾਬ ਸਰਕਾਰ ਨੂੰ ਬੇਨਤੀ ਪੱਤਰ ਦਿੱਤਾ ਸੀ ਕਿ ਉਹ ਭਾਰਤ ਦੇ ਮੂਲ ਨਿਵਾਸੀ ਹਨ, ਹਿੰਦੂ ਉਹਨਾਂ ਤੋਂ ਅੰਤਰ ਦੂਰੀ ਅਤੇ ਵਿੱਥ ਰੱਖਦੇ ਹਨ।" ਇਸ ਲਈ ਉਹ ਹਿੰਦੂ ਧਰਮ ਵਿਚ ਵਿਸ਼ਵਾਸ ਨਹੀਂ ਰੱਖਦੇ, ਦਲਿਤਾਂ ਨੂੰ ਮਰਦਮਸ਼ੁਮਾਰੀ ਦੌਰਾਨ ਆਪਣੇ 'ਆਦਿ ਧਰਮ' ਵੱਲ ਪਰਤਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਸਬੰਧ ਵਿਚ ਪੰਜਾਬ ਆਦਿ ਧਰਮ ਮੰਡਲ ਦੇ ਪ੍ਰਧਾਨ ਨੂੰ ਸੂਚਿਤ ਕੀਤਾ ਗਿਆ ਕਿ ਉਹਨਾਂ ਨੂੰ ਆਪਣਾ ਧਰਮ ਰਿਕਾਰਡ ਕਰਨ ਲਈ ਮਰਦਮਸ਼ੁਮਾਰੀ ਕੋਡ (ਸੰਕੇਤ ਸ਼ਬਦ) 'ਆਦਿ ਧਰਮ' ਪ੍ਰਦਾਨ ਕੀਤਾ ਗਿਆ ਹੈ।"

(ਪ੍ਰੋ. ਮਾਰਕ, ਰਿਲੀਜੀਅਸ ਰੈਬਲਜ਼ ਇਨ ਪੰਜਾਬ ਪੰਨਾ 75)

1931 ਦੀ ਮਰਦਮਸ਼ੁਮਾਰੀ ਦੌਰਾਨ ਹਿੰਦੂ ਅਤੇ ਸਿੱਖਾਂ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਪੰਜਾਬ ਦੇ 418789 (ਚਾਰ ਲੱਖ ਅਠਾਰਾਂ ਹਜ਼ਾਰ ਸੱਤ ਸੌ ਨਨਿਆਨਵੇ) ਅਛੂਤਾਂ ਨੇ ਆਪਣਾ ਧਰਮ 'ਆਦਿ ਧਰਮ' ਵਜੋਂ ਦਰਜ ਕਰਵਾਇਆ। ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਇਹ ਇਕ ਇਤਿਹਾਸਕ ਪ੍ਰਾਪਤੀ ਸੀ।

ਪੰਜਾਬ ਵਿਚ ਆਦਿ ਧਰਮ ਲਹਿਰ ਬਾਰੇ ਅਤੀ ਗੰਭੀਰ ਅਧਿਐਨ ਅਤੇ ਖੋਜ ਕਰਨ ਵਾਲੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਅਮਰੀਕਾ ਦੇ ਸੰਸਾਰ ਪ੍ਰਸਿੱਧ ਸਮਾਜ ਸ਼ਾਸਤਰੀ ਪ੍ਰੋ. ਮਾਰਕ ਜੁਰਜਨਸਮਿਆਰ, ਡਾਇਰੈਕਟਰ, ਸੈਂਟਰ ਫਾਰ ਗਲੋਬਲ ਐਂਡ ਇੰਟਰਨੈਸ਼ਨਲ ਸਟੱਡੀਜ਼ ਨੇ ਆਪਣੀ ਖੋਜ ਪੁਸਤਕ 'ਰਿਲੀਜੀਅਸ ਰੈਬਲਜ਼ ਇਨ ਪੰਜਾਬ' ਵਿਚ 'ਦਾ ਗਰੇਟ ਸੈਂਸਜ਼' ਸਿਰਲੇਖ ਅਧੀਨ ਸੰਕਲਿਤ ਚੈਪਟਰ ਵਿਚ ਪੰਨਾ 72 ਤੋਂ 80 ਤੱਕ ਆਦਿ ਧਰਮ ਪੰਜਾਬ ਵਿਚ ਇਕ ਵੱਖਰੇ ਧਰਮ ਵਜੋਂ ਮਾਨਤਾ ਪ੍ਰਾਪਤ ਹੋਣ ਸਬੰਧੀ ਵਿਸਤ੍ਰਿਤ ਚਰਚਾ ਕੀਤੀ ਹੈ।

ਲੱਗਭੱਗ ਸਾਰੇ ਸੰਸਾਧਨਾਂ ਦੀ ਕਮੀ ਹੋਣ ਦੇ ਬਾਵਜੂਦ ਆਦਿ ਧਰਮ ਮੰਡਲ ਦੇ ਮਿਹਨਤੀ, ਦ੍ਰਿੜ੍ਹ-ਵਿਸ਼ਵਾਸੀ ਅਤੇ ਨਿਰੰਤਰ ਲਗਨ ਨਾਲ ਕੰਮ ਕਰਨ ਵਾਲੇ ਆਗੂਆਂ ਤੇ ਪ੍ਰਚਾਰਕਾਂ ਦੀ ਮਿਹਨਤ ਦੇ ਸਿੱਟੇ ਵਜੋਂ ਜਲੰਧਰ, ਹੁਸ਼ਿਆਰਪੁਰ, ਲਾਇਲਪੁਰ, ਫਿਰੋਜ਼ਪੁਰ, ਕਾਂਗੜਾ, ਲੁਧਿਆਣਾ, ਮਿੰਟਗੁਮਰੀ, ਸ਼ੇਖੂਪੁਰਾ, ਕਪੂਰਥਲਾ, ਗੁਰਦਾਸਪੁਰ, ਕਰਨਾਲ, ਮੁਲਤਾਨ ਅਤੇ ਰਿਆਸਤ ਬਹਾਵਲਪੁਰ ਦੇ ਅਛੂਤਾਂ ਨੇ ਭਾਰੀ ਗਿਣਤੀ ਆਪਣੇ ਆਪ ਨੂੰ 'ਆਦਿ ਧਰਮ' ਵਿਚ ਦਰਜ ਕਰਾਇਆ। ਰਿਆਸਤ ਪਟਿਆਲਾ, ਸ਼ਾਹਪੁਰ, ਰਿਆਸਤ ਫਰੀਦਕੋਟ, ਗੁਜਰਾਤ, ਲਾਹੌਰ ਵਿਚ ਵੀ ਕਾਫੀ ਗਿਣਤੀ ਵਿਚ ਅਛੂਤਾਂ ਨੇ ਆਪਣਾ ਧਰਮ ਆਦਿ ਧਰਮ ਲਿਖਵਾਇਆ। ਇਸ ਤੋਂ ਇਲਾਵਾ ਰਿਆਸਤ ਚੰਬਾ, ਰਿਆਸਤ ਕਲਸੀਆ, ਅੰਮ੍ਰਿਤਸਰ, ਅੰਬਾਲਾ, ਝੰਗ, ਸਿਆਲਕੋਟ, ਹਿਸਾਬ, ਰਿਆਸਤ ਨਾਭਾ ਅਤੇ ਗੁਜਰਾਂਵਾਲਾ ਵਿਖੇ ਬੇਸ਼ੱਕ ਥੋੜ੍ਹੀ ਸੰਖਿਆ ਵਿਚ ਅਛੂਤਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਸਵੀਕਾਰਿਆ, ਪਰ ਆਦਿ ਧਰਮ ਲਹਿਰ ਪੰਜਾਬ ਦੇ ਅਛੂਤਾਂ ਵਿਚ ਇਕ ਚੇਤਨਾ ਲਹਿਰ ਵਜੋਂ ਆਪਣੀ ਹੋਂਦ ਸਥਾਪਤ ਕਰ ਗਈ।

*(ਚਲਦਾ)*

# ਗਦਰੀ ਬਾਬਾ ਮੁੱਗੋਵਾਲੀਆ ਦੀ ਸੋਚ, ਸਮੇਂ ਦੀ ਮੰਗ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ ਤੇ ਕੁੱਟ-ਕੁੱਟ ਕੇ ਅਧਮੋਇਆ ਕਰ ਦਿੱਤਾ। ਇਸ ਮਾਰ ਕੁੱਟ ਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ। 1909 ਈ: ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉੱਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ। ਦੋ ਵਾਰ ਸ਼ਹੀਦ ਹੁੰਦੇ ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਨਾ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰੀ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਹਨਾਂ ਨੇ ਅਛੂਤਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੇ ਨਾਲ ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਿਆ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣਾ ਦਿੱਤਾ, ਇਸੇ ਕਰਕੇ ਪੰਜਾਬ ਖਾਸ ਕਰਕੇ ਦੁਆਬੇ ਦੇ ਆਦਿ ਧਰਮੀ ਵੱਧ ਪੜ੍ਹੇ ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ ਧਰਮੀਆਂ ਨੂੰ ਜਾਗਰਿਤ ਕਰਨ ਲਈ 11, 12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿਚ ਜਲਸੇ ਵਿਚ ਆਦਿ ਧਰਮ ਦੀ ਸਥਾਪਨਾ ਕਰਕੇ ਆਦਿ ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ ਧਰਮੀਆਂ ਨੂੰ ਮਿਲੇ ਹੱਕਾਂ ਖ਼ਿਲਾਫ਼ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਸ਼ਿਮਲਾ 'ਚ ਮਰਨ ਵਰਤ ਰੱਖਿਆ। ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 ਸੀਟਾਂ 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ। ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ ਧਰਮੀਆਂ ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣਵਾਦ ਹੈ। ਇਸ ਲਈ ਉਹਨਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ: ਅੰਬੇਦਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ ਘਾਟੀ ਦੀ ਸੱਭਿਅਤਾ ਦੇ ਆਦਿ ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ ਸੀ। ਅੱਜ ਤੋਂ 21 ਸਾਲ ਪਹਿਲਾਂ ਭਾਵ ਜਨਵਰੀ 1985 ਵਿਚ ਗਦਰੀ ਬਾਬਾ ਮੰਗੂ ਰਾਮ ਜੀ ਦੀ 99ਵੀਂ ਜਨਮ ਸ਼ਤਾਬਦੀ ਉਪਰ ਅਸੀਂ ਪਲੇਠਾ ਸੋਵੀਨਰ ''ਬਾਬੂ ਮੰਗੂ ਰਾਮ ਮੁੱਗੋਵਾਲੀਆ 99ਵੀਂ ਜਨਮ ਸ਼ਤਾਬਦੀ



ਸੋਵੀਨਰ 1985'' ਪ੍ਰਕਾਸ਼ਿਤ ਕੀਤਾ। ਇਹ ਸੋਵੀਨਰ ਆਦਿ ਧਰਮੀ ਕੌਮ ਦਾ ਬਾਬੂ ਜੀ ਪ੍ਰਤੀ ਪਹਿਲਾ ਸੋਵੀਨਰ ਸੀ, ਜਿਸ ਨੂੰ ਪੜ੍ਹ ਕੇ ਲੋਕ ਗਦ ਗਦ ਹੋ ਉੱਠੇ ਅਤੇ ਉਹਨਾਂ ਦੇ ਜ਼ਬਰਦਸਤ ਹੁੰਗਾਰਿਆਂ ਨੇ ਸਾਨੂੰ ਅਖ਼ਬਾਰ ਸ਼ੁਰੂ ਕਰਨ ਲਈ ਪ੍ਰੇਰਿਆ। ਪਰ ਅਸੀਂ ਅਖ਼ਬਾਰ ਤਾਂ ਨਹੀਂ ਸ਼ੁਰੂ ਕਰ ਸਕੇ ਪ੍ਰੰਤੂ ਉਸੇ ਸਾਲ ਦਸੰਬਰ 1985 ਵਿਚ ਆਪਣਾ ਮਾਸਿਕ ਮੈਗਜ਼ੀਨ ''ਕੌਮੀ ਉਡਾਰੀਆਂ'' ਜ਼ਰੂਰ ਸ਼ੁਰੂ ਕਰ ਦਿੱਤਾ। ਆਦਿ ਧਰਮੀ ਕੌਮ ਦਾ ਇਹ ਪਹਿਲਾ ਮੈਗਜ਼ੀਨ ਸੀ ਜੋ ਆਮ ਪ੍ਰਿੰਟਿੰਗ ਤੋਂ ਆਫਸੈਟ ਪ੍ਰਿੰਟਿੰਗ 'ਤੇ ਛਾਪਣਾ ਸ਼ੁਰੂ ਕਰ ਦਿੱਤਾ ਅਤੇ ਹੋਰਨਾਂ ਅਖ਼ਬਾਰਾਂ ਤੇ ਮੈਗਜ਼ੀਨਾਂ ਦੀ ਤਰ੍ਹਾਂ ਹਰ ਬੁੱਕ ਸਟਾਲ ਦਾ ਸ਼ਿੰਗਾਰ ਬਣਿਆ। ਸੋਵੀਨਰ ਅਤੇ ਮੈਗਜ਼ੀਨ ਕੌਮੀ ਉਡਾਰੀਆਂ ਨੂੰ ਪੰਜਾਬੀਆਂ ਨੇ ਤਾਂ ਸਲਾਹਿਆ ਹੀ ਪਰ ਇਹ ਦੋਵੇਂ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਵੀ ਸਲਾਹੇ ਗਏ ਕਿਉਂਕਿ ਅਸੀਂ ਕਿਸੇ ਖਾਸ ਵਿਚਾਰਧਾਰਾ ਨੂੰ ਲੈ ਕੇ ਤੁਰੇ, ਜਿਸ ਦੀ ਸ਼ੁਰੂਆਤ 11-12 ਜੂਨ 1926 ਨੂੰ ਗਦਰੀ ਬਾਬੂ ਮੰਗੂ ਰਾਮ ਜੀ ਦੀ ਰਹਿਨੁਮਾਈ ਵਿਚ ਉਹਨਾਂ ਦੇ ਹੀ ਪਿੰਡ ਵਿਚ ਹਜ਼ਾਰਾਂ ਲੋਕਾਂ ਨੇ ਪ੍ਰਵਾਨਗੀ ਦਿੱਤੀ। ਅਮਰੀਕਾ ਵਿਚ ਰਹਿ ਰਹੇ ਵਿਦਵਾਨਾਂ ਬਾਰਬਰਾ ਜੋਸ਼ੀ ਤੱਕ ਨੇ ਇਸ ਪੇਪਰ ਨੂੰ ਸਲਾਹਿਆ। ਕੌਮੀ ਉਡਾਰੀਆਂ ਦਾ ਦਸੰਬਰ 1990 ਦਾ ਅੰਕ ''ਆਦਿ ਧਰਮ ਮੰਡਲ ਰਿਪੋਰਟ 1931 ਈ: ਵਿਸ਼ੇਸ਼ ਅੰਕ'' ਪ੍ਰਕਾਸ਼ਿਤ ਕੀਤਾ ਜਿਸ ਵਿਚ ਉਸ ਵੇਲੇ ਦੇ ਸਿਰਲੱਥ 55 ਪ੍ਰਚਾਰਕਾਂ ਅਤੇ 500 ਮੈਂਬਰਾਂ ਦੇ ਨਾਂ ਬਾਬੂ ਕਾਂਸ਼ੀ ਰਾਮ ਜੀ ਦੀ ਸੰਪਾਦਕੀ ਹੇਠ ਛਪਦੇ ਅਖ਼ਬਾਰ ਹਫਤਾਵਾਰ ''ਬਹੁਜਨ ਸਮਾਜ ਬੁਲੇਟਿਨ'' ਦੇ ਜਨਵਰੀ 1997 ਦੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਵਿਸ਼ੇਸ਼ ਅੰਕ ਵਿਚ ਲਿਖ ਚੁੱਕਾ ਹਾਂ ਬਤੌਰ ਉਸ ਦੇ ਰੈਜੀਡੈਂਟ ਐਡੀਟਰ। ਉਪਰੋਕਤ ਪ੍ਰਚਾਰਕਾਂ ਅਤੇ ਮੈਂਬਰਾਂ ਦੇ ਕਈ ਵਾਰਸਾਂ ਨੇ ਸਾਨੂੰ ਮਿਲ ਕੇ ਦੱਸਿਆ ਕਿ ਇਹ ਕੰਮ ਬਹੁਤ ਹੀ ਸ਼ਲਾਘਾਯੋਗ ਹੈ ਕਿ ਸਾਡੇ ਵਿਚੋਂ ਬਹੁਤਿਆਂ ਨੂੰ ਤਾਂ ਇੰਨਾ ਵੀ ਪਤਾ ਨਹੀਂ ਸੀ ਕਿ ਸਾਡੇ ਬਜ਼ੁਰਗਾਂ ਨੇ ਆਦਿ ਧਰਮ ਅੰਦੋਲਨ ਵਿਚ ਕੰਮ ਕੀਤਾ ਸੀ।

ਅੱਜ ਮੈਨੂੰ ਬੇਹੱਦ ਖੁਸ਼ੀ ਹੈ ਕਿ ਸਾਡੇ ਵੱਲੋਂ ਪ੍ਰਕਾਸ਼ਿਤ ਸੋਵੀਨਰ ਅਤੇ ਮੈਗਜ਼ੀਨ ਦੀਆਂ ਲਿਖਤਾਂ ਦਾ ਵੱਡੇ ਪੱਧਰ 'ਤੇ ਮੁੜ ਪ੍ਰਕਾਸ਼ਨ ਜਾਂ ਹਵਾਲੇ ਦਿੱਤੇ ਜਾ ਰਹੇ ਹਨ। ਕੁਝ ਲੇਖਕ ਵੀਰ ਸਾਡੇ ਵੱਲੋਂ ਪਹਿਲਾਂ ਛਾਪੇ ਮੈਟਰ ਨੂੰ ਤਾਂ ਛਾਪ ਲੈਂਦੇ ਹਨ ਪਰ ਹਵਾਲੇ ਨਹੀਂ ਦਿੰਦੇ। ਪਰ ਜਿੱਥੇ ਅਸੀਂ ਚੁੱਪ ਹਾਂ ਅਤੇ ਉਥੇ ਖੁਸ਼ ਵੀ ਹਾਂ ਕਿ ਆਦਿ ਧਰਮ ਦੀ ਗੱਲ ਜੋ ਬਾਬੂ ਮੰਗੂ ਰਾਮ ਜੀ ਨੇ ਚਲਾਈ ਸੀ, ਅੱਜ ਇਹ ਲੇਖਕ ਵੀਰ ਉਸ ਲਹਿਰ ਦੀ ਮਹੱਤਤਾ ਨੂੰ ਸਮਝਣ ਲੱਗ ਪਏ ਹਨ।

28 ਦਸੰਬਰ 1985 ਨੂੰ ਜਲੰਧਰ ਸ਼ਹਿਰ ਵਿਖੇ ਸ਼ਹੀਦ ਰਾਮ ਪ੍ਰਕਾਸ਼ ਜੀ ਦੇ ਸ਼ਹੀਦੀ ਸਮਾਗਮ ਵਿਚ ਸਾਡੇ ਇਕ ਸਮਕਾਲੀ ਪ੍ਰੰਤੂ ਬਜ਼ੁਰਗ ਮਾਣਯੋਗ ਲੇਖਕ ਨੇ ਕਿਹਾ ਸੀ ਕਿ ਇਕ ਮਾਡਲ ਟਾਊਨ ਜਲੰਧਰ ਬੈਠਾ (ਮੇਰੇ ਵੱਲ ਇਸ਼ਾਰਾ ਕਰਕੇ ਪਰ ਮੈਂ ਉਸ ਵਕਤ ਸਮਾਗਮ ਵਿਚ ਮੌਜੂਦ ਨਹੀਂ ਸੀ) ਹੈ ਜੋ ਕੁਝ ਸਮੇਂ ਤੋਂ ਮੰਗੂ ਨੂੰ ਚੁੱਕੀ ਫਿਰਦਾ ਹੈ ਤੇ ਉਸ ਨੂੰ ਮੁਰਦੇ ਪੁੱਟਣ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ ਹੈ ਪਰ ਮੈਂ ਇੱਥੇ ਕਹਿਣਾ ਚਾਹੁੰਦਾ ਹਾਂ ਕਿ ਉਸੇ ਸਥਾਨ ਤੇ 14 ਅਪ੍ਰੈਲ 1987 ਵਾਲੇ ਦਿਨ ਉਸੇ ਮਾਣਯੋਗ ਬਜ਼ੁਰਗ ਲੇਖਕ ਦੀ ਸਰਪ੍ਰਸਤੀ ਹੇਠ ਸੁਸਾਇਟੀ ਮੰਗੂ ਨੂੰ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਨਾਂ ਨਾਲ ਸੰਬੋਧਨ 'ਕੌਮੀ ਮਸੀਹਾ' ਵਜੋਂ ਮਰਨ ਉਪਰੰਤ ਸਨਮਾਨ ਦੀ ਹੈ। ਇਹ ਸਾਡੀ ਕਲਮੀ ਜ਼ਿੰਦਗੀ ਦੇ ਸੁਨਹਿਰੀ ਦਿਨਾਂ ਵਿਚੋਂ ਇਕ ਦਿਨ ਸੀ।

ਬਾਮਸੇਫ ਨੇ ਵੀ ਬਾਬੂ ਮੰਗੂ ਰਾਮ ਜੀ ਨੂੰ ਦੇਸ਼ ਦੇ 'ਟੈਨ ਗ੍ਰੇਟ ਲਾਈਵਜ਼' (ਦਸ ਮਹਾਨ ਪੁਰਸ਼) ਨਾਂ ਦੀ ਪੁਸਤਕ ਵਿਚ ਸ਼ਾਮਲ ਕਰ ਲਿਆ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਾਲਿਆਂ ਨੇ ਵੀ ਗਦਰੀ ਬਾਬਾ ਲਾਲਾ ਹਰਦਿਆਲ ਜੀ ਦੇ ਨਾਂ ਸੋਵੀਨਰ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਫੋਟੋ ਲਗਾ ਕੇ ਬਾਬੂ ਮੁੱਗੋਵਾਲੀਆ ਜੀ ਦੀ ਹੋਂਦ ਨੂੰ ਗਦਰੀ ਬਾਬਾ ਦੀ ਹੋਂਦ ਵਜੋਂ ਮੰਨ ਲਿਆ ਹੈ।



ਸੀ. ਐਲ. ਚੁੰਬਰ
ਮੁੱਖ ਸੰਪਾਦਕ
ਕੌਮੀ ਉਡਾਰੀਆਂ (ਜਲੰਧਰ)

28 ਅਕਤੂਬਰ 1988 ਦੇ ਟ੍ਰਿਬਿਊਨ ਗਰੁੱਪ ਵਿਚ ਪ੍ਰਸਿੱਧ ਜਰਨਾਲਿਸਟ ਸ. ਖੁਸ਼ਵੰਤ ਸਿੰਘ ਜੀ ਨੇ 'ਮੰਗੂ ਰਾਮ ਤੋਂ ਕਾਂਸ਼ੀ ਰਾਮ ਤੱਕ' ਨਾਂ ਦੀ ਲਿਖਤ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਰੱਜ ਕੇ ਸਿਫ਼ਤ ਕਰਦਿਆਂ ਇਹ ਮੰਨਿਆ ਕਿ ਬੀ. ਐਸ. ਪੀ. ਦੀ 1985 ਵਿਚ ਚੋਣਾਂ ਵਿਚ ਸਫਲਤਾ ਪਿੱਛੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਉਹਨਾਂ ਦੇ ਜੁਝਾਰੂ ਸ਼ਹਿਰੀਆਂ ਵੱਲੋਂ ਤਿਆਰ ਕੀਤਾ ਆਧਾਰ ਹੀ ਸੀ।

21 ਨਵੰਬਰ 1990 ਦੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਦਿ ਟਾਈਮਜ਼ ਆਫ ਇੰਡੀਆ' ਨੇ ਆਦਿ ਧਰਮ ਬਾਰੇ ਆਪ ਹੀ ਪੁਰਾਣੀ ਲਿਖਤ ਮੁੜ ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਡਾਕਟਰ ਜੇ. ਐਚ. ਹਟਨ ਕਮਿਸ਼ਨਰ ਜਨਗਣਨਾ (1931 ਈਸਵੀ ਨੇ ਮੰਨਿਆ ਕਿ ਆਦਿ ਧਰਮ ਵਿਰੋਧੀਆਂ ਨੇ ਇਕ ਆਦਿ ਧਰਮੀ ਨੂੰ ਇਸ ਕਰਕੇ ਕਤਲ ਕਰ ਦਿੱਤਾ ਸੀ ਕਿ ਉਸ ਨੇ ਆਪਣਾ ਧਰਮ ਆਦਿ ਧਰਮ ਕਿਉਂ ਲਿਖਵਾਇਆ।

ਅੱਜ ਦਾ ਜਾਗਰੂਕ ਆਦਿ ਧਰਮੀ 1931 ਈਸਵੀ ਦੀ ਜਨਗਣਨਾ ਵਾਲੇ ਆਦਿ ਧਰਮੀ ਦੀ ਤਰ੍ਹਾਂ ਹਰ ਖੇਤਰ ਵਿਚ ਆਪਣੀ ਵੱਖਰੀ ਹੋਂਦ ਚਾਹੁੰਦਾ ਹੈ। ਕੁਝ ਲੋਕ ਧਰਮ ਪਰਿਵਰਤਨ ਦੇ ਰਸਤੇ ਅੱਗੇ ਵਧਣਾ ਚਾਹੁੰਦੇ ਹਨ ਅਤੇ ਕੁਝ ਕਪਿਲਾ ਗਊ ਦੀ ਪੂਛ ਫੜ ਕੇ ਹਿੰਦੂਵਾਦ ਦੇ ਭਵਸਾਗਰ ਨੂੰ ਪਾਰ ਕਰਨਾ ਚਾਹੁੰਦੇ ਹਨ। ਪ੍ਰੰਤੂ ਬਹੁਗਿਣਤੀ ਆਪਣੇ ਆਪ ਨੂੰ ਆਦਿ ਧਰਮ ਨੂੰ ਮੁੱਖ ਰੱਖ ਕੇ ਹੀ ਅੱਗੇ ਵਧਣਾ ਚਾਹੁੰਦੇ ਹਨ।

ਇਸ ਗੱਲ ਨੂੰ ਕੋਈ ਝੁਠਲਾ ਨਹੀਂ ਸਕਦਾ ਕਿ ਜੇਕਰ ਆਦਿ ਧਰਮ ਵਿਚਾਰਧਾਰਾ ਵਾਲਿਆਂ ਉਪਰ ਜ਼ੁਲਮ ਹੁੰਦੇ ਹਨ ਤਾਂ ਧਰਮ ਪਰਿਵਰਤਨ ਕਰਨ ਵਾਲਿਆਂ ਤੇ ਵੀ ਜ਼ੁਲਮ ਹੁੰਦੇ ਹਨ ਪਰ ਦੋਹਾਂ ਦੇ ਬਿਖਰਨ ਨਾਲ ਤਾਕਤ ਘਟੀ ਹੈ ਅਤੇ ਜ਼ੁਲਮ ਅਤੇ ਗੁਲਾਮੀ ਹੋਰ ਵਧੀ ਹੈ। ਅੱਜ ਫਿਰ ਜ਼ਰੂਰਤ ਹੈ ਕਿ ਦੁਬਾਰਾ ਇਕੱਠੇ ਹੋਈਏ। ਇਕੱਠੇ ਹੋਣ ਅਤੇ ਇਕੱਠੇ ਰਹਿਣ ਤੇ ਚੱਲਣ ਨਾਲ ਸਾਡੀ ਗੁਲਾਮੀ ਦੀਆਂ ਜ਼ੰਜੀਰਾਂ ਪਿਘਲ ਕੇ ਹਥਿਆਰ ਬਣ ਜਾਣਗੀਆਂ। ਬੰਦਾ ਬੰਦੇ ਦਾ ਗੁਲਾਮ ਨਾ ਰਹੇ, ਕੋਈ ਲਾਲਚ ਨਾ ਰਹੇ, ਆਦਮੀ ਅਤੇ ਔਰਤ ਇਕ ਦੂਸਰੇ ਤੋਂ ਹੀਣੇ ਨਾ ਰਹਿਣ, ਇਹੀ ਆਦਿ ਧਰਮ ਦੀ ਮੰਜ਼ਿਲ ਹੈ ਅਤੇ ਇਹੀ ਆਰੰਭ ਅਤੇ ਇਹੀ ਪੜਾਅ ਹੈ।

**'ਕੌਮੀ ਉਡਾਰੀਆਂ' ਜਲੰਧਰ 'ਚੋਂ ਧੰਨਵਾਦ ਸਹਿਤ**

# ਅੰਕੜਿਆਂ 'ਚ ਉਲਝੀ ਦੇਸ਼ ਦੀ ਆਰਥਿਕਤਾ

2019-20 ਦੀ ਚੌਥੀ ਤਿਮਾਹੀ (ਜਨਵਰੀ ਤੋਂ ਮਾਰਚ 2020) ਦੀ ਵਿਕਾਸ ਦਰ (ਜੀ.ਡੀ.ਪੀ. ਅਰਥਾਤ ਸਕਲ ਘਰੇਲੂ ਉਤਪਾਦ) 3.1 ਫ਼ੀਸਦੀ ਸੀ, ਜੋ ਸਾਲ 2002-03 ਦੀ ਤੀਜੀ ਤਿਮਾਹੀ ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਰਹੀ। 2002-03 ਦੇਸ਼ ਵਿੱਚ ਭਾਜਪਾ ਦੀ ਸਰਕਾਰ ਸੀ। 2019-20 ਦੀ ਚੌਥੀ ਤਿਮਾਹੀ 'ਚ ਹੇਠਲੀ ਪੱਧਰ 'ਤੇ ਪੁੱਜੀ ਵਿਕਾਸ ਦਰ, ਸਾਲ 2017-18 ਤੋਂ ਹੀ ਹੇਠਾਂ ਜਾ ਰਹੀ ਸੀ, ਜਿਸਨੂੰ ਥੰਮਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਸੀ, "ਮੇਰੇ ਉਤੇ ਭਰੋਸਾ ਰੱਖੋ, ਉਨੱਤੀ ਦੀ ਰਾਹ ਉਤੇ ਵਾਪਿਸ ਆਉਣਾ ਮੁਸ਼ਕਲ ਨਹੀਂ"।

ਹੁਣ ਜਦੋਂ ਪਿਛਲੇ ਛੇ ਸਾਲਾਂ ਤੋਂ ਭਾਜਪਾ ਦੀ ਸਰਕਾਰ ਹੈ, ਪਿਛਲੇ 17 ਵਰ੍ਹਿਆਂ 'ਚ ਦੇਸ਼ ਦੀ ਵਿਕਾਸ ਦਰ ਸਭ ਤੋਂ ਹੇਠਲੇ ਸਤਰ ਉਤੇ ਹੈ ਭਾਵ 2019-20 ਸਾਲ 'ਚ ਵਿਕਾਸ ਦਰ 4.2 ਫ਼ੀਸਦੀ। ਇਥੋਂ ਤੱਕ ਕਿ 2008 ਵਿੱਚ ਵਿਸ਼ਵ ਵਿੱਚ ਜਦੋਂ ਪੂਰੀ ਆਰਥਿਕ ਮੰਦੀ ਦਾ ਮਾਹੌਲ ਸੀ, ਉਸ ਵੇਲੇ ਵੀ ਦੇਸ਼ ਦੀ ਆਰਥਿਕ ਹਾਲਤ ਐਡੇ ਸੰਕਟ ਵਿੱਚ ਨਹੀਂ ਸੀ। ਸਾਲ 2011-12 'ਚ ਵਿਕਾਸ ਦਰ 5.2. ਫ਼ੀਸਦੀ, 2012-13 'ਚ 5.5 ਫ਼ੀਸਦੀ, 2013-14 'ਚ 6.4 ਫ਼ੀਸਦੀ ਵਿਕਾਸ ਦਰ ਸੀ। 2015-16 ਅਤੇ 2016-17 ਵਿੱਚ ਵੀ ਉਦੋਂ ਤੱਕ ਵਿਕਾਸ ਦੀ ਗਤੀ ਵਧਦੀ ਰਹੀ, ਜਦੋਂ ਤੱਕ ਦੇਸ਼ 'ਚ ਅਚਾਨਕ ਕੀਤੀ ਨੋਟਬੰਦੀ ਨੇ ਵਿਕਾਸ ਦਰ ਵਿੱਚ ਢਲਾਣ ਪੈਦਾ ਨਹੀਂ ਸੀ ਕੀਤੀ। ਨੋਟਬੰਦੀ ਦਾ ਐਲਾਨ 8 ਨਵੰਬਰ 2016 ਨੂੰ ਕਰ ਦਿੱਤਾ ਗਿਆ ਸੀ। ਕੋਰੋਨਾ ਕਾਲ ਵਿੱਚ ਤਾਂ ਵਿਕਾਸ ਦਰ ਨੇ ਘੱਟ ਹੋਣਾ ਹੀ ਸੀ,ਕਿਉਂਕਿ ਲੌਕਡਾਊਨ ਕਾਰਨ ਸਭ ਕੁਝ ਬੰਦ ਹੋ ਗਿਆ । ਲੌਕਡਾਊਨ ਖੋਲ੍ਹਣ ਉਪਰੰਤ ਪ੍ਰਧਾਨ ਤਰੀ ਨਰੇਂਦਰ ਮੋਦੀ ਨੇ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਅਤੇ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ 20 ਲੱਖ ਕਰੋੜ ਦਾ ਪੈਕਿਜ ਐਲਾਨਿਆ, ਜੋ ਅਸਲ ਅਰਥਾਂ ਵਿੱਚ ਵਿਸ਼ਾਲ ਪੰਜ ਸਵਾਲਾ ਯੋਜਨਾਵਾਂ ਅਤੇ ਅਸਲ ਧਨ ਦੇ ਘਾਟ ਨਾਲ ਬਣੀ ਖਿਚੜੀ ਦਾ ਮਿਲਗੋਭਾ ਹੀ ਕਿਹਾ ਜਾ ਸਕਦਾ ਹੈ। ਵੀਹ ਲੱਖ ਕਰੋੜੀ ਪੈਕਜ ਅਜਿਹਾ ਅੰਕੜਿਆਂ ਦਾ ਖੇਲ ਹੈ, ਜੋ ਸਮਾਜ ਦੇ ਉਸ ਵਰਗ, ਨੂੰ ਜਿਸ ਵਿੱਚ ਕਿਸਾਨ, ਮਜ਼ਦੂਰ, ਛੋਟੇ ਕਾਰੋਬਾਰੀ ਸ਼ਾਮਲ ਹਨ, ਨੂੰ ਕੁਝ ਵੀ ਰਾਹਤ ਨਹੀਂ ਦਿੰਦਾ, ਜਿਸਨੇ ਮੌਜੂਦਾ ਦੌਰ ਵਿੱਚ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣਾ ਹੈ।

ਏ.ਆਈ.ਐਸ.ਓ. ਅਰਥਾਤ ਆਲ ਇੰਡੀਆ ਮੈਨੂਫੈਕਚਰਿੰਗ ਆਰਗੇਨਾਇਜ਼ੇਸ਼ਨ ਨੇ ਇੱਕ ਸਰਵੇ ਕੀਤਾ ਹੈ ਕਿ ਦੇਸ਼ ਵਿੱਚ ਲਗਭਗ 12.5 ਕਰੋੜ ਲੋਕਾਂ ਦਾ ਰੁਜ਼ਗਾਰ ਖੁਸਿਆ ਹੈ। 35 ਫ਼ੀਸਦੀ ਐਮ.ਐਸ.ਐਸ.ਈ. (ਮਾਈਕਰੋ ਸਮਾਲ ਐਂਡ ਮੀਡੀਅਮ ਇੰਟਰਪ੍ਰਾਈਜ਼ਿਜ਼ ) ਅਤੇ 37 ਫ਼ੀਸਦੀ ਸਵੈ-ਰੁਜ਼ਗਾਰ ਨਾਲ ਜੁੜੇ ਲੋਕਾਂ ਨੇ ਬਹਾਲੀ ਦੀ ਉਮੀਦ ਛੱਡ ਦਿੱਤੀ ਹੈ ਅਤੇ ਉਹਨਾ ਦਾ ਇਰਾਦਾ ਆਪਣੇ ਕਾਰੋਬਾਰ ਬੰਦ ਕਰਨ ਦਾ ਹੈ। ਇਹ ਮੁਢਲਾ ਅਰਥ ਸ਼ਾਸ਼ਤਰ ਹੈ ਕਿ ਲੋਕਾਂ ਦੇ ਹੱਥਾਂ 'ਚ ਪੈਸਾ ਮੰਗ ਨੂੰ ਪੁਨਰਜੀਵਨ ਪ੍ਰਾਪਤ ਕਰੇਗਾ। ਮੰਗ ਦੀ ਪੂਰਤੀ ਉਤਪਾਦਨ ਨੂੰ ਉਤਸ਼ਾਹਿਤ ਕਰੇਗੀ। ਉਤਪਾਦਨ ਫਿਰ ਰੁਜ਼ਗਾਰ ਪੈਦਾ ਕਰੇਗਾ ਅਤੇ ਨਿਵੇਸ਼ ਨੂੰ ਮੁੜ ਉਤਸ਼ਾਹਿਤ ਕਰੇਗਾ। ਇਹ ਸਭ ਕੁਝ ਮੁੜ ਆਰਥਿਕਤਾ 'ਚ ਵਾਧੇ ਦੀ ਦਰ ਨੂੰ ਵਧਾਏਗਾ। ਮੰਦੀ ਦੇ ਦੌਰ 'ਚ ਇਹ ਸਿਧਾਂਤ ਹੀ ਕੰਮ ਕਰ ਸਕੇਗਾ। ਪਰ ਮੌਜੂਦਾ ਦੌਰ 'ਚ ਭਾਰਤ ਦੇ ਪ੍ਰਧਾਨ ਮੰਤਰੀ ਵਲੋਂ ਪੇਸ਼ ਕੀਤੇ ਫਾਰਮੂਲੇ "ਫਾਈਵ ਆਈ" ਦਾ ਜੋ ਜੰਤਰ ਵਰਤਿਆ ਜਾ ਰਿਹਾ ਹੈ, ਉਸ ਵਿੱਚ ਇਰਾਦੇ ਦੀ ਕਮੀ ਹੈ ਜੋ ਆਰਥਿਕਤਾ ਦੇ ਵਾਧੇ ਦੇ ਆੜੇ ਆ ਰਹੀ ਹੈ। ਪ੍ਰਧਾਨ ਮੰਤਰੀ ਦਾ "ਫਾਈਵ ਆਈ" ( ਇੰਟੈਂਟ, ਇਨਕਲੂਸ਼ਨ, ਇਨਫਰਾਸਟਰਕਚਰ, ਇਨਵੈਸਟਮੈਂਟ ਅਤੇ ਇਨੋਵੇਸ਼ਨ) ਇਰਾਦਾ, ਸਮਾਵੇਸ਼, ਢਾਂਚਾ, ਨਿਵੇਸ਼ ਅਤੇ ਨਵਪ੍ਰਵਰਤਣ ਹੈ। ਇਸ ਵਿੱਚ 'ਆਮਦਨ' ਗਾਇਬ ਹੈ। ਇਹ ਗੱਲ ਦੇਸ਼ ਦਾ ਵਪਾਰੀ ਵੀ ਜਾਣਦਾ ਹੈ। ਦੇਸ਼ ਦਾ ਕਾਰੋਬਾਰੀ ਵੀ ਜਾਣਦਾ ਹੈ। ਦੇਸ਼ ਦੇ ਨਿਵੇਸ਼ਕਾਂ ਨੂੰ ਵੀ ਇਸਦੀ ਜਾਣਕਾਰੀ ਹੈ। ਸਰਕਾਰ ਦੇ ਆਪਣੇ ਪਾਲੇ ਅਰਥ ਸ਼ਾਸ਼ਤਰੀਆਂ ਤੋਂ ਬਿਨ੍ਹਾਂ ਹੋਰ ਅਰਥ ਸ਼ਾਸ਼ਤਰੀਆਂ ਨੂੰ ਵੀ ਪਤਾ ਹੈ। ਨਿਰਮਾਣ ਖੇਤਰ ਵੀ ਇਸ ਤੋਂ ਜਾਣੂ ਹੈ। ਛੋਟੇ ਕਾਰਖਾਨੇਦਾਰਾਂ ਨੂੰ ਵੀ ਇਸਦੀ ਜਾਣਕਾਰੀ ਹੈ। ਇਥੋਂ ਤੱਕ ਕਿ ਹਰ ਰੋਜ਼ ਕਮਾਉਣ ਖਾਣ ਵਾਲੇ ਅਤੇ ਪ੍ਰਵਾਸੀ ਮਜ਼ਦੂਰਾਂ ਨੂੰ ਵੀ ਇਹ ਗੱਲ ਸਮਝ ਲੱਗ ਗਈ ਹੈ ਕਿ ਮੋਦੀ ਸਰਕਾਰ ਦੇਸ਼ ਦੀ ਆਰਥਿਕਤਾ ਨੂੰ ਇਸ ਸਮੇਂ ਹੁਲਾਰਾ ਦੇਣ ਦੇ ਸਮਰੱਥ ਨਹੀਂ ਅਤੇ ਉਹ ਸਿਰਫ਼ ਅੰਕੜਿਆਂ ਨਾਲ ਖੇਡ ਕੇ ਲੋਕਾਂ ਨੂੰ ਭਰਮਾਉਣ ਦੇ ਰਾਹ ਤੁਰੀ ਹੋਈ ਹੈ।

ਦੇਸ਼ ਦਾ ਪ੍ਰਧਾਨ ਮੰਤਰੀ ਇਸ ਗੱਲ ਦਾ ਮੌਕਾ ਤਾਂ ਤਲਾਸ਼ਦਾ ਹੈ ਕਿ ਉਹ ਸੁਰਖੀਆ ਵਿੱਚ ਰਹੇ, ਪਰ ਜ਼ੁੰਮੇਵਾਰੀ ਲੈਣ ਤੋਂ ਸਦਾ ਭੱਜਦਾ ਹੈ। ਲੌਕਡਾਊਨ ਲਾਉਣ ਵੇਲੇ ਤਾਂ ਉਸ ਵਲੋਂ ਵੱਡੀਆਂ ਗੱਲਾਂ ਕੀਤੀਆਂ ਗਈਆਂ, ਸਾਰੇ ਅਧਿਕਾਰ ਸਮੇਤ ਸੂਬਾ ਸਰਕਾਰਾਂ ਦੇ ਉਸ ਵਲੋਂ ਹਥਿਆ ਲਏ ਗਏ, ਪਰ ਜਦੋਂ ਲੌਕਡਾਊਨ ਖੋਲ੍ਹਣ ਦੀ ਵਾਰੀ ਆਈ ਤਾਂ ਇਸਦੀ ਜ਼ੁੰਮੇਵਾਰੀ ਚੁੱਪ -ਚਾਪ ਮੁੱਖਮੰਤਰੀਆਂ ਅਤੇ ਸੂਬਾ ਸਰਕਾਰਾਂ ਵੱਲ ਕਰ ਦਿੱਤੀ। ਆਪਣੇ ਸੁਭਾਅ ਮੁਤਾਬਕ ਮੋਦੀ ਜੀ ਜੰਮੂ-ਕਸ਼ਮੀਰ ਮਾਮਲੇ ਤੇ ਨਹੀਂ ਬੋਲਦੇ, ਇਹ ਜ਼ੁੰਮੇਵਾਰੀ ਉਹਨਾ ਨੌਕਰਸ਼ਾਹਾਂ ਸਿਰ ਪਾਈ ਹੋਈ ਹੈ। ਸਰਹੱਦਾਂ ਉਤੇ ਰੌਲੇ-ਗੌਲੇ ਸਬੰਧੀ ਜ਼ੁੰਮੇਵਾਰੀ ਉਹਨਾ ਫੌਜ ਦੇ ਜਰਨੈਲਾਂ ਸਿਰ ਮੜ੍ਹੀ ਹੋਈ ਹੈ। ਕੋ-ਰੋਨਾ ਸਮੇਂ ਪ੍ਰਵਾਸੀ ਮਜ਼ਦੂਰਾਂ ਦੇ ਉਜਾੜੇ ਸਬੰਧੀ ਪੂਰਾ ਅਪ੍ਰੈਲ ਮਹੀਨਾ ਕੇਂਦਰ ਚੁੱਪ ਰਿਹਾ, ਤੇ ਮੋਦੀ ਜੀ ਵੀ ਕੁਝ ਨਹੀਂ ਬੋਲੇ ਤੇ ਫਿਰ ਮਜ਼ਦੂਰਾਂ ਨੂੰ ਘਰ ਪਹੁੰਚਾਣ ਲਈ ਰੇਲ ਮੰਤਰੀ ਨੂੰ ਅੱਗੇ ਕਰ ਦਿੱਤਾ। ਇਥੋਂ ਤੱਕ ਕਿ ਆਰਥਿਕਤਾ ਦੇ ਉਜਾੜੇ ਉਪਰੰਤ ਦੇਸ਼ ਨੂੰ ਦਿੱਤੇ ਜਾਣ ਵਾਲੇ 20 ਲੱਖ ਕਰੋੜੀ ਪੈਕੇਜ ਦਾ ਐਲਾਨ ਤਾਂ ਪ੍ਰਧਾਨ ਮੰਤਰੀ ਨੇ ਆਪ ਕਰ ਦਿੱਤਾ, ਪਰ ਇਸਦਾ ਵੇਰਵਾ ਦੇਣ ਦੀ ਜ਼ੁੰਮੇਵਾਰੀ ਵਿੱਤ ਮੰਤਰੀ ਸਿਰ ਪਾ ਦਿੱਤੀ ਜੋ ਲਗਾਤਾਰ ਚਾਰ-ਪੰਜ ਦਿਨ ਅੰਕੜਿਆਂ ਨਾਲ ਖੇਡਦੀ ਰਹੀ। ਸੁਪਰੀਮ ਕੋਰਟ ਨੇ ਵੀ ਹੁਣ ਸਵਾਲ ਉਠਾਇਆ ਹੈ ਕਿ ਮਜ਼ਦੂਰਾਂ ਲਈ ਰੱਖੇ 20 ਹਜ਼ਾਰ ਕਰੋੜ ਕਿਥੇ ਹਨ?

ਕੋਰੋਨਾ ਕਾਲ 'ਚ ਆਜ਼ਾਦੀ ਤੋਂ ਬਾਅਦ ਖ਼ਾਸ ਕਰਕੇ ਪਿਛਲੇ 42 ਸਾਲ ਦੇ ਸਮੇਂ 'ਚ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਡਾਵਾਂਡੋਲ ਹੋਈ ਹੈ। ਲੌਕਡਾਊਨ ਦੇ ਪਹਿਲੇ 21 ਦਿਨ ਹਰ ਰੋਜ਼ 32000 ਕਰੋੜ ਰੁਪਏ ਦੇਸ਼ ਨੇ ਗੁਆਏ ਹਨ। ਦੇਸ਼ ਦਾ 53ਫ਼ੀਸਦੀ ਕਾਰੋਬਾਰ ਇਸ ਸਮੇਂ ਦੌਰਾਨ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਹੈ। ਸਮਾਨ ਦੀ ਸਪਲਾਈ ਚੇਨ ਟੁੱਟੀ ਹੈ। ਦੇਸ਼ ਦੀਆਂ ਮੁੱਖ ਉਤਪਾਦਕ ਕੰਪਨੀਆਂ, ਜਿਹਨਾ ਵਿੱਚ ਲਾਰੰਸ ਅਤੇ ਟੁਬਰੋ, ਅਲਟਰਾਟੈਕ ਸੀਮਿੰਟ, ਅਦਿੱਤਾ ਬਿਰਲਾ ਗਰੁੱਪ, ਟਾਟਾ ਮੋਟਰਜ਼ ਆਦਿ ਨੇ ਆਰਜੀ ਤੌਰ ਤੇ ਆਪਣੇ ਕੰਮ ਬੰਦ ਕੀਤੇ ਹਨ ਜਾਂ ਘਟਾਏ ਹਨ। ਦੇਸ਼ ਦੇ 45 ਫ਼ੀਸਦੀ ਪਰਿਵਾਰਾਂ ਦੀ ਆਮਦਨੀ ਪਿਛਲੇ ਸਾਲ ਦੇ ਮੁਕਾਬਲੇ ਘਟੀ ਹੈ। ਵੱਡੀਆਂ ਉਤਪਾਦਕ ਇਕਾਈਆਂ ਵਿੱਚ ਉਤਪਾਦਨ ਅੱਧਾ ਰਹਿ ਗਿਆ ਹੈ ਅਤੇ ਸਮਾਨ ਦੀ ਮੰਗ ਘੱਟ ਗਈ ਹੈ। ਇਸ ਸਮੇਂ ਚੰਗੇਰੇ ਆਰਥਿਕ ਪੈਕੇਜ ਦੀ ਲੋੜ ਸੀ।

ਪਰ ਜਿਹੋ ਜਿਹਾ ਆਰਥਿਕ ਪੈਕੇਜ ਦੇਕੇ ਸਰਕਾਰ ਅੰਕੜਿਆਂ ਨਾਲ ਖੇਡ ਰਹੀ ਹੈ, ਉਸ ਨਾਲ ਦੇਸ਼ ਦੀ ਆਰਥਿਕਤਾ ਨੂੰ ਠੁੰਮਣਾ ਨਹੀਂ ਮਿਲੇਗਾ। ਦੇਸ਼ ਦੇ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਕੁਝ ਸਾਰਥਿਕ ਕਰਨ ਦੀ ਲੋੜ ਪਏਗੀ। ਪਰ ਜਾਪਦਾ ਹੈ ਕਿ ਸਰਕਾਰ ਕੋਲ ਕੋਈ ਢੁਕਵਾਂ ਹੱਲ ਨਹੀਂ ਹੈ। ਹੁਣੇ ਜਿਹੇ ਦੇਸ਼ ਦੀ ਵਿੱਤ ਮੰਤਰੀ ਵਲੋਂ 500 ਕਰੋੜ ਤੱਕ ਦੀਆਂ ਨਵੀਆਂ ਸਕੀਮਾਂ ਜੋ ਦੇਸ਼ ਭਰ 'ਚ ਲਾਗੂ ਕੀਤੀਆਂ ਜਾਣਗੀਆਂ ਸਨ, ਪੈਸੇ ਦੀ ਘਾਟ ਕਾਰਨ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਇਹਨਾ ਸਕੀਮਾਂ ਵਿੱਚ, ਸਭ ਤੋਂ ਛੋਟੀ ਨੈਸ਼ਨਲ ਗੰਗਾ ਪਲਾਨ ਹੈ, ਜਿਸਦਾ 800 ਕਰੋੜ ਰੁਪਏ ਦਾ ਬਜ਼ਟ ਵਿੱਚ ਪ੍ਰਵਾਧਾਨ ਵੀ ਕੀਤਾ ਗਿਆ ਸੀ, ਸ਼ਾਮਲ ਹੈ। ਦੇਸ਼ ਦੇ ਆਰਥਿਕਤਾ ਦੇ ਪਹੀਏ ਨੂੰ ਸਾਵਾਂ ਕਰਨ ਲਈ, ਨਰੇਂਦਰ ਮੋਦੀ ਆਪਣੇ-ਆਪ ਨੂੰ ਧੁਰੰਤਰ ਮੰਨਦੇ ਹਨ, ਪਰ ਮਨਮੋਹਨ ਸਿੰਘ, ਅੱਟਲ ਬਿਹਾਰੀ ਬਾਜਪਾਈ ਵਲੋਂ ਪ੍ਰਧਾਨ ਮੰਤਰੀ ਦੇ ਕੀਤੀਆਂ ਪ੍ਰਾਪਤੀਆਂ ਦੇ ਮੁਕਾਬਲੇ ਉਹਨਾ ਦੀ ਥਾਂ ਕਿੱਥੇ ਹੈ? ਗੱਲਾਂ ਤਾਂ ਮੋਦੀ ਸਰਕਾਰ ਵਲੋਂ ਵੱਡੀਆਂ ਕੀਤੀਆਂ ਜਾ ਰਹੀਆਂ ਹਨ, ਪਰ ਮੋਦੀ ਸਰਕਾਰ ਦੇ ਨੌਕਰਸ਼ਾਹ ਆਰਥਿਕ ਸੁਧਾਰ ਲਈ ਕੋਈ ਬੱਝਵੀ ਕੋਸ਼ਿਸ਼ ਕਰਨ 'ਚ ਅਸਮਰਥ ਵਿਖਾਈ ਦੇ ਰਹੇ ਹਨ। ਸਰਕਾਰ ਵਲੋਂ ਦੇਸ਼ ਨੂੰ ਆਤਮ ਨਿਰਭਰ ਬਣਾਉਣ ਲਈ ਕਾਰੋਬਾਰਾਂ ਦੀ ਪੁਨਰ ਸਥਾਪਨਾ, ਖੇਤੀਬਾੜੀ ਨੂੰ ਨਵੀਆਂ ਲੀਹਾਂ 'ਤੇ ਪਾਉਣ ਅਤੇ ਭਾਰਤ ਨੂੰ ਵਿਸ਼ਵ ਭਰ 'ਚ ਉਤਪਾਦਨ ਖੇਤਰ 'ਚ ਨਵੀਂ ਪੈੜਾਂ ਪਾਉਣ ਦੀ ਗੱਲ, ਕੋਵਿਡ-19 ਤੋਂ ਕੀਤੀ ਜਾ ਰਹੀ ਹੈ। ਪਰ ਦੇਸ਼ ਦੇ ਆਰਥਿਕ ਸੰਕਟ ਵਿੱਚੋਂ ਨਿਕਲਣ ਲਈ ਕੀਤੀ ਜਾਣ ਵਾਲੀ ਪੈਰਵੀ ਦਾ ਖਾਕਾ ਸਰਕਾਰ ਕੋਲ ਮੌਜੂਦ ਨਹੀਂ ਹੈ। ਅੰਕੜਿਆਂ ਦੀ ਖੇਡ ਨਾਲ ਉਹਨਾ ਦੇਸ਼ ਵਾਸੀਆਂ ਦੇ ਢਿੱਡ ਨਹੀਂ ਭਰਨੇ, ਜਿਹੜੇ ਛਿਨਾਂ-ਪਲਾਂ 'ਚ ਆਪਣੇ ਰੁਜ਼ਗਾਰ ਗੁਆ ਬੈਠੇ ਹਨ, ਜਾਂ ਆਪਣੇ ਕਾਰੋਬਾਰਾਂ ਤੋਂ ਹੱਥ ਧੋ ਬੈਠੇ ਹਨ ਜਾਂ ਜਿਹੜੇ ਰੋਟੀ ਤੋਂ ਵੀ ਆਤੁਰ ਹੋਕੇ ਆਪਣੇ ਪਿਤਰੀ ਰਾਜਾਂ 'ਚ ਕੁਝ ਦਿਨ ਸਕੂਨ ਦੇ ਗੁਜ਼ਾਰਨ ਲਈ ਪਰਤ ਚੁੱਕੇ ਹਨ। ਸਰਕਾਰ ਨੂੰ ਕੁਝ ਤਾਂ ਕਰਨਾ ਹੀ ਪਵੇਗਾ!



ਗੁਰਮੀਤ ਪਲਾਹੀ
91-98158-02070

# ਨਵਾਂ ਚਿਰਾਗ ਨਵੀ ਰੋਸ਼ਨੀ



ਲਾਲ ਸਿੰਘ ਸੁਲਹਾਣੀ ਦੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨਾਲ ਇਕ ਯਾਦਗਾਰੀ ਤਸਵੀਰ

14 ਅਪਰੈਲ 1980 ਨੂੰ ਰੇਲਵੇ ਦੇ ਇਕ ਸੁਪਰਡੈਂਟ ਬਾਬੂ ਦੌਲਤ ਰਾਮ ਦੇ ਬੁਲਾਵੇ ਤੇ ਮੈਨੂੰ ਦੱਬੇ ਕੁਚਲੇ ਲੋਕਾਂ ਦੇ ਮਸੀਹਾ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਆਧੁਨਿਕ ਭਾਰਤ ਦੇ ਸ਼ਿਲਪਕਾਰ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਡਾਕਟਰ ਭੀਮ ਰਾਓ ਅੰਬੇਡਕਰ ਦੇ ਜੈਅੰਤੀ ਸਮਾਰੋਹ ਤੇ ਬਸਤੀ ਟੈਂਕਾਂ ਵਾਲੀ ਫਿਰੋਜ਼ਪੁਰ ਜਾਣ ਦਾ ਅਵਸਰ ਮਿਲਿਆ। ਮੈਂ ਪਹਿਲੀ ਵਾਰ ਅੰਬੇਡਕਰੀ ਵਿਚਾਰ ਧਾਰਾ ਦੇ ਵਿਦਵਾਨਾਂ ਦੇ ਵਿਚਾਰ ਸੁਣੇ। ਉਥੇ ਅੰਬੇਡਕਰੀ ਵਿਦਵਾਨ ਗਿਆਨ ਸਿੰਘ ਬਲ ਨਾਲ ਮਿਲਾਪ ਹੋਇਆ। ਆਪਣੇ ਸਹੁਰਾ ਸਾਹਿਬ ਭਾਈ ਗੁਲਜਾਰ ਸਿੰਘ ਸੇਮਾਂ ਦੁਆਰਾ ਸੁਣੀਆਂ ਬਹੁਤ ਸਾਰੀਆਂ ਗੱਲਾਂ ਦੀ ਪੁਸ਼ਟੀ ਹੋਈ ਤੇ ਬਾਬਾ ਸਾਹਿਬ ਬਾਰੇ ਹੋਰ ਵਡਮੁੱਲੀ ਜਾਣਕਾਰੀ ਮਿਲੀ। ਉਹਨਾਂ ਦੇ ਜੀਵਨ ਭਰ ਕੀਤੇ ਸੰਘਰਸ਼ ,ਦਲਿਤ ਸੋਸ਼ਿਤ ਸਮਾਜ ਦੇ ਦੁੱਖਾਂ ਮੁਸੀਬਤਾਂ, ਉਹਨਾਂ ਦੀ ਪੀੜਾ ਪ੍ਰਤੀ ਬਾਬਾ ਸਾਹਿਬ ਦੀ ਚਿੰਤਾ ਤੇ ਉਸਦੇ ਹਲ ਲਈ ਬਾਬਾ ਸਾਹਿਬ ਦੇ ਸੁਝਾਏ ਮੂਲ ਸਿਧਾਂਤਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਪਰਾਪਤ ਹੋਈ। ਮੇਰੇ ਸਹੁਰਾ ਸਾਹਿਬ ਵਲੋਂ ਲਾਈ ਚੇਤਨਾ ਦੀ ਚਿਣਗ ਹੋਰ ਪਰਜਵਲਤ ਹੋ ਉੱਠੀ ਤੇ ਡਾਕਟਰ ਅੰਬੇਡਕਰ ਬਾਰੇ ਹੋਰ ਜਾਣਕਾਰੀ ਹਾਸਿਲ ਕਰਨ ਦੀ ਚੇਤਨਾ ਵਧਣ ਲੱਗੀ। ਏਸੇ ਸਮਾਗਮ ਵਿਚ ਜਲੰਧਰ ਤੋਂ ਛਪਦੇ ਸਪਤਾਹਿਕ ਅਖਬਾਰ "ਭੀਮ ਪੱਤ੍ਰਿਕਾ" ਬਾਰੇ ਪਤਾ ਚਲਿਆ। ਮੈਂ ਆਪਣੇ ਇਕ ਮਿੱਤਰ ਰਾਹੀਂ ਅੰਬੇਡਕਰ ਭਵਨ ਜਲੰਧਰ ਤੋਂ "ਜੀਵਨ ਤੇ ਮਿਸ਼ਨ" ਕਿਤਾਬ ਤੇ ਕੁਝ ਹੋਰ ਅੰਬੇਡਕਰੀ ਸਾਹਿਤ ਮੰਗਵਾ ਕੇ ਪੜ੍ਹਨਾ ਸ਼ੁਰੂ ਕੀਤਾ। ਜਿਸਨੇ ਬੰਦ ਕਵਾੜ ਖੋਲ੍ਹ ਦਿੱਤੇ। ਸਮਾਜਿਕ ਤਾਣੇ ਬਾਣੇ ਦੀ ਸੋਝੀ ਹੋਈ। ਬਰਾਹਮਣਵਾਦ ਸ਼ਬਦ ਜੋ ਸਿੱਖ ਸਾਹਿਤ ਵਿਚ ਕਈ ਵਾਰ ਪੜ੍ਹਿਆK ਸੁਣਿਆ ਸੀ ਉਸਦਾ ਘਿਨਾਉਣਾ ਤੇ ਵਿਕਰਾਲ ਰੂਪ ਅੰਬੇਡਕਰੀ ਸਾਹਿਤ ਪੜ੍ਹ ਕੇ ਸਾਹਮਣੇ ਆਇਆ।



**ਲਾਲ ਸਿੰਘ ਸੁਲਹਾਣੀ**
**91-98721-55120**

ਮੈਂ ਕਿਉਂਕਿ ਸਿਖ ਵਿਚਾਰਧਾਰਾ ਨੂੰ ਸਮਰਪਿਤ ਪ੍ਰਚਾਰਕ ਸਾਂ ਤੇ ਵਖ ਵਖ ਪਿੰਡਾਂ ਵਿਚ ਤੇ ਸਕੂਲਾਂ ਵਿਚ ਜਾਕੇ ਅਸੀਂ ਗੁਰਮਤਿ ਕਲਾਸਾਂ ਲਾਇਆ ਕਰਦੇ ਸਾਂ। ਖਾਲਸਾ ਗੁਰਦੁਆਰਾ ਫਿਰੋਜ਼ਪੁਰ ਛਾਉਣੀ ਵਿਚ ਸਾਡੀ ਹਫਤਾਵਾਰੀ ਕਲਾਸ ਲਗਦੀ ਸੀ। ਸਰਦਾਰ ਬਲਵਿੰਦਰ ਸਿੰਘ ਖਾਲਸਾ ਜੂਨੀਅਰ ਇੰਜਨੀਅਰ ਲੋਕ ਨਿਰਮਾਣ ਵਿਭਾਗ ਸਾਡੇ ਇੰਚਾਰਜ ਤੇ ਸ. ਜਸਵੰਤ ਸਿੰਘ ਚੱਢਾ ਨਿਗਰਾਨ ਇੰਜੀਨੀਅਰ ਨਹਿਰੀ ਵਿਭਾਗ ਗੁਰਮਤਿ ਵਿਦਵਾਨ ਪ੍ਰਚਾਰਕ ਦਾ ਭਰਵਾਂ ਸਹਿਯੋਗ ਮਿਲ ਰਿਹਾ ਸੀ। ਸਿਖ ਮਿਸ਼ਨਰੀ ਕਲਾਸਾਂ ਫਿਰੋਜ਼ਪੁਰ ਸ਼ਹਿਰ ਤੇ ਛਾਉਣੀ ਵਿਚ ਚਰਚਿਤ ਹੋ ਚੁਕੀਆਂ ਸਨ। ਅਸੀਂ ਜਨੂੰਨ ਦੀ ਹੱਦ ਤੱਕ ਗੁਰਮਤਿ ਪਰਚਾਰ ਵਿਚ ਰੁਝੇ ਸਾਂ। ਮੈਂ ਆਪਣੇ ਸਾਹਿਤਕ ਮਿੱਤਰ ਬਿਪਨ ਸੂਦ ਨੂੰ ਆਪਣੇ ਖਰਚ ਤੇ ਦੋ ਸਾਲਾ ਮਿਸ਼ਨਰੀ ਕੋਰਸ ਡਾਕ ਰਾਹੀਂ ਕਰਵਾਇਆ। ਕਰਵਾਇਆ। ਤੇ ਇਕ ਹੋਰ ਮਿੱਤਰ ਰਾਜਪਾਲ ਸਹਿਗਲ ਗੁਰਮਤਿ ਕਲਾਸਾਂ ਨਾਲ ਜੁੜ ਗਿਆ।

ਭਾਈ ਗੁਲਜ਼ਾਰ ਸਿੰਘ ਸੇਮਾਂ ਦੀ ਅਗਵਾਈ ਵਿਚ ਚਲਦੀ ਸਮਾਜ ਸੁਧਾਰ ਤੇ ਗੁਰਮਤਿ ਪਰਚਾਰ ਸਭਾ ਜਿਸਦਾ ਮੈਂ ਜਨਰਲ ਸਕੱਤਰ ਸਾਂ ਬਠਿੰਡਾ, ਮੁਕਤਸਰ, ਫਰੀਦਕੋਟ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਵਾਹ ਵਾਹ ਸਰਗਰਮ ਸੀ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਜਿਹੜੇ 1978 ਦੇ ਵਿਸਾਖੀ ਤੇ ਨਿਰੰਕਾਰੀਆਂ ਵਲੋਂ ਵਰਤਾਏ ਸਾਕੇ ਤੋਂ ਬਾਅਦ ਚਰਚਿਤ ਹੋ ਚੁਕੇ ਸਨ ਤੇ ਸਿਖ ਲਹਿਰ ਦਾ ਪਰਚਾਰ ਪੂਰੇ ਜਾਹੋ ਜਲਾਲ ਨਾਲ ਕਰ ਰਹੇ ਸਨ। ਸਿਖ ਜੁਆਨੀ ਉਹਨਾਂ ਦੀਆਂ ਅਣਖ ਨੂੰ ਟੁੰਬਣ ਵਾਲੀਆਂ ਤਕਰੀਰਾਂ ਸੁਣਕੇ ਧੜਾਧੜ ਸਿਖ ਬਣਨ ਵਿਚ ਰੁਚਿਤ ਹੋ ਰਹੀ ਸੀ। ਪੇਂਡੂ ਖੇਤਰਾਂ ਵਿੱਚ ਉਹਨਾਂ ਦਾ ਪ੍ਰਭਾਵ ਤੇਜੀ ਨਾਲ ਕਬੂਲਿਆ ਜਾ ਰਿਹਾ ਸੀ।

ਇਸ ਦੌਰ ਵਿਚ ਚੰਡੀਗੜ੍ਹ ਤੋਂ ਅਨੁਸੂਚਿਤ ਜਾਤੀਆਂ ਅਨੁਸੂਚਿਤ ਜਨ ਜਾਤੀਆਂ ਦੇ ਮੁਲਾਜ਼ਮਾਂ ਦੀ ਨਵ ਉਭਰਦੀ ਮੁਲਾਜ਼ਮ ਜਥੇਬੰਦੀ ਬਾਮਸੇਫ (BAMCEF) ਦੀਆਂ ਗਤੀਵਿਧੀਆਂ ਸ਼ੁਰੂ ਹੋ ਗਈਆਂ ਸਨ। 6 ਦਸੰਬਰ 1981 ਨੂੰ ਪਰੇਡ ਗਰਾਊਂਡ ਚੰਡੀਗੜ੍ਹ ਵਿਖੇ ਕੀਤੇ ਗਏ ਤਿੰਨ ਦਿਨਾਂ ਸਮਾਗਮ ਨੇ ਪੰਜਾਬ ਦੇ ਮੁਲਾਜ਼ਮਾਂ 'ਚ ਨਵੀਂ ਚਰਚਾ ਛੇੜ ਦਿੱਤੀ। 24 ਸਤੰਬਰ 1982 ਨੂੰ ਇਕ ਹੋਰ ਜਥੇਬੰਦੀ ਡੀ ਐਸ ਫੋਰ ਵਲੋਂ ਬੂਟਾਂ ਮੰਡੀ ਜਲੰਧਰ ਵਿਚ ਪੂਨਾ ਪੈਕਟ ਅਧਿਕਾਰ ਦਿਵਸ ਮਨਾਇਆ ਗਿਆ। ਜਦੋਂ ਕਿ ਦੇਸ਼ ਦੀ ਪਰਧਾਨ ਮੰਤਰੀ ਇੰਦਰਾ ਗਾਂਧੀ ਇਸ ਦਿਨ ਪੂਨਾ ਪੈਕਟ ਦੀ ਸਵਰਨ ਜੈਅੰਤੀ ਮਨਾ ਰਹੀ ਸੀ। ਇਸੇ ਜਥੇਬੰਦੀ ਵਲੋਂ ਦੁਆਬੇ ਦੇ ਇਕ ਪਿੰਡ ਮੂਸਾਪੁਰ ਵਿਚ ਭਰਵੀਂ ਰਾਜਸੀ ਕਾਨਫਰੰਸ ਕਰਕੇ ਨਵਾਂ ਉਭਰ ਰਿਹਾ ਅੰਬੇਡਕਰੀ ਵਿਚਾਰ ਧਾਰਾ ਨੂੰ ਪਰਨਾਇਆ ਬਾਮਸੇਫ ਤੇ ਡੀ ਐਸ ਫੋਰ ਦਾ ਜਨਮ ਦਾਤਾ ਆਗੂ ਸ੍ਰੀ ਕਾਂਸ਼ੀ ਰਾਮ ਵੀ ਰਾਜਸੀ ਰੰਗਮੰਚ ਤੇ ਪਰਗਟ ਹੋ ਚੁਕਿਆ ਸੀ।

ਚੰਡੀਗੜ੍ਹ ਤੇ ਦੁਆਬੇ ਤੋਂ ਰੁਮਕਦੀ ਸੁਹਾਵਣੀ ਹਵਾ ਦੇ ਠੰਡੇ ਬੁੱਲੇ ਖੇਤੀਬਾੜੀ ਵਿਭਾਗ ਦੇ ਇਕ ਅਧਿਕਾਰੀ ਫਤਹਿ ਜੰਗ ਸਿੰਘ ਚੰਡੀਗੜ੍ਹ, ਸੁਖਰਾਮ ਪਟਵਾਰੀ ਮੂਸਾਪੁਰ ਤੇ ਬਲਾਚੌਰ ਦੇ ਤਰਸੇਮ ਸਿੰਘ ਸੱਜਣ ਜੂਨੀਅਰ ਇੰਜਨੀਅਰ ਪੰਜਾਬ ਰਾਜ ਬਿਜਲੀ ਬੋਰਡ ਰਾਹੀਂ ਮੁਕਤਸਰ ਪੁਜ ਗਏ। ਗੁਰਨਾਮ ਸਿੰਘ ਮੁਕਤਸਰ ਜੋ ਸਰਕਾਰੀ ਅਧਿਆਪਕ ਸਨ ਤੇ ਚੰਡੀਗੜ੍ਹ ਪੜ੍ਹਾਈ ਤੇ ਨੌਕਰੀ ਦੌਰਾਨ ਬਣੇ ਆਪਣੇ ਮਿੱਤਰ ਫਤਿਹ ਜੰਗ ਸਿੰਘ ਰਾਹੀਂ ਮਾਰਕਸਵਾਦੀ ਵਿਚਾਰਧਾਰਾ ਤਿਆਗ ਕੇ ਅੰਬੇਡਕਰੀ ਵਿਚਾਰ ਧਾਰਾ ਕਬੂਲ ਚੁਕਾ ਸੀ। ਉਸ ਰਾਹੀਂ ਭਾਈ ਗੁਲਜਾਰ ਸਿੰਘ ਸੇਮਾਂ ਨੇ ਨਵੀਂ ਉਭਰਦੀ ਦਲਿਤ ਚੇਤਨਾ ਤੇ ਚਰਚਿਤ ਹੋ ਚੁਕੇ ਆਗੂ ਸ੍ਰੀ ਕਾਂਸ਼ੀ ਰਾਮ ਬਾਰੇ ਮੈਨੂੰ ਜਾਣਕਾਰੀ ਦਿੱਤੀ। ਮੈਂ ਗੁਰਨਾਮ ਸਿੰਘ ਮੁਕਤਸਰ ਤੋਂ ਹਰ ਵਧੇਰੇ ਜਾਣਕਾਰੀ ਹਾਸਲ ਕਰ ਲਈ। ਸਤੰਬਰ/ਅਕਤੂਬਰ 1983 ਵਿਚ ਪਹਿਲੀ ਵਾਰ ਗੁਰਨਾਮ ਸਿੰਘ ਦੇ ਗੁਰੂ ਅੰਗਦ ਦੇਵ ਨਗਰ ਦੀ 12-13 ਨੰਬਰ ਗਲੀ ਦੇ ਅਖੀਰ ਤੇ ਬਣੇ ਘਰ ਵਿਚ ਸ੍ਰੀ ਕਾਂਸ਼ੀ ਰਾਮ ਦਾ ਕੇਡਰ ਕੈਂਪ ਸੁਣਨ ਦਾ ਮੌਕਾ ਮਿਲਿਆ। ਮੁਲਾਜ਼ਮ ਆਗੂ ਤੇਜਿੰਦਰ ਸਿੰਘ ਝੱਲੀ ਉਹਨਾਂ ਦੇ ਨਾਲ ਸੀ। ਇਸ ਕੇਡਰ ਕੈਂਪ ਵਿਚ ਪੂਰੇ ਦੇਸ਼ ਅੰਦਰ ਦਲਿਤ ਸਮਾਜ ਦੀ ਦੁਖਦਾਈ ਦਾਸਤਾਨ ਸੁਣੀ। ਸਮਾਜਿਕ ਵਿਵਸਥਾ ਦੀ ਸੋਝੀ ਹੋਈ ਮਨੂਵਾਦ ਤੇ ਬਰਾਹਮਣ ਵਾਦ ਬਾਰੇ ਅਣਜਾਣੇ ਤੇ ਅਣਗੌਲੇ ਤਥ ਦ੍ਰਿਸ਼ਟੀਗੋਚਰ ਹੋਏ। ਵਖਰੇ ਤੌਰ ਤੇ ਕਾਂਸ਼ੀ ਰਾਮ ਜੀ ਨਾਲ ਕੀਤੀ ਗਲਬਾਤ ਨਾਲ ਮੇਰੇ ਅੰਦਰ ਊਚ ਨੀਚ, ਜਾਤਪਾਤ ਤੇ ਵੰਡ ਵਿਤਕਰਿਆਂ ਵਾਲੀ ਮਨੂੰ ਵਾਦੀ ਸਮਾਜਿਕ ਵਿਵਸਥਾ ਵਿਰੁੱਧ ਵਿਦਰੋਹ ਹੋਰ ਪ੍ਰਚੰਡ ਹੋ ਗਿਆ। ਉਹਨਾਂ ਦੇ ਵਿਚਾਰ ਸੁਣਕੇ ਸਦੀਆਂ ਤੋਂ ਨਾਰਕੀ ਜਿੰਦਗੀ ਜਿਉਂਦੇ ਸਮਾਜ ਨੂੰ ਕੁੰਭੀ ਨਰਕ ਚੋਂ ਕੱਢਣ ਲਈ ਤੜਫ ਹੋਰ ਤੀਬਰ ਹੋ ਗਈ । ਖੁਰਾਕ ਤੇ ਸਪਲਾਈਜ ਵਿਭਾਗ ਦੀ ਵਧੀਆ ਨੌਕਰੀ ਘਰ ਦੇ ਗੁਜਾਰੇ ਲਈ ਠੀਕ ਸੀ। ਪਰ ਉਹਨਾਂ ਦੀ ਲਾਈ ਚਿਣਗ ਲਟ ਲਟ ਬਲਦੀ ਮਿਸਾਲ ਬਣ ਗਈ। ਜਿਸਨੇ ਮੇਰੀ ਜਿੰਦਗੀ ਦੀਆਂ ਤਰਜੀਹਾਂ ਬਦਲ ਦਿੱਤੀਆਂ। ਸਭ ਕੁਝ ਭੁਲ ਭੁਲਾ ਕੇ ਸਰਕਾਰੀ ਮੁਲਾਜ਼ਮਤ ਦੌਰਾਨ ਪੂਰੇ ਪਰਵਾਰ ਸਮੇਤ ਮੈਂ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਲਈ ਵਿੱਢੇ ਅੰਦੋਲਨ ਵਿਚ ਕੁੱਦ ਪਿਆ।

ਫਿਰੋਜ਼ਪੁਰ ਵਿਚ ਮੇਰੇ ਯਤਨਾਂ ਨਾਲ ਮੁਲਾਜ਼ਮ ਜਥੇਬੰਦੀ ਬਾਮਸੇਫ ਦੀ ਪਹਿਲੀ ਮੀਟਿੰਗ ਵਿਚ 75 ਮੁਲਾਜ਼ਮ ਸ਼ਾਮਲ ਹੋਏ। ਗੁਰਨਾਮ ਸਿੰਘ ਮੁਕਤਸਰ ਨੇ ਮੈਨੂੰ ਫਿਰੋਜ਼ਪੁਰ ਜ਼ਿਲੇ ਦੀ ਬਾਮਸੇਫ ਦਾ ਕਾਰੋਬਾਰ ਦੇਖਣ ਦੀ ਜਿੰਮੇਵਾਰੀ ਸੌਂਪ ਦਿੱਤੀ। ਦਸੰਬਰ 1983 ਨੂੰ ਫਗਵਾੜੇ ਹਦੀਆਬਾਦ ਲੱਗੇ ਤਿੰਨ ਦਿਨਾਂ ਕੇਡਰ ਕੈਂਪ ਵਿਚ ਅੰਦੋਲਨ ਬਾਰੇ ਮਿਲੀ ਜਾਣਕਾਰੀ ਨੇ ਚੇਤਨਾ ਨੂੰ ਹੋਰ ਪ੍ਰਚੰਡ ਕਰ ਦਿੱਤਾ। ਇਸ ਕੇਡਰ ਕੈਂਪ 'ਚ ਪੰਜਾਬ ਤੋਂ ਇਲਾਵਾ ਚੰਡੀਗੜ੍ਹ ਤੇ ਹਰਿਆਣਾ ਦੇ ਮੁਲਾਜ਼ਮਾਂ ਨੇ ਸ਼ਿਰਕਤ ਕੀਤੀ ਮੁਲਾਜ਼ਮ ਆਗੂ ਤੇਜਿੰਦਰ ਸਿੰਘ ਝੱਲੀ ਸਮੇਤ ਹੋਰ ਕੋਈ ਆਗੂਆਂ ਨੇ ਵੀ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ। ਕੁਝ ਦਿਨਾਂ ਬਾਅਦ ਲੋਕ ਨਿਰਮਾਣ ਵਿਭਾਗ ਦੇ ਸਾਥੀ ਜਗੀਰ ਸਿੰਘ ਨਾਲ ਬੂਟਾਂ ਮੰਡੀ ਜਲੰਧਰ 'ਚ ਇਕ ਦਿਨਾਂ ਕੇਡਰ ਕੈਂਪ ਨੇ ਅੰਬੇਡਕਰੀ ਵਿਚਾਰਧਾਰਾ ਬਾਰੇ ਹੋਰ ਪਰਪੱਕ ਕਰ ਦਿੱਤਾ। ਬਸ ਉਸ ਤੋਂ ਬਾਅਦ ਚਲ ਸੋ ਚਲ। ਇਕੱਠੀ ਕੀਤੀ ਜਾਣਕਾਰੀ ਤੇ ਅੰਦਰਲੀ ਅਗ ਟਿਕ ਨਾ ਬਹਿਣ ਦਿੰਦੀ। ਕਦੇ ਐਸ ਪਿੰਡ ਕਦੇ ਔਸ ਪਿੰਡ ਡਿਊਟੀ ਤੋਂ ਬਾਅਦ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਫਰਵਰੀ 1984 'ਚ ਕਾਂਸ਼ੀ ਰਾਮ ਜੀ ਰਵਿਦਾਸ ਜੈਅੰਤੀ ਤੇ ਮੁਕਤਸਰ ਆਏ । ਸੈਂਕੜੇ ਸਾਥੀਆਂ ਨੇ ਉਹਨਾਂ ਨੂੰ ਚਾਰ ਪੰਜ ਗੱਡੀਆਂ ਨਾਲ ਸੋਭਾ ਯਾਤਰਾ ਦੇ ਰੂਪ ਵਿਚ ਗਲੀਆਂ ਬਜ਼ਾਰਾਂ ਖਾਸ ਕਰਕੇ ਅਨੁਸੂਚਿਤ ਜਾਤੀ ਦੇ ਮੁਹਲਿਆਂ ਵਿਚ ਘੁਮਾਇਆ। ਚੌਕਾਂ ਚੁਰਾਹਿਆਂ ਵਿਚ ਰੁਕ ਉਹਨਾਂ ਨੇ ਲੋਕਾਂ ਨੂੰ ਸੰਬੋਧਨ ਕੀਤਾ। ਮੈਂ ਫਿਰੋਜ਼ਪੁਰ ਤੋਂ ਇਕ ਟਰੱਕ ਰਾਹੀਂ 25-30 ਆਦਮੀ ਔਰਤਾਂ ਨੂੰ ਨਾਲ ਲੈ ਕੇ ਪਰਵਾਰ ਸਮੇਤ ਪੁੱਜਿਆ ਸੀ। ਮੇਰਾ ਛੋਟਾ ਪੁਤਰ ਹਰਪ੍ਰੀਤ ਉਸ ਵਕਤ ਮਸਾਂ ਸਵਾ ਕੁ ਸਾਲ ਦਾ ਸੀ। ਜਗੀਰ ਸਿੰਘ, ਰਵਿੰਦਰ ਸਿੰਘ ਦੀਵਾਨਾ, ਬੀਬੀ ਹਰਮੀਤ ਕੌਰ ਰੰਧਾਵਾ, ਜਗਰੂਪ ਸਿੰਘ ਸੁਲ-ਹਾਣੀ, ਗੁਰਦੇਵ ਸਿੰਘ ਰੁਕਨਾ ਬੇਗੂ , ਬਲਦੇਵ ਸਿੰਘ ਰੁਕਨਾ ਬੇਗੂ ,ਗੁਰਦੇਵ ਸਿੰਘ ਨੌਰੰਗ ਕੇ ਸਿਆਲ, ਬਾਬਾ ਸਾਧੂ ਸਿੰਘ ਨਿਹੰਗ ਆਦਿ ਨਾਮ ਵਰਨਣਯੋਗ ਹਨ।

3 ਮਾਰਚ 1984 ਨੂੰ ਬਾਬਾ ਜੀਵਨ ਸਿੰਘ ਨਗਰ ਮੱਲਵਾਲ ਵਿਚ ਇਕ ਭਰਵੀਂ ਕਾਨਫਰੰਸ ਕੀਤੀ ਗਈ ਜਿਸ ਵਿਚ 20-25 ਪਿੰਡਾਂ ਦੇ ਸਾਥੀਆਂ ਨੇ ਪੂਰੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਜਿਸ ਵਿਚ ਗੁਰਨਾਮ ਸਿੰਘ ਮੁਕਤਸਰ ਉਚੇਚੇ ਤੌਰ ਤੇ ਪੁੱਜੇ ਮੱਲਵਾਲ ਵਧੀਆ ਯੂਨਿਟ ਬਣ ਗਿਆ ਸੀ ਤੇ ਸੁਲਹਾਣੀ ਤੇ ਲੱਖੋ ਕੇ ਬਹਿਰਾਮ ਵਾਂਗ ਮੇਰੀਆਂ ਸਰਗਰਮੀਆਂ ਦਾ ਕੇਂਦਰ ਬਣ ਚੁੱਕਾ ਸੀ। ਇਕ ਧਨਾਢ ਜਿਮੀਦਾਰ ਵਲੋਂ ਮਹਿਨਾ ਨਾਂ ਦੇ ਇਕ ਬਾਲਮੀਕ ਨੂੰ 15- 16 ਸਾਲਾਂ ਤੋਂ ਬੰਧੂ ਮਜਦੂਰ ਬਣਾਕੇ ਰਖਿਆ ਸੀ। ਲਗਾਤਾਰ ਸਾਰਾ ਪਰਵਾਰ ਜਿਮੀਦਾਰ ਦੇ ਘਰ ਕੰਮ ਕਰਦਾ ਰਿਹਾ ਹੋਣ ਦੇ ਬਾਵਜੂਦ 60000 ਦਾ ਕਰਜ਼ਾਈ ਦੱਸਿਆ ਜਾ ਰਿਹਾ ਸੀ। ਉਸਦੇ ਪੱਖ ਵਿਚ ਲੜਾਈ ਲੜਨ ਤੇ ਬੰਧੂਆ ਮਜਦੂਰੀ ਤੋਂ ਰਿਹਾਈ ਦਿਵਾਉਣ ਤੇ ਏਸੇ ਪਿੰਡ ਦੇ ਇਕ ਹੋਰ ਮਜਦੂਰ ਜਿਸ ਨੂੰ ਜਿਮੀਦਾਰ ਵੱਲੋ ਕੁੱਟ ਕੁੱਟ ਕੇ ਮਾਰ ਦਿਤਾ ਗਿਆ ਸੀ ਮੇਰੇ ਵਲੋਂ ਲਾਏ ਮੋਰਚੇ ਸਦਕਾ ਉਸਦੇ ਵਾਰਸਾਂ ਨੂੰ ਇਨਸਾਫ ਮਿਲ ਸਕਿਆ ਸੀ । ਏਥੇ ਕੀਤੇ ਗਏ ਜਲਸੇ ਵਿਚ ਪਹੁੰਚ ਕੇ ਦੁਆਬੇ ਚੋਂ ਹਰਭਜਨ ਲਾਖਾ ਨੇ ਮੇਰਾ ਹੌਸਲਾ ਵਧਾਇਆ। ਅੰਮ੍ਰਿਤ ਲਾਲ ਗੰਗੜ ਉਚੇਚੇ ਤੌਰ ਤੇ ਮੇਰੇ ਬੁਲਾਵੇ ਤੇ ਮੱਲਵਾਲ ਕੇਡਰ ਕੈਂਪ ਲਾ ਗਿਆ ਸੀ। ਹੁਣ ਮੈਂ ਇਲਾਕੇ ਵਿਚ ਚਰਚਿਤ ਹੋ ਚੁਕਾ ਸੀ। ਡੀ ਐਸ ਫੋਰ ਲਈ ਬਸ਼ੀਰ ਸਿੰਘ, ਗੁਰਾ ਸਿੰਘ ਮੈਂਬਰ, ਸੂਬੇਦਾਰ ਜੋਗਿੰਦਰ ਸਿੰਘ, ਕਰਤਾਰ ਸਿੰਘ ਫੌਜੀ ਸੂਬੇਦਾਰ ਚਰਨ ਸਿੰਘ, ਸੂਬਾ ਸਿੰਘ, ਕੁਲਦੀਪ ਸਿੰਘ , ਪ੍ਰੀਤਮ ਸਿੰਘ ਕੁਮਗਰ, ਗੁਰਚਰਨ ਸਿੰਘ ਚੰਨ ਪਰਦੇਸੀ, ਭਾਈ ਵੀਰ ਸਿੰਘ ਪੂਰੀ ਤਨਦੇਹੀ ਨਾਲ ਸਰਗਰਮ ਹੋ ਗਏ ਸਨ ਤੇ ਮੇਰੀ ਬਾਮਸੇਫ ਦੀ ਟੀਮ ਵੀ ਪੂਰੇ ਹੌਸਲੇ ਤੇ ਉਤਸ਼ਾਹ ਨਾਲ ਗਤੀਸ਼ੀਲ ਸੀ। ਅਸੀਂ ਲੋਕਾਂ ਦੇ ਸੁੱਤਿਆਂ ਸੁੱਤਿਆਂ ਫਿਰੋਜ਼ਪੁਰ ਦੀਆਂ ਦੀਵਾਰਾਂ ਨਾਅਰਿਆਂ ਨਾਲ ਭਰ ਆਉਂਦੇ। ਡੀ ਐਸ ਫੋਰ ਜ਼ਿੰਦਾਬਾਦ, ਕਾਂਸ਼ੀ ਰਾਮ ਜ਼ਿੰਦਾਬਾਦ, ਰਾਜ ਕਰੇਗੀ ਡੀ ਐਸ ਫੋਰ, ਡਾਕਟਰ ਅੰਬੇਡਕਰ ਅਮਰ ਰਹੇ ਨਾਅਰੇ ਦੇਖ ਕੇ ਪੜ੍ਹ ਕੇ ਲੋਕ ਹੈਰਾਨ ਹੁੰਦੇ। ਲੋਕ ਕਿਆਸ ਅਰਾਈਆਂ ਕਰਦੇ ਕਿ ਬਈ ਇਹ ਡੀ ਐਸ ਫੋਰ ਕੀ ਐ। ਇਸ ਖਿਤੇ ਵਿਚ ਨਾ ਕੋਈ ਡਾਕਟਰ ਅੰਬੇਡਕਰ ਨੂੰ ਜਾਣਦਾ ਸੀ ਤੇ ਨਾ ਕਾਂਸ਼ੀ ਰਾਮ ਨੂੰ। ਪੰਜਾਬ ਦਾ ਮਹੌਲ ਦਹਿਸ਼ਤਜਦਾ ਹੋ ਰਿਹਾ ਸੀ। ਕਿਸੇ ਨੂੰ ਸਮਝ ਨਹੀਂ ਲਗਦੀ ਸੀ ਕਿ ਇਹ ਕਿਹੜਾ ਸੰਗਠਨ ਹੈ। ਕਿਹੜੀ ਜਥੇਬੰਦੀ ਐ । ਫਰਵਰੀ ਦੀ ਕਕਰਾਲੀ ਰਾਤ ਨੂੰ ਮੈਂ ਤੇ ਭਾਈ ਵੀਰ ਸਿੰਘ ਲਿਖਦੇ ਲਿਖਦੇ ਬਸਤੀ ਟੈਂਕਾਂ ਵਾਲੀ ਤੱਕ ਪੁਜ ਗਏ। ਸਵੇਰ ਦਾ ਸਮਾਂ ਹੋ ਚਲਿਆ ਸੀ ਕੋਈ ਚਾਰ ਕੁ ਵਜੇ ਦਾ ਸਮਾਂ ਹੋਵੇਗਾ। ਬਾਬੂ ਦੌਲਤ ਰਾਮ ਸੈਰ ਕਰਨ ਨਿਕਲੇ। ਅੰਦਰੋਂ ਡਰੇ ਉਹ ਛੁਪ ਕੇ ਸਾਡੀ ਨਜ਼ਰਸਾਨੀ ਕਰ ਰਹੇ ਸਨ। ਜਦੋਂ ਉਹਨਾਂ ਡਾਕਟਰ ਅੰਬੇਡਕਰ ਅਮਰ ਰਹੇ ਨਾਅਰਾ ਦੇਖਿਆਂ ਤਾਂ ਉਹ ਝਕਦਿਆਂ ਝਕਦਿਆਂ ਸਾਡੇ ਵੱਲ ਅਹੁਲੇ। ਹਾਲਾਤ ਬੜੇ ਨਾਜਕ ਸਨ । ਅਸੀ ਸਰਦਾਰ ਸਾਂ ਜੁਆਨ ਵੀ। ਉਸ ਵਕਤ ਕੁਝ ਵੀ ਵਾਪਰ ਜਾਂਦਾ ਸੀ। ਮੈਨੂੰ ਪਛਾਣ ਕੇ ਉਹ ਡਾਢੇ ਖੁਸ਼ ਹੋਏ। ਸਾਨੂੰ ਘਰ ਲਿਜਾ ਕੇ ਨਿੱਘੀ ਰਜਾਈ ਵਿੱਚ ਬਿਠਾਇਆ ਅਗ ਸੇਕਣ ਲਈ ਅੰਗੀਠੀ ਦਾ ਇੰਤਜ਼ਾਮ ਕੀਤਾ ਗਰਮਾ ਗਰਮ ਚਾਹ ਛਕਾ ਕੇ ਕੰਡ ਥਾਪੜਦਿਆਂ ਉਹਨਾਂ ਵਧਾਈ ਦਿੱਤੀ।

ਏਸੇ ਤਰ੍ਹਾਂ ਇਕ ਰਾਤ ਅਸੀਂ ਨਾਅਰੇ ਲਿਖ ਰਹੇ ਸੀ ਕਿ ਸੀ ਆਰ ਪੀ ਦੇ ਜੁਆਨਾਂ ਨੇ ਸਾਨੂੰ ਘੇਰੇ ਵਿਚ ਲੈ ਲਿਆ। "ਹੈਂਡਜ ਅਪ" ਹੁਕਮ ਚਾੜ੍ਹ ਦਿੱਤਾ। ਅਸੀਂ ਹਥ ਖੜ੍ਹੇ ਕਰਕੇ ਥਾਏਂ ਖੜ੍ਹੇ ਹੋ ਗਏ। ਤਣੀਆਂ ਬੰਦੂਕਾਂ ਤੋਂ ਅਸੀਂ ਰਤਾ ਵੀ ਭੈ ਭੀਤ ਨਾ ਹੋਏ। ਮਿਸ਼ਨ ਦਾ ਜਨੂੰਨ ਈ ਐਨਾ ਸੀ ਕਿ ਡਰ ਭੈ ਨੇੜੇ ਨਹੀਂ ਲਗਦਾ ਸੀ। ਭਾਵੇਂ ਅਸੀਂ ਨੌਜਵਾਨ ਤੇ ਅੰਮ੍ਰਿਤਧਾਰੀ ਸਾਂ ਕਿਉਂਕਿ ਸਿਖ ਜੁਆਨੀ ਲਈ ਇਹ ਕਟਕ ਦੇ ਦਿਨ ਸਨ। 'ਆਪ ਕਿਆ ਕਰ ਰਹੇ ਹੋ'- ਇਕ ਜੁਆਨ ਕੜਕਦੀ ਆਵਾਜ 'ਚ ਬੋਲਿਆ। 'ਨਾਅਰੇ ਲਿਖ ਰਹੇ ਹਾਂ'- ਮੈਂ ਠਰੰਮੇ ਨਾਲ ਆਖਿਆ। 'ਕੌਨ ਸੇ ਨਾਅਰੇ ਇਸ ਵਕਤ ਚੋਰੀ ਛਿਪੇ ਲਿਖ ਰਹੇ ਹੋ।' 'ਹਮ ਸਰਕਾਰੀ ਮੁਲਾਜ਼ਮ ਹੈਂ। ਹਮੇਂ ਰਾਤ ਕੋ ਵਕਤ ਮਿਲਤਾ ਹੈ। ਹਮ ਡਾਕਟਰ ਭੀਮ ਰਾਓ ਅੰਬੇਡਕਰ ਜੀ ਕੇ ਅਨੁਆਈ ਹੈਂ'-- ਮੈਂ ਸ਼ਨਾਖਤੀ ਕਾਰਡ ਦਿਖਾਉਂਦਿਆਂ ਦੱਸਿਆ।

ਉਹ ਥੋੜ੍ਹਾ ਹੈਰਾਨ ਹੁੰਦਿਆਂ ਬੋਲਿਆ ਠੀਕ ਐ , ਠੀਕ ਐ । ਅਪਨੇ ਬਚਾਓ ਕਾ ਭੀ ਧਿਆਨ ਰਖੇਂ ਆਪ ਬਹੁਤ ਰਿਸਕ ਲੇ ਰਹੇ ਹੋ। ਹਮ ਇਧਰ ਆਸਪਾਸ ਹੀ ਰਹੇਂਗੇ।'- ਆਖਦਿਆਂ ਉਹ ਚਲੇ ਗਏ।

ਕੁਝ ਦਿਨਾਂ ਬਾਅਦ ਸਾਡੇ ਨਾਅਰੇ "ਰਾਜ ਕਰੇਗੀ ਡੀ ਐਸ ਫੋਰ" ਦੇ ਨਾਲ ਸੱਜੇ/ ਖੱਬੇ "ਰਾਜ ਕਰੇਗਾ ਖਾਲਸਾ" ਲਿਖਿਆ ਜਾਣ ਲੱਗ ਗਿਆ। ਨਾ ਸਾਡੇ ਬਾਰੇ ਕੋਈ ਜਾਣਦਾ ਸੀ ਤੇ ਨਾ ਅਸੀਂ ਜਾਣਦੇ ਸਾਂ ਕਿ ਅਜਿਹਾ ਕੌਣ ਕਰਦਾ ਹੈ।

ਪਰ ਸਾਡੀਆਂ ਗਤੀਵਿਧੀਆਂ ਬੇਰੋਕ ਚੱਲ ਰਹੀਆਂ ਸਨ। ਅਸੀਂ ਵਖ ਵਖ ਮੁਹੱਲਿਆਂ ਵਿਚ ਤੇ ਵੱਖ ਵੱਖ ਦਫਤਰਾਂ 'ਚ ਕੰਮ ਕਰਦੇ ਸਰਕਾਰੀ ਕਰਮਚਾਰੀਆਂ ਦੀਆਂ ਲਿਸਟਾਂ ਬਣਾ ਕੇ ਨਵੀਂ ਉਭਰਦੀ ਲਹਿਰ ਬਾਰੇ ਜਾਗਰੂਕ ਕਰਨ ਦਾ ਸਿਲਸਿਲਾ ਨਿਰੰਤਰ ਜਾਰੀ ਰੱਖਿਆ।

# ਗੁਰਲਗਨ ਦਾ 'ਮਹਿੰਦੀ ਰੰਗਾ' ਗੀਤ ਦਰਸ਼ਕਾਂ ਦੇ ਵਿਹੜੇ 'ਚ ਲੱਗਾ ਮਹਿੰਦੀ ਦਾ ਬੂਟਾ ਬਣਕੇ- ਬਲਜੀਤ ਅਟਵਾਲ

### ਸੇਵਕ ਸਿੰਘ ਦੀ ਕਲਮ ਨੇ "ਇਸ਼ਕੇ ਦਾ ਬੂਟੜਾ" ਨੂੰ ਲਾਏ ਚਾਰ ਚੰਨ

ਸੋਹਣੀ, ਸਿਆਣੀ ਤੇ ਸੁਨੱਖੀ ਕੁੜੀ ਗੁਰਲਗਨ ਨੇ ਜਦੋਂ ਬੂਟੜਾ, ਸੂਟੜਾ ਤੇ ਝੂਟੜਾ ਵਰਗੇ ਵਿਲੱਖਣ ਸ਼ਬਦਾਂ ਨੂੰ ਆਪਣੀ ਆਵਾਜ਼ ਦਿੱਤੀ ਤਾਂ ਹਰ ਕਿਸੇ ਨੇ ਕਿਹਾ' ਵਾਹ! ਖੂਬਸੂਰਤ ਤੇ ਸੁਰੀਲੀ ਆਵਾਜ਼। ਕੋਇਲ ਦੀ ਆਵਾਜ਼ ਤਰ੍ਹਾਂ ਮਹਿਕਦੀ ਆਵਾਜ਼ ਵਾਲੀ ਕੁੜੀ । ਉਕਤ ਸਾਰੇ ਵਿਲੱਖਣ ਸ਼ਬਦਾਂ ਨੂੰ ਇਕਮੁੱਠ ਕਰੀਏ ਤਾਂ ਬਣਦਾ ਹੈ 'ਮਹਿੰਦੀ ਰੰਗਾ'। 'ਮਹਿੰਦੀ ਰੰਗਾ' ਗੁਰਲਗਨ ਦਾ ਨਵਾਂ ਨਿਕੋਰ ਪਲੇਠਾ ਗੀਤ ਹੈ। ਪਤਾ ਨਹੀਂ ਕਿਸ ਥਾਵੇਂ ਬੈਠ ਕੇ ਸੇਵਕ ਸਿੰਘ ਨੇ 'ਮਹਿੰਦੀ ਰੰਗਾ' ਵਰਗੀ ਸ਼ਾਇਰੀ ਰਚੀ ਹੈ। ਸੁਖਪਾਲ ਦਰਸ਼ਨ ਦੀ ਮਿਹਨਤ ਦੇ ਰੰਗਾਂ ਵਿੱਚ ਘੁਲ ਕੇ ਇਹ 'ਮਹਿੰਦੀ ਰੰਗਾ' ਦਰਸ਼ਕਾਂ ਦੇ ਹੱਥਾਂ ਉੱਪਰ ਮਹਿੰਦੀ ਵਾਂਗ ਚੜ੍ਹ ਚੁੱਕਾ ਹੈ ਅਤੇ ਹਰ ਕਿਸੇ ਦੀ ਗੀਤ ਨਾਲ ਅਜਿਹੀ ਲਗਨ ਲੱਗੀ ਕਿ ਹਰ ਪਾਸੇ ਗੁਰਲਗਨ ਗੁਰਲਗਨ ਹੋ ਗਈ ।ਸ਼ੋਸ਼ਲ ਮੀਡੀਆ ਉੱਤੇ ਇਸ ਗੀਤ ਨੂੰ ਬੇਹੱਦ ਸਲਾਹਿਆ ਤੇ ਸੁਣਿਆ ਜਾ ਰਿਹਾ ਹੈ।

ਇਸ ਸਬੰਧੀ ਨੌਜਵਾਨ ਸ਼ਾਇਰ ਬਲਜੀਤ ਅਟਵਾਲ ਨੇ ਦੱਸਿਆ ਕਿ ਗੁਰਲਗਨ ਇਕ ਅਧਿਆਪਕਾ ਹੈ।ਜਿੱਥੇ ਉਹ ਆਪਣੇ ਵਿਦਿਆਰਥੀਆਂ ਪ੍ਰਤੀ ਸੰਜੀਦਾ ਹੈ, ਉੱਥੇ ਹੀ ਉਹ ਆਪਣੀ ਗਾਇਕੀ ਦੀ ਮਹਿਕ ਨੂੰ ਦੂਰ ਤੱਕ ਬਿਖੇਰਨ ਲਈ ਮਿਹਨਤ ਅਤੇ ਸਿਆਣਪ ਨੂੰ ਆਪਣੇ ਤੋਂ ਅਲਹਿਦਾ ਨਹੀਂ ਹੋਣ ਦਿੰਦੀ। ਬਲਜੀਤ ਅਟਵਾਲ ਨੇ ਕਿਹਾ ਕਿ ਅੱਜ 'ਮਹਿੰਦੀ ਰੰਗਾ' ਗੀਤ ਨੇ ਉਸਨੂੰ ਸੰਗੀਤਕ ਖੇਤਰ ਵਿੱਚ ਵੱਡੀ ਥਾਂ ਦਿੱਤੀ ਹੈ। ਸਾਹਿਤਕ ਸਖਸ਼ੀਅਤਾਂ ਵੱਲੋਂ ਵੀ ਉਸ ਦੇ ਗੀਤ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਪਹਿਲੇ ਗੀਤ ਤੋਂ ਹੀ ਗੁਰਲਗਨ ਦੀ ਚੰਗੀ ਸੰਗੀਤਕ ਸਮਝ ਬਾਰੇ ਪਤਾ ਚੱਲਦਾ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਤਾਂ ਇਸ ਕੁੜੀ ਤੋਂ ਹੋਰ ਵੀ ਸੋਹਣੀਆਂ-ਸੁਚੱਜੀਆਂ ਤੇ ਪਿਆਰੀਆਂ ਉਮੀਦਾਂ ਹਨ। ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੇ ਗੁਰਲਗਨ ਨੂੰ ਪਹਿਲਾਂ ਫੇਸਬੁੱਕ ਉੱਪਰ ਸੁਰਿੰਦਰ ਕੌਰ ਦੇ ਗੀਤ ਗਾਉਂਦੀ ਵੀ ਸੁਣਿਆ ਹੈ। ਉਸਦੀ ਨਿਵੇਕਲੀ ਆਵਾਜ਼ ਨੂੰ ਅੱਜ ਘਰ ਘਰ ਟਣਕਦੀ ਸੁਣਿਆ ਜਾ ਸਕਦਾ ਹੈ।ਲੋਕ ਉਸਦੇ ਗੀਤ ਲਈ ਦੁਆਵਾਂ ਤੇ ਹੋਰ ਚੰਗੇਰੇ ਸ਼ਬਦਾਂ ਵਿੱਚ ਕੁਮੈਂਟ ਕਰਨ ਵਿਚ ਰੁੱਝੇ ਹੋਏ ਦੇਖੇ ਜਾ ਸਕਦੇ ਹਨ ਅਤੇ ਅੱਗੋਂ ਗੁਰਲਗਨ ਵੀ ਉਹਨਾਂ ਦਾ ਪਿਆਰ ਸਤਿਕਾਰ ਕਬੂਲਦੀ ਫੁੱਲੀ ਨਹੀਂ ਸਮਾ ਰਹੀ।ਅੱਜ ਇਹਨਾਂ ਸਤਰਾਂ ਦੀ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਗੁਰਲਗਨ ਨੇ ਆਖਿਆ ਕਿ ਹੁਣ ਉਸਦੀ ਜ਼ਿੰਮੇਵਾਰੀ ਹੋਰ ਵੀ ਵੱਡੀ ਹੋ ਗਈ ਹੈ। ਮੈਂ ਸਾਰੇ ਸਰੋਤਿਆਂ ਦੀ ਰਿਣੀ ਹਾਂ ਜਿੰਨਾ ਨੇ ਮੈਨੂੰ ਮਣਾਮੂੰਹੀਂ ਪਿਆਰ ਦੇ ਕੇ ਮੈਨੂੰ ਵਡੇਰਾ ਹੌਂਸਲਾ ਅਤੇ ਹੋਰ ਅਨੇਕਾਂ ਉਹ ਰਾਹ ਖੋਲ੍ਹ ਦਿੱਤੇ ਹਨ, ਜਿਹੜੇ ਮੈਨੂੰ ਹੋਰ ਵੀ ਚੰਗੇਰਾ ਕਰਨ ਲਈ ਅੱਗੇ ਖਿੱਚਦੇ ਰਹਿਣਗੇ। ਇਸ਼ਕੇ ਦਾ ਬੂਟੜਾ ਵੇ, ਖ਼ੁਆਬਾਂ ਦਾ ਝੂਟੜਾ ਵੇ, ਮਹਿੰਦੀ ਰੰਗਾ ਸੂਟੜਾ ਵੇ ਫੱਬੇ ਦਿਲਜਾਨੀਆ ਵਰਗੇ ਮਿੱਠੜੇ ਬੋਲ ਗੁਰਲਗਨ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਹਰ ਕਿਸੇ ਦੇ ਬੁੱਲ੍ਹਾਂ 'ਤੇ ਨੱਚ ਰਹੇ ਹਨ । ਗੁਰਲਗਨ ਦਾ ਸਾਥ ਦੇਣ ਵਾਲੇ ਸੁਖਪਾਲ ਦਰਸ਼ਨ, ਕਿੱਟੂ ਕਮਲ, ਰਮਨ ਤੂਰ, ਬਲਜੀਤ ਅਟਵਾਲ, ਗੀਤਕਾਰ ਸੇਵਕ ਸਿੰਘ ਅਤੇ ਹੋਰ ਸਾਥੀਆਂ ਨੂੰ ਵੀ ਲੋਕਾਂ ਵੱਲੋਂ ਥਾਪੜਾ ਮਿਲ ਰਿਹਾ ਹੈ।

**ਮੋਗਾ (ਅਨੰਤ ਗਿੱਲ ਭਲੂਰ) 99143-81958**

### ਗੁਰਲਗਨ ਦੇ ਗਲੇ ਵਾਲੀ ਜਦੋਂ ਵੀਨਾ ਵਜਦੀ ਹੈ ਤਾਂ ਸੱਤ ਸੁਰਾਂ ਦੇ ਸੰਗੀਤ ਤੇ ਸਾਰਾ ਆਲਮ ਮਹਿਕ ਉਠਦਾ ਹੈ

ਯੂਰਪ ਵਿੱਚ ਬੈਠਿਆਂ ਗੁਰਲਗਨ ਦੀ ਮਿੱਠੀ ਤੇ ਪਿਆਰੀ ਆਵਾਜ਼ ਵਿੱਚ... ਸ਼ਬਦਾਂ ਨੂੰ ਗੀਤ ਦੀ ਮਾਲਾ ਵਿੱਚ ਪ੍ਰੋਇਆ ਦੇਖ ਕੇ... ਵਾਰ- ਵਾਰ ਛੈਰਨ ਨੂੰ ਜੀ ਕਰਦਾ ਹੈ! ਪਤਾ ਨਹੀਂ... ਕਿੰਨੇ ਵਾਰੀ ਮੈਂ ਇਹ ਗਾਣਾ ਸੁਣਿਆ ਅਤੇ ਸੁਣਾਇਆ ਹੋਊ! ਮੈਂ ਤਾਂ ਮਹਿੰਦੀ ਰੰਗੀ... ਟੀ -ਸ਼ਰਟ ਵੀ ਪਾ ਕੇ ਰੱਖੀ ,ਓਸ ਦਿਨ... ਕਿਉਂਕਿ ਪੰਜਾਬੀ ਸੂਟ ਏਥੇ ਉਪਲਬਧ ਨਹੀਂ ਹਨ ,ਇਸ ਕਰਕੇ! ਸ਼ਾਲਾ! ਸਾਡੀ ਹਸੂੰ -ਹਸੂੰ ਕਰਦੇ ਚਿਹਰੇ ਵਾਲੀ ਕਰੂੰਬਲ... ਵਧ ਕੇ ਵੇਲ ਬਣ ਜਾਵੇ ਤੇ ਪੂਰੇ ਸੰਸਾਰ ਵਿੱਚ ਇਸ ਦੀਆਂ ਟਾਹਣੀਆਂ ਫੈਲ ਜਾਣ! ਜਿਊਂਦੀ ਵਸਦੀ ਰਹਿ ਭੈਣੇ! ਬਹੁਤ ਮੁਬਾਰਕਾਂ ਤੈਨੂੰ ਤੇ ਸਾਰੇ ਪਰਿਵਾਰ ਨੂੰ! ਦਿਲੋਂ ਦੁਆਵਾਂ!

**- ਗੁਰਪ੍ਰੀਤ ਕੌਰ ਗੈਦੂ (ਗਰੀਸ)**

ਇਤਿਹਾਸ ਵਿਚ ਪਹਿਲੀ ਵਾਰ ਮਨੂੰ ਸਿਮਰਤੀ ਦੀ ਅਮਾਨਵੀ ਵਿਚਾਰਧਾਰਾ ਵਿਰੁੱਧ ਤਿੱਖੀ ਬਗਾਵਤ ਕਰਨ ਵਾਲੇ, ਜਾਤ ਪਾਤ ਦਾ ਬੀਜ ਨਾਸ਼ ਕਰਨ ਲਈ

ਸੂਰਾ ਸੋ ਪਹਿਚਾਨੀਐ ਜੋ ਲਾਰੇ ਦੀਨ ਕੇ ਹੇਤੁ।।
ਪੁਰਜੇ ਪੁਰਜਾ ਕਟਿ ਮਰੇ ਕਬਹੂ ਨ ਸਾਡੇ ਖੇਤੁ।। ਆਖ ਕੇ

ਸਵੈ ਅਭਿਮਾਨੀ ਤੇ ਅਣਖੀ ਮਨੁੱਖਾਂ ਨੂੰ ਜਾਤਪਾਤ ਦਾ ਬੀਜ ਨਾਸ਼ ਕਰਨ ਲਈ ਲਾਮਬੰਦ ਹੋਣ ਦਾ ਸੱਦਾ ਦੇਣ ਵਾਲੇ , ਬ੍ਰਾਹਮਣਸ਼ਾਹੀ ਦੀ ਅਜਾਰੇਦਾਰੀ ਨੂੰ ਵੰਗਾਰਨ ਵਾਲੇ ਅਤੇ ਸਿੱਖ ਵਿਚਾਰਧਾਰਾ ਮੋਹਰੀ/ ਸਿੱਖ ਲਹਿਰ ਦੇ ਸਿਰਜਕ ਸੂਰਮੇ ਸੰਤ ਸਤਿਗੁਰੂ ਕਬੀਰ ਸਾਹਿਬ ਜੀ ਦੇ ਪਵਿੱਤਰ ਆਗਮਨ ਦਿਵਸ ਦੀਆਂ ਲੱਖ ਲੱਖ ਵਧਾਈਆਂ ।

### ਦਲ ਭੰਜਨ ਗੁਰ ਸੂਰਮਾ ਵਡ ਯੋਧਾ ਬਹੁ ਪਰਉਪਕਾਰੀ

ਮੀਰੀ ਪੀਰੀ ਦੇ ਮਾਲਕ, ਜ਼ੁਲਮ ਦੇ ਟਾਕਰੇ ਲਈ ਗਰੀਬਾਂ ਮਜ਼ਲੂਮਾਂ ਨੂੰ ਸ਼ਸਤਰ ਬਧ ਕਰਨ ਵਾਲੇ, ਸਵੈ ਮਾਣ ਤੇ ਅਣਖ ਦੇ ਪ੍ਰਤੀਕ, ਨਿਮਾਣਿਆਂ- ਨਿਤਾਣਿਆਂ ਵਿਚ ਰਾਜਨੀਤਕ ਚੇਤਨਾ ਪੈਦਾ ਕਰਨ ਵਾਲੇ, ਦੁਨਿਆਵੀ ਬਾਦਸ਼ਾਹੀ ਵਿਰੁੱਧ ਇਲਾਹੀ ਪਾਤਸ਼ਾਹੀ ਦਾ ਸੰਕਲਪ ਦੇਕੇ ਅਕਾਲ ਬੁੰਗਾ (ਅਕਾਲ ਤਖਤ) ਸਥਾਪਤ ਕਰਨ ਵਾਲੇ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਆਗਮਨ ਪੁਰਬ ਦੀਆਂ ਢੇਰ ਸਾਰੀਆਂ ਵਧਾਈਆਂ।

**- ਲਾਲ ਸਿੰਘ ਸੁਲਹਾਣੀ**
**ਸੂਬਾ ਸਕੱਤਰ (ਬਹੁਜਨ ਸਮਾਜ ਪਾਰਟੀ ਪੰਜਾਬ)**

# ਸ਼ਹੀਦ ਭਾਈ ਧੱਕੜ ਸਿੰਘ ਰੰਘਰੇਟਾ

ਸਿੱਖ ਇਤਿਹਾਸ ਦੀ ਸਿਰਜਣਾ ਲਈ ਰੰਘਰੇਟਿਆਂ ਅਥਵਾ ਮਜ਼ਬੀ ਸਿੱਖਾਂ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। ਸਿੱਖ ਕੌਮ ਦੀ ਉਸਾਰੀ ਲਈ ਇਹਨਾਂ ਨੇ ਲਾਸਾਨੀ ਕੁਰਬਾਨੀਆਂ ਦਿੱਤੀਆਂ, ਬੇਥਾਹ ਖੂਨ ਡੋਲ੍ਹਿਆ। ਪੰਜਾਬ ਦੀ ਚੱਪਾ ਚੱਪਾ ਧਰਤੀ ਰੰਘਰੇਟੇ ਸਿੱਖਾਂ ਦੇ ਖੂਨ ਨਾਲ ਲਬਰੇਜ਼ ਹੈ। ਸਿੱਖਾਂ ਦੀਆਂ ਬੀਰ ਗਾਥਾਵਾਂ ਵਿਚੋਂ ਭਾਈ ਧੱਕੜ ਸਿੰਘ ਜੀ ਦੀ ਬੀਰ ਗਾਥਾ ਬੇਮਿਸਾਲ ਹੈ। ਜਥੇਦਾਰ ਧੱਕੜ ਸਿੰਘ ਪਿੰਡ ਆਰਿਫ਼ ਕੇ ਜ਼ਿਲ੍ਹਾ ਫਿਰੋਜ਼ਪੁਰ ਦੇ ਵਸਨੀਕ ਸਨ। ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਉਣ ਵਾਲੇ ਪ੍ਰਸੰਗ ਵਿੱਚ ਮੀਰਾਂ ਕੋਟੀਏ ਮਹਿਤਾਬ ਸਿੰਘ ਤੇ ਮਾੜੀ ਕੰਬੋ ਕੇ ਦੇ ਸੁੱਖਾ ਸਿੰਘ ਦਾ ਜ਼ਿਕਰ ਤਾਂ ਇਤਿਹਾਸ ਵਿੱਚ ਵੇਰਵੇ ਸਹਿਤ ਦਰਜ ਹੈ ਪਰ ਉਨ੍ਹਾਂ ਦੇ ਨਾਲ ਹੀ ਜਥੇਦਾਰ ਧੱਕੜ ਸਿੰਘ ਦੀ ਬੇਮਿਸਾਲ ਕੁਰਬਾਨੀ ਅਤੇ ਗੁਰੂ ਘਰ ਦੀ ਸੇਵਾ ਲਈ ਪਾਏ ਵੱਡਮੁੱਲੇ ਯੋਗਦਾਨ ਪ੍ਰਤੀ ਇਤਿਹਾਸਕਾਰਾਂ ਨੇ ਚੁੱਪ ਵੱਟੀ ਰੱਖੀ।

1740 ਈ: ਨੂੰ ਜਦੋਂ ਜ਼ਕਰੀਆ ਖਾਨ ਲਹੌਰ ਦਾ ਗਵਰਨਰ ਬਣਿਆ ਤਾਂ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਠਾਣ ਲਈ। ਫੌਜ ਦੀਆਂ ਗਸ਼ਤੀ ਟੁਕੜੀਆਂ ਤੈਨਾਤ ਕਰ ਦਿੱਤੀਆਂ ਗਈਆਂ। ਲੱਭ ਲੱਭ ਕੇ ਸਿੱਖਾਂ ਦੇ ਕਤਲ ਕੀਤੇ ਜਾਣ ਲੱਗੇ। ਸਿੱਖਾਂ ਦੇ ਸਿਰਾਂ ਦਾ ਮੁੱਲ ਪਾਇਆ ਜਾਣ ਲੱਗਾ। ਪੱਤਾ ਪੱਤਾ ਸਿੰਘਾਂ ਦਾ ਵੈਰੀ ਬਣ ਗਿਆ। ਸਿੱਖਾਂ ਦੇ ਸਿਰਾਂ ਦਾ ਸ਼ਿਕਾਰ ਇਕ ਲਾਹੇਵੰਦ ਵਿਹਾਰ ਬਣ ਗਿਆ। ਸਿੱਖਾਂ ਦੀ ਖੋਜ ਖਬਰ ਲਈ ਸੂਹੀਏ ਛੱਡੇ ਗਏ। ਅਜਿਹੇ ਜੁਗ ਗਰਦੀ ਦੇ ਦਹਿਸ਼ਤ ਭਰੇ ਮਹੌਲ ਵਿੱਚ ਸਿੱਖ ਜੰਗਲਾਂ ਵਿੱਚ ਜਾਂ ਰਾਜਸਥਾਨ ਦੇ ਰੇਗਿਸਤਾਨਾਂ ਵਿਚ ਚਲੇ ਗਏ। ਹਾਕਮਾਂ ਵਲੋਂ ਮੰਡਿਆਲਾ ਵਾਲੇ ਮੱਸੇ ਰੰਗੜ ਨੂੰ ਖੁਲ੍ਹੀ ਛੁੱਟੀ ਦੇ ਰੱਖੀ ਸੀ। ਮੱਸੇ ਰੰਗੜ ਨੇ ਜੰਡਿਆਲਾ ਦੇ ਹਰਿਭਗਤ ਨਿਰੰਜਣੀਏ, ਕਰਮੇ ਛੀਨੇ, ਤਲਵੰਡੀ ਦੇ ਰਾਮੇ ਰੰਧਾਵੇ, ਨੌਸ਼ਹਿਰਾ ਢੱਲਾ ਦੇ ਸਾਹਿਬ ਰਾਏ ਸੰਧੂ, ਜੋਧਪੁਰੀਏ ਤੇ ਮਜੀਠੇ ਦੇ ਚੌਧਰੀਆਂ ਨੂੰ ਕਿਹਾ ਕਿ ਉਹ ਸਿੱਖਾਂ ਦੀਆਂ ਸਰਗਰਮੀਆਂ ਬਾਰੇ ਹਕੂਮਤ ਨੂੰ ਤੁਰੰਤ ਖਬਰ ਦੇਣ। ਬੜੇ ਨਾਮੀ ਤੱਅਲਕੇਦਾਰ ਚੌਧਰੀ ਚੁੱਗਲੀਆਂ ਕਰਕੇ ਸਿੱਖਾਂ ਨੂੰ ਫੜਾਉਂਦੇ, ਮਰਵਾਉਂਦੇ ਤੇ ਇਨਾਮ ਇੱਕਰ ਪ੍ਰਾਪਤ ਕਰ ਕੇ ਹਕੂਮਤ ਦੀਆਂ ਨਜ਼ਰਾਂ ਵਿੱਚ ਹਮੇਸ਼ਾ ਚੰਗੇ ਬਣੇ ਰਹਿੰਦੇ ਸਨ। ਸਿੱਖਾਂ ਲਈ ਇਹ ਬੜਾ ਬਿਖਮ ਤੇ ਕਸ਼ਟਾਂ ਭਰਿਆ ਸਮਾਂ ਸੀ।

ਇਸ ਸਮੇਂ ਮੱਸੇ ਰੰਗੜ ਨੇ ਦਰਬਾਰ ਸਾਹਿਬ ਵਿਖੇ ਪਲੰਘ ਡਾਹਕੇ ਕੰਜਰੀਆਂ ਦੇ ਨਾਚ ਕਰਵਾਉਣੇ ਸ਼ੁਰੂ ਕਰ ਦਿੱਤੇ ਤੇ ਠਾਠ ਨਾਲ ਹੁੱਕਾ ਪੀਣ ਲੱਗ ਪਿਆ। ਜਥੇਦਾਰ ਧੱਕੜ ਸਿੰਘ ਵੀ ਉਦੋਂ ਹੋਰ ਸਿੰਘਾਂ ਸਮੇਤ ਬੁੱਢਾ ਜੌਹੜ (ਰਾਜਸਥਾਨ) ਵਿੱਚ ਹੀ ਸੀ।

ਇਕ ਦਿਨ ਉਸ ਦੇ ਦਿਲ ਵਿੱਚ ਅਚਾਨਕ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਦੀ ਸਿੱਕ ਜਾਗ ਪਈ ਤੇ ਉਹ ਬਿਨਾਂ ਕੁਝ ਦੱਸੇ ਅਚਾਨਕ ਗਾਇਬ ਹੋ ਗਿਆ। ਉਹ ਸਰਪੱਟ ਘੋੜਾ ਦੌੜਾ ਕੇ ਜਦੋਂ ਰਾਤ ਸਮੇਂ ਦਰਬਾਰ ਸਾਹਿਬ ਦੇ ਪਾਸ ਪੁੱਜਿਆ ਤਾਂ ਉਹ ਅੰਦਰ ਦਾ ਦਿਲ ਕੰਬਾਊ ਦ੍ਰਿਸ਼ ਦੇਖ ਕੇ ਦੰਗ ਰਹਿ ਗਿਆ। ਉਹ ਨੇ ਦਰਸ਼ਨੀ ਡਿਊੜੀ ਤੋਂ ਹੀ ਨਮਸਕਾਰ ਕੀਤੀ। ਉਹ ਇਸ ਸਸ਼ੋਪੰਜ ਵਿਚ ਸੀ ਕਿ ਕੀ ਕੀਤਾ ਜਾਵੇ? ਉਹਨੇ ਸੋਚਿਆ ਕਿ ਜੇ ਉਹ ਜਾਬਰਾਂ ਨਾਲ ਟੱਕਰ ਲੈਕੇ ਏਥੇ ਇਕੱਲਾ ਸ਼ਹੀਦ ਹੋ ਗਿਆ ਤਾਂ ਪੰਥ ਦੇ ਜਥੇਦਾਰਾਂ ਨੂੰ ਇਸ ਦੀ ਖ਼ਬਰ ਤੱਕ ਨਹੀ ਹੋਵੇਗੀ।

ਉਸ ਨੇ ਮੱਸੇ ਰੰਗੜ ਦੇ ਖਾਨਦਾਨ ਨੂੰ ਸੋਧਣ ਦਾ ਸੰਕਲਪ ਲੈਂਦਿਆਂ ਵਾਪਿਸ ਬੁੱਢਾ ਜੌਹੜ ਜਾਣ ਦਾ ਫੈਸਲਾ ਕਰ ਲਿਆ। ਜਥੇਦਾਰ ਧੱਕੜ ਸਿੰਘ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੋ ਰਹੇ ਉਪੱਧਰ ਤੇ ਮੱਸੇ ਰੰਗੜ ਦੀ ਕਰਤੂਤ ਬਾਰੇ ਦੁਖੀ ਹਿਰਦੇ ਨਾਲ ਸਾਰੀ ਅੱਖੀ ਡਿੱਠੀ ਵਾਰਤਾ ਜਾ ਸੁਣਾਈ। ਇਸ ਸਮੇਂ ਭਾਈ ਬਲਾਕਾ ਸਿੰਘ ਜੀ ਵੀ ਦਰਬਾਰ ਸਾਹਿਬ ਦਾ ਹਾਲ ਹਵਾਲ ਦੱਸਣ ਲਈ ਪੁੱਜ ਚੁੱਕੇ ਸਨ। ਜਿਸ ਨੂੰ ਜਾਣ ਕੇ ਖਾਲਸਾ ਪੰਥ ਤਿਲਮਿਲਾ ਉਠਿਆ। ਪੰਥ ਦੇ ਜਥੇਦਾਰ ਬੁੱਢਾ ਸਿੰਘ ਨੇ ਸਿੰਘਾਂ ਨੂੰ ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਉਣ ਲਈ ਵੰਗਾਰਿਆ। ਭਾਈ ਮਹਿਤਾਬ ਸਿੰਘ ਮੀਰਾਂ ਕੋਟੀਆ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋ ਕੀ ਇਸ ਵੰਗਾਰ ਲਈ ਨਿੱਤਰੇ। ਤਾਂ ਜਥੇਦਾਰ ਧੱਕੜ ਸਿੰਘ ਨੇ ਕਿਹਾ ਕਿ ਖਾਲਸਾ ਜੀ! ਇਹ ਸੰਕਲਪ ਤਾਂ ਉਹ ਪਹਿਲਾਂ ਹੀ ਕਰ ਚੁੱਕਾ ਹੈ ਪ੍ਰੰਤੂ ਆਪਣਾ ਸੰਕਲਪ ਪੂਰਾ ਹੋਣ ਤੋਂ ਪਹਿਲਾਂ ਉਹ ਖਾਲਸਾ ਪੰਥ ਨੂੰ ਸਾਰੇ ਵਾਕਿਆਤ ਤੋਂ ਜਾਣੂ ਕਰਵਾਉਣਾ ਚਾਹੁੰਦਾ ਸੀ। ਭਾਈ ਮਹਿਤਾਬ ਸਿੰਘ ਨੇ ਕਿਹਾ ਕਿ ਉਹ ਸਾਰੀ ਸੰਗਤ ਦੇ ਸਨਮੁੱਖ ਇਹ ਪ੍ਰਣ ਕਰ ਚੁੱਕੇ ਹਨ। ਅਖੀਰ ਫੈਸਲਾ ਇਹ ਹੋਇਆ ਕਿ ਤਿੰਨੇ ਸਿੰਘ ਪੰਜਾਬ ਜਾਣਗੇ। ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਉਣ ਦਾ ਆਪਣਾ ਪ੍ਰਣ ਭਾਈ ਮਹਿਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਨਿਭਾਉਣਗੇ ਤੇ ਜਥੇਦਾਰ ਧੱਕੜ ਸਿੰਘ ਅੰਮ੍ਰਿਤਸਰ ਦੇ ਆਲੇ ਦੁਆਲੇ ਦੇ ਸਿੰਘਾਂ ਨੂੰ ਆਉਣ ਵਾਲੇ ਕਸ਼ਟਮਈ ਸਮੇਂ ਦੀ ਸੂਚਨਾ ਦੇਣਗੇ, ਮੱਸੇ ਰੰਗੜ ਦੇ ਖਾਨਦਾਨ ਦਾ ਖਾਤਮਾ ਕਰਨ ਦੇ ਨਾਲ ਨਾਲ ਭਾਈ ਮਹਿਤਾਬ ਸਿੰਘ ਦੇ 7-8 ਵਰ੍ਹਿਆਂ ਦੇ ਪੁੱਤਰ ਰਾਇ ਸਿੰਘ ਨੂੰ ਨੱਥੇ ਖਹਿਰੇ ਪੈਂਚ ਪਾਸੋਂ ਲਿਆਉਣ ਦੀ ਸੇਵਾ ਵੀ ਨਿਭਾਉਣਗੇ।ਇਸ ਸਮੇਂ ਨੂੰ ਇਤਿਹਾਸਕਾਰ ਸ:ਰਤਨ ਸਿੰਘ ਭੰਗੂ ਇਉਂ ਬਿਆਨ ਕਰਦੇ ਹਨ:-

ਮਤਾਬ ਸਿੰਘ ਸੁਣ ਗੁੱਸਾ ਖਾਯਾ,
ਜਨ ਕਰ ਬਿਛੂ ਡੰਗ ਚਲਾਯਾ ।
ਕਹਯੋ ਉਹਾਂ ਸਿੰਘ ਕੋ ਨਾਹੀਂ,
ਸੀਸ ਨਾ ਤਾਂ ਕੋ ਤੋੜਯੋ ਤਾਂਹੀ।
(ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 236)

ਅੰਮ੍ਰਿਤਸਰ ਦੇ ਨਜ਼ਦੀਕ ਪੁੱਜ ਕੇ ਭਾਈ ਮਹਿਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਨੇ ਇਕ ਪੁਰਾਣੇ ਥੇਹ ਤੋਂ ਠੀਕਰੀਆਂ ਇਕੱਠੀਆਂ ਕਰਕੇ ਥੈਲੀ ਵਿਚ ਭਰ ਲਈਆਂ। ਕੇਸ ਪਿਛਾਂਹ ਸੁੱਟ ਲਏ। ਚੌਧਰੀ ਨੰਬਰਦਾਰਾਂ ਵਾਂਗ ਭੇਸ ਬਣਾ ਲਿਆ। ਇਉਂ ਦਿਸਣ ਲੱਗੇ ਜਿਵੇਂ ਕੋਈ ਚੌਧਰੀ ਨੰਬਰਦਾਰ ਮਾਮਲਾ ਤਾਰਨ ਜਾ ਰਹੇ ਹੋਣ। ਗਰਮੀਆਂ ਦੀ ਸਖ਼ਤ ਦੁਪਹਿਰ ਨੂੰ ਹਨੇਰੀ ਚੱਲ ਰਹੀ ਸੀ। ਸਿੰਘਾਂ ਨੇ ਘੋੜੇ ਦਰਸ਼ਨੀ ਡਿਉੜੀ ਦੇ ਬਾਹਰ ਲਾਚੀ ਬੇਰੀ ਨਾਲ ਬੰਨ੍ਹ ਦਿੱਤੇ। ਭਾਈ ਸੁੱਖਾ ਸਿੰਘ ਨੇ ਥੈਲੀ ਮੋਢੇ 'ਤੇ ਰੱਖ ਲਈ। ਸਿੰਘਾਂ ਨੇ ਮਨ ਹੀ ਮਨ ਗੁਰੂ ਪਾਤਸ਼ਾਹ ਸਾਹਵੇਂ ਅਰਦਾਸ ਕੀਤੀ ਕਿ ਉਨ੍ਹਾਂ ਦਾ ਪ੍ਰਣ ਪੂਰਾ ਹੋਵੇ ਤੇ ਉਹ ਗੁਰੂ ਘਰ ਦੀ ਬੇਹੁਰਮਤੀ ਦਾ ਬਦਲਾ ਲੈ ਸਕਣ। ਭਾਈ ਸੁੱਖਾ ਸਿੰਘ ਨੇ ਥੈਲੀ ਪਲੰਘ ਹੇਠ ਸੁੱਟ ਦਿੱਤੀ ਤਾਂ ਮੱਸਾ ਰੰਗੜ ਨਿਊਂ ਕੇ ਥੈਲੀ ਨੂੰ ਦੇਖਣ ਲੱਗਾ। ਭਾਈ ਮਹਿਤਾਬ ਸਿੰਘ ਨੇ ਚੋਲੇ ਹੇਠ ਛੁਪਾਈ ਕ੍ਰਿਪਾਨ ਸੂਤ ਲਈ ਤੇ ਬਿਜਲੀ ਦੀ ਫੁਰਤੀ ਨਾਲ ਮੱਸੇ ਰੰਗੜ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਇੱਕ ਦਮ ਸੰਨਾਟਾ ਛਾ ਗਿਆ। ਸਿੰਘਾਂ ਦਾ ਅਚਨਚੇਤ ਕੀਤਾ ਗਿਆ ਹਮਲਾ ਏਨਾ ਭਿਆਨਕ ਸੀ ਕਿ ਕਿਸੇ ਨੂੰ ਸੰਭਲਣ ਦਾ ਮੌਕਾ ਹੀ ਨਾ ਮਿਲ ਸਕਿਆ। ਫੁਰਤੀਲੇ ਸਿੰਘਾਂ ਨੇ ਜੋ ਵੀ ਸਾਹਮਣੇ ਆਇਆ ਉਹਨਾਂ ਦੇ ਸਿਰ ਧੌਣਾਂ ਤੋਂ ਵੱਖ ਕਰ ਦਿੱਤੇ। ਹਦਵਾਣਿਆਂ ਵਾਂਗ ਵੈਰੀਆਂ ਦੇ ਸਿਰ ਸਿੰਘਾਂ ਦੇ ਪੈਰਾਂ ਵਿੱਚ ਰੁਲਣ ਲੱਗੇ। ਅੱਖ ਦੇ ਫੋਰ ਨਾਲ ਸਿੰਘ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਬੀਕਾਨੇਰ ਨੂੰ ਚਲੇ ਗਏ। ਇਉਂ ਖਾਲਸੇ ਨੇ ਮੁਗਲ ਹਾਕਮਾਂ ਨੂੰ ਦੱਸ ਦਿੱਤਾ ਕਿ ਗੁਰਧਾਮਾਂ ਦੀ ਬੇਅਦਬੀ ਕਰਨ ਵਾਲਿਆਂ ਦਾ ਖਾਲਸਾ ਕੀ ਹਸ਼ਰ ਕਰਦਾ ਹੈ।



ਲਾਲ ਸਿੰਘ ਸੁਲਹਾਨੀ
91-98721-55120

ਉਧਰ ਜਥੇਦਾਰ ਧੱਕੜ ਸਿੰਘ ਅੰਮ੍ਰਿਤਸਰ ਦੇ ਆਸ ਪਾਸ ਦੇ ਸਿੰਘਾਂ ਨੂੰ ਆਪਣੇ ਬਚਾਅ ਲਈ ਅਗਾਊਂ ਖ਼ਬਰਦਾਰ ਕਰ ਰਹੇ ਸਨ। ਹਰਿਭਗਤ ਨਿਰੰਜਣੀਏ ਨੇ ਤੁਰਕਾਂ ਨੂੰ ਮੱਸੇ ਰੰਗੜ ਦੇ ਸਿਰ ਵੱਢਣ ਤੇ ਭਾਈ ਮਹਿਤਾਬ ਸਿੰਘ ਦੇ ਪਿੰਡ ਮੀਰਾਂ ਕੋਟ ਤੇ ਭਾਈ ਸੁੱਖਾ ਸਿੰਘ ਦੇ ਪਿੰਡ ਮਾੜੀ ਕੰਬੋ ਕੀ ਬਾਰੇ ਸੂਚਨਾ ਦੇ ਦਿੱਤੀ ਅਤੇ ਇਹ ਵੀ ਦੱਸ ਦਿੱਤਾ ਕਿ ਭਾਈ ਮਹਿਤਾਬ ਸਿੰਘ ਦਾ ਲੜਕਾ ਰਾਇ ਸਿੰਘ ਨੱਥੇ ਖੈਹਿਰੇ ਪੈਂਚ ਦੀ ਸਪੁੱਰਦਗੀ ਵਿੱਚ ਹੈ। ਮੁਗਲ ਫੌਜੀ ਮੀਰਾਂ ਕੋਟ ਪਿੰਡ ਨੂੰ ਘੇਰ ਕੇ ਨੱਥੇ ਖੈਰੇ ਪੈਂਚ ਤੋਂ ਰਾਇ ਸਿੰਘ ਨੂੰ ਫੌਜ ਹਵਾਲੇ ਕਰਨ ਲਈ ਕਹਿਣ ਲੱਗੇ। ਬੇਵੱਸ ਨੱਥਾ ਖੈਹਰਾ ਪੈਂਚ ਜਦੋਂ ਰਾਇ ਸਿੰਘ ਨੂੰ ਆਪਣੀ ਹਵੇਲੀ ਵਿਚੋਂ ਲੈਣ ਗਿਆ ਤਾਂ ਪਿਛਲੀ ਕੰਧ ਟੱਪਕੇ ਜਥੇਦਾਰ ਧੱਕੜ ਸਿੰਘ ਵੀ ਰਾਇ ਸਿੰਘ ਨੂੰ ਲੈਣ ਲਈ ਪੁੱਜ ਚੁੱਕਾ ਸੀ। ਜਥੇਦਾਰ ਧੱਕੜ ਸਿੰਘ ਨੂੰ ਨੱਥੇ ਖੈਹਰੇ ਪੈਂਚ ਨੇ ਕਿਹਾ ਕਿ ਉਹ ਮੇਰੇ ਪੁੱਤਰ, ਭਤੀਜੇ, ਭਾਣਜੇ ਅਤੇ ਦੋ ਹੋਰ ਸਿੰਘਾਂ ਸਮੇਤ ਕੰਧ ਟੱਪਕੇ ਰਾਇ ਸਿੰਘ ਨੂੰ ਪਿਛਲੇ ਪਾਸਿਓਂ ਲੈ ਜਾਵੇ। ਉਹ ਕੁਝ ਦੇਰ ਸ਼ਾਹੀ ਫੌਜਾਂ ਨੂੰ ਉਲਝਾ ਕੇ ਰੱਖੇਗਾ। ਇਤਿਹਾਸਕਾਰ ਰਤਨ ਸਿੰਘ ਭੰਗੂ ਇਸ ਘਟਨਾ ਨੂੰ ਇਉਂ ਅੰਕਤ ਕਰਦਾ ਹੈ:-

ਹਰਿ ਭਗਤ ਨਿਰੰਜਣੀਏ ਸੁਨ ਪਾਈ।
ਨੱਥਾ ਗਯੋ ਸੁ ਕੰਧ ਟਪਾਈ।
ਤੁਰਤ ਦੌੜ ਉਨ ਚੁਗਲੀ ਖਾਈ।
ਗਯੋ ਨਠ ਆਯੋ ਜਿਹ ਤਾਈ।
(ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 240)

ਇਸ ਤਰ੍ਹਾਂ ਚੁਗਲੀ ਕਰਨ ਤੇ ਮੁਗਲ ਫੌਜਾਂ ਨੇ ਜਥੇਦਾਰ ਧੱਕੜ ਸਿੰਘ ਤੇ ਸਿੰਘਾਂ ਨੂੰ ਨਜ਼ਦੀਕ ਹੀ ਘੇਰ ਲਿਆ। ਖੂਬ ਗੋਲੀ ਬਾਰੀ ਹੋਈ। ਨੂਰਦੀਨ ਫੌਜਦਾਰ ਨੇ ਕਹਿ ਦਿੱਤਾ ਕਿ ਰੰਗੜ ਸਿੰਘਾਂ ਤੋਂ ਜਿਵੇਂ ਚਾਹੁਣ ਬਦਲਾ ਲੈ ਲੈਣ। ਮੁਗਲ ਫੌਜਾਂ ਪਿੱਛੇ ਹਟ ਗਈਆਂ। ਮੱਸੇ ਰੰਗੜ ਦੇ ਭਰਾ ਨੇ ਆਪਣੇ ਸਾਥੀਆਂ ਸਮੇਤ ਸਿੰਘਾਂ ਤੇ ਹੱਲਾ ਬੋਲ ਦਿੱਤਾ। ਜਥੇਦਾਰ ਧੱਕੜ ਸਿੰਘ ਪਾਸ ਮਜ਼ਬੂਤ ਸੋਟਾ ਸੀ। ਇਕ ਸਿੰਘ ਕੋਲ ਬਰਛੀ ਤੇ ਦੋ ਕੋਲ ਕਿਰਪਾਨਾਂ ਸਨ। ਨੱਥਾ ਖੈਹਿਰਾ ਪੈਂਚ ਵੀ ਤੀਰ ਕਮਾਨ ਲੈ ਕੇ ਪਹੁੰਚ ਗਿਆ। ਘਮਸਾਨ ਯੁੱਧ ਹੋਇਆ। ਰੰਗੜਾਂ ਦੀ ਸਿੰਘਾਂ ਸਾਹਵੇਂ ਪੇਸ਼ ਨਾ ਗਈ। ਮੱਸੇ ਰੰਗੜ ਦੇ ਭਰਾ ਦਾ ਜਥੇਦਾਰ ਧੱਕੜ ਸਿੰਘ ਨਾਲ ਸਾਹਮਣਾ ਹੋ ਗਿਆ। ਮੱਸੇ ਰੰਗੜ ਦੇ ਭਰਾ ਨੇ ਤਲਵਾਰ ਦਾ ਭਰਵਾਂ ਵਾਰ ਕੀਤਾ। ਜਿਸ ਨੂੰ ਰੋਕ ਕੇ ਜਥੇਦਾਰ ਧੱਕੜ ਸਿੰਘ ਨੇ ਆਪਣੇ ਮਜ਼ਬੂਤ ਸੋਟੇ ਨਾਲ ਅਜਿਹਾ ਵਾਰ ਕੀਤਾ ਕਿ ਉਹ ਮੁੜ ਕੇ ਉਠ ਨਾ ਸਕਿਆ ਤੇ ਸਦਾ ਦੀ ਨੀਂਦ ਸੌਂ ਗਿਆ। ਇਸ ਤਰ੍ਹਾਂ ਮੱਸੇ ਰੰਗੜ ਦੇ ਖਾਨਦਾਨ ਦਾ ਆਖਰੀ ਚਿਰਾਗ ਵੀ ਬੁਝ ਗਿਆ ਤੇ ਜਥੇਦਾਰ ਧੱਕੜ ਸਿੰਘ ਦਾ ਸੰਕਲਪ ਪੂਰਾ ਹੋ ਗਿਆ। ਸ: ਨਰੰਜਣ ਸਿੰਘ ਆਰਿਫੀ ਹਿਸਟੋਰੀਅਨ ਇਸ ਸਾਕੇ ਦਾ ਇਉਂ ਜ਼ਿਕਰ ਕਰਦੇ ਹਨ:-

"ਘਮਸਾਨ ਦੀ ਲੜਾਈ ਦੇ ਦੌਰਾਨ ਮੱਸੇ ਦੇ ਛੋਟੇ ਭਾਈ ਦਾ ਧੱਕੜ ਸਿੰਘ ਨਾਲ ਸਾਹਮਣਾ ਹੋ ਗਿਆ। ਬੜੀ ਫੁਰਤੀ ਨਾਲ ਤਲਵਾਰ ਦਾ ਵਾਰ ਆਪਣੀ ਮਹਿਰ ਤੇ ਸੰਭਾਲ ਕੇ ਜਥੇਦਾਰ ਧੱਕੜ ਸਿੰਘ ਨੇ ਜ਼ੋਰ ਕੇ ਡਾਂਗ ਦਾ ਉਸ ਦੇ ਸਿਰ 'ਤੇ ਇਕ ਅਜਿਹਾ ਵਾਰ ਕੀਤਾ ਕਿ ਉਹ ਅਜਿਹਾ ਡਿੱਗਿਆ ਕੇ ਮੁੜ ਨਾ ਉਠਿਆ। ਉਸ ਨੂੰ ਮਰਿਆ ਦੇਖ ਕੇ ਧੱਕੜ ਸਿੰਘ ਨੇ ਉਚੀ ਜੈਕਾਰਾ ਗਜਾਇਆ "
(ਰੰਘਰੇਟਿਆਂ ਦਾ ਇਤਿਹਾਸ ਪੰਨਾ 335)

ਗਿਆਨੀ ਗਿਆਨ ਸਿੰਘ ਜੀ ਅਨੁਸਾਰ :--
ਭਾਣਜਾ, ਭਤੀਜਾ, ਬੇਟਾ ਰੰਘਰੇਟਾ ਹੋਏ ਸੰਗ।
ਤਰਤੇ ਸਸੰਧੀ ਪੰਧੀ ਸਸ਼ਤਰ ਸਾਜ ਹੈ। 26।
(ਪੰਥ ਪ੍ਰਕਾਸ਼ ਪੰਨਾ 716)

ਸ: ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿੱਚ :--
ਤਬ ਨੱਥੇ ਕੰਧੇ ਧਰਯੋ ਪਿਛੇ ਕੰਧ ਟਪਾਇ।
ਪੰਜ ਪੁਰਖ ਤਿਸ ਸੰਗ ਚਲੇ ਪਏ ਕੰਮੋਂਵੀ ਰਾਹਿ।
ਸਕਾ ਪੁੱਤਰ ਅਰ ਭਾਣਜਾ ਚੂਹੜਾ ਸੰਗ ਦਰਵਾਨ।
ਸਿਖਰ ਦੁਪਹਿਰ ਦੀਦ ਮੈਂ ਲੰਘ ਗਏ ਇਕ ਮਦਾਨ। 66।
ਇਕ ਪਹਿ ਬਰਛੀ ਇਹ ਪਹਿਲ ,ਦੇਵੈਂ ਰੰਗੜ ਛਾਤੀ ਪੇਲ।
ਹਾਥ "ਚੂਹੜੇ" ਦੇ ਡੰਡਾ ਭਾਰੀ।
ਮੱਸੇ ਭਾਈ ਸਿਰ ਲਾਯੋ ਕਾਰੀ। 77।
(ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 240)

ਰੰਘੜ ਭੱਜ ਕੇ ਫੌਜਦਾਰ ਨੂਰਦੀਨ ਪਾਸ ਮੁੜ ਫਰਿਆਦੀ ਹੋਏ। ਉਸਨੇ ਹਰਿਭਗਤ ਨਿਰੰਜਣੀਏ ਦੀ ਅਗਵਾਈ ਹੇਠ ਫੌਜੀ ਟੁਕੜੀ ਭੇਜ ਦਿੱਤੀ। ਸਿੰਘਾਂ ਦੇ ਮੁਕਾਬਲੇ ਉਹ ਵੀ ਮਾਤ ਖਾ ਗਈ। ਅਖੀਰ ਵਿੱਚ ਨੂਰਦੀਨ ਫੌਜਦਾਰ ਨੇ ਭਾਰੀ ਫੌਜੀ ਕੁਮਕ ਲੈ ਕੇ ਸਿੰਘਾਂ ਤੇ ਹੱਲਾ ਬੋਲ ਦਿੱਤਾ। ਜਥੇਦਾਰ ਧੱਕੜ ਸਿੰਘ ਨੇ ਭਾਈ ਮਹਿਤਾਬ ਸਿੰਘ ਦੇ ਬੇਟੇ ਰਾਇ ਸਿੰਘ ਨੂੰ ਝਾੜੀਆਂ ਉਹਲੇ ਛੁਪਾ ਦਿੱਤਾ ਤੇ ਆਪ ਨੂਰਦੀਨ ਫੌਜਦਾਰ ਦੇ ਮੁਕਾਬਲੇ ਡਟ ਖਲੋਤਾ। ਘਮਸਾਨ ਦੀ ਜੰਗ ਹੋਈ।

ਜਥੇਦਾਰ ਧੱਕੜ ਸਿੰਘ ਮੱਸੇ ਰੰਗੜ ਦੇ ਭਰਾ ਵਾਲੀ ਤਲਵਾਰ ਨਾਲ ਨੂਰਦੀਨ ਤੇ ਹਮਲਾ ਕਰਨ ਹੀ ਲੱਗਾ ਸੀ ਕਿ ਖੋਪੜੀ ਚੀਰਦੀ ਹੋਈ ਗੋਲੀ ਜਥੇਦਾਰ ਧੱਕੜ ਸਿੰਘ ਜੀ ਨੂੰ ਜਾ ਲੱਗੀ। ਇਸ ਤਰ੍ਹਾਂ ਗੁਰੂ ਪੰਥ ਦੀ ਸੇਵਾ ਕਰਦਿਆਂ ਇਹ "ਗੁਰੂ ਕਾ ਲਾਲ" ਸ਼ਹਾਦਤ ਦਾ ਜਾਮ ਪੀ ਗਿਆ। ਇਸ ਲੜਾਈ ਵਿੱਚ ਨੱਥਾ ਖੈਹਰਾ ਪੈਂਚ ਉਸਦਾ ਪੁੱਤਰ ਤੇ ਦੂਸਰੇ ਸਿੰਘ ਸ਼ਹੀਦ ਹੋ ਗਏ। ਪ੍ਰੰਤੂ ਨੱਥੇ ਖੈਹਰੇ ਦਾ ਭਾਣਜਾ ਵਰ੍ਹਦੀਆਂ ਗੋਲੀਆਂ ਵਿਚੋਂ ਬਚਕੇ ਨਿਕਲ ਗਿਆ। ਜ਼ਖਮੀ ਰਾਇ ਸਿੰਘ ਨੂੰ ਮੁਗਲ ਫੌਜੀ ਮਰਿਆ ਸਮਝ ਕੇ ਛੱਡ ਗਏ। "ਗੁਰੂ ਕੇ ਬੇਟੇ " ਪੁਸਤਕ ਦਾ ਰਚੇਤਾ ਜਸਵੰਤ ਸਿੰਘ ਲਿਖਦਾ ਹੈ ਕਿ "ਉਸਨੂੰ ਭਾਨੋ ਨਾਂ ਦੀ ਇਕ ਬਹਾਦਰ ਬੀਬੀ ਚੁੱਕ ਕੇ ਲੈ ਗਈ ਜੋ ਮੰਨੀ ਪ੍ਰਮੰਨੀ ਰਸਾਇਣ ਸੀ। ਉਸ ਨੇ 7-8 ਸਾਲ ਦੇ ਬਾਲਕ ਰਾਇ ਸਿੰਘ ਦੇ ਜ਼ਖਮ ਸੀਤੇ, ਸੇਵਾ ਕੀਤੀ ਤੇ ਉਹ ਨੌ ਬਰ ਨੌ ਹੋ ਗਿਆ।

ਏਥੇ ਵਰਨਣਯੋਗ ਹੈ ਕਿ ਨਾਮਵਰ ਇਤਿਹਾਸਕਾਰ ਸ: ਰਤਨ ਸਿੰਘ ਭੰਗੂ ਏਸੇ ਰਾਇ ਸਿੰਘ ਦਾ ਪੋਤਰਾ ਸੀ। ਜੇਕਰ ਜਥੇਦਾਰ ਧੱਕੜ ਸਿੰਘ ਚਾਹੁੰਦਾ ਤਾਂ ਆਸਾਨੀ ਨਾਲ ਹੀ ਆਪਣੀ ਜਾਨ ਬਚਾ ਕੇ ਨਿਕਲ ਸਕਦਾ ਸੀ ਪਰ ਉਸਨੇ ਰਾਇ ਸਿੰਘ ਨੂੰ ਬਚਾਉਣਾ ਆਪਣਾ ਕੌਮੀ ਧਰਮ ਸਮਝਿਆ। ਤੇ ਆਪਣੇ ਪ੍ਰਾਣਾਂ ਦੀ ਆਹੂਤੀ ਦੇਕੇ ਪੰਥ ਪ੍ਰਤੀ ਆਪਣੀ ਵਫਾਦਾਰੀ ਨਿਭਾਈ। ਜੇਕਰ ਜਥੇਦਾਰ ਧੱਕੜ ਸਿੰਘ ਆਪਣੀ ਜਾਨ ਦੀ ਬਾਜ਼ੀ ਲਾਕੇ ਨੱਥੇ ਖੈਹਰੇ ਪੈਂਚ ਦੇ ਘਰੋਂ ਰਾਇ ਸਿੰਘ ਨੂੰ ਨਾ ਲਿਆਉਂਦਾ ਤਾਂ ਉਸਨੂੰ ਮੁਗਲਾਂ ਨੇ ਉਥੇ ਹੀ ਮਾਰ ਦੇਣਾ ਸੀ ਤੇ ਭਾਈ ਮਹਿਤਾਬ ਸਿੰਘ ਦਾ ਆਖਰੀ ਚਿਰਾਗ਼ ਵੀ ਬੁਝ ਜਾਣਾ ਸੀ। ਪ੍ਰੰਤੂ ਬੜੇ ਖੇਦ ਦੀ ਗੱਲ ਹੈ ਕਿ ਜਥੇਦਾਰ ਧੱਕੜ ਸਿੰਘ ਨੇ ਜਿਸਦੇ ਦਾਦੇ ਰਾਇ ਸਿੰਘ ਨੂੰ ਜਾਨ ਹੂਲ ਕੇ ਬਚਾਇਆ, ਉਸਦਾ ਵੰਸ਼ ਚੱਲਦਾ ਰੱਖਣ ਲਈ ਲਹੂ ਵਹਾਇਆ ਉਸੇ ਖਾਨਦਾਨ ਦੇ ਇਤਿਹਾਸਕਾਰ ਸ: ਰਤਨ ਸਿੰਘ ਭੰਗੂ ਨੇ ਸਿੱਖ ਇਤਿਹਾਸ ਦੇ ਇਸ ਮਾਣਮੱਤੇ ਯੋਧੇ ਦਾ ਨਾ ਸਿਰਫ ਨਾਮ ਲਿਖਣ ਤੋਂ ਹੀ ਗੁਰੇਜ਼ ਕੀਤਾ ਹੈ ਸਗੋਂ ਆਪਣੀ ਜਾਤੀਵਾਦ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਨਫ਼ਰਤ ਨਾਲ "ਚੂਹੜਾ" ਸ਼ਬਦ ਇਸਤੇਮਾਲ ਕੀਤਾ ਹੈ ਉਸ ਬੀਰ ਬਹਾਦਰ ਯੋਧੇ ਲਈ। ਇਹ ਅਕ੍ਰਿਤਘਣਤਾ ਦੀ ਹੱਦ ਐ। ਇਤਿਹਾਸਕਾਰਾਂ ਨੇ ਜਥੇਦਾਰ ਧੱਕੜ ਸਿੰਘ ਦੀ ਅਮੋਲਕ ਪੰਥਕ ਸੇਵਾ ਨੂੰ ਅਣਗੌਲਿਆਂ ਕਰਕੇ ਇਤਿਹਾਸ ਵਿਚੋਂ ਮਨਫ਼ੀ ਈ ਕਰ ਦਿੱਤਾ ਐ ਤੇ ਪੰਥ ਦੇ ਠੇਕੇਦਾਰਾਂ ਨੇ ਉਸ ਕੌਮੀ ਨਾਇਕ ਦੀ ਕੋਈ ਢੁਕਵੀਂ ਯਾਦਗਾਰ ਵੀ ਅਜੇ ਤੱਕ ਨਹੀ ਬਣਾਈ। ਉਸਦੀ ਅੰਸ਼ ਦੇ ਲੋਕਾਂ ਨੇ ਵੀ ਉਸ ਪੰਥ ਪ੍ਰਸਤ ਯੋਧੇ ਨੂੰ ਵਿਸਾਰ ਦਿੱਤਾ ਹੈ। ਉਸ ਦੀ ਬੀਰ ਗਾਥਾ ਕਦੇ ਨਾ ਸੁਣੀ ਨਾ ਗਾਈ। ਜਦੋਂ ਕਿ ਪਰਾਇਆਂ ਦੇ ਕਸੀਦੇ ਪੜ੍ਹਨ ਲਈ ਮੋਹਰੀ ਰਹਿੰਦੇ ਹਨ। ਕਾਸ਼! ਉਹਨਾਂ ਅੰਦਰ ਵੀ ਬਾਬਾਣੀਆਂ ਕਹਾਣੀਆਂ ਚੇਤੇ ਕਰਕੇ ਪੁੱਤਰਾਂ ਤੋਂ ਸਪੁੱਤਰ ਬਣਨ ਦੀ ਰੀਝ ਪਨਪ ਪਏ।

## ਮੈਂ ਸ਼ੂਦਰ ਨਹੀਂ

ਜੋ ਝੁਕਾਅ ਦੇਵੇ ਧੌਣ
ਸਮੇ ਦੇ ਹਾਕਮ ਸਾਹਵੇਂ
ਭਗਤੀ ਕਰਨ ਦੇ ਜੁਰਮ 'ਚ
ਕਰਵਾ ਲਵੇ ਕਲਮ ਆਪਣਾ ਸਿਰ।
ਨਾਂ ਹੀ ਮੈਂ ਏਕੱਲਵਯਾ ਹਾਂ
ਜਿਸਦਾ ਕੱਟ ਲਵੇ ਕੋਈ
ਸੱਜੇ ਹੱਥ ਦਾ ਗੂਠਾ,
ਗੁਰੂ ਦੱਛਣਾ ਆਖ।
ਮੈਂ ਭਵੀਸ਼ਨ ਵੀ ਨਹੀਂ
ਜੋ ਦੁਸ਼ਮਣ ਦੇ ਬਹਿਕਾਵੇ 'ਚ ਆ
ਸੜਵਾ ਬਹੇ ਆਪਣੀ ਹੀ
ਸੋਨ- ਸੁਨਹਿਰੀ ਲੰਕਾ
ਤੇ ਨਾ ਹੀ ਮੈਂ ਸੁਗਰੀਵ ਹਾਂ
ਆਪਣੇ ਰਾਜ ਪਾਟ ਦੀ
ਤਬਾਹੀ ਦਾ ਬਣਨ ਵਾਲਾ ਸਬੱਬ ।
ਮੈਂ ਮੁਸੀਬਤ ਸਮੇਂ ਗੁਰੂ ਨੂੰ ਬੇਦਾਵਾ
ਦੇਣ ਵਾਲਾ ਮਹਾਂ ਸਿੰਘ ਵੀ ਨਹੀਂ
ਤੇ ਨਾ ਹੀ ਕੱਚੀ ਗੜ੍ਹੀ 'ਚ
ਘੇਰਾ ਪਵਾਉਣ ਵਾਲਾ
ਨੰਬਰਦਾਰ ਚਮਕੌਰਾ ਈ ਹਾਂ।
ਮੈਂ ਦੁਸ਼ਮਣ ਤੋਂ ਡਰ ਕੇ
ਗੁਰੂ ਨੂੰ ਆਪਣੇ ਘਰੋਂ
ਕੱਢਣ ਵਾਲਾ
ਕਪੂਰਾ ਚੌਧਰੀ ਵੀ ਨਹੀਂ
ਤੇ ਨਾ ਹੀ ਔਖੇ ਵੇਲਿਆਂ 'ਚ
ਗੁਰੂ ਕਿਆਂ ਦੇ ਘੋੜੇ ਦੀਆਂ
ਵਾਗਾਂ ਫੜ ਰੋਕ ਕੇ
ਤਨਖਾਹਾਂ ਮੰਗਣ ਵਾਲਾ
ਕੋਈ ਬਰਾੜ ਦਾਨ ਸਿੰਘ ਹਾਂ ਤੇ
ਫੋਕੀਆਂ ਫੜ੍ਹਾਂ ਮਾਰਕੇ
ਗੁਰੂ ਨੂੰ ਖੁਸ਼ ਕਰਨ ਦਾ
ਭਰਮ ਪਾਲੀ ਬੈਠਾ
ਡੱਲਾ ਬਰਾੜ ਵੀ ਨਹੀਂ ਹਾਂ।
ਦੋਸਤ!
ਤਵਾਰੀਖ ਗਵਾਹ ਐ
ਮੈਂ ਆਪਣੀ ਜਾਨ ਹੂਲ ਕੇ
ਕੀਤੀ ਐ ਗੁਰੂ ਕਿਆਂ ਦੀ ਰਾਖੀ
ਜਾਣਦੀ ਐ ਦੁਨੀਆਂ ਸਾਰੀ,
ਕਦੇ ਨਹੀਂ ਕੀਤੀ ਗਦਾਰੀ,
ਜ਼ਾਲਮ ਦੀ ਹਰ ਵੰਗਾਰ
ਕਬੂਲ ਕਰਕੇ ਸਖਤ ਪਹਿਰਿਆਂ 'ਚ
ਹਾਕਮਾਂ ਦੇ ਪਾਕੇ ਅੱਖੀਂ ਘੱਟਾ
"ਧਰਮ ਦੀ ਚਾਦਰ" ਦਾ
ਸੀਸ ਆਪਣੀ ਚਾਦਰ 'ਚ
ਲਪੇਟ ਕੇ ਚਾਂਦਨੀ ਚੌਕ
ਤੋਂ ਅਨੰਦਪੁਰ ਪੁਚਾਉਣ ਦੀ
ਜੁਅਰਤ ਵੇਖੀ ਐ
ਜਾਬਰ ਔਰੰਗੇ ਨੇ ।
ਜਨਾਬ !
ਐਵੇਂ ਨਹੀਂ ਦਸ਼ਮੇਸ਼ ਪਿਤਾ ਨੇ
ਨਿੱਘੀ ਗਲਵਕੜੀ 'ਚ
ਘੁੱਟ ਕੇ ਦਿੱਤਾ ਸੀ
"ਰੰਘਰੇਟੇ ਗੁਰੂ ਕੇ ਬੇਟੇ"
ਦਾ ਖਿਤਾਬ ।
ਮੇਰੀ ਸੂਰਮਗਤੀ ਦੇ ਕ੍ਰਿਸ਼ਮੇ
ਜਾਣਦੀ ਐ ਕੱਚੀ ਗੜ੍ਹੀ
ਜਿੱਥੇ ਸਵਾ ਲੱਖ ਨਾਲ
'ਕੱਲਿਆਂ ਲੜਨ ਦਾ
ਦਲੇਰੀ ਭਰਿਆ ਹੌਂਸਲਾ
ਵੇਖਿਆ ਸੀ ਵਕਤ ਨੇ
ਸੱਜਣਾਂ!
ਗੁਰੂ ਦੀ ਬੰਦੂਕ ਪਰਖਣ ਸਮੇਂ
ਤਲਵੰਡੀ ਸਾਬੋ ਵੀ
ਛਾਤੀ ਡਾਹ ਕੇ
ਸਾਮਰਤੱਖ ਖੜ੍ਹਾ ਸੀ ਮੈਂ
ਗੁਰੂ ਕਿਆਂ ਦੇ ਸਨਮੁੱਖ ।
ਹਥੇਲੀ ਤੇ ਸਿਰ ਰੱਖ ਕੇ
ਕੀਤੀ ਐ ਹਮੇਸ਼ਾਂ ਮਜ਼ਹਬ ਦੀ
ਰਾਖੀ, ਐਵੇਂ ਨਹੀਂ ਸਜਾਈ
ਦਸਮੇਸ਼ ਪਿਤਾ ਨੇ ਮੇਰੇ ਸਿਰ 'ਤੇ
ਬੇਸ਼ ਕੀਮਤੀ ਕਲਗੀ।
ਜਮਰੌਦ ਤੱਕ ਪਿੱਛਾ ਕਰਕੇ
ਮੋੜੀ ਐ ਦੁਸ਼ਮਣ ਦੀ ਭਾਜੀ
ਤਾਂ ਹੀ ਮੰਨਦੀ ਐ ਦੁਨੀਆਂ
ਅੱਜ ਤੱਕ ਮੇਰਾ ਲੋਹਾ
ਏਸੇ ਲਈ ਵਿਸ਼ਵ ਦੇ
ਦਸ ਜਰਨੈਲਾਂ 'ਚ
ਇਕ ਨੰਬਰ ਤੇ
ਸ਼ੁਮਾਰ ਐ ਮੇਰਾ ਨਾਂ

– ਲਾਲ ਸਿੰਘ ਸੁਲਹਾਣੀ

## ਚੁਰਾਸੀ ਨੂੰ ਨਾ ਭੁਲਿਓ

ਚੁਰਾਸੀ ਨੂੰ ਨਾ ਭੁਲਿਓ, ਚੁਰਾਸੀ ਨੂੰ ਨਾ ਭੁਲਿਓ।
ਦਿਲੀ ਸਾਡੇ ਖੂਨ ਦੀ ਪਿਆਸੀ ਨੂੰ ਨਾ ਭੁਲਿਓ ।

ਸਾਡੇ ਉਤੇ ਦਿੱਲੀ ਸਦਾ ਕਹਿਰਵਾਨ ਰਹੀ ਐ।
ਮੁੱਦਤਾਂ ਤੋਂ ਖੌਰੇ ਕਾਹਤੋਂ ਸਾਡੇ ਪਿਛੇ ਪਈ ਐ।
ਸੀਸ ਗੰਜ ਵਾਲੀ, ਖੂਨੀ ਸਾਖੀ ਨੂੰ ਨਾ ਭੁਲਿਓ।
ਦਿੱਲੀ ਸਾਡੇ ਖੂਨ ਦੀ-----

ਬੰਦਾ ਸਿੰਘ ਵਾਲਾ ਖੂਨੀ ਸਾਕਾ ਯਾਦ ਰੱਖਿਓ।
ਨਿੱਤ ਹੁੰਦੇ ਕਤਲਾਂ ਦਾ ਵਾਕਾ ਯਾਦ ਰੱਖਿਓ।
ਭਾਜੀ ਵਜੋਂ ਜ਼ਾਲਮਾਂ ਦੀ, ਰਾਸ਼ੀ ਨੂੰ ਨਾ ਭੁਲਿਓ।
ਦਿੱਲੀ ਸਾਡੇ ਖੂਨ ਦੀ----

ਦਿੱਲੀ ਦਿਆਂ ਕਦੇ ਤਾਜਦਾਰਾਂ ਨੂੰ ਝੁਕਾਇਆ ਸੀ।
ਲਾਲ ਕਿਲੇ ਉਤੇ ਜਦੋਂ ਕੇਸਰੀ ਝੁਲਾਇਆ ਸੀ।
ਬਣੀ ਕਦੇ ਖਾਲਸੇ ਦੀ ਦਾਸੀ ਨੂੰ ਨਾ ਭੁਲਿਓ।
ਦਿੱਲੀ ਸਾਡੇ ਖੂਨ ਦੀ------

ਉਨੀ ਸੌ ਚੁਰਾਸੀ ਵਾਲਾ ਕਹਿਰ ਯਾਦ ਰੱਖਿਓ।
ਜੁਲਮਾਂ ਦਾ ਦਿਨ ਵਾਰ ਪਹਿਰ ਯਾਦ ਰੱਖਿਓ।
ਦਿੱਲੀ ਵਾਲੀ ਬੁੱਚੜਾਂ ਦੀ ਮਾਸੀ ਨੂੰ ਨਾ ਭੁਲਿਓ।
ਦਿੱਲੀ ਸਾਡੇ ਖੂਨ ਦੀ-----

ਉਜੜੇ ਘਰਾਂ ਦੀ ਦਾਸਤਾਨ ਯਾਦ ਰੱਖਿਓ।
ਇਕ ਇਕ ਓਹਨਾਂ ਦਾ ਬਿਆਨ ਯਾਦ ਰੱਖਿਓ।
ਰੁਲਦੀਆਂ ਇੱਜਤਾਂ, ਨਿਕਾਸੀ ਨੂੰ ਨਾ ਭੁਲਿਓ
ਦਿੱਲੀ ਸਾਡੇ ਖੂਨ ਦੀ------

'ਲਾਲ ਸੁਲਹਾਣੀ' ਤਵਾਰੀਖ ਯਾਦ ਰੱਖਿਓ।
ਜੂਨ ਤੇ ਨਵੰਬਰ ਤਾਰੀਖ ਯਾਦ ਰੱਖਿਓ।
ਪਾਏ ਗਲੀਂ ਟਾਇਰ,ਵਹਿਸ਼ੀ ਹਾਸੀ ਨੂੰ ਨਾ ਭੁਲਿਓ।
ਦਿੱਲੀ ਸਾਡੇ ਖੂਨ ਦੀ----

# ਗਿਆਨੀ ਗੁਲਜ਼ਾਰ ਸਿੰਘ ਜੀ ਸੇਮਾਂ ਕਲਾਂ



ਲਾਲ ਸਿੰਘ ਸੁਲਹਾਣੀ
91-98721-55120

ਪੰਜਾਬ ਦੀ ਪਾਵਨ ਧਰਤੀ ਤੇ ਉੱਚ ਕੋਟੀ ਦੇ ਵਿਦਵਾਨ, ਸਮਾਜ ਸੁਧਾਰਕ, ਸਾਹਿੱਤਕਾਰ ਅਤੇ ਕਵੀ ਪੈਦਾ ਹੋਏ ਹਨ।ਉਹਨਾਂ ਸਮਾਜ ਹਿਤੈਸ਼ੀ ਉੱਚ ਹਸਤੀਆਂ ਵਿੱਚੋਂ ਲੋਕ ਚੇਤਿਆਂ ਚੋਂ ਵਿਸਰ ਚੁੱਕੇ ਗੁਰਬਾਣੀ ਦੇ ਰਸੀਏ ਗਰੀਬਾਂ ਦੇ ਹਮਦਰਦ ਤੇ ਥੁੜਾਂ ਮਾਰੇ ਸਮਾਜ ਦਾ ਦਰਦ ਸਮੋਈ ਬੈਠੇ ਕੋਮਲ ਹਿਰਦੇ ਵਾਲੇ ਕਵੀ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਮਿਸ਼ਨ ਦੇ ਪਾਂਧੀ ਸਨ ਗਿਆਨੀ ਗੁਲਜ਼ਾਰ ਸਿੰਘ ਜੀ ਸੇਮਾਂ ਕਲਾਂ।

ਉਹਨਾਂ ਦਾ ਜਨਮ ਮਾਲਵੇ ਦੇ ਮਸ਼ਹੂਰ ਬਾਹੀਆ ਖੇਤਰ ਵਿਚ 17 ਫਰਵਰੀ 1925 ਨੂੰ ਭਾਈ ਕਿਰਪਾਲ ਸਿੰਘ ਦੇ ਗ੍ਰਿਹਿ ਵਿਖੇ ਮਾਤਾ ਚੰਦ ਕੌਰ ਦੀ ਕੁੱਖੋਂ ਪਿੰਡ ਸੇਮਾਂ ਕਲਾਂ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ । ਉਹਨਾਂ ਦੇ ਵੱਡੇ ਭਰਾਤਾ ਭਾਈ ਸ਼ਾਮ ਸਿੰਘ, ਭਾਈ ਘੁੱਕਰ ਸਿੰਘ, ਭਾਈ ਟਹਿਲ ਸਿੰਘ ਫੌਜ ਵਿਚ ਨੌਕਰ ਸਨ। ਆਪਣੇ ਛੋਟੇ ਭਰਾ ਭਾਈ ਸੀਤਲ ਸਿੰਘ ਨੂੰ ਪਰਵਾਰ ਦੀ ਜ਼ਿਮੇਵਾਰੀ ਸੌਂਪ ਕੇ ਉਹ 19 ਕੁ ਸਾਲ ਦੀ ਉਮਰ ਵਿੱਚ 17 ਫਰਵਰੀ 1944 ਨੂੰ " ਰਾਇਲ ਬੰਬੇ ਸੈਂਪਰ ਐਂਡ ਮਾਈਨਜ ਗਰੁੱਪ" ਵਿਚ ਭਰਤੀ ਹੋ ਗਏ ।

ਭਾਂਵੇਂ ਉਸ ਦੌਰ ਵਿਚ ਅਛੂਤਾਂ ਲਈ ਵਿਦਿਆ ਦੇ ਦੁਆਰ ਬੰਦ ਸਨ, ਜਾਤ ਪਾਤ ਤੇ ਛੂਤਛਾਤ ਜੋਰਾਂ ਤੇ ਸੀ ਪਰ ਫਿਰ ਵੀ ਉਹਨਾਂ ਨੇ ਡੇਰਿਆਂ ਅਤੇ ਗੁਰਦੁਆਰਿਆਂ ਵਿੱਚ ਆਪਣੀ ਤੀਖਣ ਬੁੱਧੀ ਸਦਕਾ ਅੱਖਰੀ ਗਿਆਨ ਹਾਸਲ ਕਰਕੇ ਬਹੁਤ ਸਾਰੇ ਧਾਰਮਿਕ ਤੇ ਸਾਹਿੱਤਕ ਗ੍ਰੰਥਾਂ ਦਾ ਅਧਿਐਨ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ। ਇਸ ਤੋਂ ਇਲਾਵਾ ਫੌਜ ਨੌਕਰੀ ਦੌਰਾਨ ਵੀ ਉਹਨਾਂ ਨੇ ਪ੍ਰਾਇਮਰੀ ਤਕ ਸਿਖਿਆ ਹਾਸਲ ਕਰ ਲਈ । ਅੰਗਰੇਜ਼ੀ ਰਾਜ ਦੌਰਾਨ ਵੀ ਭਾਰਤੀ ਫੌਜ ਅੰਦਰ ਜਾਤਪਾਤ ਤੇ ਛੂਤਛਾਤ ਦਾ ਬੋਲਬਾਲਾ ਸੀ। ਉਹਨਾਂ ਦਾ ਗੋਰਾ ਨਿਛੋਹ ਰੰਗ, ਬਿੱਲੀਆਂ ਪਰ ਛੋਟੀਆਂ ਅੱਖਾਂ, ਬਾਜ ਵਰਗੀ ਤੱਕਣੀ, ਭਰਵਾਂ ਤੇ ਗੁਰਮੁਖੀ ਰੋਅਬਦਾਬ ਵਾਲਾ ਦਾਹੜਾ, ਸਡੌਲ ਤੇ ਸੁੰਦਰ ਜਿਸਮ ਅਤੇ ਮਿਲਣਸਾਰ ਸੁਭਾਅ ਹਰ ਕਿਸੇ ਨੂੰ ਕੀਲ ਲੈਣ ਦੇ ਸਮਰੱਥ ਸੀ। ਉਹ ਬੜੇ ਸੁਲਝੇ ਤੇ ਸਲੀਕੇ ਵਾਲੇ ਕੱਦਾਵਰ ਮਨੁੱਖ ਸਨ। ਮਾਨਵੀ ਪ੍ਰੇਮ ਵਿੱਚ ਸਰਸ਼ਾਰ ਉਹਨਾਂ ਦਾ ਕੋਮਲ ਹਿਰਦਾ ਜਾਤਵਾਦੀ ਵਿਤਕਰਿਆਂ ਵਿਰੁੱਧ ਬਾਗੀ ਹੋ ਖੜੋਤਾ। ਜਿਸ ਕਰਕੇ ਉਹਨਾਂ ਨੇ 24 ਅਪ੍ਰੈਲ 1947 ਨੂੰ ਆਪਣੀ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ। ਇਸ ਦੌਰਾਨ ਉਹਨਾਂ ਨੇ ਵਖੱ ਵੱਖ ਖੇਤਰਾਂ ਵਿੱਚ ਤਿੰਨ ਮੈਡਲ ਹਾਸਲ ਕਰ ਲਏ ਸਨ।

ਫਿਰ ਉਹ ਪੰਜਾਬ ਪੁਲਿਸ ਵਿਚ ਭਰਤੀ ਹੋ ਗਏ। ਪਰ ਥਾਣਿਆਂ ਵਿੱਚ ਜਗੀਰਦਾਰਾਂ ਤੇ ਧਨਾਢਾਂ ਦੇ ਰਸੂਖ ਸਦਕਾ ਪੁਲੀਸ ਵਲੋਂ ਗਰੀਬ ਤੇ ਮਜਲੂਮ ਲੋਕਾਂ ਤੇ ਢਾਹੇ ਜਾਂਦੇ ਜ਼ੁਲਮ ਤੇ ਅਣਮਨੁੱਖੀ ਤਸ਼ੱਦਦ ਵਿਰੁੱਧ ਉਹਨਾਂ ਦੀ ਰੂਹ ਕੁਰਲਾ ਉੱਠਦੀ । ਉਹ ਚਾਰ ਕੁ ਸਾਲ ਬਾਅਦ ਪੁਲਿਸ ਦੀ ਇਸ ਨੌਕਰੀ ਨੂੰ ਵੀ ਤਿਆਗ ਕੇ ਘਰ ਆ ਗਏ।

ਇਸ ਦੌਰ ਵਿਚ ਭਾਰਤੀ ਕਮਿਊਨਿਸਟ ਪਾਰਟੀ ਛੋਟੀ ਕਿਸਾਨੀ ਅਤੇ ਮਜ਼ਦੂਰਾਂ ਵਿਚ ਆਪਣੀ ਪਕੜ ਮਜਬੂਤ ਕਰ ਚੁੱਕੀ ਸੀ । ਉਹ ਲੋਕ ਹਿਤੂ ਤੇ ਗਰੀਬਾਂ ਦੀ ਕਾਇਆ ਕਲਪ ਕਰ ਦੇਣ ਵਾਲੀ ਜਥੇਬੰਦੀ ਸਮਝ ਕੇ ਇਸ ਵਿਚ ਸ਼ਾਮਲ ਹੋ ਗਏ ਤੇ ਕਿਸਾਨਾਂ ਮਜ਼ਦੂਰਾਂ ਨੂੰ ਲਾਮ ਬੰਦ ਕਰਨ ਲਈ ਜੁਟ ਗਏ।

ਉਹਨਾਂ ਦੇ ਪਰਮ ਮਿੱਤਰਾਂ ਵਿਚ ਸ: ਧੰਨਾ ਸਿੰਘ ਗੁਲਸ਼ਨ ( ਜੋ ਬਾਅਦ ਵਿਚ ਸ਼ਰੋਮਣੀ ਅਕਾਲੀ ਦਲ ਦੇ ਵਿਧਾਇਕ, ਸਾਂਸਦ ਅਤੇ ਕੇਂਦਰੀ ਸਰਕਾਰ ਵਿਚ ਉੱਪ ਸਿਖਿਆ ਮੰਤਰੀ ਬਣੇ) ਸ: ਗੁਰਨਾਮ ਸਿੰਘ ਸੇਮਾਂ (ਜੋ ਉੱਘੇ ਕਾਂਗਰਸੀ ਆਗੂ ਰਹੇ ਹਨ ) ਕੈਪਟਨ ਹਰਚਰਨ ਸਿੰਘ ਤੇ



ਪ੍ਰਸਿੱਧ ਕਵੀ ਹਜਾਰਾ ਸਿੰਘ ਮੁਸ਼ਤਾਕ ਰਹੇ ਹਨ। ਪਾਰਟੀ ਸਫਾਂ ਲਈ ਦਿਨ ਰਾਤ ਜੁਟੇ ਰਹਿਣ ਕਾਰਨ ਘਰ ਦੀ ਆਰਥਿਕ ਸਥਿਤੀ ਡਾਵਾਂਡੋਲ ਹੋ ਗਈ। ਪਰ ਉਹਨਾਂ ਦੀ ਜੀਵਨ ਸਾਥਣ ਬੀਬੀ ਗੁਰਦੇਵ ਕੌਰ ਪੁੱਤਰੀ ਸ: ਜ਼ਬਰ ਸਿੰਘ ਫੱਤਣ ਵਾਲਾ ਨੇ ਉਹਨਾਂ ਦਾ ਭਰਵਾਂ ਸਾਥ ਦਿੱਤਾ । ਜੋ ਪਿੰਡ ਵਿਚ ਕਰਿਆਨੇ ਦੀ ਦੁਕਾਨ ਚਲਾ ਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦੀ ਰਹੀ। ਇਸ ਸਮੇਂ ਦੌਰਾਨ ਭਾਵ 1964-65 ਵਿਚ ਉਹਨਾਂ ਨੇ "ਮਜ਼ਦੂਰਾਂ ਦੇ ਦੁਖੜੇ" ਨਾਂ ਦਾ ਇਕ ਕਿਤਾਬਚਾ ਛਪਵਾਇਆ।

ਕਮਿਊਨਿਸਟ ਆਗੂਆਂ ਦੀ ਦੋਗਲੀ ਨੀਤੀ ਅਤੇ ਜਾਤਪਾਤ ਵਾਲੇ ਰਵੱਈਏ ਨੇ ਉਹਨਾਂ ਨੂੰ ਬਹੁਤ ਨਿਰਾਸ਼ ਕਰ ਦਿੱਤਾ ।ਉਹ ਡਾਢੇ ਦੁਖੀ ਤੇ ਵਿਆਕੁਲ ਹੋ ਗਏ। ਉਹ ਮਾਨਸਿਕ ਤੌਰ ਤੇ ਉਚਾਟ ਰਹਿਣ ਲੱਗ ਗਏ। ਏਥੋਂ ਤਕ ਕਿ ਉਹਨਾਂ ਨੇ ਖਾਣਾ ਪੀਣਾ ਛੱਡ ਦਿੱਤਾ ਅਤੇ ਤਿੰਨ ਹਫਤਿਆਂ ਲਈ ਮੋਨ ਧਾਰਕੇ ਪਿੰਡ ਕਾਹਨ ਸਿੰਘ ਵਾਲਾ (ਨੇੜੇ ਭੁੱਚੋ ਮੰਡੀ) ਵਿਖੇ ਸਮਾਧੀ ਸਥਿਤ ਹੋ ਗਏ। ਇਸ ਦੌਰਾਨ ਉਹਨਾਂ ਨੇ ਸੰਸਾਰਕ ਝਮੇਲਿਆਂ ਤੋਂ ਉਪਰਾਮ ਹੋਕੇ ਆਤਮ ਚਿੰਤਨ ਕੀਤਾ।

ਏਥੇ ਉਹਨਾਂ ਨੂੰ ਅਹਿਸਾਸ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਨਵੀ ਤੇ ਵਿਗਿਆਨਕ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਸਮਾਜ ਨੂੰ ਜਥੇਬੰਦ ਕਰਕੇ ਵੱਡਾ ਬਦਲਾਅ ਹੋ ਸਕਦਾ ਹੈ । ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਗੰਭੀਰਤਾ ਨਾਲ ਅਧਿਐਨ ਕੀਤਾ, ਸਿੱਖ ਇਤਿਹਾਸ ਨੂੰ ਗਹੁ ਨਾਲ ਘੋਖਿਆ। ਜਦੋਂ ਉਹਨਾਂ ਨੇ ਦੇਖਿਆ ਕਿ ਗੁਰੂ ਗਰੰਥ ਸਾਹਿਬ ਜੀ ਸਾਡੇ ਬਜ਼ੁਰਗਾਂ ਦੇ ਸੰਘਰਸ਼ ਦਾ ਨਿਚੋੜ ਹੈ ਤੇ ਸਾਡੇ ਦੁੱਖਾਂ ਦਾ ਇਲਾਜ ਵੀ ਇਸ ਪਵਿੱਤਰ ਵਿਚਾਰਧਾਰਾ ਅੰਦਰ ਹੀ ਹੈ



ਤਾਂ ਉਹਨਾਂ ਨੇ ਗੁਰਬਾਣੀ ਦੇ ਚਾਨਣ ਵਿਚ ਨਵੇਂ ਸਿਰਿਓਂ ਸੰਘਰਸ਼ ਵਿੱਢ ਦਿੱਤਾ ।ਉਹਨਾਂ ਨੇ ਆਪਣੀਆਂ ਸਰਗਰਮੀਆਂ ਨੂੰ ਮਾਲਵੇ ਦੇ ਬਾਹੀਆ ਖੇਤਰ ਤੋਂ ਸ਼ੁਰੂ ਕਰ ਕੇ ਬਠਿੰਡਾ, ਮਾਨਸਾ, ਤਲਵੰਡੀ ਸਾਬੋ, ਫਰੀਦਕੋਟ, ਫਿਰੋਜ਼ਪੁਰ, ਮੁਕਤਸਰ ਤਕ ਫੈਲਾਅ ਲਿਆ ਅਤੇ ਹਜਾਰਾਂ ਲੋਕ ਉਹਨਾਂ ਦੇ ਪ੍ਰਚਾਰ ਸਦਕਾ ਉਹਨਾਂ ਦੇ ਸਹਿਯੋਗੀ ਬਣਦੇ ਗਏ । ਉਹਨਾਂ ਨੇ ਪਿੰਡ ਚੈਨਾ (ਜੈਤੋ) ਵਿਖੇ ਪਹਿਲੀ ਭਾਦੋਂ 1970 ਵਾਲੇ ਦਿਨ ਇਕ ਭਾਰੀ ਇਕੱਠ ਕਰਕੇ "ਸਮਾਜ ਸੁਧਾਰ ਤੇ ਗੁਰਮਤਿ ਪਰਚਾਰ ਸਭਾ" ਸਥਾਪਤ ਕੀਤੀ। ਇਸ ਸਮੇਂ ਦੌਰਾਨ ਉਹਨਾਂ ਨੇ ਆਪਣੀ ਦੂਜੀ ਕਿਤਾਬ "ਮਜ਼ਦੂਰ ਜਾਗ੍ਰਿਤੀ" ਛਪਵਾਈ। ਉਹਨਾਂ ਦੀਆਂ ਕਵਿਤਾਵਾਂ ਵਿਚ 'ਦਸ਼ਮੇਸ਼ ਤਾਂਘਾਂ', 'ਝੂਠੇ ਰੱਬ', 'ਬੋਲੀਆਂ', ਟੱਪੇ, 'ਪੈਂਤੀ ਅੱਖਰੀ', 'ਗੁਰਮਤਿ ਪਰਕਾਸ਼' ਆਦਿ ਬਹੁਤ ਚਰਚਿਤ ਤੇ ਵਿਸ਼ੇਸ਼ ਤੌਰ ਤੇ ਵਰਨਣਯੋਗ ਮਿਆਰੀ ਰਚਨਾਵਾਂ ਹਨ। ਉਹ ਪੂਰੀ ਤਰ੍ਹਾਂ ਜਾਗਿਆ ਹੋਇਆ ਸੁਚੇਤ ਚਿੰਤਨਸ਼ੀਲ ਮਨੁੱਖ ਸੀ। ਉਹਨਾਂ ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸੰਘਰਸ਼ ਅਤੇ ਦਲਿਤ ਸਮਾਜ ਨੂੰ ਬ੍ਰਾਹਮਣਵਾਦ ਦੇ ਮੱਕੜ ਜਾਲ ਤੋਂ ਮੁਕਤ ਕਰਵਾਉਣ ਲਈ ਪਾਏ ਬੇਸ਼ਕੀਮਤੀ ਯੋਗਦਾਨ ਦੀ ਜਾਣਕਾਰੀ ਸੀ। ਉਹਨਾਂ ਕੋਲ ਬਾਬਾ ਸਾਹਿਬ ਦੇ ਜੀਵਨ ਨਲ ਸੰਬੰਧਤ ਇਕ ਪੋਥੀ ਸੀ ਜਿਸਨੂੰ ਉਹ ਗੁਟਕੇ ਵਾਂਗ ਰੁਮਾਲ ਚ ਵਲ੍ਹੇਟ ਕੇ ਬੜੇ ਅਦਬ ਨਾਲ ਰੱਖਦੇ ਸਨ ਤੇ ਬਕਾਇਦਾ ਉਸਦਾ ਪਾਠ ਆਪਣੇ ਪਰਵਾਰ ਤੇ ਨੇੜਲੇ ਸਾਥੀਆਂ ਵਿੱਚ ਕਰਦੇ/ ਕਰਵਾਉਂਦੇ ਰਹਿੰਦੇ ਸਨ। ਉਹਨਾਂ ਨੇ 1970 ਵਿਚ ਛਪੀ ਆਪਣੀ ਕਿਤਾਬ "ਮਜ਼ਦੂਰ ਜਾਗ੍ਰਿਤੀ" ਵਿਚ ਬੜੇ ਆਦਰ ਨਾਲ ਬਾਬਾ ਸਾਹਿਬ ਦਾ ਜ਼ਿਕਰ ਕੀਤਾ ਹੈ। ਉਹ ਦਲਿਤਾਂ ਦੀ ਗੁਲਾਮੀ ਦਾ ਕਾਰਨ ਜਿੱਥੇ ਬ੍ਰਾਹਮਣਵਾਦ ਨੂੰ ਮੰਨਦੇ ਸਨ ਉੱਥੇ ਹੀ ਉਹ ਫਜ਼ੂਲ ਖਰਚੀ, ਦਾਜ ਦਹੇਜ, ਭੈੜੀਆਂ ਆਦਤਾਂ ਤੇ ਨਸ਼ਿਆਂ ਦੀ ਪ੍ਰਵਿਰਤੀ ਨੂੰ ਵੀ ਮੰਨਦੇ ਸਨ। ਉਹਨਾਂ ਇਹਨਾਂ ਸਮਾਜਕ ਬੁਰਾਈਆਂ ਵਿਰੁੱਧ ਜੰਗ ਵਿੱਢ ਰੱਖੀ।

ਉਹ ਸਮਾਜ ਦੀ ਨਿਘਰਦੀ ਦੀ ਹਾਲਤ ਪ੍ਰਤੀ ਡਾਹਡੇ ਚਿੰਤਤ ਰਹਿੰਦੇ ਸਨ। ਪਰਚਾਰ ਸਰਗਰਮੀਆਂ ਦੌਰਾਨ 1982-83 ਵਿਚ ਉਹਨਾਂ ਦਾ ਮਿਲਾਪ ਸ: ਗੁਰਨਾਮ ਸਿੰਘ ਮੁਕਤਸਰ ਨਾਲ ਹੋ ਗਿਆ । ਜਿੰਨਾਂ ਰਾਹੀਂ ਉਹਨਾਂ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਨਵੀਂ ਉਭਰਦੀ ਇਨਕਲਾਬੀ ਲਹਿਰ ਬਾਰੇ ਜਾਣਕਾਰੀ ਮਿਲੀ ਤੇ ਸਤੰਬਰK ਅਕਤੂਬਰ 1983 ਵਿੱਚ ਮੁਕਤਸਰ ਵਿਖੇ ਇਕ ਕੇਡਰ ਕੈਂਪ ਦੌਰਾਨ ਸਾਹਿਬ ਕਾਂਸ਼ੀ ਰਾਮ ਜੀ ਨਾਲ ਵਿਸ਼ੇਸ਼ ਤੌਰ ਤੇ ਗੱਲਬਾਤ ਕਰਨ ਦਾ ਮੌਕਾ ਮਿਲਿਆ ਤੇ ਉਹ ਨਵੇਂ ਸਮਾਜ ਦੀ ਸਿਰਜਣਾ ਲਈ ਆਪਣੇ ਸਮਰਥਕਾਂ ਸਹਿਤ ਇਸ ਕਰਾਂਤੀਕਾਰੀ ਲਹਿਰ ਵਿਚ ਸ਼ਾਮਲ ਹੋ ਗਏ।

ਪ੍ਰਾਚੀਨ ਗੁਰਸਿੱਖਾਂ ਵਾਂਗ ਉਹਨਾਂ ਦਾ ਜੀਵਨ ਬੜਾ ਸਰਲ ਅਤੇ ਸਾਦਾ ਸੀ ਪਰ ਵਿਚਾਰ ਬੜੇ ਉੱਚੇ ਸਨ। ਉਹ ਤੜਕਸਾਰ ਦੋ ਵਜੇ ਉੱਠਕੇ ਬੰਦਗੀ 'ਚ ਜੁੜਦੇ, ਨਿਤਨੇਮ ਕਰਦੇ, ਗੁਰਬਾਣੀ, ਸਿੱਖ ਇਤਿਹਾਸ ਅਤੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਦੇ ਰਹਿੰਦੇ ਸਨ। ਉਹ ਗੁਰਬਾਣੀ ਦੇ ਜਨੂੰਨ ਦੀ ਹੱਦ ਤਕ ਉਪਾਸ਼ਕ ਸਨ।

ਉਹ ਬੇਬਾਕ ਕਥਾਕਾਰ ਸਨ। ਗੁਰਬਾਣੀ ਦੇ ਹਜਾਰਾਂ ਸ਼ਬਦ ਉਹਨਾਂ ਨੂੰ ਜ਼ਬਾਨੀ ਕੰਠ ਸਨ। ਜਾਤਪਾਤ ਦਾ ਬੀਜ ਨਾਸ਼ ਕਰਕੇ ਗੈਰ ਬਰਾਬਰੀ ਦਾ ਫਸਤਾ ਵੱਢਣ, ਬੇਗਮ ਪੁਰਾ ਤੇ ਹਲੇਮੀ ਰਾਜ ਦਾ ਸੁਪਨਾ ਸਾਕਾਰ ਹੋਣ ਦੀ ਉਹਨਾਂ ਦੀ ਰੀਝ ਅਧੂਰੀ ਹੀ ਰਹਿ ਗਈ। ਸੰਖੇਪ ਬੀਮਾਰੀ ਦੌਰਾਨ ਦਿਲ ਦੀ ਧੜਕਣ ਰੁਕ ਜਾਣ ਕਾਰਨ ਸਮਾਜਕ ਤੇ ਧਾਰਮਿਕ ਸਰੋਕਾਰਾਂ ਨੂੰ ਪਰਨਾਈ ਉਹ ਅਜ਼ੀਮ ਸਖਸ਼ੀਅਤ 7 ਮਈ 1994 ਨੂੰ ਸਦਾ ਲਈ ਅਲੋਪ ਹੋ ਗਈ।

## ਕਿਸਾਨ ਭਰਾ ਅਤੇ ਦਲਿਤ ਵੀਰ ਆਪਸੀ ਭਾਈਚਾਰੇ ਨੂੰ ਬਚਾਉਣ ਲਈ ਸੰਜਮ ਵਰਤਣ: ਭਾਈ ਗੁਰਦੀਪ ਸਿੰਘ ਬਠਿੰਡਾ

**ਬਠਿੰਡਾ–** ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਸਕੱਤਰ ਜਨਰਲ ਜਤਿੰਦਰ ਸਿੰਘ ਈਸੜੂ ਨੇ ਕੁਝ ਪਿੰਡਾਂ ਵਿਚ ਕਿਸਾਨਾਂ ਅਤੇ ਗਰੀਬ ਲੋਕਾਂ ਵਿਚ ਝੋਨੇ ਲਾਉਣ ਦੇ ਰੇਟਾਂ ਤੇ ਸਮਾਜਿਕ, ਧਾਰਮਿਕ ਅਤੇ ਸਦੀਆਂ ਤੋਂ ਬਣੀ ਆਪਸੀ ਇਕ-ਸੁਰਤਾ ਨੂੰ ਨੁਕਸਾਨ ਪਹੁੰਚ-ਾਉਣ ਵਾਲੇ ਕਦਮਾਂ ਦੀ ਸਖਤ ਆਲੋਚਨਾ ਕੀਤੀ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ 9 ਸਾਲ ਦੀ ਉਮਰ ਵਿਚ ਛਾਤੀ ਨਾਲ ਲਾ ਕੇ ਸਭ ਤੋਂ ਪਹਿਲਾਂ ਵਰ ਰੰਘਰੇਟੇ ਗੁਰੂ ਕੇ ਬੇਟਿਆਂ ਨੂੰ



ਦਿੱਤਾ। ਪੰਜਾਬ ਦਾ ਕਿਸਾਨ ਵੀ ਗੁਰੂ ਦਾ ਬੇਟਾ ਹੈ। ਘਨੌਰੀ ਕਲਾਂ ਪਿੰਡ ਦੇ ਬਾਈਕਾਟ ਦੇ ਮਤੇ ਅਤੇ ਕੁਝ ਹੋਰ ਪਿੰਡਾਂ ਦੇ ਭੜਕਾਊ ਮਤਿਆਂ ਦੀ ਸਖਤ ਆਲੋਚਨਾ ਕੀਤੀ ਯੂਨਾਈਟਿਡ ਅਕਾਲੀ ਦਲ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਹਰ ਕਦਮ ਚੁੱਕੇਗਾ। ਉਹਨਾਂ ਧਾਰਮਿਕ ਜਥੇਬੰਦੀਆਂ, ਸਿੱਖ ਸੰਪਰਦਾਵਾਂ, ਤਖਤਾਂ ਦੇ ਸਿੰਘ ਸਾਹਿਬਾਨਾਂ ਵੱਲੋਂ ਅਪਣਾਈ ਜਾ ਰਹੀ ਚੁੱਪ ਤੇ ਦੁੱਖ ਪ੍ਰਗਟ ਕਰਦੇ ਹੋਏ ਇਸ ਗੰਭੀਰ ਮਸਲੇ ਤੇ ਸਪਸ਼ਟ ਅਤੇ ਦ੍ਰਿੜ੍ਹ ਸਟੈਂਡ ਲੈਣ ਦੀ ਬੇਨਤੀ ਕੀਤੀ ਗਰੀਬ ਲੋਕਾਂ ਦੇ ਹੱਕ ਵਿਚ ਖੜ੍ਹਨ ਦੀ ਬੇਨਤੀ ਕੀਤੀ।

## ਬਾਕੀ ਮੁਲਕਾਂ ਦੇ ਮੁਕਾਬਲੇ ਭਾਰਤ ਬਿਹਤਰ ਸਥਿਤੀ ਵਿੱਚ: ਹਰਸ਼ ਵਰਧਨ

**ਨਵੀਂ ਦਿੱਲੀ–** ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਨੇ ਅੱਜ ਕਿਹਾ ਕਿ ਕੋਵਿਡ-19 ਨਾਲ ਜੰਗ ਵਿੱਚ ਬਾਕੀ ਮੁਲਕਾਂ ਦੇ ਮੁਕਾਬਲੇ ਭਾਰਤ ਬਿਹਤਰ ਸਥਿਤੀ ਵਿੱਚ ਹੈ ਪਰ ਇਸ ਵਿੱਚ ਆਪਣੇ-ਆਪ ਨੂੰ ਸਿਹਰਾ ਦੇਣ ਵਾਲੀ ਕੋਈ ਗੱਲ ਨਹੀਂ। ਸਿਹਤ ਮੰਤਰੀ ਨੇ ਇਹ ਗੱਲ ਮੰਤਰੀਆਂ ਦੇ ਉੱਚ-ਪੱਧਰੀ ਸਮੂਹ ਨਾਲ 16ਵੀਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਹੀ, ਜਿਸ ਦੌਰਾਨ ਵੀਡੀਓ



ਕਾਨਫਰੰਸਿੰਗ ਜ਼ਰੀਏ ਮਹਾਮਾਰੀ ਨਾਲ ਨਜਿੱਠਣ ਲਈ ਤਿਆਰ ਰਣਨੀਤੀ ਦਾ ਜਾਇਜ਼ਾ ਲਿਆ ਗਿਆ। ਸਿਹਤ ਮੰਤਰਾਲੇ ਨੇ ਦੱਸਿਆ ਕਿ ਮੀਟਿੰਗ ਦੌਰਾਨ ਮੰਤਰੀਆਂ ਦੇ ਸਮੂਹ ਨੂੰ ਦੇਸ਼ ਵਿੱਚ ਕੋਵਿਡ-19 ਦੀ ਮੌਜੂਦਾ ਸਥਿਤੀ ਤੇ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤਾਲਾਬੰਦੀ ਦੇ ਵੱਖ-ਵੱਖ ਪੜਾਵਾਂ ਦੌਰਾਨ ਬਾਕੀ ਮੁਲਕਾਂ ਦੇ ਮੁਕਾਬਲੇ ਭਾਰਤ ਵਿੱਚ ਦਿੱਤੀਆਂ ਢਿੱਲਾਂ ਦੀ ਸਥਿਤੀ ਵੀ ਦਿਖਾਈ ਗਈ।

## ਸੁਪਰੀਮ ਕੋਰਟ ਦਾ ਆਦੇਸ਼: ਪਰਵਾਸੀ ਕਾਮੇ 15 ਦਿਨਾਂ 'ਚ ਘਰ ਭੇਜੇ ਜਾਣ

ਨਵੀਂ ਦਿੱਲੀ- ਸੁਪਰੀਮ ਕੋਰਟ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਹਦਾਇਤ ਕੀਤੀ ਕਿ ਉਹ ਪਰਵਾਸੀ ਕਾ-ਮਿਆਂ ਨੂੰ 15 ਦਿਨਾਂ ਦੇ ਅੰਦਰ ਉਨ੍ਹਾਂ ਦੇ ਪਿੱਤਰੀ ਰਾਜਾਂ ਵਿੱਚ ਵਾਪਸ ਭੇਜੇ। ਸਿਖਰਲੀ ਅਦਾਲਤ ਨੇ ਕਿਹਾ ਕਿ ਪਰਵਾਸੀ ਕਿਰਤੀਆਂ ਦੇ ਹੁਨਰ ਮੁਤਾਬਕ ਉਨ੍ਹਾਂ ਦਾ ਮੁੜਵਸੇਬਾ ਯਕੀਨੀ ਬਣਾਉਣ ਦੇ ਨਾਲ ਉਨ੍ਹਾਂ ਲਈ ਰੁਜ਼ਗਾਰ ਦਾ ਪ੍ਰਬੰਧ ਵੀ ਕੀਤਾ ਜਾਵੇ। ਜਿਹੜੇ ਕਾਮੇ ਆਪਣੀ ਪੁਰਾਣੀ ਵਾਲੀ ਕੰਮ ਵਾਲੀ ਥਾਂ ਪਰਤਣ ਦੇ ਇੱਛੁਕ ਹਨ, ਉਨ੍ਹਾਂ ਲਈ ਹੈਲਪ ਡੈਸਕ ਸਥਾਪਤ ਕੀਤੇ ਜਾਣ। ਸੁਪਰੀਮ ਕੋਰਟ ਨੇ ਕਿਹਾ ਕਿ ਸਬੰਧਤ ਰਾਜਾਂ ਨੇ ਹਲਫ਼ਨਾਮੇ ਦਾਖ਼ਲ ਕਰਕੇ ਪਰਵਾਸੀ ਕਾਮਿਆਂ ਨੂੰ ਖਾਣਾ ਤੇ ਸਿਰ 'ਤੇ ਛੱਤ ਮੁਹੱਈਆ ਕਰਵਾਉਣ ਦਾ ਦਾਅਵਾ ਕੀਤਾ ਹੈ, ਪਰ ਅਸਲ ਵਿੱਚ ਸੂਬਾਈ ਨੀਤੀਆਂ ਤੇ ਫੈਸਲਿਆਂ ਨੂੰ ਲਾਗੂ ਕਰਨ ਵਿੱਚ ਵੱਡੀਆਂ ਘਾਟਾਂ ਹਨ ਤੇ ਜ਼ਿਆਦਾਤਰ ਦਾਅਵੇ ਮਹਿਜ਼ ਕਾਗਜ਼ਾਂ ਤਕ ਹੀ ਸੀਮਤ ਹਨ। ਜਸਟਿਸ ਅਸ਼ੋਕ ਭੂਸ਼ਨ, ਸੰਜੈ ਕਿਸ਼ਨ ਕੌਲ ਤੇ ਐੱਮ.ਆਰ.ਸ਼ਾਹ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਆਪਣੇ 38 ਸਫ਼ਿਆਂ ਦੇ ਫੈਸਲੇ ਵਿੱਚ ਕੇਂਦਰ ਸਰਕਾਰ ਨੂੰ ਹੁਕਮ ਕੀਤੇ ਕਿ ਉਹ ਸਬੰਧਤ ਰਾਜਾਂ ਦੀ ਮੰਗ ਮੁਤਾਬਕ 24 ਘੰਟਿਆਂ ਅੰਦਰ ਵਧੀਕ ਰੇਲਗੱਡੀਆਂ ਮੁਹੱਈਆ ਕਰਵਾਏ ਤਾਂ ਕਿ ਦੇਸ਼ਵਿਆਪੀ ਲੌਕਡਾਊਨ ਕਰਕੇ ਵੱਖ ਵੱਖ ਥਾਈਂ ਫਸੇ ਪਰਵਾਸੀ ਕਾਮਿਆਂ ਨੂੰ ਵਾਪਸ ਉਨ੍ਹਾਂ ਦੇ ਘਰ ਭੇਜਿਆ ਜਾ ਸਕੇ। ਸਿਖਰਲੀ ਅਦਾਲਤ ਨੇ ਕਿਹਾ ਕਿ ਸਬੰਧਤ ਅਥਾਰਿਟੀਜ਼, ਆਫ਼ਤ ਪ੍ਰਬੰਧਨ ਐਕਟ ਤਹਿਤ ਲੌਕਡਾਊਨ ਨੇਮਾਂ ਦੀ ਕਥਿਤ



ਉਲੰਘਣਾ ਲਈ ਪਰਵਾਸੀ ਕਾਮਿਆਂ ਖ਼ਿਲਾਫ਼ ਦਰਜ ਸਾਰੇ ਅਪਰਾਧਿਕ ਕੇਸਾਂ ਨੂੰ ਵਾਪਸ ਲੈਣ 'ਤੇ ਵੀ ਵਿਚਾਰ ਕਰਨ। ਬੈਂਚ ਨੇ ਕੇਸ ਦੀ ਅਗਲੀ ਤਰੀਕ ਜੁਲਾਈ ਲਈ ਨਿਰਧਾਰਿਤ ਕਰ ਦਿੱਤੀ ਹੈ। ਸਿਖਰਲੀ ਅਦਾਲਤ ਨੇ ਅੱਜ ਫੈਸਲਾ ਸੁਣਾਉਂਦਿਆਂ ਕਿਹਾ ਕਿ ਸੂਬਾ ਸਰਕਾਰਾਂ ਘਰਾਂ ਨੂੰ ਪਰਤਣ ਵਾਲੇ ਪਰਵਾਸੀ ਕਾਮਿਆਂ ਦੀ ਕੌਂਸਲਿੰਗ ਯਕੀਨੀ ਬਣਾਉਣ ਤੇ ਉਨ੍ਹਾਂ ਦੇ ਹੁਨਰ ਮੁਤਾਬਕ ਰੁਜ਼ਗਾਰ ਦੇ ਮੌਕੇ ਪੈਦਾ ਕਰਨ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਪਰਵਾਸੀ ਕਾਮਿਆਂ ਨੂੰ ਉਨ੍ਹਾਂ ਦੇ ਪਿੱਤਰੀ ਰਾਜਾਂ ਤਕ ਭੇਜਣ ਲਈ ਕੇਂਦਰ ਤੇ ਸੂਬਾ ਸਰਕਾਰਾਂ ਨੂੰ 15 ਦਿਨ ਦਾ ਸਮਾਂ ਦਿੰਦੀ ਹੈ। ਸਰਕਾਰਾਂ ਰੁਜ਼ਗਾਰਾਂ ਦੇ ਮੌਕਿਆਂ ਸਮੇਤ ਭਲਾਈ ਨਾਲ ਜੁੜੇ ਹੋਰ ਉਪਰਾਲਿਆਂ ਦਾ ਲਾਭ ਪਰਵਾਸੀ ਕਾਮਿਆਂ ਤਕ ਪੁੱਜਦਾ ਯਕੀਨੀ ਬਣਾਉਣ। ਸੁਪਰੀਮ ਕੋਰਟ ਨੇ ਕੋਵਿਡ-19 ਦੀ ਸਭ ਤੋਂ ਵੱਧ ਮਾਰ ਝੱਲਣ ਵਾਲੇ ਮਹਾਰਾਸ਼ਟਰ ਨੂੰ ਵਧੇਰੇ ਚੌਕਸ ਰਹਿਣ ਤੇ ਅਜੇ ਵੀ ਸੂਬੇ 'ਚ ਵੱਖ ਵੱਖ ਥਾਈਂ ਫਸੇ ਪਰਵਾਸੀ ਕਾਮਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਪਿੱਤਰੀ ਰਾਜਾਂ 'ਚ ਭੇਜਣ ਲਈ ਕੇਂਦਰ ਸਰਕਾਰ ਨਾਲ ਮਿਲ ਕੇ ਯਤਨ ਕਰਨ ਲਈ ਕਿਹਾ ਹੈ।

### ਸੁਪਰੀਮ ਕੋਰਟ ਵੱਲੋਂ ਐਨਜੀਓਜ਼ ਦੀ ਤਾਰੀਫ਼

ਸੁਪਰੀਮ ਕੋਰਟ ਨੇ ਆਪਣੇ 30 ਸਫ਼ਿਆਂ ਦੇ ਆਪਣੇ ਫੈਸਲੇ ਵਿੱਚ ਗੈਰ-ਸਰਕਾਰੀ ਜਥੇਬੰਦੀਆਂ ਵਲੋਂ ਕੀਤੇ ਯਤਨਾਂ ਦੀ ਤਾਰੀਫ਼ ਕੀਤੀ ਹੈ। ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਪਰਵਾਸੀ ਕਾਮਿਆਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਭਾਵੇਂ ਸਰਕਾਰ ਦੀ ਬਣਦੀ ਹੈ, ਪਰ ਗੈਰ-ਸਰਕਾਰੀ ਜਥੇਬੰਦੀਆਂ (ਐਨਜੀਓਜ਼) ਵੱਲੋਂ ਪਾਏ ਜਾਂਦੇ ਯੋਗਦਾਨ ਤੇ ਭੂਮਿਕਾ ਦੀ ਵੀ ਤਾਰੀਫ਼ ਕਰਨੀ ਬਣਦੀ ਹੈ, ਜੋ ਇਸ 'ਮੁਸ਼ਕਲ ਸਮੇਂ' ਵਿੱਚ ਰੋਟੀ ਪਾਣੀ ਤੇ ਟਰਾਂਸਪੋਰਟ ਦਾ ਪ੍ਰਬੰਧ ਕਰਕੇ ਉਨ੍ਹਾਂ ਦੀ ਮਦਦ ਕਰ ਰਹੇ ਹਨ।

# ਬਹੁਜਨ ਸਮਾਜ ਦਾ ਬਾਬਾ ਭਾਈ ਹਰਭਜਨ ਸਿੰਘ ਲਾਖਾ ਜੀ

## ਨਾਲ 'ਅਦਾਰਾ ਹੱਕ ਸੱਚ ਦੀ ਆਵਾਜ਼ ਵਾਇਸ ਆਫ ਖਾਲਸਾ' ਦੀ ਇਕ ਲੰਬੀ ਗੱਲਬਾਤ




ਬਹੁਜਨ ਸਮਾਜ ਦਾ ਬਾਬਾ ਭਾਈ ਹਰਭਜਨ ਸਿੰਘ ਲਾਖਾ "ਸਿਖ ਲਹਿਰ" ਤੇ "ਅੰਬੇਡਕਰੀ ਮਿਸ਼ਨ" ਧੁਰ ਅੰਦਰੋਂ ਪਰਨਾਇਆ ਹੋਇਆ ਸੀ। ਉਹਨਾਂ ਨੇ ਦਰਬਾਰ ਸਾਹਿਬ ਤੇ ਫੌਜੀ ਹਮਲੇ ਦੀ ਤੀਹਵੀਂ ਵਰੇ ਗੰਢ ਸਮੇਂ 6 ਜੂਨ, 2014 ਨੂੰ ਅੰਮ੍ਰਿਤ ਪਾਨ ਕਰਕੇ ਸਿੱਖ ਪੰਥ ਨਾਲ ਆਪਣਾ ਨਾਤਾ ਜੋੜ ਲਿਆ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਾਨਵੀ ਸੋਚ ਨੂੰ ਪੂਰੇ ਦੇਸ਼ ਅੰਦਰ ਪ੍ਰਸਾਰਣ ਪਰਚਾਰਨ ਲਈ ਦਿਨ ਰਾਤ ਇਕ ਕਰਨ ਦਾ ਸੰਕਲਪ ਲੈ ਲਿਆ। ਉਹਨਾਂ ਨੇ 10 ਜੂਨ, 2014 ਨੂੰ ਹੱਕ ਸੱਚ ਦੀ ਆਵਾਜ਼ ਵਾਇਸ ਆਫ ਖਾਲਸਾ ਨਾਲ ਇਕ ਲੰਬੀ ਗੱਲਬਾਤ ਕਰਕੇ ਆਪਣੇ ਇਰਾਦਿਆਂ ਦੀ ਨਿਸ਼ਾਨਦੇਹੀ ਕੀਤੀ ਪਰ ਕੁਦਰਤ ਨੂੰ ਕੁਝ ਹੋਰ ਈ ਮਨਜ਼ੂਰ ਸੀ। 11 ਜੂਨ, 2014 ਨੂੰ ਇਹ ਮਨਹੂਸ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਲਾਖਾ ਜੀ ਨਹੀਂ ਰਹੇ। ਉਹਨਾਂ ਦੀ ਆਪਣੇ ਅਕਾਲ ਚਲਾਣੇ ਤੋਂ ਠੀਕ ਇਕ ਦਿਨ ਪਹਿਲਾਂ ਕੀਤੀ ਗਈ ਬੇਬਾਕ ਗੱਲਬਾਤ ਜੋ ਉਹਨਾਂ ਦੇ ਆਖਰੀ ਸ਼ਬਦ ਬਣ ਕੇ ਰਹਿ ਗਈ ਪੇਸ਼ ਹੈ।

**ਪੇਸ਼ਕਸ਼- ਲਾਲ ਸਿੰਘ ਸੁਲਹਾਣੀ**



ਐਂਕਰ- "ਹੱਕ ਸੱਚ ਦੀ ਆਵਾਜ਼" ਵਾਇਸ ਆਫ ਖਾਲਸਾ 'ਤੇ ਤੁਹਾਡਾ ਸਾਰਿਆਂ ਦਾ ਇਕ ਵਾਰ ਮੁੜ ਸੁਆਗਤ ਕਰਦੇ ਹਾਂ। ਇਹ ਪਰੋਗਰਾਮ ਦਰਬਾਰ ਸਾਹਿਬ ਤੇ ਹਮਲੇ ਦੀ ਤੀਹਵੀਂ ਵਰੇ ਗੰਢ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਕੀਤਾ ਜਾ ਰਿਹਾ ਹੈ। ਇਸ ਵਿਚ ਸਾਡੇ ਨਾਲ ਫੋਨ ਲਾਈਨ ਤੇ ਜੁੜ ਚੁੱਕੇ ਹਨ ਸਾਬਕਾ ਮੈਂਬਰ ਪਾਰਲੀਮੈਂਟ ਸ੍ਰੀ ਹਰਭਜਨ ਸਿੰਘ ਜੀ ਲਾਖਾ।

ਹਰਭਜਨ ਸਿੰਘ ਲਾਖਾ ਜੀ ਤੁਹਾਡਾ ਬਹੁਤ ਬਹੁਤ ਸੁਆਗਤ ਹੈ।

ਲਾਖਾ ਜੀ- ਰੇਡੀਓ ਵਾਇਸ ਆਫ ਖਾਲਸਾ ਜੀ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੁਸੀਂ ਯੂਰਪ ਦੇ ਲੋਕਾਂ ਨਾਲ ਮੈਨੂੰ ਰੂ-ਬ- ਰੂ ਕੀਤਾ ਹੈ। ਮੈਂ ਦੋ ਵਾਰ ਮੈਂਬਰ ਪਾਰਲੀਮੈਂਟ ਬਣਿਆਂ ਅਰ ਮੈਂ ਦਰਬਾਰ ਸਾਹਿਬ ਬਾਰੇ ਗੁਰੂ ਸਾਹਿਬਾਨ ਬਾਰੇ ਤੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਜੋ ਲੜਾਈ ਪਾਰਲੀਮੈਂਟ ਵਿਚ ਲੜੀ ਹੈ ਉਹ ਅੱਜ ਰਿਕਾਰਡ ਤੇ ਹੈ। ਅੱਜ ਤੱਕ ਭਾਰਤ ਦਾ ਕੋਈ ਵੀ ਸਿੱਖ ਮੈਂਬਰ ਪਾਰਲੀਮੈਂਟ ਇੰਨਾ ਨਹੀਂ ਬੋਲ ਸਕਿਆ।

ਐਂਕਰ- ਬਿਲਕੁੱਲ ਜੀ ਸਾਡੇ ਕੋਲ ਇਸ ਬਾਰੇ ਜਾਣਕਾਰੀ ਹੈ। ਤੁਸੀਂ ਸਮੇਂ ਸਮੇਂ ਤੇ ਬਹੁਤ ਜਦੋ- ਜਹਿਦ ਕੀਤੀ ਉਹਦੇ ਬਾਰੇ ਵੀ ਗੱਲਬਾਤ ਕਰਾਂਗੇ ਤੁਸੀਂ ਪਾਰਲੀਮੈਂਟ ਵਿਚ ਜਿਹੜੇ ਜਿਹੜੇ ਮੁੱਦੇ ਉਠਾਏ। ਸਭ ਤੋ ਪਹਿਲਾਂ ਤੁਹਾਨੂੰ ਵਧਾਈ ਦਿੰਦੇ ਹਾਂ ਤੁਸੀਂ ਅੰਮ੍ਰਿਤ ਪਾਨ ਕਰ ਲਿਆ ਹੈ, ਗੁਰੂ ਵਾਲੇ ਬਣ ਗਏ ਹੋ, ਸਿੰਘ ਸਜ ਗਏ ਹੋ।

ਲਾਖਾ ਜੀ- ਵਾਹਿਗੁਰੂ ਜੀ ਕਾ ਖਾਲਸਾ- ਵਾਹਿਗੁਰੂ ਜੀ ਕੀ ਫਤਹਿ।। ਬੜੀ ਚਿਰੋਕਣੀ ਤਾਂਘ ਸੀ ਕਿ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਕੇ ਗੁਰੂ ਗੋਬਿੰਦ ਸਿੰਘ ਜੀ ਦਾ ਦਰਸਾਇਆ ਪਰੋਗਰਾਮ ਜੋ ਹੈ-- ਜਬ ਇਹ ਗਹੈ ਬਿਪਰਨ ਕੀ ਰੀਤ। ਮੈ ਨ ਕਰੋਂ ਇਨ ਕੀ ਪਰਤੀਤ।

ਜੋ ਬਰਾਹਮਣਵਾਦ ਵਿਰੁੱਧ, ਮਨੂਵਾਦ ਵਿਰੁੱਧ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਉਠਾਈ ਸੀ ਤੇ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਦਾ ਸੰਦੇਸ਼ ਦਿੱਤਾ ਉਸਨੂੰ ਅੱਗੇ ਵਧਾਇਆ ਜਾਵੇ। ਗੁਰੂਆਂ ਦਾ ਦਰਸਾਇਆ ਪਰੋਗਰਾਮ ਪੂਰੇ ਦੇਸ਼ ਚ ਲਿਜਾਣ ਲਈ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਉਪਰਾਲਾ ਕੀਤਾ ਪਰ ਸਿੱਖਾਂ ਦੇ ਉਸ ਸਮੇਂ ਦੇ ਸਿੱਖ ਲੀਡਰਾਂ ਨੇ ਉਹ ਗੱਲ ਅੱਗੇ ਨਹੀਂ ਜਾਣ ਦਿੱਤੀ । ਬਾਬਾ ਸਾਹਿਬ ਨੇ ਸਿੱਖ ਮਿਸ਼ਨਰੀ ਕਾਲਜ ਬੰਬੇ 'ਚ ਸ਼ੁਰੂ ਕੀਤਾ ਕਿ ਅਸੀਂ ਬੰਗਲੌਰ, ਹੈਦਰਾਬਾਦ ਤੇ ਪੂਰੇ ਦੇਸ਼ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਅੱਗੇ ਲੈਕੇ ਜਾਈਏ। ਜੇ ਅਸੀਂ ਮਾਨਵਤਾ ਵਾਦੀ ਬਣ ਜਾਈਏ ਤਾਂ ਸਿੱਖ ਹੋਣਗੇ ਤੇ ਬਾਹਰੋਂ ਆਏ ਆਰੀਆ ਹੋਣਗੇ । ਜਿਹੜੇ ਮਨੂ ਸਿਮਰਤੀ ਨੂੰ ਮੰਨਕੇ ਇਸ ਦੇਸ਼ ਦੇ ਗੁਲਾਮਾਂ ਨੂੰ ਗਰੀਬ, ਲਾਚਾਰ ਤੇ ਗੁਲਾਮ ਬਣਾ ਕੇ ਰੱਖਣਾ ਚਾਹੁੰਦੇ ਹਨ । ਇਸ ਕਰਕੇ ਖਾਲਸਾ ਬਣਨਾ, ਜਾਤਪਾਤ ਰਹਿਤ ਸਮਾਜ ਬਣਾਉਣਾ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਪਰੋਗਰਾਮ ਨੂੰ ਲੈਕੇ ਮੈਂ ਸਾਰੇ ਦੇਸ਼ ਵਿਚ ਗਿਆ।

ਇਹ ਗੱਲ ਕਾਂਸ਼ੀ ਰਾਮ ਜੀ ਨੇ ਵੀ ਪਾਰਲੀਮੈਂਟ 'ਚ ਕਹੀ ਕਿ ਸਾਡਾ ਚੋਣ ਮੈਨੀਫੈਸਟੋ ਗੁਰੂ ਗ੍ਰੰਥ ਸਾਹਿਬ ਹੈ। ਅਸੀਂ ਗੁਰੂ ਗ੍ਰੰਥ ਸਾਹਿਬ, 1270 ਤੋਂ ਲੈਕੇ 1708 ਤਕ ਬਾਬਾ ਨਾਮਦੇਵ ਜੀ, ਕਬੀਰ ਜੀ, ਰਵਿਦਾਸ ਜੀ, ਸੈਣ ਜੀ, ਸਧਨਾ ਜੀ, ਧੰਨਾ ਜੀ ਗੁਰੂ ਨਾਨਕ ਤੇ ਲਾਲੋ ਤੋਂ ਲੈਕੇ ਪੰਜ ਪਿਆਰੇ, ਬਾਬਾ ਜੀਵਨ ਸਿੰਘ ਜੀ, ਸੰਗਤ ਸਿੰਘ, ਬਚਿੱਤਰ ਸਿੰਘ, ਬੁੱਧੂ ਘੁਮਿਆਰ, ਮੋਤੀ ਮਹਿਰਾ ਜੀ ਤਕ ਸੱਭ ਨੂੰ ਨਾਲ ਲੈਕੇ ਚੱਲੀਏ ਤਾਂ ਅਸੀਂ 85% ਬਣ ਜਾਵਾਂਗੇ ਅਰ ਇਹ ਬਾਹਰ ਤੋਂ ਆਏ ਬਿਪਰਵਾਦੀ 15% ਰਹਿ ਜਾਣਗੇ । ਇਹੀ ਸਾਰੇ ਗੁਰੂਆਂ ਦੀ ਤਾਂਘ ਸੀ। ਅਸੀਂ ਸਾਰੇ ਇਸ ਨੂੰ ਅੱਗੇ ਵਧਾਉਣ ਲਈ ਉਪਰਾਲਾ ਕਰਾਂਗੇ ।

ਐਂਕਰ- ਅਦਾਰਾ ਹੱਕ ਸੱਚ ਦੀ ਆਵਾਜ਼ ਵਾਇਸ ਆਫ ਖਾਲਸਾ ਤੁਹਾਡੇ ਨਾਲ ਐ ਇਸ ਕੰਮ ਲਈ । ਜਦੋਂ ਕਿਤੇ ਵੀ ਤੁਹਾਨੂੰ ਜਰੂਰਤ ਪਵੇ ਆਪਣੇ ਇਸ ਪਰੋਗਰਾਮ ਨੂੰ ਵਿਸ਼ਵ ਪੱਧਰ ਤੇ ਫੈਲਾਉਣ ਲਈ ਤੁਸੀਂ ਸਾਨੂੰ ਯਾਦ ਕਰਿਓ, ਅਸੀਂ ਤੁਹਾਡੇ ਨਾਲ ਖੜ੍ਹੇ ਹਾਂ । ਕਦਮ ਕਦਮ ਤੇ ਤੁਹਾਡਾ ਸਾਥ ਦਿਆਂਗੇ ਇਸ ਕੰਮ ਲਈ ।

ਅੱਛਾ ਹੁਣ ਤੁਸੀਂ ਸਿੰਘ ਸਜ ਗਏ ਹੋ, ਤੁਹਾਡੀ ਜਾਤਪਾਤ ਬਿਲਕੁੱਲ ਖਤਮ ਹੋ ਚੁੱਕੀ ਹੈ, ਤੁਸੀਂ ਸਰਦਾਰ ਬਣ ਚੁਕੇ ਹੋ, ਤੁਹਾਨੂੰ ਬਾਦਸ਼ਾਹੀ ਮਿਲ ਚੁੱਕੀ ਹੈ, ਤੁਹਾਡੇ ਸਿਰ ਤੇ ਤਾਜ ਆ ਗਿਆ ਹੈ। ਤੁਹਾਨੂੰ ਅੰਮ੍ਰਿਤ ਛਕਣ ਲਈ ਕਿਹੜੀਆਂ ਕਿਹੜੀਆਂ ਮੁਸੀਬਤਾਂ ਝੱਲਣੀਆਂ ਪਈਆਂ ਉਹ ਸਮੱਸਿਆਵਾਂ ਜਿਹੜੀਆਂ ਤੁਸੀਂ ਸਹਿਣ ਕੀਤੀਆਂ ਉਹਦੇ ਬਾਰੇ ਸਾਡੇ ਸਰੋਤੇ ਜਿਹੜੇ ਤੁਹਾਨੂੰ ਸੁਣ ਰਹੇ ਹਨ, ਪੂਰੇ ਵਿਸ਼ਵ ਭਰ ਤੋਂ ਸਾਡੇ ਦੋਸਤ ਐ ਉਹਨਾਂ ਨੂੰ ਜਾਣਕਾਰੀ ਦਿਓ।

ਲਾਖਾ ਜੀ- ਰੇਡੀਓ ਵਾਇਸ ਆਫ ਖਾਲਸਾ ਜੀ ਮੈਂ ਬਹੁਤ ਧਨਵਾਦ ਕਰਦਾ ਹਾਂ ਜਿਸ ਵੇਲੇ ਬਾਬਾ ਦੀਪ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਤੋਂ 10।30 ਵਜੇ ਚਲੇ। 9 ਘੋੜੇ, ਗਗਨ ਦਮਾਮਾ ਵਜਾਉਂਦੇ, ਹੱਥਾਂ ਚ ਤਲਵਾਰਾਂ ਲੈਕੇ ਚੱਲੇ




ਕੋਈ ਰੁਕਾਵਟ ਨਹੀਂ ਆਈ। ਬਾਬਾ ਦੀਪ ਸਿੰਘ ਜੀ ਦੇ ਗੁਰ- ਦੁਆਰਾ ਸਾਹਿਬ ਤੋਂ ਅਰਦਾਸ ਕਰਕੇ ਸੰਗਤਾਂ ਚਲੀਆਂ । ਸਾਡੇ ਨਾਲ 4000-5000 ਸੰਗਤਾਂ ਸਨ ਕੋਈ ਰੁਕਾਵਟ ਨਹੀਂ ਆਈ। ਬੜੇ ਮਾਨ ਸਨਮਾਨ ਨਾਲ ਦਰਬਾਰ ਸਾਹਿਬ ਮੱਥਾ ਟੇਕਿਆ। ਅਕਾਲ ਤਖਤ ਸਾਹਿਬ ਜਾਕੇ ਆਦਰ ਸਤਿਕਾਰ ਸਹਿਤ ਅੰਮ੍ਰਿਤ ਪਾਨ ਕੀਤਾ। ਉਥੇ ਜਿਹੜੀਆਂ ਸਿਖਿਆਵਾਂ ਦਿੱਤੀਆਂ ਗਈਆਂ ਕਿ ਅੱਜ ਤੋਂ ਤੁਸੀਂ ਭਾਈ ਬਣ ਗਏ ਹੋ ਹੁਣ ਤੁਹਾਡੀ ਕੋਈ ਜਾਤ ਪਾਤ ਨਹੀਂ । ਇਹ ਗੱਲ ਸਾਰੀ ਦੁਨੀਆਂ 'ਚ ਵੇਖਣ ਨੂੰ ਮਿਲੀ ਐ।

ਇੰਗਲੈਂਡ ਅਮਰੀਕਾ ਕੈਨੇਡਾ ਅੱਜ ਇਹ ਦੇਸ਼ ਕਿਉਂ ਸੁਖੀ ਐ ਕਿਉਂਕਿ ਉਥੇ ਜਾਤਪਾਤ ਨਹੀਂ ਹੈ। ਇਕ ਇਨਸਾਨ ਦੀ ਤਰ੍ਹਾਂ ਇਨਸਾਨ ਹੈ। ਭਾਰਤ ਹੀ ਇਕ ਐਸਾ ਨਿਭਾਗਾ ਦੇਸ਼ ਹੈ ਜਿੱਥੇ ਇਨਸਾਨ 6000 ਟੁਕੜਿਆਂ 'ਚ ਵੰਡੇ ਹੋਏ ਹਨ ਗਰੇਡਿੰਗ ਅਨਗਰੇਡਿੰਗ, ਛੂਤ ਅਛੂਤ ਕਹਿਕੇ। ਅੱਜ 15% ਬਾਹਰੋਂ ਆਏ ਆਰੀਆ ਲੋਕਾਂ ਨੇ 87% ਰੁਪਈਆ ਆਪਣੇ ਹੱਥਾਂ 'ਚ ਲੈ ਰੱਖਿਆ ਹੈ। ਥੱਲੇ ਦੇ 15% ਲੋਕਾਂ ਕੋਲ 1.5% ਤੇ ਗੱਭੇ ਜੋ ਮਜ਼ਦੂਰ ਕਿਸਾਨ ਹੈ ਬੈਕਵਰਡ ਹੈ ਉਹਨਾਂ ਕੋਲ 11.5% ਹੈ।

ਉਹ ਮਨੂੰ ਸਿਮਰਤੀ ਨੂੰ ਮੰਨਕੇ, ਮਨੂਵਾਦ ਸਾਰਾ ਪੈਸਾ ਲੁੱਟ ਕੇ ਜਾਤਪਾਤ ਬਣਾਕੇ ਛੂਤਛਾਤ ਬਣਾਕੇ ਉੱਠਣ ਨਹੀ ਦਿੰਦੇ। ਇਹ ਭੈੜਾ ਦੁੱਖਾਂਤ ਹੈ ਭਾਰਤ ਦੇਸ਼ ਵਿਚ। ਜਦ ਖਾਲਸਾ ਸਮਾਜ ਬਣ ਜਾਊਗਾ, ਜਾਤ ਪਾਤ ਤੋਂ ਰਹਿਤ ਸਮਾਜ ਬਣ ਜਾਊਗਾ ਇਹ ਦੇਸ਼ ਦੁਨੀਆਂ ਨਾਲੋਂ ਅਮੀਰ ਦੇਸ਼ ਸੋਨੇ ਦੀ ਚਿੜੀਆ ਬਣ ਸਕਦਾ ਹੈ। ਇਸ ਲਈ ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਪਰੋਗਰਾਮ ਲੈ ਕੇ ਅੱਗੇ ਵਧਾਂਗੇ।

ਐਂਕਰ- ਤੁਹਾਡੇ ਅੰਮ੍ਰਿਤ ਛਕਣ ਦੀ ਸਿੰਘ ਸਜਣ ਦੀ ਜੋ ਘਟਨਾ ਹੈ ਆਪਣੇ ਆਪ ਵਿਚ ਇਕ ਵੱਡੀ ਘਟਨਾ ਹੈ ਅਸੀਂ ਇਹੋ ਸੋਚਦੇ ਹਾਂ ਕਿ ਬਾਬਾ ਸਾਹਿਬ ਵਲੋਂ ਜੋ ਉਪਰਾਲਾ ਕੀਤਾ ਗਿਆ ਸੀ ਤੁਸੀਂ ਉਸਨੂੰ ਇਕ ਕਦਮ ਹੋਰ ਅਗੇ ਵਧਾਇਆ ਹੈ। ਉਹਨਾਂ ਦੇ ਏਜੰਡੇ ਨੂੰ ਲੈਕੇ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਜ ਗਏ ਹੋ । ਬਾਦਸ਼ਾਹ ਬਣ ਗਏ ਹੋ, ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਬਾਦਸ਼ਾਹੀਆਂ ਬਖਸ਼ੀਆਂ ਹਨ, ਇਸ ਖਬਰ ਨੂੰ ਮੀਡੀਆ ਵਿਚ ਨਹੀਂ ਉਛਾਲਿਆ ਗਿਆ ਤਾਂ ਕਿ ਇਸ ਦਾ ਅਸਰ ਬਾਕੀ ਦਲਿਤ ਲੋਕਾਂ ਤੇ ਨਾ ਪਵੇ ਇਸ ਲਈ ਇਸ ਖਬਰ ਨੂੰ ਰੋਕ ਲਿਆ ਗਿਆ । ਅਸੀਂ ਇਸ ਖਬਰ ਨੂੰ ਵਿਸ਼ਵ ਭਰ ਵਿੱਚ ਜਿੱਥੇ ਸਾਡੇ ਦੋਸਤ ਸਰੋਤੇ ਨੇ ਜਿਹਨਾਂ ਵਿਚ ਕਾਫੀ ਦਲਿਤ ਪਰਵਾਰਾਂ ਦੇ ਲੋਕ ਵੀ ਹਨ ਉਹ ਨਿਰਸੰਦੇਹ ਜਾਗਣਗੇ। ਹੌਲੀ ਹੌਲੀ ਪਤਾ ਲੱਗੇਗਾ ਤਾਂ ਇਕ ਦਿਨ ਜਿਹੜਾ ਗਲਬਾ ਪੰਜਾਬ ਵਿਚ ਸਿੱਖੀ 'ਤੇ ਹੈ ਉਸ ਗਲਬੇ ਨੂੰ ਖਤਮ ਕਰਨ ਦੀ ਲੋੜ ਹੈ। ਤਾਂ ਹੀ ਸਮੂਹ 'ਖਾਲਸਾ ਮੇਰੋ ਰੂਪ ਹੈ ਖਾਸ' ਜੋ ਨਿਆਰਾ ਖਾਲਸਾ ਹੈ ਉਸਦੀ ਬਾਦਸ਼ਾਹਤ ਕਾਇਮ ਹੋ ਸਕਦੀ ਹੈ ਤਦ ਹੀ ਉਹ ਰਾਜ ਕਰ ਸਕਦਾ ਹੈ। ਤੁਸੀਂ ਸਮੇਂ ਸਮੇਂ ਸਿਰ ਇਸ ਬਾਰੇ ਦੱਸ ਹੀ ਦਿੱਤਾ ਹੈ। ਇਸ ਤੋਂ ਪਹਿਲਾਂ ਤੁਹਾਡੇ ਮਨ ਵਿਚ ਕਿਵੇਂ ਆਇਆ ਤੇ ਤੁਸੀਂ ਐਡੀ ਵਡੀ ਘਟਨਾ ਨੂੰ ਅੰਜਾਮ ਦਿੱਤਾ ਹੈ । ਤੁਸੀਂ ਸਿੰਘ ਸਜਣ ਦਾ ਫੈਸਲਾ ਲਿਆ ਹੈ ਇਸ ਦੀ ਪ੍ਰੇਰਨਾ ਕਿਥੋਂ ਮਿਲੀ?

ਲਾਖਾ ਜੀ- ਜਦੋਂ ਕਾਂਸ਼ੀ ਰਾਮ ਜੀ ਮੈਨੂੰ ਮਿਲੇ ਮੈਂ



ਉਸ ਸਮੇਂ ਹਵਾਈ ਜਹਾਜ਼ਾਂ ਵਿਚ ਇੰਜਨੀਅਰ ਸੀ ਯੂ ਪੀ ਐਸ ਸੀ ਦੇ ਥਰੂ। ਉਸ ਵੇਲੇ ਕਾਂਸ਼ੀ ਰਾਮ ਜੀ ਮਿਲੇ ਲੋਧੀ ਕਲੋਨੀ ਚ ਸਫਦਰ ਏਅਰ ਪੋਰਟ ਚ ਸੀ ਮੈਂ । ਉਸ ਵੇਲੇ ਫੈਸਲਾ ਹੋਇਆ ਕਿ ਅਸੀਂ ਮਾਨ ਸਨਮਾਨ ਦੀ ਲੜਾਈ ਲੜਨੀ ਹੈ। ਜਿਹੜੀ ਮਾਨ ਸਨਮਾਨ ਦੀ ਲੜਾਈ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ। ਅਸੀਂ ਦੋਨਾਂ ਨੇ ਬੈਠ ਕੇ ਫੈਸਲਾ ਕੀਤਾ। ਮੇਰਾ ਛੋਟਾ ਭਾਈ ਐਸ ਆਰ ਲਾਖਾ ਜੋ ਆਈ ਏ ਐਸ ਰਿਟਾਇਰਡ ਹੋਇਆ ਹੈ ਤੇ ਇਕ ਆਈ ਆਰ ਐਸ ਮੁੰਡਾ ਸ਼ਿਵ ਜੋ ਮੇਰੇ ਪਿੰਡ ਦਾ ਈ ਸੀ ਜੋ ਕਾਂਸ਼ੀ ਰਾਮ ਜੀ ਨੂੰ ਸਕੂਟਰ ਤੇ ਲੈਕੇ ਆਇਆ ਸੀ ਉਸ ਵੇਲੇ ਉਹ ਕੋਲ ਈ ਸਨ।

ਉਹਨਾਂ ਨੇ ਦੱਸਿਆ ਕਿ ਮੈਂ 13 ਸਾਲ ਫੇਲ ਹੋ ਕੇ ਆਇਆ ਹਾਂ। ਗੁਰੂ ਗ੍ਰੰਥ ਸਾਹਿਬ ਦੀ ਗੱਲ ਨੂੰ ਅਸੀਂ ਡਿਸਕਸ ਕੀਤਾ। ਕਿਉਂਕਿ ਮੈਂ ਬੀ ਏ ਸਿੱਖ ਹਿਸਟਰੀ ਨਾਲ ਕੀਤੀ ਸੀ। ਅਸੀਂ ਗੁਰੂ ਗਰੰਥ ਸਾਹਿਬ ਦੀ ਗੱਲ ਲੈਕੇ ਚੱਲੇ ਅਰ ਇਹਦੇ ਨਾਲ ਬੜੀ ਕਾਮਯਾਬੀ ਹੋਈ। ਅਸੀਂ ਗੁਰੂਆਂ ਦੀ ਗੱਲ, ਮੂਵਮੈਂਟ ਦੀ ਗੱਲ ਸਟੇਜ ਤੋਂ ਰੱਖੀ ਤਾਂ ਲੋਕ ਅਣਖ ਅਰ ਇਜ਼ਤ ਦੀ ਲੜਾਈ ਲੜਨ ਲਈ ਤਿਆਰ ਹੋਏ। ਗੁਲਾਮਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਆਧਾਰ ਤੇ ਆਜ਼ਾਦੀ ਦੀ ਲੜਾਈ ਦੱਸੀ ਤਾਂ ਸਾਰੀਆਂ ਪਾਰਟੀਆਂ ਹੈਰਾਨ ਹੋਈਆਂ ਤੇ ਕਹਿਣ ਲੱਗੇ ਜੋ ਤੁਸੀਂ ਕਰਨ ਲੱਗੇ ਹੋ ਇਕ ਬਹੁਤ ਈ ਅਚੰਭਾ ਹੈ।

1989 'ਚ ਜਦੋਂ ਮੈਂ ਪਹਿਲੀ ਵਾਰ ਮੈਂਬਰ ਪਾਰਲੀਮੈਂਟ ਬਣਿਆਂ, ਸਾਰੀਆਂ ਪਾਰਟੀਆਂ ਨੂੰ ਹਰਾਇਆ ਅਗੇ ਵਧੇ। ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ, ਗੁਰੂਆਂ ਦੀ ਗੱਲ, ਭਿੰਡਰਾਂਵਾਲੇ ਦੀ ਗੱਲ ਮੈਂ ਪਾਰਲੀਮੈਂਟ ਚ ਰੱਖੀ ਕਿ ਦਰਬਾਰ ਸਾਹਿਬ ਨੂੰ ਸਰਕਾਰ ਨੇ ਕਿਸ ਤਰ੍ਹਾਂ ਢਾਹਿਆ, ਤੋਪਾਂ ਨਾਲ ਉਡਾਇਆ ਸਾਰਾ ਪਰੋਗਰਾਮ ਪਾਰਲੀਮੈਂਟ 'ਚ ਰੱਖਿਆ। ਪੰਜਾਬ ਦੇ ਬਾਰੇ ਦੱਸਿਆ ਕਿ ਜਿਸ ਦਰਬਾਰ ਸਾਹਿਬ ਦਾ ਨੀਂਹ ਪੱਥਰ 1588 ਵਿਚ ਸਾਈਂ ਮੀਆਂ ਨੇ ਰੱਖਿਆ ਉਹਨੂੰ ਇਸ ਦੇਸ਼ ਦੀ ਸਰਕਾਰ ਨੇ ਬੰਬਾਂ ਨਾਲ ਉਡਾਇਆ। 1927 'ਚ ਜੈਤੋ ਦੇ ਮੋਰਚੇ 'ਚ ਪੰਡਤ ਜਵਾਹਰ ਲਾਲ ਨਹਿਰੂ ਤੇ ਗਾਂਧੀ ਨੇ ਕਿਹਾ ਸੀ ਕਿ ਸਿੱਖਾਂ ਵਰਗੀ ਬਹਾਦਰ ਕੌਮ ਸਾਡੇ ਨਾਲ ਹੈ ਅਸੀਂ ਇਸ ਦੇਸ਼ ਨੂੰ ਆਜ਼ਾਦ ਕਰਵਾ ਲਵਾਂਗੇ । ਫਿਰ ਜਿੰਨ੍ਹਾਂ ਸਿੱਖਾਂ ਨੇ ਦੇਸ਼ ਲਈ 92% ਕੁਰਬਾਨੀਆਂ ਦਿੱਤੀਆਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਤੁਸੀਂ ਉਹਨਾਂ ਨੂੰ ਜ਼ਰਾਇਮ ਪੇਸ਼ੇ ਦਾ ਖਿਤਾਬ ਦੇਕੇ ਗਲਾਂ ਚ ਟਾਇਰ ਪਾਕੇ ਦਿੱਲੀ ਦੀਆਂ ਸੜਕਾਂ ਤੇ ਕੋਹ ਕੋਹ ਕੇ ਮਾਰਿਆ ਤੁਸੀਂ ਅਕ੍ਰਿਤਘਣ ਹੋ। ਸੰਤ ਜਰਨੈਲ ਸਿੰਘ ਜਿਹੜੇ ਕੱਚੇ ਮਕਾਨ 'ਚ ਪੈਦਾ ਹੋਏ ਸਨ ਉਹ ਜਾਤ ਪਾਤ ਨੂੰ ਖਤਮ ਕਰਨ ਲਈ ਹਰਿਆਣੇ ਗਏ। ਉਹਨਾਂ ਨੂੰ ਫੜ ਲਿਆ ਗਿਆ ਤੇ ਫਿਰ ਛੱਡ ਦਿੱਤਾ। ਉਹਨਾਂ ਨੇ ਕਿਹਾ ਕਿ ਜੇ ਮੈਂ ਬੇਕਸੂਰ ਸੀ ਤਾਂ ਮੈਨੂੰ ਫੜਿਆ ਕਿਉਂ ਤੇ ਜੇ ਮੈਂ ਕਸੂਰਵਾਰ ਸੀ ਤਾਂ ਫਿਰ ਮੈਨੂੰ ਛਡਿਆ ਕਿਉਂ? ਇਥੋਂ ਅਣਖ ਅਰ ਇਜ਼ਤ ਦੀ ਲੜਾਈ ਸ਼ੁਰੂ ਹੋ ਗਈ ।

ਤੂਫਾਨ ਸਿੰਘ ਤੂਫਾਨ ਜਿਸ ਨੂੰ ਤੁਸੀਂ ਅਤਿਵਾਦੀ ਕਹਿੰਦੇ ਹੋ ਉਹਨਾਂ ਦੇ ਭੋਗ ਤੇ ਚਾਰ ਲੱਖ ਲੋਕ ਸਨ। ਫੁੱਲ ਪਾਉਣ ਸਮੇਂ ਫਗਵਾੜੇ ਤੋਂ ਕੀਰਤਪੁਰ ਸਾਹਿਬ ਤਕ ਗੱਡੀਆਂ ਈ ਗੱਡੀਆਂ। ਜਿਹਨਾਂ ਦਾ ਦਰਬਾਰ ਸਾਹਿਬ ਢਾਹਿਆ ਉਹ ਅਤਿਵਾਦੀ ਤੇ ਜਿਹਨਾਂ ਨੇ ਢਾਹਿਆ ਉਹ ਸਤਵਾਦੀ। ਜਿਹਨਾਂ ਦੀ ਬਾਬਰੀ ਮਸਜਿਦ ਢਾਹੀ ਉਹ ਅਤਿਵਾਦੀ ਤੇ ਜਿਹਨਾਂ ਨੇ ਢਾਹੀ ਉਹ ਸਤਵਾਦੀ। ਇਹ ਇਸ ਦੇਸ਼ ਵਿਚ ਬਹੁਤ ਵੱਡਾ ਜ਼ੁਲਮ ਹੈ। ਪੰਜਾਬ ਜਿੱਥੋਂ ਮੈ ਇਲੈਕਸ਼ਨ ਲੜ ਕੇ ਆਇਆਂ ਹਾਂ ਉਥੇ ਕੁੱਤਾ ਵੀ ਨਹੀਂ ਮਰਿਆ ਉਥੇ ਪਰੈਜੀਡੈਂਟ ਰੇਲ ਲਾਇਆ ਹੈ ਜਿਥੇ ਚੋਣਾਂ ਚ ਗੋਲੀ ਨਾਲ ਲੋਕ ਮਰੇ ਬਿਹਾਰ ਚ ਛੇ ਤੇ ਯੂ ਪੀ ਚ ਚਾਰ ਉਥੇ ਡੈਮੋਕਰੇਟਿਕ ਸਿਸਟਮ।

ਪੰਜਾਬ ਨਾਲ ਪੰਜਾਬ ਦੀ ਜੁਆਨੀ ਨੂੰ ਖਤਮ ਕੀਤਾ ਜਾ ਰਿਹਾ ਹੈ। ਜਿਥੇ ਜਾਤ ਰਹਿਤ ਸਮਾਜ ਬਣਾਉਣ ਲਈ ਪਰਚਾਰ ਹੁੰਦਾ ਸੀ ਉਸ ਦਰਬਾਰ ਸਾਹਿਬ ਨੂੰ ਤੁਸੀਂ ਬੰਬਾਂ ਨਾਲ ਉਡਾਇਆ।

ਕਾਂਗਰਸ ਦੀ ਸਰਕਾਰੇ ਸਾਡੇ ਸਮਾਜ ਚੋਂ ਗੁਰੂ ਗੋਬਿੰਦ ਸਿੰਘ ਜੀ ਨੇ 42 ਸਾਲ ਦੀ ਉਮਰ ਚ ਤਿੰਨ ਜਨਰਲ ਤਿਆਰ ਕੀਤੇ ਬਾਬਾ ਜੀਵਨ ਸਿੰਘ ਜੀ, ਸੰਗਤ ਸਿੰਘ, ਬਚਿੱਤਰ ਸਿੰਘ ਤੁਸੀ 42 ਸਾਲਾਂ 'ਚ ਇਕ ਵੀ ਜਰਨਲ ਪੈਦਾ ਨਹੀ ਕਰ ਸਕੇ। ਇਹ ਸਾਰੇ ਦਾ ਸਾਰਾ ਰਿਕਾਰਡ ਪਾਰਲੀਮੈਂਟ 'ਚ ਅੰਕਿਤ ਹੈ। ਮੈਂ ਉਹਨਾਂ ਨੂੰ ਚੈਲੰਜ ਕੀਤਾ ਕਿ ਐ ਸਵਰਨੋਂ! ਇਨ੍ਹਾਂ ਅਛੂਤਾਂ ਨਾਲ ਅੱਛੀ ਤਰ੍ਹਾਂ ਵਰਤੋ ਉਹ ਇਕ ਨਾ ਇਕ ਦਿਨ ਜਾਗਣਗੇ ਤੇ ਜਾਗਣਗੇ ਵੀ ਜਰੂਰ ਤੇ ਤੁਹਾਨੂੰ ਫੂਕ ਮਾਰਕੇ ਉਡਾ ਦੇਣਗੇ।

ਅਸੀਂ ਕੋਸ਼ਿਸ਼ ਕਰਾਂਗੇ ਗੁਰੂ ਗ੍ਰੰਥ ਸਾਹਿਬ ਵਰਸਜ ਮਨੂੰ ਸਿਮਰਤੀ ਲੜਾਈ ਹੋਵੇ ਤੇ ਜਿਤ ਗੁਰੂ ਗ੍ਰੰਥ ਸਾਹਿਬ ਦੀ ਹੋਵੇਗੀ । ਇਹ 15% ਬਦੇਸ਼ੀ ਆਰੀਆ ਲੋਕ ਜੋ ਦੇਸ਼ ਲੁੱਟ ਕੇ ਖਾ ਰਹੇ ਹਨ ਉਹਨਾਂ ਦੇ ਵਿਰੁੱਧ ਜੰਗਿ ਮੈਦਾਨ 'ਚ ਤਲਵਾਰ ਲੈਕੇ ਨਿਤਰਾਂਗੇ।

ਹੁਣ ਅੰਮ੍ਰਿਤ ਛਕ ਕੇ ਅਸੀਂ ਲੋਕਾਂ ਨੂੰ ਦਸਾਂਗੇ ਕਿ ਮਨੂ ਸਿਮਰਤੀ ਅਨੁਸਾਰ ਇਸ ਦੇਸ਼ ਦਾ ਸ਼ੂਦਰ ਨਾ ਘੋੜੇ ਤੇ ਚੜ੍ਹ ਸਕਦਾ ਹੈ, ਨਾ ਤਲਵਾਰ ਉਠਾ ਸਕਦਾ ਹੈ, ਨਾ ਪੜ੍ਹ ਸਕਦਾ ਹੈ। ਬਾਬਾ ਸਾਹਿਬ ਸਾਨੂੰ ਇਹ ਤਾਕਤਾਂ ਦੇਕੇ ਚਲੇ ਗਏ।

ਗੁਰੂ ਗਰੰਥ ਸਾਹਿਬ ਜੀ ਦੇ ਲੜ ਲਗ ਕੇ ਇਸ ਮਿਸ਼ਨ ਨੂੰ ਅਗੇ ਚਲਾਉਣ ਲਈ ਅਸੀ ਦਿਨ ਰਾਤ ਇਕ ਕਰਾਂਗੇ। ਤੁਹਾਡੀ ਮਿਹਰਬਾਨੀ । ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹਿ ।।

ਐਂਕਰ- ਹਰਭਜਨ ਸਿੰਘ ਜੀ ਅਸੀਂ ਤੁਹਾਡੇ ਨਾਲ ਆਂ ਅਸੀਂ ਤੁਹਾਨੂੰ ਸਨਮਾਨਿਤ ਕਰਾਂਗੇ । ਹਕ ਸਚ ਦੀ ਆਵਾਜ਼ ਵਾਇਸ ਆਫ ਖਾਲਸਾ ਵਲੋਂ ਹੋਰ ਬਹੁਤ ਸਾਰੇ ਜਿਹੜੇ ਤੁਹਾਡੇ ਨਾਲ ਸਿੰਘ ਸਜਣ ਲਈ ਤਿਆਰ ਹਨ ਉਹਨਾਂ ਨੂੰ ਵੀ ਸਨਮਾਨਿਤ ਕਰਾਂਗੇ। ਬਹੁਤ ਅੱਛੀ ਗਲ ਐ। ਹੁਣ ਤੁਸੀਂ ਇਹ ਦਸੋ ਕਿ ਤੁਹਾਡਾ ਅਗਲਾ ਪਰੋਗਰਾਮ ਕੀ ਹੋਵੇਗਾ? ਐਸੇ ਤਰ੍ਹਾਂ ਸਿੰਘ ਸਜ ਕੇ ਪੂਰੇ ਭਾਰਤ ਵਿਚ ਚਕਰ ਲਗਾ ਕੇ, ਮਾਰਚ ਕਰਕੇ ਜਿਹੜੇ ਦਲਿਤ ਹਨ ਉਹਨਾਂ ਨੂੰ ਸਿੰਘ ਸਜਣ ਲਈ ਪ੍ਰੇਰਤ ਕਰੋਗੇ ?

ਤੁਸੀਂ ਅਗਲਾ ਪਰੋਗਰਾਮ ਕਿਵੇਂ ਸੋਚ ਰਹੇ ਹੋ ਜੀਹਦੇ ਨਾਲ ਅਸੀਂ ਵੀ ਤੁਹਾਡਾ ਸਾਥ ਦੇ ਸਕਾਂਗੇ?

ਲਾਖਾ ਜੀ- ਅਸੀਂ ਪੁਲੀਟੀਕਲ ਪਾਰਟੀ ਬਣਾ ਕੇ

**(ਬਾਕੀ ਅਗਲੇ ਸਫੇ 'ਤੇ)**

# ਆਦਿ ਧਰਮ ਮੰਡਲ ਦਾ ਰਤਨ ਸੀ ਮਾਸਟਰ ਲਾਲ ਚੰਦ 'ਰਤਨ' ਕਾਦਰਵਾਲਾ

**ਉੱਘੇ ਲੇਖਕ ਤੇ ਧੜੱਲੇਦਾਰ ਮਿਸ਼ਨਰੀ ਸ੍ਰੀ ਸੀ. ਐਲ. ਚੁੰਬਰ ਸੰਪਾਦਕ ਕੌਮੀ ਉਡਾਰੀਆਂ ਰਾਹੀਂ 1988-89 ਮੈਨੂੰ ਮਾਨਯੋਗ ਲਾਲ ਚੰਦ ਕਾਦਰ ਵਾਲਾ ਬਾਰੇ ਜਾਣਕਾਰੀ ਮਿਲੀ ਤਾਂ ਮੈਨੂੰ ਬੜੀ ਹੈਰਾਨੀ ਭਰੀ ਖੁਸ਼ੀ ਹੋਈ। ਉਹਨਾਂ ਵਲੋਂ ਆਦਿ ਧਰਮ ਮੰਡਲ ਲਹਿਰ ਵਿਚ ਪਾਏ ਯੋਗਦਾਨ ਸੰਬੰਧੀ ਕੁਝ ਲਿਖਤਾਂ ਵਿਚ ਜਿਕਰ ਦੇਖ ਕੇ ਮੇਰੇ ਮਨ ਵਿਚ ਇਸ ਸਖਸ਼ੀਅਤ ਬਾਰੇ ਹੋਰ ਖੋਜ ਬੀਨ ਕਰਨ ਦੀ ਇੱਛਾ ਪੈਦਾ ਹੋਈ। ਤਾਂ ਸੰਨ 2000 ਚ ਪਤਾ ਚਲਿਆ ਕਿ ਉਹਨਾ ਦੇ ਇਕ ਪੁੱਤਰ ਐਡਵੋਕੇਟ ਮਨਜੀਤ ਸਿੰਘ ਧਾਲੀਵਾਲ ਐਫ ਸੀ ਆਈ ਬਾਘਾਪੁਰਾਣਾ ਵਿਚ ਸਰਵਿਸ ਕਰਦੇ ਹਨ। ਉਹਨਾਂ ਨਾਲ ਮਿਲਕੇ ਪਰਵਾਰ ਬਾਰੇ ਪਤਾ ਕੀਤਾ ਲੱਗਿਆ ਕਿ ਉਹ ਖੁਦ ਵੀ ਇਕ ਚਰਚਿਤ ਸਮਾਜ ਸੇਵਾ ਨੂੰ ਸਮਰਪਿਤ ਮਨੁੱਖ ਹਨ। ਅਪਰੈਲ 2004 ਵਿਚ ਉਹਨਾਂ ਨਾਲ ਮਿਲਕੇ ਮਾਸਟਰ ਲਾਲ ਚੰਦ ਜੀ ਦੀ ਬਰਸੀ ਨੂੰ ਸਮਰਪਿਤ ਦਿਹਾੜਾ ਮਨਾਇਆ ਗਿਆ ਜਿਸ ਵਿਚ ਮਾਨਯੋਗ ਚੁੰਬਰ ਸਾਹਿਬ ਸੰਪਾਦਕ 'ਕੌਮੀ ਉਡਾਰੀਆ' ਉਚੇਚੇ ਤੌਰ ਤੇ ਪੁੱਜੇ ਸਨ । ਪਿੰਡ ਦੇ ਲੋਕ ਅਤੇ ਪਰਿਵਾਰਕ ਮੈਂਬਰ ਵੀ ਇਸ ਅਜ਼ੀਮ ਹਸਤੀ ਬਾਰੇ ਪਹਿਲੀ ਵਾਰ ਵਡਮੁੱਲੀ ਜਾਣਕਾਰੀ ਹਾਸਲ ਕਰਕੇ ਅਚੰਭਤ ਹੋ ਰਹੇ ਸਨ।**

**– ਲਾਲ ਸਿੰਘ ਸੁਲਹਾਣੀ**

ਬ੍ਰਿਟਿਸ਼ ਸਰਕਾਰ ਨੇ ਪਹਿਲੀ ਵਾਰ ਇੰਡੀਅਨ ਐਕਟ 1919 ਪਾਸ ਕਰਕੇ ਭਾਰਤ ਦੇ ਦੱਬੇ ਕੁਚਲੇ ਲੋਕਾਂ ਨੂੰ ਸੰਵਿਧਾਨਕ ਮਾਨਤਾ ਪਰਦਾਨ ਕੀਤੀ। ਜਿਸ ਨਾਲ ਪੂਰੇ ਦੇਸ਼ ਵਿੱਚ ਚਾਰੇ ਪਾਸੇ ਦਲਿਤਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੀ ਹੋੜ ਲੱਗ ਗਈ। ਉਸ ਤੋਂ ਬਾਅਦ ਖੁੰਬਾਂ ਵਾਂਗੂੰ ਵੱਖ ਵੱਖ ਧਰਮਾਂ ਤੇ ਫਿਰਕਿਆਂ ਵੱਲੋਂ ਸੰਗਠਨ ਬਣਾਏ ਗਏ। 1920 ਵਿਚ ਸ਼ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ । 1925 ਵਿਚ ਕੱਟੜ ਪੰਥੀ ਹਿੰਦੂਤਵੀਆਂ ਵਲੋਂ ਆਰ ਐੱਸ ਐੱਸ ਦੀ ਸਥਾਪਨਾ ਕੀਤੀ ਗਈ । 1925 ਵਿਚ ਭਾਰਤੀ ਕਮਿਊਨਿਸਟ ਪਾਰਟੀ ਖੜ੍ਹੀ ਕੀਤੀ ਗਈ । ਇਸ ਸਮੇਂ ਤਕ ਅਛੂਤਾਂ ਪਛੜਿਆ ਵਿਚ ਵੀ ਜਾਗਰਤੀ ਪੈਦਾ ਹੋ ਰਹੀ ਸੀ । ਅਮਰੀਕਾ ਤੋਂ ਪਰਤ ਕੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ 1925 ਵਿਚ ਹੀ ਅਛੂਤਾਂ ਦੇ ਹੱਕਾਂ ਹਿਤਾਂ ਦੀ ਰਾਖੀ ਲਈ "ਆਦਿ ਧਰਮ ਮੰਡਲ" ਦੀ ਨੀਂਹ ਰੱਖੀ । ਆਦਿ ਧਰਮ ਦੇ ਆਗੂਆਂ ਦੇ ਵਿੱਢੇ ਸੰਘਰਸ਼ ਦੇ ਸਿੱਟੇ ਵਜੋਂ ਨਾ ਸਿਰਫ ਪੰਜਾਬ ਅੰਦਰ ਰਾਜਨੀਤਕ ਉਥਲ ਪੁਥਲ ਦੇਖੀ ਗਈ ਬਲਕਿ ਇਸ ਲਹਿਰ ਨੇ ਸਮਾਜਕ ਤਾਣੇ ਬਾਣੇ ਦੇ ਨਾਲ ਅਖੌਤੀ ਧਾਰਮਿਕ ਅਕੀਦਿਆਂ ਵਿਚ ਵੀ ਝੁਣਝੁਣੀ ਛੇੜ ਕੇ ਰੱਖ ਦਿੱਤੀ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਕੌਮੀ ਆਗੂ ਵਜੋਂ ਉਭਾਰਨ ਵਿਚ ਆਦਿ ਧਰਮ ਲਹਿਰ ਵਲੋਂ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ । 1931 ਦੀ ਮਰਦਮਸ਼ੁਮਾਰੀ ਵਿਚ ਪਹਿਲੀ ਵੇਰ ਆਦਿ ਧਰਮੀਆਂ ਨੂੰ ਵੱਖਰੇ ਧਰਮ ਦੇ ਤੌਰ ਤੇ ਦਰਜ ਕੀਤਾ ਗਿਆ। ਸਾਈਮਨ ਕਮਿਸ਼ਨ ਜਿਹੜਾ 1928 ਵਿਚ ਇਸ ਦੇਸ਼ ਦੇ ਅਛੂਤਾਂ ਦੀ ਬਦ ਤੋਂ ਬਦਤਰ ਹਾਲਤ ਦਾ ਜਾਇਜ਼ਾ ਲੈਣ ਲਈ ਸਥਾਪਤ ਕੀਤਾ ਗਿਆ ਸੀ ਜਿਸ ਦਾ ਅਖੌਤੀ ਉੱਚ ਜਾਤੀਆਂ ਦੇ ਹਿੰਦੂਆਂ, ਆਰੀਆ ਸਮਾਜੀਆਂ ਤੇ ਕਾਂਗਰਸ ਪਾਰਟੀ ਵੱਲੋਂ ਵਿਰੋਧ ਕੀਤਾ ਗਿਆ ਸੀ ਤੇ ਸਾਈਮਨ ਕਮਿਸ਼ਨ ਗੋ ਬੈਕ ਦੀ ਗੁਹਾਰ ਲਗਾਈ ਗਈ ਸੀ। ਪਰ ਅਛੂਤਾਂ ਵੱਲੋ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਸ ਕਮਿਸ਼ਨ ਨੂੰ ਜੀਓ ਆਇਆਂ ਆਖਿਆ ਤੇ ਆਪਣੀਆਂ ਸ਼ਿਕਾਇਤਾਂ ਤੇ ਬਦਹਾਲੀਆਂ ਤੇ ਹੋ ਰਹੀਆਂ ਅਣ ਮਨੁੱਖੀ ਬਦਸਲੂਕੀਆਂ ਬਾਰੇ ਖੁਲ੍ਹ ਕੇ ਆਪਣਾ ਪੱਖ ਰੱਖਿਆ। ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਅਗਵਾਈ 'ਚ ਦਸ ਹਜਾਰ ਤੋਂ ਵਧ ਆਦਿ ਧਰਮੀਆਂ ਵੱਲੋਂ ਲਹੌਰ ਵਿਖੇ ਲਾਲ ਪੱਗਾਂ ਬੰਨ੍ਹ ਕੇ ਸਾਈਮਨ ਕਮਿਸ਼ਨ ਦਾ ਭਰਵਾਂ ਸੁਆਗਤ ਕੀਤਾ ਗਿਆ। ਜਦੋਂ ਕਿ ਪੰਜਾਬ ਕਾਂਗਰਸ ਦਾ ਮੁੱਖੀ ਆਰੀਆਂ ਸਮਾਜੀ ਲਾਲਾ ਲਾਜਪਤ ਰਾਏ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਲੱਗਾ ਸੀ। ਜਿਹੜਾ ਚੀਚੀ ਨੂੰ ਲਹੂ ਲਾਕੇ ਬਾਅਦ ਵਿਚ ਅਖੌਤੀ ਸ਼ਹੀਦ ਗਰਦਾਨਿਆਂ ਗਿਆ।

ਆਦਿ ਧਰਮ ਲਹਿਰ ਬੇਸ਼ੱਕ ਦੁਆਬੇ ਤੋ ਸ਼ੁਰੂ ਹੋਈ ਸੀ ਪਰ ਇਸ ਲਹਿਰ ਦੇ ਵੱਡੇ ਸਮਰਥਕ ਬਣਕੇ ਉਭਰੇ ਮਾਸਟਰ ਲਾਲ ਚੰਦ ਰਤਨ ਕਾਦਰਵਾਲਾ ਨੇ ਇਸ ਦਾ ਪਸਾਰ ਮਾਲਵੇ ਵਿਚ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਉਹ ਆਪਣੀ ਤੀਖਣ ਬੁੱਧੀ, ਦ੍ਰਿੜ ਇਰਾਦੇ ਤੇ ਬੁਲੰਦ ਹੌਸਲੇ ਸਦਕਾ ਸਚਮੁੱਚ ਆਦਿ ਧਰਮ ਲਹਿਰ ਦੇ ਰਤਨ ਵਜੋਂ ਉੱਭਰੇ। ਸਵੈਅਭਿਮਾਨੀ, ਸੰਜੀਦਾ, ਅਣਖੀ ਯੋਧੇ, ਗਰੀਬਾਂ ਦੇ ਦਰਦ ਨਾਲ ਭਰਪੂਰ ਹਸਤੀ ਮਾਸਟਰ ਲਾਲ ਚੰਦ ਜੀ ਨੇ 01 ਜਨਵਰੀ 1907 ਨੂੰ ਫਿਰੋਜ਼ਪੁਰ ਜਿਲ੍ਹੇ ਦੇ ਬੇਟ ਏਰੀਏ ਦੀ ਜੀਰਾ ਤਹਿਸੀਲ ਦੇ ਪਿੰਡ ਕਾਦਰ ਵਾਲਾ ਵਿਖੇ ਸ੍ਰੀ ਗੋਵਿੰਦ ਰਾਮ ਦੇ ਗ੍ਰਹਿ ਵਿਖੇ ਮਾਤਾ ਜਵਾਲੀ ਦੀ ਕੁੱਖੋਂ ਜਨਮ ਲਿਆ। ਭਾਂਵੇਂ ਇਹ ਖਿੱਤਾ ਅਤਿ ਪਛੜਿਆ ਸੀ ਤੇ ਘਰ ਵਿਚ ਘੋਰ ਗਰੀਬੀ ਸੀ ਪਰ ਉਹਨਾਂ ਦਾ ਪਰਵਾਰ ਅਛੂਤਾਂ ਦੇ ਧਾਰਮਿਕ ਤੇ ਸਮਾਜਿਕ ਰਸਮੋ ਰਿਵਾਜ ਨਿਭਾਉਂਦਾ ਆ ਰਿਹਾ ਸੀ। ਜਿਸ ਕਾਰਨ ਉਹ ਪਰਵਾਰ ਕੁਝ ਜਾਗਰੂਕ ਸੀ। ਮੁਸਲਿਮ ਬਹੁਲਤਾ ਵਾਲੇ ਪਿੰਡ ਕਾਦਰ ਵਾਲਾ ਦੇ ਲੋਅਰ ਮਿਡਲ ਸਕੂਲ ਵਿਚੋਂ ਲਾਲ ਚੰਦ ਨੇ ਮੁੱਢਲੀ ਸਿੱਖਿਆ ਹਾਸਲ ਕਰ ਲਈ ਤੇ ਮਿਡਲ ਪ੍ਰੀਖਿਆ ਮਿਡਲ ਸਕੂਲ ਮਸੀਤਾਂ ਤੋਂ ਹਾਸਲ ਕੀਤੀ


ਮਾਸਟਰ ਲਾਲ ਚੰਦ.ਕਾਦਰਵਾਲਾ, ਅਦੀਬ ਆਲਮ(1907-1963)

ਉਹਨਾਂ ਨੇ 1924-25 ਵਿਚ ਜੇ. ਵੀ. ਨਾਰਮਲ ਸਕੂਲ ਮੋਗਾ ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕਰ ਲਈ । ਬੇਸ਼ੱਕ ਉਹ ਮਿਹਨਤੀ, ਜ਼ਹੀਨ ਤੇ ਹੁਸ਼ਿਆਰ ਵਿਦਿਆਰਥੀ ਸਨ ਪਰ ਸਹਿਪਾਠੀਆਂ ਤੇ ਕੁਝ ਅਧਿਆਪਕਾਂ ਵਲੋਂ ਉਹਨਾਂ ਨੂੰ ਜਾਤੀ ਵਾਦੀ ਮਾਨਸਿਕਤਾ ਸਦਕਾ ਅਪਮਾਨਤ ਕੀਤਾ ਜਾਂਦਾ ਰਿਹਾ। ਇਸ ਦੇ ਬਾਵਜੂਦ ਉਹ ਹਾਰਨ ਤੇ ਟੁੱਟਣ ਦੀ ਬਜਾਏ ਸਗੋਂ ਹੋਰ ਵਿਦਰੋਹੀ ਬਣ ਗਏ।

1926 ਵਿਚ ਉਹ ਪਿੰਡ ਅਕਾਲੀਆਂ ਵਾਲਾ ਵਿਖੇ ਬਤੌਰ ਅਧਿਆਪਕ ਨਿਯੁਕਤ ਹੋ ਗਏ। ਪਰ ਅਖੌਤੀ ਜਾਤ ਅਭਿਮਾਨੀਆਂ ਨੇ ਉਹਨਾਂ ਦਾ ਵਿਰੋਧ ਜਾਰੀ ਰਖਿਆ ਤੇ ਆਪਣੇ ਬੱਚਿਆਂ ਨੂੰ ਇਕ ਅਛੂਤ ਅਧਿਆਪਕ ਕੋਲ ਪੜਾਉਣ ਤੇ ਅਛੂਤ ਬੱਚਿਆਂ ਨਾਲ ਬੈਠ ਕੇ ਪੜ੍ਹਨ ਵਿਚ ਹੱਤਕ ਮਹਿਸੂਸ ਕਰਦੇ। ਪਰ ਸਿਰੜੀ ਤੇ ਮਿਹਨਤੀ ਅਧਿਆਪਕ ਲਾਲ ਚੰਦ ਨੇ ਬੱਚਿਆਂ ਨੂੰ ਬਾਬਾ ਗਿਆਨ ਸਿੰਘ, ਬਾਬਾ ਨਿਧਾਨ ਸਿੰਘ ਜੀ ਦੇ ਘਰ ਪੜਾਉਣਾ ਜਾਰੀ ਰੱਖਿਆ।

ਉਹਨਾਂ ਨੇ ਸਿੱਖ ਧਰਮ ਦੇ ਮਾਨਵਤਾਵਾਦੀ ਸਾਹਿਤ ਦਾ ਅਧਿਐਨ ਕਰਦਿਆਂ ਹਿੰਦੂ ਧਰਮ ਦੇ ਗਰੰਥਾ ਦਾ ਮੁਤਾਲਿਆ ਵੀ ਕਰ ਲਿਆ। ਮਨੂੰ ਸਿਮਰਤੀ ਦੇ ਅਮਾਨਵੀ ਤੇ ਕਾਲੇ ਕਾਨੂੰਨਾਂ ਬਾਰੇ ਜਾਣਕਾਰੀ ਹਾਸਲ ਕਰਕੇ ਉਹਨਾਂ ਦੀ ਬਗਾਵਤੀ ਸੁਰ ਹੋਰ ਬੁਲੰਦ ਹੋ ਗਈ । ਉਹਨਾਂ ਨੇ 1927 ਵਿਚ ਆਦਿ ਧਰਮ ਮਹਾਂਸਭਾ ਅਕਾਲੀਆਂ ਵਾਲਾ ਦੀ ਸਥਾਪਨਾ ਕੀਤੀ । ਇਸ ਸਭਾ ਦੇ ਮੋਢੀਆਂ ਵਿਚ ਬਾਬਾ ਗਿਆਨ ਸਿੰਘ, ਬਾਬਾ ਨਿਧਾਨ ਸਿੰਘ, ਬਾਬਾ ਈਸ਼ਰ ਸਿੰਘ ਅਕਾਲੀਆਂ ਵਾਲਾ ਤੇ ਪੰਡਤ ਬੂੜਾ ਰਾਮ ਕਾਦਰ ਵਾਲਾ ਆਦਿ ਬਜ਼ੁਰਗਾਂ ਦੇ ਨਾਮ ਵਰਨਣਯੋਗ ਹਨ।

ਉਹ ਇਕ ਨਿਡਰ ਬੇਪਰਵਾਹ ਹੱਕਾਂ ਹਿਤਾਂ ਲਈ ਲੜਨ ਵਾਲੇ ਬਹਾਦਰ ਯੋਧੇ ਸਨ। ਅਕਾਲੀਆਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਤੋਂ ਸ਼ੁਰੂ ਕੀਤੀਆਂ ਗਈਆਂ ਆਦਿ ਧਰਮ ਲਹਿਰ ਦੀਆਂ ਸਰਗਰਮੀਆਂ ਦਾ ਪਸਾਰ ਬਾਬੂ ਮੰਗੂ ਰਾਮ ਮੁਗੋਵਾਲੀਆ


ਮਾਸਟਰ ਲਾਲ ਚੰਦ 'ਰਤਨ' ਕਾਦਰਵਾਲਾ ਦਾ ਸਪੁੱਤਰ ਐਡਵੋਕੇਟ ਮਨਜੀਤ ਸਿੰਘ

ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੋਟਕਪੂਰਾ, ਫਰੀਦਕੋਟ, ਮੁਕਤਸਰ ਤੇ ਬਠਿੰਡੇ ਤੋਂ ਵਧ ਕੇ ਮਾਲਵੇ ਵਿਚ ਹੋ ਚੁੱਕਾ ਸੀ । ਇਸ ਲਈ ਮਾਸਟਰ ਜੀ ਨੇ 1929 ਵਿਚ ਆਦਿ ਧਰਮ ਮਹਾਂਸਭਾ ਅਕਾਲੀਆਂ ਵਾਲਾ ਦੀਆਂ ਸਰਗਰਮੀਆਂ ਦੀ ਜਿੰਮੇਵਾਰੀ ਮਲੋਟ ਨੇੜਲੇ ਤਪਾ ਖੇੜਾ ਨਿਵਾਸੀ ਜਾਗਰੂਕ ਤੇ ਮਿਹਨਤੀ ਸਮਾਜ ਹਿਤੈਸ਼ੀ ਹਰਦਿਤਾ ਰਾਮ ਜੀ ਨੂੰ ਸੌਂਪ ਦਿੱਤੀ ਤੇ ਆਪ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਨਿਕਟ ਸਹਿਯੋਗੀ ਬਣ ਗਏ ।

ਉਹ ਆਦਿ ਧਰਮ ਲਹਿਰ ਦੇ ਅਖਬਾਰ ਆਦਿ ਡੰਕਾ ਲਈ ਲੇਖ ਤੇ ਸੰਪਾਦਕੀਆਂ ਲਿਖਦੇ ਰਹੇ। ਉਹਨਾਂ ਦੇ ਲੇਖ ਆਦਿ ਧਰਮ ਲਹਿਰ ਚਲਾਉਣ ਦੀ ਕੀ ਲੋੜ ਸੀ? ਉਹ ਵਜਾਹਤ ਆਦਿ ਧਰਮ, ਨਸ਼ਿਆਂ ਵਿਰੁੱਧ ਤੇ ਅਛੂਤਾਂ ਦੇ ਹੱਕਾਂ ਹਿਤਾਂ ਲਈ ਬੇਬਾਕ ਤੇ ਧੜੱਲੇ ਨਾਲ ਲਿਖਦੇ ਰਹੇ । ਉਹਨਾਂ ਨੇ ਮਹਾਂ ਰਿਸ਼ੀ ਵਾਲਮੀਕ ਜੀ ਦੁਆਰਾ ਰਚਿਤ ਮਹਾਂ-ਰਮਾਇਣ ਯੋਗ ਵਸ਼ਿਸ਼ਟ ਗ੍ਰੰਥ ਦੇ ਆਧਾਰ ਤੇ ਦੇਵ ਬਾਣੀ ਗ੍ਰੰਥ ਦੀ ਰਚਨਾ ਵੀ ਕੀਤੀ। ਜੋ ਅਪ੍ਰਕਾਸ਼ਿਤ ਅਵਸਥਾ ਵਿਚ ਉਹਨਾਂ ਦੇ ਸਪੁੱਤਰ ਐਡਵੋਕੇਟ ਮਨਜੀਤ ਸਿੰਘ ਧਾਲੀਵਾਲ ਪਾਸ ਸੁਰਖਿਅਤ ਦੱਸਿਆ ਜਾਂਦਾ ਹੈ।

ਆਪਣੀ ਨੌਕਰੀ ਖਤਰੇ ਚ ਪਾਕੇ ਉਹਨਾਂ ਨੇ ਪੰਜਾਬ ਦੀਆਂ ਅਠ ਰਿਜ਼ਰਵ ਸੀਟਾਂ ਚੋਂ ਫਿਰੋਜ਼ਪੁਰ ਰਿਜ਼ਰਵ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ 1936 ਵਿਚ ਚੋਣ ਲੜੀ । ਪਰ ਸਮਾਜ ਜਾਗਰੂਕ ਨਾ ਹੋਣ ਕਰਕੇ ਹਾਰ ਗਏ । 1952 'ਚ ਉਹਨਾਂ ਨੇ ਧਰਮਕੋਟ-ਮੋਗਾ ਰਿਜ਼ਰਵ ਸੀਟ ਤੋਂ ਸੋਸ਼ਲਿਸਟ ਪਾਰਟੀ ਦੇ ਉਮੀਦਵਾਰ ਵਜੋਂ ਮੁੜ ਚੋਣ ਲੜੀ ਪਰ ਮੁਖਤਿਆਰ ਸਿੰਘ ਧਰਮਕੋਟ ਦੇ ਮੁਕਾਬਲੇ ਹਾਰ ਗਏ।


ਲਾਲ ਸਿੰਘ ਸੁਲਹਾਣੀ
91-98721-55120

1955 ਵਿਚ ਉਹਨਾਂ ਨੇ ਅਦੀਬ ਆਲਮ (High Proficiency in Urdu) ਇਮਤਿਹਾਨ ਪੰਜਾਬ ਯੂਨੀਵਰਸਿਟੀ ਸ਼ਿਮਲਾ ਤੋਂ 600 ਵਿੱਚੋਂ 415 ਅੰਕ ਲੈਕੇ ਪਾਸ ਕੀਤਾ ਤੇ ਯੂਨੀਵਰਸਿਟੀ ਦਾ ਰਿਕਾਰਡ ਤੋੜਿਆ । ਉਹ 1926 ਤੋਂ 1 ਜਨਵਰੀ 1962 ਤੱਕ ਵੱਖ ਵੱਖ ਸਕੂਲਾਂ ਵਿਚ ਬਤੌਰ ਅਧਿਆਪਕ ਸੇਵਾਵਾਂ ਨਿਭਾਉਂਦੇ ਰਹੇ।

18-19 ਜੂਨ 1932 ਨੂੰ ਆਦਿ ਧਰਮ ਮੰਡਲ ਦੀ ਸੱਤਵੀਂ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿਚ ਰੱਖੀ ਗਈ। ਜਿਸ ਵਿਚ 4000 ਤੋਂ ਵੱਧ ਆਦਿ ਧਰਮੀਆਂ ਨੇ ਪੂਰ- ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲਿਆ। ਜਿਸ ਵਿਚ ਮਿਸ਼ਨਰੀ ਕਲਾਕਾਰਾਂ ਨੇ ਖੂਬ ਰੰਗ ਬੰਨ੍ਹਿਆ। ਸੰਤ ਮਹਾਂਪੁਰਸ਼ਾਂ ਨੇ ਆਪਣੇ ਵਿਚਾਰ ਰੱਖੇ।

ਇਸ ਕਾਨਫਰੰਸ ਦੀ ਪ੍ਰਧਾਨਗੀ ਲਾਇਲਪੁਰ ਨਿਵਾਸੀ ਰਾਮ ਆਜ਼ਾਦ ਮਿਸ਼ਨਰੀ ਨੇ ਕੀਤੀ। ਉਦਘਾਟਨੀ ਭਾਸ਼ਣ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਵੱਲੋ ਕੀਤਾ ਗਿਆ ਤੇ ਸਵਾਗਤੀ ਕਮੇਟੀ ਵਲੋਂ ਡੈਲੀਗੇਟਾਂ ਦਾ ਸੁਆਗਤ ਕੀਤਾ ਗਿਆ। ਬਾਅਦ ਵਿਚ ਮੰਡਲ ਦੇ ਅਨੇਕ ਕਾਰਜਾਂ ਲਈ ਪ੍ਰੋਗਰਾਮਾਂ ਦਾ ਐਲਾਨ ਕੀਤਾ ਗਿਆ ।

ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਅਛੂਤਾਂ ਲਈ ਵੱਖਰੀ ਚੋਣ ਪਰਨਾਲੀ ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ। 19 ਜੂਨ 1932 ਨੂੰ ਮਾਸਟਰ ਲਾਲ ਚੰਦ ਰਤਨ ਕਾਦਰਵਾਲਾ ਵਾਲਾ ਨੇ ਕਾਨਫਰੰਸ ਪ੍ਰਧਾਨਗੀ ਦੀ ਕੁਰਸੀ ਸੰਭਾਲੀ। ਦੁਪਹਿਰ 12 ਵਜੇ ਤਕ ਡਿਪਰੈੱਸਡ ਕਲਾਸਜ ਦੀ ਏਕਤਾ ਤੇ ਜੋਰ ਦਿੱਤਾ ਗਿਆ। ਇਕ ਵਜੇ ਮੈਨੇਜਿੰਗ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹੋਈ। ਜਿਸ ਵਿਚ ਪਰਧਾਨ ਸੇਠ ਲਭੂ ਰਾਮ ਸੂਚੀ ਪਿੰਡ ਤੇ ਮੀਤ ਪਰਧਾਨ ਮਾਸਟਰ ਲਾਲ ਚੰਦ ਜੀ ਨੂੰ ਚੁਣਿਆਂ ਗਿਆ। ਉਹਨਾਂ ਨੇ ਸਾਰੀ ਜਿੰਦਗੀ ਪੂਰੀ ਤਨਦੇਹੀ, ਇਮਾਨਦਾਰੀ ਤੇ ਦਿਆਨਤਦਾਰੀ ਨਾਲ ਸਖਤ ਮਿਹਨਤ ਕਰਕੇ ਪਿਛਲੇ ਵਰਗਾਂ ਦੇ ਹੱਕਾਂ ਹਿਤਾਂ ਲਈ ਜੋਰਦਾਰ ਸੰਘਰਸ਼ ਕੀਤਾ ਤੇ ਮੰਡਲ ਦੀਆਂ ਸਰਗਰਮੀਆਂ ਜਾਰੀ ਰੱਖੀਆਂ । ਜਿਸ ਕਰਕੇ ਉਹਨਾਂ ਦੀ ਸਿਹਤ ਵਿਗੜਨ ਲੱਗੀ ਅੰਤ ਇਹ ਅਜ਼ੀਮ ਸਖਸ਼ੀਅਤ 9 ਅਪਰੈਲ 1963 ਨੂੰ ਇਸ ਫਾਨੀ ਸੰਸਾਰ ਤੋ ਰੁਖਸਤ ਹੋ ਗਈ।

# ਬਹੁਜਨ ਸਮਾਜ ਦਾ ਬਾਬਾ ਭਾਈ ਹਰਭਜਨ ਸਿੰਘ ਲਾਖਾ ਜੀ

(ਸਫਾ 16 ਦੀ ਬਾਕੀ)

ਵੇਖੀ ਐ ਬਹੁਜਨਾਂ ਦੀ। ਸਾਡੇ ਦੁਸ਼ਮਣ ਕੋਲ ਅਥਾਹ ਖਰੀਦ ਸ਼ਕਤੀ ਐ। ਮੰਦਰਾਂ ਵਿਚ 35 ਹਜਾਰ ਟਨ ਸੋਨਾ ਪਿਆ ਹੈ। ਕੇਜਰੀਵਾਲ ਕਾਲਾ ਧਨ ਖਤਮ ਕਰਨ ਦੀ ਗਲ ਕਰਦਾ ਹੈ। ਮੈਂ ਕਿਹਾ 35000 ਟਨ ਸੋਨਾ ਮੰਦਰ 'ਚ ਪਿਆ ਹੈ ਉਹ ਕਿਥੋਂ ਆਇਆ ਹੈ? ਉਹ ਵੀ ਕਾਲਾ ਧਨ ਹੈ। ਉਹ ਇਹਦੇ ਬਾਰੇ ਬੋਲਦੇ ਈ ਨਹੀਂ। ਉਹਨਾਂ ਸਾਡੀ ਮੂਵਮੈਂਟ ਕਰੋੜਾਂ ਚ ਖਰੀਦ ਲਈ । ਅਸੀਂ ਪਿਛੇ ਹਟ ਗਏ ।

ਸਰਬ ਸਮਾਜ ਬਣਾਕੇ ਬ੍ਰਾਹਮਣਾਂ ਨੇ ਆਪਣੇ ਹੱਥਾਂ 'ਚ ਲੈਕੇ ਸਾਡੀ ਮੂਵਮੈਂਟ ਦਾ ਭੱਠਾ ਬਿਠਾ ਦਿਤਾ। ਅਸੀਂ ਇਹ ਸੋਚਦੇ ਹਾਂ ਕਿ ਲੋਕਾਂ ਨੂੰ ਆਰਗੇਨਾਈਜਡ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਗਲ ਸਾਰੇ ਦੇਸ਼ ਵਿਚ ਰੱਖੀਏ ਤਾਂ ਇਹਦੇ ਨਾਲ ਲੋਕਾਂ ਵਿਚ ਜਾਗਰਤੀ ਆਵੇਗੀ ਅਰ ਜਾਗਰਤੀ ਆਉਣ ਨਾਲ ਇਹ ਇਸ ਦੇਸ਼ ਦੇ ਮਾਲਕ ਬਣ ਸਕਦੇ ਹਨ । ਕਿਉਂਕਿ ਖਰੀਦਦਾਰ ਬਹੁਤ ਤਕੜਾ ਹੈ। ਉਹਦੇ ਕੋਲ ਕਰੋੜਾਂ ਅਰਬਾਂ ਰੁਪਇਆ ਹੈ ਇਹ ਜਿਹੜੇ ਨਿਪਤੇ, ਨਿਮਾਣੇ, ਨਿਆਸਰੇ ਐ ਗੁਰੂ ਗੋਬਿੰਦ ਸਿੰਘ ਜੀ ਦੇ ਦਾਸ, ਪੈਸੇ ਪੱਖੋਂ ਖਾਲੀ ਹਨ। ਖਾਲਸੇ ਦੀ ਮੂਵਮੈਂਟ ਚਲਾਕੇ ਜਾਤਪਾਤ ਰਹਿਤ ਸਮਾਜ ਬਣਾਉਣ ਲਈ ਇਸ ਮੂਵਮੈਂਟ, ਇਸ ਮਿਸ਼ਨ ਨੂੰ ਲੈਕੇ ਚਲਾਂਗੇ। ਪੁਲੀਟੀਕਲ ਪਲੇਟਫਾਰਮ ਬਾਅਦ ਵਿਚ ਬਣਦੇ ਰਹਿਣਗੇ।

ਐਂਕਰ- ਬਹੁਤ ਵਧੀਆ । ਸਮੇਂ ਸਮੇਂ ਤੇ ਅਸੀਂ ਤੁਹਾਡੇ ਨਾਲ ਸੰਪਰਕ ਕਰਕੇ ਤੁਹਾਡੇ ਤੋਂ ਜਾਣਕਾਰੀ ਲੈਂਦੇ ਰਹਾਂਗੇ। ਇਸ ਪਰੋਗਰਾਮ ਨੂੰ ਅਗੇ ਵਧਾਉਣ ਲਈ 100% ਤੁਹਾਡੇ ਨਾਲ ਐ ਵਿਸ਼ਵ ਭਰ ਦੇ ਸਿਖ ਜਿਹੜੇ ਤੁਹਾਨੂੰ ਸੁਣ ਰਹੇ ਹਨ। ਲਾਖਾ ਜੀ ਸਿਖਾਂ ਨੂੰ ਕੋਈ ਸੁਨੇਹਾ ਦੇਣਾ ਚਾਹੁੰਦੇ ਹੋ?

ਲਾਖਾ ਜੀ- ਮੈਂ ਇਹੀ ਸੁਨੇਹਾ ਦੇਣਾ ਚਾਹੁੰਦਾ ਹਾਂ ਜਿਸ ਤਰੀਕੇ ਨਾਲ ਅਮਰੀਕਾ, ਕੈਨੇਡਾ, ਇੰਗਲੈਂਡ ਵਿਚ ਭਾਈਚਾਰਾ ਬਣਾ ਕੇ ਰਹਿੰਦੇ ਹੋ, ਵਧੀਆ ਤਰੀਕੇ ਨਾਲ ਖਾਲਸਾ ਸਮਾਜ ਬਣਾ ਕੇ ਰਹਿੰਦੇ ਓ, ਏਦਾਂ ਦੀ ਮੂਵਮੈਂਟ ਜੇ ਕਿਤੇ ਇੰਡੀਆ ਵਿਚ ਬਣਾ ਦਿਓ ਤਾਂ ਇਹ ਲੋਕ ਵੀ ਆਪਣੀ ਜਿੰਦਗੀ ਦਾ ਨਜਾਰਾ ਵੇਖ ਸਕਣ। ਜੋ ਨਿਪਤੇ, ਨਿਮਾਣੇ ਜੋ ਰੋਟੀ ਤੋਂ ਵੀ ਆਤਰ ਹਨ। 15 ਕਰੋੜ ਲੋਕ ਜੋ ਝੁਗੀਆਂ ਚ ਰਹਿੰਦੇ ਹਨ ਜਿੰਨਾ ਕੋਲ ਨਾ ਪੈਸਾ ਐ ਨਾ ਖਾਣ ਨੂੰ ਰੋਟੀ ਐ। ਇਸ ਦੇਸ਼ ਦਾ ਸਾਰੇ ਦਾ ਸਾਰਾ ਪੈਸਾ ਆਰੀਆ ਲੋਕਾਂ ਨੇ ਲੁੱਟ ਕੇ ਖਾ ਲਿਆ ਹੈ। ਉਹ ਸਾਰੇ ਦੇ ਸਾਰੇ ਵੇਖੋ ਕਿੱਦਾਂ ਹਵਾਈ ਜਹਾਜਾਂ 'ਚ ਉਡਦੇ ਫਿਰਦੇ ਐ ਨੱਠੇ ਫਿਰਦੇ ਐ। ਕਦੇ ਗੁਰਦੁਆਰਿਆਂ ਚ ਜਾਂਦੇ ਐ ਕਦੇ ਦੂਸਰਿਆਂ ਕੋਲ ਜਾਂਦੇ ਐ। ਕਿਉ ਨੱਠੇ ਫਿਰਦੇ ਐ?

ਉਹ ਕਹਿੰਦੇ ਹਨ ਕਿ ਸਾਡਾ ਮਨੂਵਾਦੀ ਸਿਸਟਮ ਕਿਤੇ ਖਤਮ ਨਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਦਾ ਦਿੱਤਾ ਪਰੋਗਰਾਮ ਅਸੀਂ ਦੇਸ਼ ਦੇ ਲੋਕਾਂ ਨੂੰ ਦਸਾਂਗੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ ਜਬ ਏਹ ਗਹੈ ਬਿਪਰਨ ਕੀ ਰੀਤ। ਮੈਂ ਨਾ ਕਰੋਂ ਇਨ ਕੀ ਪਰਤੀਤ। ਉਹਦੇ ਅਸੀਂ ਮਕਾਣ ਵੀ ਨਹੀਂ ਜਾਣਾ। ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ। ਇਸ ਕਰਕੇ ਇਹ ਲੜਾਈ ਸਾਰੇ ਦੇਸ਼ ਵਿਚ ਚਲਾਉਣ ਲਈ ਤੁਹਾਡਾ ਸਹਯੋਗ ਚਾਹੁੰਦੇ ਹਾਂ। ਸਾਈਡ ਪਾਰਕ 6 ਜੂਨ 1994 ਨੂੰ ਮੈਂ ਉਥੇ ਮੇਨ ਸਪੋਕਸਮੈਨ ਸਾਂ। ਉਥੇ ਮੈਨੂੰ ਬਹੁਤ ਸਤਿਕਾਰਿਆ ਗਿਆ। ਇਸ ਕਰਕੇ ਮੈਂ ਆਉਂਦਾ ਜਾਂਦਾ ਹਾਂ ਕਿਉਂਕਿ ਮੇਰੀ ਫੈਮਲੀ, ਮੇਰਾ ਭਰਾ, ਮੇਰੀਆਂ ਭੈਣਾਂ ਇੰਗਲੈਂਡ ਹਨ, ਮੇਰੇ ਬਚੇ ਕੈਨੇਡਾ ਹਨ। ਇਸ ਕਰਕੇ ਮੈ ਅਮਰੀਕਾ, ਕੈਨੇਡਾ ਸਾਰੇ ਘੁੰਮਦਾ ਫਿਰਦਾ ਰਹਿੰਦਾ ਹਾਂ।

ਇਸ ਲਈ ਜਿੰਨਾ ਚਿਰ ਸਵਾਸ ਹੈ ਮੈਂ ਗੁਰੂਆਂ ਦੀ ਗੱਲ, ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ, ਸਿਖਇਜ਼ਮ ਦੀ ਗੱਲ ਕਰਦਾ ਰਹਾਂਗਾ। ਹੁਣ ਮੈਂ ਅੰਮ੍ਰਿਤ ਛਕ ਲਿਆ ਹੈ। ਹੁਣ ਮੈਂ ਹੱਥ ਚ ਤਲਵਾਰ ਲੈ ਕੇ ਸਟੇਜ ਤੇ ਗੱਲ ਕਰ ਸਕਦਾ ਹਾਂ ਹੁਣ ਮੈਨੂੰ ਸਰਟੀਫਿਕੇਟ ਮਿਲ ਗਿਆ ਹੈ। ਮੈਂ ਸਾਰਿਆਂ ਦਾ ਤਹਿ ਦਿਲੋਂ ਧਨਵਾਦ ਕਰਦਾ ਹਾਂ, ਜਿੰਨ੍ਹਾਂ ਨੇ ਮੈਨੂੰ ਅੰਮ੍ਰਿਤ ਛਕਾ ਕੇ ਗੁਰੂਆਂ ਦੀ ਗੱਲ ਸਾਰੇ ਦੇਸ਼ ਵਿਚ ਪੁਚਾਉਣ ਲਈ ਉਤਸ਼ਾਹਿਤ ਕੀਤਾ ਹੈ। ਵਾਹਿਗੁਰੂ ਜੀ ਕਾ ਖਾਲਸਾ ੀ ਵਾਹਿਗੁਰੂ ਜੀ ਕੀ ਫਤਹਿ ।।

ਐਂਕਰ- ਤੁਹਾਡਾ ਵੀ ਬਹੁਤ ਧੰਨਵਾਦ ਤੁਸੀਂ ਆਪਣਾ ਕੀਮਤੀ ਸਮਾਂ ਕੱਢ ਕੇ ਸਾਡੇ ਨਾਲ ਗੱਲਬਾਤ ਕੀਤੀ । ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

## ਭਾਈ ਹਰਭਜਨ ਸਿੰਘ ਲਾਖਾ ਦੀ 6ਵੀਂ ਬਰਸੀ 'ਤੇ ਵਿਸ਼ੇਸ਼

# ਬਹੁਜਨ ਲਹਿਰ ਦਾ ਬਾਬਾ ਬੋਹੜ ਸੀ ਭਾਈ ਹਰਭਜਨ ਸਿੰਘ ਲਾਖਾ

ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਸੱਚੇ ਪੈਰੋਕਾਰ, ਬਹੁਜਨ ਸਮਾਜ ਲਹਿਰ ਦੇ ਉਸਰਈਏ ਤੇ ਬਹੁਜਨ ਸਮਾਜ ਪਾਰਟੀ ਦੇ ਮੋਢੀ ਸਾਹਿਬ ਕਾਂਸ਼ੀ ਰਾਮ ਜੀ ਦੇ ਮੁੱਢਲੇ ਸਾਥੀ ਦਲਿਤ ਸਮਾਜ ਦੇ ਮਸੀਹਾ ਤੇ ਬਾਬਾ ਬੋਹੜ ਦੇ ਤੌਰ 'ਤੇ ਜਾਣੇ ਜਾਂਦੇ ਸਾਬਕਾ ਮੈਂਬਰ ਪਾਰਲੀਮੈਂਟ ਭਾਈ ਹਰਭਜਨ ਸਿੰਘ ਲਾਖਾ 11 ਜੂਨ 2014 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹਨਾਂ ਦੇ ਜਾਣ ਨਾਲ ਪੰਜਾਬ ਦੀ ਰਾਜਨੀਤੀ ਇਕ ਨਿੱਡਰ, ਬੇਬਾਕ ਤੇ ਦੱਬੇ ਕੁਚਲਿਆ ਲਈ ਹਿੱਕ ਡਾਹਕੇ ਲੜਨ ਵਾਲੇ ਜੁਝਾਰੂ ਆਗੂ ਤੋਂ ਵਾਂਝੀ ਹੋ ਗਈ।

ਉਹਨਾਂ ਦਾ ਜਨਮ ਮਾਤਾ ਆਤੀ ਦੀ ਕੁੱਖੋਂ ਪਿਤਾ ਸ੍ਰੀ ਰਾਮ ਲੋਕ ਦੇ ਘਰ ਨਵਾਂ ਸ਼ਹਿਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਕਰਨਾਣਾ ਵਿਖੇ 25 ਅਗਸਤ 1941 ਨੂੰ ਹੋਇਆ। ਇਹ ਪਿੰਡ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਤੋਂ ਸਿਰਫ਼ ਦੋ ਕਿਲੋਮੀਟਰ ਦੂਰੀ ਤੇ ਸਥਿਤ ਹੈ। ਉਹਨਾਂ ਨੇ ਅਛੂਤਪੁਣੇ ਦਾ ਸੰਤਾਪ ਆਪਣੇ ਪਿੰਡੇ ਤੇ ਹੰਡਾਇਆ ਇਹ ਸਮੇਂ ਦਾ ਅਜਿਹਾ ਕੁਲਹਿਣਾ ਦੌਰ ਸੀ ਜਦੋਂ ਬਹੁਤੇ ਅਛੂਤ ਪਰਿਵਾਰਾਂ ਨੂੰ ਹੱਡਾਂ ਰੋੜੀ ਦੇ ਕਿਸਬ ਦੇ ਨਾਲ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਮਜ਼ਬੂਰਨ ਮਰੇ ਹੋਏ ਡੰਗਰਾਂ ਦਾ ਮਾਸ ਖਾਣਾ ਪੈਂਦਾ ਸੀ। ਧਨਾਢਾਂ ਦੀ ਧੌਂਸ ਹੇਠ ਗਰੀਬ ਅਛੂਤ ਬੇਪਤੀ ਦੀ ਜਿੰਦਗੀ ਬਸਰ ਕਰ ਰਹੇ ਸਨ। ਇਸ ਦੌਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਆਦਿ ਧਰਮ ਲਹਿਰ ਤੇ ਬਾਬਾ ਸਾਹਿਬ ਡਾ . ਅੰਬੇਦਕਰ ਦੇ ਸੰਘਰਸ਼ ਨੇ ਦੁਆਬਾ ਖੇਤਰ ਨੂੰ ਜਿਆਦਾ ਪ੍ਰਭਾਵਤ ਕੀਤਾ। ਜਿਸ ਦੇ ਸਿੱਟੇ ਵਜੋਂ ਸ੍ਰੀ ਰਾਮ ਲੋਕ ਦੇ ਬੱਚਿਆਂ ਨੂੰ ਸਿੱਖਿਆ ਗ੍ਰਹਿਣ ਕਰਨ ਦਾ ਅਵਸਰ ਮਿਲਿਆ। ਉੱਚ ਸਿੱਖਿਆ ਹਾਸਲ ਕਰਕੇ ਸ੍ਰੀ ਹਰਭਜਨ ਲਾਖਾ ਹਵਾਈ ਜਹਾਜ਼ਾਂ ਦੇ ਇੰਜਨੀਅਰ ਦੇ ਅਹੁਦੇ ਤੇ ਤੈਨਾਤ ਹੋ ਗਏ।

ਸਾਹਿਬ ਕਾਂਸ਼ੀ ਰਾਮ ਬਾਬਾ ਸਾਹਿਬ ਦੀ ਖੁਰ ਰਹੀ ਵਿਰਾਸਤ ਨੂੰ ਸੰਭਾਲਣ ਲਈ ਆਪਣੀ ਵਧੀਆ ਨੌਕਰੀ ਤੇ ਘਰ ਬਾਰ ਛੱਡ ਕੇ ਸਾਰੇ ਦੇਸ਼ ਵਿੱਚ ਘੁੰਮ ਫਿਰ ਕੇ ਮੁਲਾਜ਼ਮਾਂ ਨੂੰ ਸਮਾਜ ਵਾਸਤੇ ਕੁੱਝ ਕਰਨ ਲਈ ਰਜ਼ਾਮੰਦ ਕਰ ਰਹੇ ਸਨ। ਉਹ ਦਿੱਲੀ ਦੇ ਲੋਧੀ ਨਗਰ ਵਿਖੇ ਲਾਖਾ ਜੀ ਨੂੰ ਮਿਲੇ ਤੇ ਪੁਛਿਆ ਕਿ ਕੀ ਕਰ ਰਹੇ ਓ? ਤਾਂ ਲਾਖਾ ਜੀ ਨੇ ਆਪਣੀ ਹਵਾਈ ਜਹਾਜ਼ਾਂ ਦੇ ਮਹਿਕਮੇ ਵਿੱਚ ਨੌਕਰੀ ਬਾਰੇ ਬੜੇ ਮਾਣ ਨਾਲ ਦੱਸਿਆ। ਤਾਂ ਸਾਹਿਬ ਨੇ ਕਿਹਾ ਕਿ ਜੇ ਸਾਰੇ ਚਮਾਰ ਪੜ੍ਹ ਲਿਖ ਕੇ ਨੌਕਰੀਆਂ ਈ ਕਰਦੇ ਰਹਿਣਗੇ ਤਾਂ ਫਿਰ ਬਾਬਾ ਸਾਹਿਬ ਦੀ ਲਹਿਰ ਨੂੰ ਕੌਣ ਅੱਗੇ ਲਿਜਾਵੇਗਾ ਤੇ ਕਰੋੜਾਂ ਦਲਿਤਾਂ ਸੋਸ਼ਿਤਾਂ ਦੀ ਲੜਾਈ ਕੌਣ ਲੜੇਗਾ।

ਉਹਨਾਂ ਦੀ ਅਗੰਮੀ ਅੰਬੇਡਕਰਵਾਦੀ ਸੋਚ, ਮਿਸ਼ਨ ਲਈ ਸਮਰਪਿਤ ਭਾਵਨਾ, ਲਗਨ ਤੇ ਮਿਕਨਾਤੀਸੀ ਸਖਸ਼ੀਅਤ ਤੋਂ ਪਭਾਵਤ ਹੋਕੇ ਲਾਖਾ ਜੀ ਆਪਣੀ ਨੌਕਰੀ ਛੱਡ ਕੇ ਉਹਨਾਂ ਦੇ ਹਮਸਫਰ ਬਣ ਗਏ। ਪਿੰਡ ਆਕੇ ਯਜਦੀ ਮੋਟਰ ਸਾਈਕਲ ਲੈਕੇ ਉਹਨਾਂ ਨੇ ਮਿਸ਼ਨ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਉਹਨਾਂ ਦੀ ਮਿਹਨਤ ਸਿਰੜ ਤੇ ਲਗਨ ਦੇ ਨਤੀਜੇ ਵਜੋਂ 1981 ਵਿਚ ਪਰੇਡ ਗਰਾਊਂਡ ਚੰਡੀਗੜ੍ਹ ਵਿਖੇ ਬਾਮਸੇਫ ਦੇ ਮਾਧਿਅਮ ਤੋਂ ਮੁਲਾਜ਼ਮਾਂ ਦਾ 3 ਦਿਨਾਂ ਸ਼ਾਨਦਾਰ ਸਮਾਗਮ ਹੋਇਆ। 24 ਸਤੰਬਰ ਨੂੰ ਬੂਟਾਂ ਮੰਡੀ ਜਲੰਧਰ ਵਿਖੇ ਡੀ. ਐਸ .ਫੋਰ ਵੱਲੋਂ "ਪੂਨਾ ਪੈਕਟ ਧਿਕਾਰ ਦਿਵਸ" ਮਨਾਇਆ ਗਿਆ ਅਤੇ ਮੂਸਾਪੁਰ ਵਿਖੇ ਰੈਲੀ ਕੀਤੀ ਗਈ। ਜਿਸ ਨੇ ਪੰਜਾਬ ਦੀ ਰਾਜਨੀਤਕ ਫਿਜ਼ਾ ਵਿੱਚ ਨਵੀਂ ਚਰਚਾ ਛੇੜ ਦਿੱਤੀ। ਲਾਖਾ ਜੀ ਦੀ ਮਿਹਨਤ ਸਦਕਾ ਦੁਆਬੇ ਤੋਂ ਰੁਮਕਦੀ ਹਵਾ ਨੇ ਮਾਲਵੇ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਸ. ਫਤਹਿ ਜੰਗ ਸਿੰਘ ਚੰਡੀਗੜ੍ਹ, ਮੂਸਾਪੁਰ ਦੇ ਸੁਖਰਾਮ ਪਟਵਾਰੀ ਤੇ ਤਰਸੇਮ ਸਿੰਘ ਸੱਜਣ ਜੇ. ਈ. ਬਲਾਚੌਰ ਰਾਹੀਂ ਸ੍ਰ.ਗੁਰਨਾਮ ਸਿੰਘ ਜੀ ਨੇ ਮੁਕਤਸਰ ਤੇ ਖੇਤਰ ਵਿੱਚ ਮਿਸ਼ਨਰੀ ਗਤੀਵਿਧੀਆਂ ਆਰੰਭ ਦਿੱਤੀਆਂ। ਇਸ ਮੌਕੇ ਮੇਰੇ ਸਹੁਰਾ ਸਾਹਿਬ ਗਿਆਨੀ ਗੁਲਜ਼ਾਰ ਸਿੰਘ ਸੇਮਾਂ ਰਾਹੀਂ ਮੈਨੂੰ ਮੁਕਤਸਰ ਵਿਖੇ ਸ. ਗੁਰਨਾਮ ਸਿੰਘ ਨਾਲ ਮਿਲਣ ਦਾ ਮੌਕਾ ਮਿਲਿਆ ਤੇ ਇਸ ਨਵੀਂ ਉਠ ਰਹੀ ਇਨਕਲਾਬੀ ਲਹਿਰ ਬਾਰੇ ਜਾਣਕਰੀ ਮਿਲੀ। ਸਤੰਬਰK ਅਕਤੂਬਰ 1983 ਨੂੰ ਪਹਿਲੀ ਵਾਰ ਮੁਕਤਸਰ ਵਿਖੇ ਸਾਹਿਬ ਕਾਂਸ਼ੀ ਰਾਮ ਜੀ ਦਾ ਕੇਡਰ ਕੈਂਪ ਸੁਣਨ ਦਾ ਅਵਸਰ ਪ੍ਰਦਾਨ ਹੋਇਆ। ਜਿਸ ਨੇ ਦਿਮਾਗ਼ ਦੇ ਬੰਦ ਕਿਵਾੜ ਖੋਲ੍ਹ ਦਿੱਤੇ।

ਦੇਸ਼ ਦੀ ਦਰਦਨਾਕ ਸਮਾਜਿਕ ਦਸ਼ਾ ਦੀ ਸੋਝੀ ਹੋਈ। ਕੇਡਰ ਕੈਂਪ ਤੋਂ ਬਾਅਦ ਸਾਹਿਬ ਕਾਂਸ਼ੀ ਰਾਮ ਨਾਲ ਵੱਖਰੇ ਤੌਰ ਤੇ ਹੋਈ ਗੱਲ ਬਾਤ ਤੇ ਵਿਚਾਰ ਵਟਾਂਦਰੇ ਨੇ ਮੇਰੇ ਜੀਵਨ ਵਿੱਚ ਅਜਿਹਾ ਪਲਟਾ ਲਿਆਂਦਾ ਜਿਸ ਨੇ ਮੇਰੀ ਜਿੰਦਗੀ ਦੀਆਂ ਤਰਜੀਹਾਂ ਬਦਲ ਕੇ ਰੱਖ ਦਿੱਤੀਆਂ। ਬਾਬਾ ਸਾਹਿਬ ਦੇ ਮਿਸ਼ਨ ਦੀ ਅਜਿਹੀ ਚਿਣਗ ਲੱਗੀ ਜੋ ਲਟ ਲਟ ਬਲਦੀ ਮਿਸਾਲ ਬਣ ਗਈ। ਤੇ ਉਹਨਾਂ ਦੀ ਪਾਰਸ ਛੋਹ ਨੇ ਅਜਿਹਾ ਕੀਲਿਆ ਕਿ ਖੁਰਾਕ ਸਪਲਾਈਜ਼ ਵਿਭਾਗ ਦੀ ਚੰਗੀ ਭਲੀ ਨੌਕਰੀ ਛੱਡ ਕੇ ਮੈਂ ਵੀ ਉਹਨਾਂ ਦੇ ਕਾਰਵਾਂ ਦਾ ਪਾਂਧੀ ਬਣ ਗਿਆ। ਸਮੇਂ ਸਮੇਂ ਸਿਰ ਲਾਖਾ ਜੀ ਪ੍ਰੇਰਿਤ ਤੇ ਉਤਸ਼-ਾਹਿਤ ਕਰਦੇ ਰਹੇ। 13 ਜੁਲਾਈ 1992 ਨੂੰ ਬਸਪਾ ਦੇ ਕੌਮੀ ਦਫ਼ਤਰ 12 ਗੁਰਦੁਆਰਾ ਰਕਾਬਗੰਜ ਰੋਡ ਵਿਖੇ ਪੰਜਾਬ ਦੇ ਸੈਂਕੜੇ ਵਰਕਰਾਂ ਤੇ ਚੋਟੀ ਦੇ ਆਗੂਆਂ ਦੀ ਮੌਜੂਦਗੀ ਵਿੱਚ ਬਸਪਾ ਸੁਪਰੀਮੋ ਵੱਲੋਂ ਜਦੋਂ ਮੈਨੂੰ ਬਸਪਾ ਪੰਜਾਬ ਦਾ ਸੀਨੀਅਰ ਮੀਤ ਪ੍ਰਧਾਨ ਨਾਮਜ਼ਦ ਕੀਤਾ ਗਿਆ ਤਾਂ ਸੱਭ ਤੋਂ ਵੱਧ ਖੁਸ਼ੀ ਦਾ ਇਜ਼ਹਾਰ ਲਾਖਾ ਜੀ ਨੇ ਕੀਤਾ ਤੇ ਪੂਰੇ ਪੰਜਾਬ ਵਿੱਚ ਮੇਰੀ ਪ੍ਰਧਾਨਗੀ ਹੇਠ ਜਿਲ੍ਹਾ ਵਾਰ ਮੀਟਿੰਗਾਂ ਕਰਵਾਕੇ ਪੰਜਾਬ ਦੇ ਵਰਕਰਾਂ ਨਾਲ ਮਿਲਾਉਣ ਲਈ ਲਾਖਾ ਜੀ ਮੇਰੇ ਵਿਸ਼ੇਸ਼ ਸਹਿਯੋਗੀ ਰਹੇ।

1985 ਵਿਚ ਹੋਈ ਆਂ ਵਿਧਾਨ ਸਭਾ ਚੋਣਾਂ ਦੌਰਾਨ ਬਹੁਜਨ ਸਮਾਜ ਪਾਰਟੀ ਪਹਿਲੀ ਵਾਰ ਚੋਣ ਮੈਦਾਨ ਵਿੱਚ ਉੱਤਰੀ ਤਾਂ ਸ੍ਰੀ ਲਾਖਾ ਜੀ ਨੇ ਪੰਜਾਬ ਦੇ ਕੱਦਾਵਰ ਕਾਂਗਰਸੀ ਆਗੂ ਦਿਲਬਾਗ ਸਿੰਘ ਦੇ ਮੁਕਾਬਲੇ ਚੋਣ ਲੜਕੇ 18000 ਦੇ ਕਰੀਬ ਵੋਟ ਹਾਸਲ ਕਰ ਲਏ। ਉਹਨਾਂ ਨੂੰ ਸਾਹਿਬ ਕਾਂਸ਼ੀ ਰਾਮ ਨੇ ਬਹੁਜਨ ਸਮਾਜ ਪਾਰਟੀ ਪੰਜਾਬ ਦਾ ਜਨਰਲ ਸਕੱਤਰ ਨਿਯੁਕਤ ਕਰ ਦਿੱਤਾ। ਜਦੋਂ ਬਾਮਸੇਫ ਦੇ ਜਿਮੇਵਾਰ ਆਗੂਆਂ ਨੇ ਬਸਪਾ ਸੁਪਰੀਮੋ ਦਾ ਪੰਜਾਬ ਵਿੱਚ ਦਾਖਲਾ ਬੰਦ ਕਰਨ ਦਾ ਯਤਨ ਕੀਤਾ ਤਾਂ ਲਾਖਾ ਜੀ ਧਿਰ ਬਣ ਕੇ ਸਾਹਿਬ ਨਾਲ ਡਟ ਕੇ ਖੜ੍ਹ ਗਏ। ਪੰਜਾਬ ਤੋਂ ਇਲਾਵਾ ਪੂਰੇ ਉਤਰੀ ਭਾਰਤ ਦੇ ਰਾਜਾਂ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ, ਦਿੱਲੀ, ਰਾਜਸਥਾਨ , ਉਤਰ ਪਦੇਸ਼ ਤੋਂ ਇਲਾਵਾ ਮੱਧਪ੍ਰਦੇਸ਼ ਤੇ ਮਹਾਂਰਾਸ਼ਟਰ ਤੱਕ ਉਹਨਾਂ ਨੇ ਆਪਣੀਆਂ ਮਿਸ਼ਨਰੀ ਗਤੀਵਿਧੀਆਂ ਰਾਹੀਂ ਸਮਾਜਿਕ ਪ੍ਰੀਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਨੂੰ ਦਿਨ ਰਾਤ ਇਕ ਕਰਕੇ ਵਧ-ਾਉਣ ਲਈ ਮਹੱਤਵ ਪੂਰਨ ਯੋਗ ਦਾਨ ਪਾਇਆ ਤੇ ਆਪਣੀ ਮਿਹਨਤ ਲਗਨ ਤੇ ਦਿਆਨਤਦਾਰੀ ਸਦਕਾ ਕੌਮੀ ਆਗੂ ਵਜੋਂ ਉੱਭਰੇ। ਹੁਸ਼ਿਆਰਪੁਰ, ਨਵਾਂ ਸ਼ਹਿਰ, ਬੰਗਾ, ਫਗਵਾੜਾ, ਗੜ੍ਹ ਸ਼ੰਕਰ, ਫਿਲੌਰ ਤੇ ਜਲੰਧਰ ਖੇਤਰਾਂ ਵਿੱਚ ਲਗਾਤਾਰ ਤੇ ਤਾਬੜ ਤੋੜ ਲਗਾਏ ਕੇਡਰ ਕੈਂਪਾਂ, ਨੁੱਕੜ ਮੀਟਿੰਗਾਂ ਤੇ ਰੈਲੀਆਂ ਨੇ ਦੁਆਬਾ ਖੇਤਰ ਵਿੱਚ ਚੇਤਨਾ ਲਹਿਰ ਪ੍ਰਚੰਡ ਰੂਪ ਅਖਤਿਆਰ ਕਰ ਰਹੀ ਸੀ ਤੇ ਲਾਖਾ ਜੀ ਦਲਿਤ ਵਰਗ ਵਿੱਚ ਨਾਇਕ ਵਜੋਂ ਉੱਭਰ ਰਹੇ ਸਨ। ਅਕਾਲੀ ਸਫਾਂ ਵਿੱਚ ਬਸਪਾ ਦਾ ਪ੍ਰਭਾਵ ਵੱਧ ਰਿਹਾ ਸੀ। ਤੇ ਲਾਖਾ ਜੀ ਸਿੱਖਾਂ ਤੇ ਪੰਜਾਬ ਨਾਲ ਹੋ ਰਹੇ ਵਿਤਕਰੇ ਬਾਰੇ ਖੁੱਲ੍ਹ ਕੇ ਬੋਲਦੇ ਸਨ।



ਇਸ ਲਈ 1989 ਵਿੱਚ ਹੋਈ ਆਂ ਸੰਸਦੀ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਮਰੱਥਨ ਸਦਕਾ ਲਾਖਾ ਜੀ ਫਿਲੌਰ ਰਾਖਵੀਂ ਸੀਟ ਤੋਂ ਬਸਪਾ ਦੇ ਪਹਿਲੇ ਸਾਂਸਦ ਬਣ ਗਏ। ਯੂ. ਪੀ . ਬਿਜਨੌਰ ਤੋਂ ਬੀਬੀ ਮਾਇਆਵਤੀ ਤੇ ਆਜਮਗੜ ਤੋਂ ਰਾਮ ਕ੍ਰਿਸ਼ਨ ਯਾਦਵ ਸਾਂਸਦ ਜਿੱਤਣ ਨਾਲ ਬਸਪਾ ਕੌਮੀ ਰਾਜਨੀਤੀ ਵਿੱਚ ਦਾਖਲ ਹੋ ਕੇ ਚਰਚਿਤ ਹੋ ਚੁੱਕੀ ਸੀ। ਪੰਜਾਬ ਅੰਦਰ ਬਸਪਾ 1989 ਵਿਚ ਮਾਨਤਾ ਪਰਾਪਤ ਪਾਰਟੀ ਬਣ ਗਈ ਸੀ। ਬਸਪਾ ਦੀ ਹਾਜ਼ਰੀ ਸਦਕਾ ਕਾਂਗਰਸ ਦਾ ਲੋਕ ਆਧਾਰ ਤੇਜ਼ੀ ਨਾਲ ਖੁਰਨ ਲੱਗਾ ਤੇ ਵਿਰੋਧੀ ਪਾਰਟੀਆਂ ਦੇ ਗਠਜੋੜ ਸਦਕਾ ਠਾਕੁਰ ਵੀ. ਪੀ. ਸਿੰਘ ਦੀ ਅਗਵਾਈ ਵਿੱਚ ਕੇਂਦਰ 'ਚ ਗੈਰ ਕਾਂਗਰਸੀ ਸਰਕਾਰ ਬਣ ਗਈ। ਮਾਰਚ-ਅਪ੍ਰੈਲ 1990 ਨੂੰ ਬਸਪਾ ਵੱਲੋਂ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਨ ਲਈ ਬੋਟ ਕਲੱਬ ਤੇ 45 ਦਿਨਾਂ ਲਈ ਲਗਾਏ ਗਏ ਧਰਨੇ ਵਿੱਚ ਲਾਖਾ ਜੀ ਦੀ ਮਹੱਤਵ ਪੂਰਨ ਭੂਮਿਕਾ ਰਹੀ।

ਮੰਡਲ ਕਮਿਸ਼ਨ ਦੇ ਮੁੱਦੇ ਤੇ ਵੀ. ਪੀ. ਸਿੰਘ ਦੇ ਅਸਤੀਫੇ ਤੋਂ ਬਾਅਦ 1990 ਵਿਚ ਠਾਕੁਰ ਚੰਦਰ ਸ਼ੇਖਰ ਦੀ ਸਰਕਾਰ ਹੋਂਦ ਵਿੱਚ ਆ ਗਈ ਤਾਂ ਲਾਖਾ ਜੀ ਨੂੰ ਲੇਬਰ ਮੰਤਰਾਲੇ ਦਾ ਵਜ਼ੀਰ ਬਣਾਉਣ ਦੀ ਪੇਸ਼ਕਸ਼ ਕੀਤੀ ਗਈ। ਜੋ ਉਹਨਾਂ ਨੇ ਠੁਕਰਾ ਕੇ ਬਹੁਜਨ ਸਮਾਜ ਨਾਲ ਆਪਣੀ ਵਫਾਦਾਰੀ ਪਾਲੀ। ਉਹਨਾਂ ਦਾ ਫਲੈਟ ਦੇਸ਼ ਭਰ ਦੇ ਵਰਕਰਾਂ ਲਈ ਸਰਾਂ ਵਾਂਗ ਰਿਹਾਇਸ਼ -ਗਾਹ ਸੀ। ਜਿਥੇ ਹਮੇਸ਼ਾਂ ਲੰਗਰ ਚੱਲਦਾ ਰਹਿੰਦਾ ਸੀ। ਲਾਖਾ ਜੀ ਵਧੀਆ ਤੇ ਬੇਬਾਕ ਬੁਲਾਰੇ ਸਨ ਤੇ ਅੰਗਰੇਜੀ ਬੋਲਣ ਵਿਚ ਉਹਨਾਂ ਨੂੰ ਚੰਗੀ ਮੁਹਾਰਤ ਹਾਸਲ ਸੀ ਇਸ ਲਈ ਉਹ ਪੜ੍ਹੇ ਲਿਖੇ ਅਧਿਕਾਰੀਆਂ ਤੇ ਪ੍ਰਧਾਨ ਮੰਤਰੀ ਤੱਕ ਨਾਲ ਗੱਲ ਕਰਨ ਦੇ ਸਮਰੱਥ ਸੀ। ਉਹ ਕਿਸੇ ਵੀ ਅਧਿਕਾਰੀ ਜਾਂ ਆਗੂ ਨਾਲ ਮਿਲਣੀ ਸਮੇਂ ਉਹਨੂੰ ਮਿਸ਼ਨ ਸਮਝਾਉਣ ਤੋਂ ਨਾ ਉੱਕਦੇ। ਭਾਵੇਂ ਉਹਨਾਂ ਦਾ ਪਹਿਰਾਵਾ ਸਾਦਾ ਹੁੰਦਾ ਪਰ ਉਹ ਖੁਲ੍ਹਾ ਖਾਣ ਪੀਣ ਦੇ ਸ਼ੌਕੀਨ ਸਨ। ਉਹ ਆਪਣੀ ਪਤਨੀ ਬੀਬੀ ਚਰਨ ਕੌਰ ਵੱਲੋਂ ਮਿਲੇ ਸਹਿਯੋਗ ਲਈ ਸ਼ੁਕਰਗੁਜ਼ਾਰ ਹੁੰਦਿਆਂ ਨਿਝੱਕ ਆਖਦੇ ਸਨ ਕਿ ਉਹਨਾਂ ਦੀ ਗੈਰ ਮੌਜੂਦਗੀ ਵਿੱਚ ਬੇਟੀ ਕਮਲੇਸ਼ (ਐਮ. ਏ .ਪਾਸ ਹਨ ਜਿਸ ਦੀ ਸ਼ਾਦੀ ਸ੍ਰੀ ਜਸਵੰਤ ਰਾਏ ਆਈ. ਆਰ. ਐਸ. ਨਾਲ ਹੋਈ) , ਬੇਟੇ ਕਮਲਜੀਤ ਸਿੰਘ , ਪਰਮਜੀਤ ਸਿੰਘ ਤੇ ਰਛਪਾਲ ਸਿੰਘ ਦੀ ਨਾਂ ਸਿਰਫ ਸੁਚੱਜੀ ਪਰਵਰਿਸ਼ ਹੀ ਕੀਤੀ ਬਲਕਿ ਉਹਨਾਂ ਨੂੰ ਉਚ ਵਿਦਿਆ ਵੀ ਦਿਵਾਈ ਤੇ ਮਿਸ਼ਨਰੀ ਗਤੀਵਿਧੀਆਂ ਵਿੱਚ ਵੀ ਭਰਵਾਂ ਸਾਥ ਦਿੱਤਾ ।ਉਹ ਮਿਸ਼ਨਰੀ ਵਰਕਰਾਂ ਦੀਆਂ ਪਰਿਵਾਰਕ ਲੋੜਾਂ ਤੇ ਦੁੱਖਾਂ ਤਕਲੀਫਾਂ ਵਿਚ ਸ਼ਰੀਕ ਹੋਣਾ ਆਪਣਾ ਨੈਤਿਕ ਫ਼ਰਜ਼ ਸਮਝਦੇ ਸਨ।

1996 ਵਿਚ ਉਹ ਦੂਸਰੀ ਵਾਰ ਸਾਂਸਦ ਬਣ ਗਏ ਪਰ ਕਰਨਾਣੇ ਪਿੰਡ ਵਿੱਚ ਉਹਨਾਂ ਦਾ 4 ਫੁੱਟੀ ਗਲੀ ਦੇ ਅਖੀਰ ਤੇ ਓਹੀ 3 ਮਰਲੇ ਦਾ ਘਰ ਰਿਹਾ। ਉਹ ਇਕ ਨੰਬਰ ਦੇ ਇਮਾਨਦਾਰ ਤੇ ਮਿਸ਼ਨਰੀ ਵਰਕਰK ਆਗੂ ਬਣ ਕੇ ਵਿਚਰੇ। ਕੋਈ ਲਾਲਚ ਉਹਨਾਂ ਨੂੰ ਡੁਲਾਅ ਨਾ ਸਕਿਆ। 13 ਦਿਨਾਂ ਲਈ ਬਣ ਕੇ ਡੁੱਬ ਰਹੀ ਵਾਜਪਾਈ ਸਰਕਾਰ ਨੂੰ ਠੁੰਮਣਾ ਦੇਣ ਲਈ 10 ਕਰੋੜ ਦੀ ਹੋਈ ਪੇਸ਼ਕਸ਼ ਉਹਨਾਂ ਨੇ ਸਮਾਜਿਕ ਹਿੱਤ ਵਿੱਚ ਠੁਕਰਾ ਦਿੱਤੀ । ਉਹ ਪੂਰੇ ਦੇਸ਼ 'ਚ ਘੁੰਮ ਕੇ ਸਮਾਜ ਨੂੰ ਛੋਟੇ ਛੋਟੇ ਲਾਲਚਾਂ ਲਈ ਵਿਕਣ ਤੋਂ ਵਰਜਦੇ ਰਹੇ। ਉਹ ਪੈਸਿਆਂ ਲਈ ਲੱਗਣ ਵਾਲੀ ਕਿਸੇ ਵੀ ਊਜ ਤੋਂ ਬੇਦਾਗ ਰਹੇ। ਬੇਸ਼ਕ ਉਹਨਾਂ ਦੇ ਪਰਿਵਾਰਕ ਮੈਂਬਰ ਭੈਣ, ਭਰਾ ਅਤੇ ਬੱਚੇ, ਬੱਚੀਆਂ ਉਚੇ ਰੁਤਬਿਆਂ ਤੇ ਪੁੱਜ ਗਏ ਸਨ ਪਰ ਉਹ ਆਪਣੀ ਬਜੁਰਗ ਮਾਂ ਨਾਲ ਤੇ ਪ੍ਰਵਾਰ ਨਾਲ ਆਪਣੇ ਜੱਦੀ ਘਰ ਵਿੱਚ ਹੀ ਰਹੇ। ਉਹ ਵੱਡੇ ਜੇਰੇ ਵਾਲੇ ਨਿਡਰ, ਬੇਪ੍ਰਵਾਹ ਤੇ ਦਰਵੇਸ਼ ਕਿਸਮ ਦੇ ਮਨੁੱਖ ਸਨ। ਉਹ ਮਿਸ਼ਨ, ਸਮਾਜ ਜਾਂ ਪਾਰਟੀ ਨਾਲ ਬੇਵਫਾਈ ਕਰਨ ਬਾਰੇ ਕਦੇ ਸੋਚ ਵੀ ਨਹੀਂ ਸਨ ਸਕਦੇ। ਪ੍ਰੰਤੂ ਇਸ ਦੇ ਬਾਵਜੂਦ ਕੌਮੀ ਲੀਡਰਸ਼ਿਪ ਵੱਲੋਂ ਲਾਖਾ ਜੀ ਨੂੰ ਵਰਕਰਾਂ Kਲੋਕਾਂ ਦੀ ਨਜ਼ਰ ਵਿੱਚ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ। ਉਨ੍ਹਾਂ ਨੂੰ ਅਣਕਿਆਸੇ, ਤੇ ਅਣਹੋਏ ਦੋਸ਼ਾਂ ਨਾਲ ਸਟੇਜਾਂ ਤੇ ਭੰਡਿਆ ਜਾਂਦਾ ਰਿਹਾ। ਉਹ ਲਹਿਰ ਵਿੱਚ ਉੱਭਰਦੇ ਗੰਦੇ ਅਨਸਰਾਂ ਵਿਰੁੱਧ ਤੇ ਮਿਸ਼ਨ ਨੂੰ ਢਾਹ ਲਾਉਣ ਵਾਲੀਆਂ ਕਾਲੀਆਂ ਭੇਡਾਂ ਬਾਰੇ ਸਾਹਿਬ ਕਾਂਸ਼ੀ ਰਾਮ ਨੂੰ ਨਿਝੱਕ ਕਹਿ ਸਕਣ ਦਾ ਸਾਹਸ ਰੱਖਦੇ ਸਨ। ਜਿਸ ਕਰਕੇ ਸਗੋਂ ਕਈ ਵਾਰ ਉਲਟਾ ਉਨ੍ਹਾਂ ਨੂੰ ਹੀ ਅਪਮਾਨਿਤ ਹੋਣਾ ਪਿਆ। ਪਰ ਉਹ ਅਕਸਰ ਕਿਹਾ ਕਰਦੇ ਸਨ ਕਿ "ਸਮਾਜਿਕ ਹਿੱਤਾਂ ਤੇ ਮਿਸ਼ਨ ਦੀ ਬਿ-ਹਤਰੀ ਲਈ ਵਿਅਕਤੀਗਤ ਅਪਮਾਨ ਕੋਈ ਅਰਥ ਨਹੀਂ ਰੱਖਦਾ। ਮਿਸ਼ਨ ਵਿੱਚ-"Insult and Injury" ਮਾ-ਮੂਲੀ ਗੱਲ ਹੈ"- ਉਹ ਆਖਦੇ। ਜਿਹੜੇ ਲੋਕਾਂ ਨੂੰ ਮਿਸ਼ਨ ਵਿੱਚ ਉਂਗਲ ਫੜਕੇ ਲਾਖਾ ਜੀ ਨੇ ਤੁਰਨਾ ਸਿਖਾਇਆ , ਗਲੇ ਦਾ ਹਾਰ ਬਣਾ ਕੇ ਰੱਖਿਆ, ਉਨ੍ਹਾਂ ਨੂੰ ਉੱਚੇ ਰੁਤਬਿਆਂ ਤੇ ਪੁਚਾਉਣ ਲਈ ਪੜੁੱਲ ਬਣੇ ਕੁੱਝ ਓਹੀ ਗੁਰਗੇ ਉਹਨਾਂ ਲਈ ਆਸਤੀਨ ਦੇ ਸੱਪ ਬਣਦੇ ਰਹੇ।

ਫਰਵਰੀ 2002 ਦੀਆਂ ਪੰਜਾਬ ਵਿਧਾਨ ਸਭਾਈ ਚੋਣਾਂ ਨੇ ਸਾਹਿਬ ਕਾਂਸ਼ੀ ਰਾਮ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ, ਸੁਪਨੇ ਚਕਨਾਚੂਰ ਹੋ ਗਏ, ਉਨ੍ਹਾਂ ਦਾ ਦਿਲ ਟੁੱਟ ਗਿਆ। ਕੌਮੀ ਮੀਤ ਪ੍ਰਧਾਨ ਬੀਬੀ ਮਾਇਆਵਤੀ ਉਹਨਾਂ ਤੇ ਭਾਰੂ ਹੁੰਦੀ ਗਈ ਉਹ ਪਾਰਟੀ ਵਿੱਚ ਧੱਕੇ ਨਾਲ ਆਪਣੇ ਫੈਸਲੇ ਠੋਸਣ ਲੱਗ ਗਈ। 23 ਜਨਵਰੀ 2003 ਨੂੰ ਸਾਹਿਬ ਕਾਂਸ਼ੀ ਰਾਮ ਦੀ ਇੱਛਾ ਦੇ ਵਿਰੁੱਧ ਬੀਬੀ ਮਾਇਆਵਤੀ ਵੱਲੋਂ ਅਵਤਾਰ ਸਿੰਘ ਕਰੀਮਪੁਰੀ ਨੂੰ ਬਸਪਾ ਪੰਜਾਬ ਦਾ ਪ੍ਰਧਾਨ ਐਲਾਨ ਦਿੱਤਾ ਗਿਆ। ਜਿਸ ਕਰਕੇ ਪੰਜਾਬ ਦੀ ਸਮੁੱਚੀ ਬਸਪਾ ਲੀਡਰਸ਼ਿਪ, ਮਿਸ਼ਨਰੀ, ਸਿਰੜੀ ਮਿਹਨਤੀ ਤੇ ਦਿਆਨਤਦਾਰ ਵਰਕਰਾਂ ਵਿੱਚ ਰੋਸ ਫੈਲ ਗਿਆ। ਕਿਉਂਕਿ ਉਹਦੀਆਂ ਗੈਰ ਮਿਸ਼ਨਰੀ ਤੇ ਪਾਰਟੀ ਵਿਰੋਧੀ ਗਤੀਵਿਧੀਆਂ ਸਦਕਾ ਬਸਪਾ ਸੁਪਰੀਮੋ ਸਟੇਜਾਂ ਤੇ ਉਸਨੂੰ ਭੰਡਦੇ ਰਹਿੰਦੇ ਸਨ ਅਤੇ ਸ਼ਰੇਆਮ ਪਾਰਟੀ ਦੇ ਫੰਡ ਹੜੱਪਣ ਅਤੇ ਮਿਸ਼ਨ ਨੂੰ ਖੋਰਾ ਲਾਉਣ ਵਾਲਾ ਗਰਦਾਨਦੇ ਸਨ। 8 ਜਨਵਰੀ 2003 ਦੇ ਜੱਗਬਾਣੀ ਅਖ਼ਬਾਰ ਅਨੁਸਾਰ ਕਰੀਮਪੁਰੀ ਵੱਲੋਂ ਸਾਹਿਬ ਕਾਂਸ਼ੀ ਰਾਮ ਵਿਰੁੱਧ ਤਿੱਖਾ ਬਿਆਨ ਦਾਗਿਆ ਗਿਆ ਸੀ ਇਸ ਦੇ ਬਾਵਜੂਦ ਵੀ ਬੀਬੀ ਮਾਇਆਵਤੀ ਵੱਲੋਂ ਉਸਨੂੰ ਪੰਜਾਬ ਪ੍ਰਧਾਨ ਸਥਾਪਿਤ ਕਰਨਾ ਬਸਪਾ ਵਰਕਰਾਂ ਨੂੰ ਹਜ਼ਮ ਨਹੀਂ ਹੋ ਰਿਹਾ ਸੀ।

29 ਜਨਵਰੀ ਨੂੰ ਪਰਜਾਪਤ ਭਵਨ ਜਲੰਧਰ ਵਿਖੇ ਪੰਜਾਬ ਦੇ ਬਸਪਾ ਵਰਕਰਾਂ ਦੀ ਮੀਟਿੰਗ ਰੱਖੀ ਗਈ। ਜਿਸ ਨੂੰ ਬੀਬੀ ਮਾਇਆਵਤੀ ਵੱਲੋਂ ਹੀ ਮਨੋਨੀਤ ਕੀਤੇ ਪੰਜਾਬ ਦੇ ਕੋਆਰਡੀਨੇਟਰ ਸ੍ਰੀ ਨਰਿੰਦਰ ਕਸ਼ਯਪ ਮੈਂਬਰ ਵਿਧਾਨ ਪ੍ਰੀਸ਼ਦ ਉੱਤਰ ਪ੍ਰਦੇਸ਼ ਨੇ ਸੰਬੋਧਨ ਕਰਦਿਆਂ ਅਵਤਾਰ ਸਿੰਘ ਕਰੀਮਪੁਰੀ ਨੂੰ ਬਸਪਾ ਪੰਜਾਬ ਦਾ ਰਸਮੀ ਤੌਰ ਪ੍ਰਧਾਨ ਐਲਨਿਆਂ ਗਿਆ। ਮਿਸ਼ਨਰੀ ਵਰਕਰਾਂ ਵਿੱਚ ਇਸ ਐਲਾਨ ਤੋਂ ਬਾਅਦ ਇਕ ਮਾਨਸਿਕ ਬੇਚੈਨੀ ਪਾਈ ਗਈ। ਮੀਟਿੰਗ ਤੋਂ ਬਾਅਦ ਲਾਖਾ ਜੀ ਬਸਪਾ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਨੂੰ ਕੀਰਤਪੁਰ ਸਾਹਿਬ ਲਾਗੇ ਉਹਨਾਂ ਦੇ ਗ੍ਰਹਿ ਬੁੰਗਾ ਸਾਹਿਬ ਵਿਖੇ ਮਿਲੇ। ਸਾਹਿਬ ਨੇ ਆਖਿਆ ਕਿ -" ਮੈਂ ਕਰੀਮਪੁਰੀ ਨੂੰ ਪ੍ਰਧਾਨ ਨਹੀਂ ਬਣਾਇਆ " ਉਲਟਾ ਉਨ੍ਹਾਂ ਨੇ ਸਵਾਲ ਕੀਤਾ ਕਿ-" ਕੀ ਪੰਜਾਬ ਦੇ ਲੋਕ ਉਹਨੂੰ ਪ੍ਰਧਾਨ ਮੰਨਦੇ ਹਨ? " " ਨਰਿੰਦਰ ਕਸ਼ਯਪ ਕੌਣ ਐ?. ਮੈਂ ਉਹਨੂੰ ਜਾਣਦਾ ਤੱਕ ਨਹੀਂ।"



ਲਾਲ ਸਿੰਘ ਸੁਲਹਾਣੀ
91-98721-55120

5 ਮਾਰਚ ਨੂੰ ਸਰਕਟ ਹਾਊਸ ਜਲੰਧਰ ਵਿਖੇ ਪ੍ਰੈਸ ਕਾਨਫਰੰਸ (ਜਿਸ ਵਿੱਚ ਮੇਰੇ ਇਲਾਵਾ ਚੌਧਰੀ ਦਰਸ਼ਨ ਲਾਲ, ਮੇਜਰ ਪਿਰਤਪਾਲ ਸਿੰਘ ਪ੍ਰਧਾਨ ਕਿਸਾਨ ਵਿੰਗ ਪੰਜਾਬ, ਮਾਸਟਰ ਗੁਰਬਚਨ ਸਿੰਘ ਪਟਿਆਲਾ ਤੇ ਹੋਰ ਕਈ ਆਗੂ ਤੇ ਮਿਸ਼ਨਰੀ ਵਰਕਰ ਲਾਖਾ ਜੀ ਨਾਲ ਮੌਜੂਦ ਸਨ) ਦੌਰਾਨ ਸਾਹਿਬ ਕਾਂਸ਼ੀ ਰਾਮ ਦੀ ਇੱਛਾ ਤੋਂ ਜਾਣੂ ਕਰਵਾਉਂਦਿਆਂ ਬੀਬੀ ਮਾਇਆਵਤੀ ਨੂੰ ਆਪਣੇ ਫੈਸਲੇ ਤੇ ਮੁੜ ਵਿਚਾਰ ਕਰਨ ਲਈ ਅਪੀਲ ਕੀਤੀ ਗਈ। ਪਰ ਮੁੜ ਵਿਚਾਰ ਕਰਨ ਦੀ ਬਜਾਏ 30 ਮਾਰਚ 2003 ਨੂੰ ਬੀਬੀ ਮਾਇਆਵਤੀ ਵੱਲੋਂ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਵਿਚ ਇਕ ਸੰਮੇਲਨ ਰੱਖ ਦਿੱਤਾ ਗਿਆ। ਜਿਸ ਦੀ ਤਿਆਰੀ ਲਈ ਕਰੀਮਪੁਰੀ ਜੁੰਡਲੀ ਵੱਲੋਂ ਜੋ ਫਲੈਕਸ, ਹੋਰਡਿੰਗਜ਼ ਜਾਂ ਕੱਟ ਆਊਟ ਲਾਏ ਗਏ ਉਹਨਾਂ ਵਿਚੋਂ ਬਸਪਾ ਸੁਪਰੀਮੋ ਨੂੰ ਪੂਰੀ ਤਰ੍ਹਾਂ ਮਨਫੀ ਕਰ ਦਿੱਤਾ ਗਿਆ। ਇਹ ਸਾਰੀਆਂ ਗਤੀਵਿਧੀਆਂ ਕਰੀਮਪੁਰੀ ਜੁੰਡਲੀ ਦੇ ਭਾਵੀ ਇਰਾਦਿਆਂ ਦੀ ਪੇਸ਼ਕਾਰੀ ਸਨ। ਦੂਜੇ ਪਾਸੇ ਵਰਕਰਾਂ ਵਿੱਚ ਵਿਦਰੋਹ ਤੇ ਗੁੱਸਾ ਪਨਪ ਰਿਹਾ ਸੀ।

ਬੀਬੀ ਮਾਇਆਵਤੀ ਵੱਲੋਂ ਲਾਖਾ ਜੀ ਸਮੇਤ ਪੰਜਾਬ ਦੇ ਪੰਜ ਸਿਖਰਲੇ (ਲਾਲ ਸਿੰਘ ਸੁਲਹਾਣੀ, ਦਰਸ਼ਨ ਲਾਲ ਜੇਤੂ ਮਜਾਰਾ, ਮੇਜਰ ਪਿਰਤਪਾਲ ਸਿੰਘ ਮਾਸਟਰ ਗੁਰਬਚਨ ਸਿੰਘ ਪਟਿਆਲਾ) ਆਗੂਆਂ ਨੂੰ ਬਿਨਾਂ ਕਿਸੇ ਨੋਟਿਸ ਦਿੱਤੇ, ਬਿਨਾ ਕਿਸੇ ਦਲੀਲ ਅਪੀਲ ਸੁਣਿਆਂ ਤੇ ਬਿਨਾਂ ਕੋਈ ਦੋਸ਼ ਲਾਇਆਂ ਪਾਰਟੀ ਵਿੱਚੋਂ ਕੱਢੇ ਜਾਣ ਦਾ ਐਲਾਨ ਕਰ ਮਾਰਿਆ । ਜਿਸ ਨਾਲ ਪੰਡਾਲ ਵਿੱਚ ਭਾਰੀ ਮਾਯੂਸੀ ਛਾ ਗਈ ਤੇ ਬੇਚੈਨ ਬਸਪਾ ਵਰਕਰ ਪੰਡਾਲ ਚੋਂ ਖਿਸਕਣ ਲੱਗ ਗਏ। ਇਸ ਕਾਂਡ ਤੋਂ ਬਾਅਦ ਬਸਪਾ ਦੀ ਮਿਸ਼ਨਰੀ ਰੂਹ ਖੁਰਨੀ ਸ਼ੁਰੂ ਹੋ ਗਈ। ਸੁਹਿਰਦ, ਦਿਆਨਤਦਾਰ ਤੇ ਪਾਰਟੀ ਜਾਂ ਸਮਾਜ ਲਈ ਕੁੱਝ ਵੀ ਕਰ ਗੁਜ਼ਰਨ ਦੀ ਚੇਸ਼ਟਾ ਪਾਲੀ ਬੈਠੇ ਮਿਸ਼ਨਰੀਆਂ ਦੇ ਹੌਸਲੇ ਪਸਤ ਹੋ ਗਏ, ਉਹ ਮਾਯੂਸ ਤੇ ਲਾਚਾਰ ਹੋਕੇ ਘਰ ਬੈਠ ਗਏ ਜਿਸ ਨਾਲ ਬਸਪਾ ਦਾ ਤੇਜ਼ੀ ਨਾਲ ਪਤਨ ਸ਼ੁਰੂ ਹੋ ਗਿਆ।

8-9-10 ਜਨਵਰੀ 2004 ਨੂੰ ਲਾਖਾ ਜੀ ਵੱਲੋਂ ਨਾਰਥ ਐਵੇਨਿਊ ਵਾਲੇ ਐਮ .ਪੀ.ਕਲੱਬ ਨਵੀਂ ਦਿੱਲੀ ਵਿੱਚ ਦੇਸ਼ ਭਰ ਦੇ ਸੁਹਿਰਦ ਤੇ ਸੀਨੀਅਰ ਬਸਪਾ ਆਗੂਆਂ ਤੇ ਮਿਸ਼ਨਰੀ ਵਰਕਰਾਂ ਦਾ ਸੈਮੀਨਾਰ ਰੱਖਿਆ ਗਿਆ। ਜਿਸ ਵਿੱਚ ਸ. ਗੁਰਨਾਮ ਸਿੰਘ ਮੁਕਤਸਰ ਵੀ ਪੁੱਜੇ ਸਨ। ਗੰਭੀਰ ਵਿਚਾਰ ਵਟਾਂਦਰੇ ਤੇ ਗਹਿਰੇ ਮੰਥਣ ਤੋਂ ਬਾਅਦ ਲਹਿਰ ਦੀ ਖੁਰਦੀ ਜਾ ਰਹੀ ਸ਼ਾਖ ਨੂੰ ਬਚਾਉਣ ਲਈ 23 ਮੈਂਬਰੀ ਕੌਮੀ ਕਮੇਟੀ ਦਾ ਗਠਨ ਕੀਤਾ ਗਿਆ। ਪਰ ਲਾਖਾ ਜੀ ਦੀਆਂ ਆਸਾਂ ਨੂੰ ਬੂਰ ਨਾ ਪਿਆ। ਹੱਥੀਂ ਬਣਾਏ ਮਹਿਲ ਨੂੰ ਢਹਿ ਢੇਰੀ ਹੁੰਦਿਆਂ ਵੇਖ ਲਾਖਾ ਜੀ ਡਾਹਢੇ ਮਾਯੂਸ ਤੇ ਚਿੰਤਤ ਸਨ, ਲਾਚਾਰੀ ਤੇ ਬੇਬਸੀ ਨੇ ਉਹਨਾਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ।

ਸਟੂਡੈਂਟ ਵਿੰਗ, ਯੂਥ ਵਿੰਗ ਅਤੇ ਇਸਤਰੀ ਵਿੰਗ ਬਣਾ ਕੇ ਉਹਨਾਂ ਨੂੰ ਪੂਰੀ ਮੁਸ਼ਤੈਦੀ ਨਾਲ ਗਤੀਸ਼ੀਲ ਰੱਖਣ ਵਿੱਚ ਲਾਖਾ ਜੀ ਦਾ ਭਰਵਾਂ ਯੋਗਦਾਨ ਰਿਹਾ ਹੈ। ਉਹਨਾਂ ਦੀ ਸੁਚੱਜੀ ਅਗਵਾਈ ਹੇਠ ਜੋ ਬਹੁਜਨ ਲਹਿਰ ਪੂਰੇ ਜੋਬਨ ਤੇ ਸੀ ਉਸ ਤੋਂ ਬਾਅਦ ਉਹ ਮੁੱਠੀ ਵਿੱਚੋਂ ਰੇਤ ਵਾਂਗ ਕਿਰਦੀ ਚਲੀ ਗਈ। ਮਈ 2014 ਦੇ ਪਹਿਲੇ ਹਫਤੇ ਮੈਂ ਉਨ੍ਹਾਂ ਦੀ ਮਿਜਾਜ਼ਪੁਰਸੀ ਲਈ ਗਿਆ। ਰਾਤ ਨੂੰ ਮਿਸ਼ਨ ਦੀਆਂ ਗੱਲਾਂ ਬੜੇ ਭਰੇ ਮਨ ਨਾਲ ਕਰਦੇ ਰਹੇ ਤੇ ਭਵਿੱਖ ਵਿੱਚ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਪ੍ਰਤੀ ਉਹ ਡਾਹਢੇ ਉਤਸ਼ਾਹਿਤ ਵੀ ਸਨ। 6 ਜੂਨ ਨੂੰ ਉਹਨਾਂ ਨੇ ਦਸਮੇਸ਼ ਤਰਣਾ ਦਲ ਦੇ ਮੁਖੀ ਨਿਹੰਗ ਸਿੰਘ ਬਾਬਾ ਬਲਕਾਰ ਸਿੰਘ ਸੋਢੀ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂ ਸ. ਕਰਨੈਲ ਸਿੰਘ ਪੀਰ ਮੁਹੰਮਦ ਸਮੇਤ ਘੋੜਿਆਂ ਤੇ ਸਵਾਰ ਹੋਕੇ ਵੱਡੇ ਕਾਫਲੇ ਸਹਿਤ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਜਾਕੇ ਅੰਮ੍ਰਿਤ ਛਕ ਲਿਆ। ਸਿੰਘ ਸਜ ਕੇ ਉਨ੍ਹਾਂ ਸੰਕਲਪ ਲਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ" ਬੇਗਮਪੁਰਾ" ਵਸਾਉਣ ਦਾ ਸੁਪਨਾ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਗਰੀਬ ਸਿੱਖਾਂ ਨੂੰ " ਸਰਦਾਰ ਤੇ ਪਾਤਸ਼ਾਹ" ਬਣਾਉਣ ਦੀ ਸੋਚ ਨੂੰ ਨੇਪਰੇ ਚਾੜ੍ਹਨ ਲਈ ਜੁਟ ਜਾਣਗੇ। ਉਹ ਪੂਰੇ ਦੇਸ਼ ਅੰਦਰ ਇਸ ਮਾਨਵੀ ਸੋਚ ਨੂੰ ਲਿਜਾਣ ਲਈ ਦਿਨ ਰਾਤ ਇੱਕ ਕਰ ਦੇਣਗੇ। ਪ੍ਰੰਤੂ 11 ਜੂਨ ਨੂੰ ਮਨਹੂਸ ਖਬਰ ਮਿਲੀ ਕਿ ਲਾਖਾ ਜੀ ਨਹੀਂ ਰਹੇ ਇਸ ਤਰ੍ਹਾਂ ਉਹ ਰੰਗਲਾ ਸੱਜਣ ਦਿਲ ਦੀਆਂ ਦਿਲ ਵਿੱਚ ਲੈ ਕੇ ਸੰਸਾਰ ਦੇ ਰੰਗ ਮੰਚ ਤੋਂ ਸਦਾ ਲਈ ਅਲੋਪ ਹੋ ਗਿਆ। ਪਰ ਦੋ ਵਾਰ ਮੈਂਬਰ ਪਾਰਲੀਮੈਂਟ ਰਹਿ ਚੁਕੇ ਹੋਣ ਦੈ ਬਾਵਜੂਦ ਉਹਨਾਂ ਦੇ ਸਸਕਾਰ ਮੌਕੇ ਪੰਜਾਬ ਸਰਕਾਰ ਜਾਂ ਪਰਸਾਸ਼ਨ ਵਲੋਂ ਉਹਨਾਂ ਨੂੰ ਢੁਕਵਾਂ ਸਨਮਾਨ ਨਹੀ ਦਿੱਤਾ ਗਿਆ ਸੀ।

# ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਪੁਰਬ ਮਨਾਇਆ ਗਿਆ

**ਖੰਨਾ–** ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖੰਨਾ ਵਿਖੇ ਡਾ ਅੰਬੇਡਕਰ ਨਗਰ ਵਿਚ ਗੁਰੂ ਜੀ ਦਾ ਜਨਮ ਦਿਨ ਮਨਾਇਆ ਗਿਆ ਇਸ ਮੌਕੇ ਸ੍ਰੀ ਗੁਰੂ ਰਵਿਦਾਸ ਕਲਿਆਣ ਸੇਵਾ ਦਲ ਅਤੇ ਹੋਰ ਕਈ ਸੰਸਥਾਵਾਂ ਨੇ ਵੀ ਆਪਣਾ ਯੋਗਦਾਨ ਪਾਇਆ ਉਹਨਾਂ ਦੇ ਕ੍ਰਾਂਤੀਕਾਰੀ ਜੀਵਨ ਬਾਰੇ ਕੋਈ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਦੇ ਦੱਸੇ ਹੋਏ ਰਾਹ ਤੇ ਚੱਲਣ ਦੀ ਪ੍ਰੇਰਨਾ ਵੀ ਲਈ ਇਸ ਮੌਕੇ ਪ੍ਰਧਾਨ ਦਿਲਬਾਗ ਸਿੰਘ ਲੱਖਾ ਨੇ ਬੋਲਦੇ ਹੋਏ ਦੱਸਿਆ ਕਿ ਸਤਿਗੁਰੂ ਕਬੀਰ ਜੀ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਭਲੋ ਕਬੀਰ ਦਾਸ ਦਾਸਨ ਕੋ ਉਤਮ ਸੈਹਨ ਜਨ ਨਾਈ ਉਚ ਤੇ ਉਚ ਨਾਮਦੇਵ ਸਮਦਾਸੀ ਰਵਿਦਾਸ ਠਾਕਰ ਬਣ ਆਇਆ ਅਤੇ ਹੋਰ ਵੀ ਰਹੀਵਰਾ ਦੀ ਵਿਚਾਰਧਾਰਾ ਤੇ ਚਾਨਣਾ ਪਾਇਆ ਇਸ ਮੌਕੇ ਵਿਸ਼ੇਸ਼ ਤੌਰ ਤੇ ਸੋਹਣ ਲਾਲ ਸਾਪਲਾ ਜੀ ਜਰਮਨ,ਕਿਰਨ ਸਾਪਲ ਤੋਂ ਇਸ ਪ੍ਰੋਗਰਾਮ ਵਿਚ ਪਹੁੰਚੇ ਅਤੇ ਵੱਖ-ਵੱਖ ਬੁਲਾਰਿਆਂ ਨੇ ਸਤਿਗੁਰੂ ਕਬੀਰ ਜੀ ਦੀ ਕ੍ਰਾਂਤੀਕਾਰੀ ਬਾਣੀ ਨਾਲ ਜੋੜਿਆ ਪ੍ਰਧਾਨ ਸ੍ਰੀਪਾਲ ਜੀ, ਉਪ ਪ੍ਰਧਾਨ ਰਾਮਪਾਲ, ਕੇਸੀਅਰ ਸੁਰਿੰਦਰ ਕੁਮਾਰ, ਪ੍ਰਧਾਨ ਧਰਮਵੀਰ ਜੀ ਬਲਵੀਰ ਸਿੰਘ ਸੋਹਾਵੀ, ਦੀਪਕ ਕੁਮਾਰ, ਮਨੀਸ਼ ਕੁਮਾਰ, ਸੁਰਜੀਤ ਕੁਮਾਰ, ਸਿਮਰ ਅੰਬੇਡਕਰੀ, ਬਲਰਾਮ ਬਾਲੂ, ਲਲਤ ਕੁਮਾਰ, ਸੇਖਰ ਬੱਗਣ, ਸੰਤੋਖ ਸਿੰਘ ਨਵਾਂ ਪਿੰਡ, ਹਿਮਾਂਸ਼ੀ ਅਤੇ ਹੋਰ ਸਮੂਹ ਸੰਗਤਾਂ ਪਹੁੰਚੀਆਂ।



# ਨਿੱਕੀਆ ਕਰੂੰਬਲਾਂ ਪ੍ਰਕਾਸ਼ਨ ਵਲੋਂ ਸੁਰਜੀਤ ਸਿੰਘ ਬਲਾੜ੍ਹੀ ਕਲਾਂ ਨਾਲ ਸਾਹਿਤਕ ਮਿਲਣੀ

**ਮਾਹਿਲਪੁਰ–** ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਅਤੇ ਸੁਰ ਸੰਗਮ ਵਿਦਿਅਕ ਟਰੱਸਟ ਵਲੋਂ ਪ੍ਰਿੰ.ਮਨਜੀਤ ਮਾਨ ਦੀ ਅਗਵਾਈ ਹੇਠ ਇਕ ਸਾਹਿਤਕ ਮਿਲਣੀ ਦਾ ਪ੍ਰਬੰਧ ਕਰੂੰਬਲਾਂ ਭਵਨ ਵਿਚ ਕੀਤਾ ਗਿਆ।ਜਿਸ ਵਿਚ ਕੋਰੋਨਾ ਸਬੰਧੀ ਨਿਯਮਾਂ ਦੀ ਪਾਲਣਾ ਕਰਦਿਆਂ ਸਾਹਿਤਕ ਵਿਚਾਰ ਚਰਚਾ ਕੀਤੀ ਗਈ। ਇਸ ਮਿਲਣੀ ਵਿਚ ਆਸਟਰੇਲੀਆ ਤੋਂ ਉਚੇਚੇ ਤੌਰ ਤੇ ਉੱਘੇ ਬਾਲ ਸਾਹਿਤਕਾਰ ਸੁਰਜੀਤ ਸਿੰਘ ਬਲ੍ਹਾੜੀ



ਕਲਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਅਸੀਂ ਨਰੋਏ ਬਾਲ ਸਾਹਿਤ ਰਾਹੀਂ ਬੱਚਿਆਂ ਨੂੰ ਹਰ ਪ੍ਰਕਾਰ ਦੀ ਅਲਾਮਤ ਤੋਂ ਬਚਾਅ ਸਕਦੇ ਹਾਂ। ਇਸ ਲਈ ਹਰ ਬੱਚੇ ਹੱਥ ਰੌਚਕ ਅਤੇ ਅਧੁਨਿਕ ਸਮੇਂ ਦੇ ਹਾਣ ਦੀਆਂ ਬਾਲ ਪੁਸਤਕਾਂ ਦਿੱਤੀਆਂ ਕਾਣ-ਿਆਂ ਚਾਹੀਦੀਆਂ ਹਨ। ਉਹਨਾਂ ਆਪਣੀਆਂ ਸਾਹਿਤਕ ਵੰਨਗੀਆਂ ਪੇਸ਼ ਕਰਕੇ ਚੰਗੀ ਰੌਣਕ ਲਾਈ। ਉਹਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਬੋਲਦਿਆਂ ਬਲਜਿੰਦਰ ਮਾਨ ਨੇ ਕਿਹਾ ਕਿ ਸੁਰਜੀਤ ਸਿੰਘ ਅਜਕਲ ਵਿਦੇਸ਼ੀ ਧਰਤੀ ਤੇ ਮਾਂ ਬੋਲੀ ਦਾ ਝੰਡਾ ਬੁਲੰਦ ਕਰ ਰਹੇ ਹਨ। ਉਹ ਅਜ ਤਕ ਸੈਂਕੜੇ ਰਚਨਾਵਾਂ ਲਿਖ ਕੇ ਨਿੱਕੀਆਂ ਕਰੂੰਬਲਾਂ ਪੁਰਸਕਾਰ 2012 ਪ੍ਰਾਪਤ ਕਰ ਚੁੱਕੇ ਹਨ।

ਇਸ ਸਮਾਰੋਹ ਵਿਚ ਲੋਕ ਕਵੀ ਪੰਮੀ ਖੁਸ਼ਹਾਲਪੁਰੀ ਅਤੇ ਪੰਮਾ ਪੇਂਟਰ ਨੇ ਆਪਣੀਆਂ ਬਾਲ ਕਵਿਤਾਵਾਂ ਨੂੰ ਤਰੰਨਮ ਵਿਚ ਪੇਸ਼ ਕਰਕੇ ਚੰਗੀ ਭੱਲ ਖੱਟੀ। ਬੱਗਾ ਸਿੰਘ ਆਰਟਿਸਟ, ਚੈਂਚਲ ਸਿੰਘ ਬੈਂਸ, ਸੁਖਮਨ ਸਿੰਘ ਆਦਿ ਨੇ ਵੀ ਆਪੋ ਆਪਣੇ ਢੰਗ ਨਾਲ ਆਪਣੀ ਹਾਜ਼ਰੀ ਲਗਵਾਈ।ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਵਲੋਂ ਕੀਤਾ ਗਿਆ।

# ਫਰਸ਼ ਜਾਂ ਜਾਨਵਰਾਂ ਰਾਹੀ ਕੋਰੋਨਾਵਾਇਰਸ ਦੇ ਫੈਲਣ ਦੀ ਸੰਭਾਵਨਾ ਬਹੁਤ ਘਟ- ਅਮਰੀਕੀ ਮਾਹਿਰ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਸੈਂਟਰ ਫਾਰ ਡਸੀਜ਼ ਕੰਟਰੋਲ (ਸੀ.ਡੀ.ਸੀ) ਦੇ ਮਾਹਿਰਾਂ ਨੇ ਜਾਰੀ ਨਵੇਂ ਦਿਸ਼ਾ ਨਿਰਦੇਸ਼ਾਂ ਵਿਚ ਕਿਹਾ ਹੈ ਕਿ ਕੋਰੋਨਾਵਾਇਰਸ ਦੇ ਫਰਸ਼ ਜਾਂ ਜਾਨਵਰਾਂ ਰਾਹੀਂ ਫੈਲਣ ਦੀ ਸਭਾਵਨਾ ਬਹੁਤ ਘਟ ਹੈ ਤੇ ਇਹ ਇਨਸਾਨ ਤੋਂ ਇਨਸਾਨਾਂ ਤੱਕ ਤੇਜੀ ਨਾਲ ਫੈਲਦਾ ਹੈ। ਇਹ ਵੀ ਕਿਹਾ ਹੈ ਕਿ ਬਿਨਾਂ ਲੱਛਣਾਂ ਦੇ ਵੀ ਕੋਰੋਨਾਵਾਇਰਸ ਫੈਲ ਸਕਦਾ ਹੈ। ਦੂਸਰੇ ਪਾਸੇ ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਬਿਨਾਂ ਲੱਛਣਾਂ ਦੇ ਵਾਇਰਸ ਦਾ ਫੈਲਣਾ ਘੱਟ ਮਾਮਲਿਆਂ ਵਿਚ ਹੀ ਵੇਖਿਆ ਗਿਆ ਹੈ ਤੇ ਇਸ ਨੂੰ ਵੱਡਾ ਕਾਰਨ ਨਹੀਂ ਮੰਨਿਆ ਜਾ ਸਕਦਾ। ਇਸੇ ਦੌਰਾਨ ਅਮਰੀਕਾ ਵਿਚ ਕੋਰੋਨਾਵਾਇਰਸ ਕਾਰਨ 1093 ਹੋਰ ਲੋਕਾਂ ਦੇ ਦਮ ਤੋੜ ਜਾਣ ਨਾਲ ਮੌਤਾਂ ਦੀ ਗਿਣਤੀ 1,14,148 ਹੋ ਗਈ ਹੈ। ਨਵੇਂ ਮਰੀਜ਼ਾਂ ਦੇ ਆਉਣ ਦਾ ਸਿਲਸਲਾ ਪਹਿਲਾਂ ਵਾਂਗ ਜਾਰੀ ਹੈ ਤੇ 19056 ਨਵੇਂ ਮਰੀਜ਼ ਹਸਪਤਾਲਾਂ ਵਿਚ ਪੁੱਜੇ ਹਨ। ਪੀੜਤ ਮਰੀਜ਼ਾਂ ਦੀ ਕੁਲ ਗਿਣਤੀ 20,45,549 ਹੋ ਗਈ ਹੈ। 15382 ਮਰੀਜ਼ ਠੀਕ ਹੋਏ ਹਨ। ਹੁਣ ਤੱਕ 7,88,862 ਮਰੀਜ਼ ਠੀਕ ਹੋ ਕੇ ਘਰਾਂ ਨੂੰ ਜਾ ਚੁੱਕੇ ਹਨ।



# ਪਿੰਡ ਦੀਵਾਲਾ ਦੇ ਗਰਾਊਂਡ ਵਾਸਤੇ ਦਿੱਤੀ ਮਾਲੀ ਮਦਦ

ਪਿੰਡ ਦੀਵਾਲਾ ਦੇ ਜੰਮਪਲ ਕੋਚ ਹਰਮੀਤ ਸਿੰਘ ਨੇ ਪਿੰਡ ਦੀਵਾਲਾ ਦੇ ਤਿਆਰ ਹੋ ਰਹੇ ਖੇਡ ਗਰਾਊਂਡ ਵਾਸਤੇ ਪੰਜ ਹਜਾਰ ਰੁਪਏ ਦੀ ਮਾਲੀ ਮੱਦਦ ਦਿੱਤੀ ।ਕੋਚ ਹਰਮੀਤ ਸਿੰਘ ਨੇ ਬਾਬਾ ਜੋਰਾਵਰ ਸਿੰਘ ਜੀ ਬਾਬਾ ਫਤਹਿ ਸਿੰਘ ਜੀ ਸਪੋਰਟਸ ਕਲੱਬ ਪਿੰਡ ਦੀਵਾਲਾ ਦੇ ਸਮੂਹ ਮੈਂਬਰ ਸਾਹਿਬਾਨਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਕਲੱਬ ਦਾ ਇਹ ਉਪਰਾਲਾ ਸਲਾਘਾਯੋਗ ਹੈ, ਹੋਰਨਾਂ ਪਿੰਡਾਂ ਦੇ ਨੋਜਵਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਪਿੰਡ ਵਿਚ ਕਲੱਬ ਬਣਾ ਕੇ ਇਹੋ ਜਿਹੇ ਲੋਕ ਭਲਾਈ ਦੇ ਕਾਰਜ ਕਰਨ ਤਾਂ ਕਿ ਆਪਣਾ ਆਲਾ ਦੁਆਲਾ ਸਾਫ ਸੁਥਰਾ ਰਹੇ ਤੇ ਬੱਚਿਆਂ ਨੂੰ ਖੇਡਣ ਵਾਸਤੇ ਚੰਗੇ ਗਰਾਊਂਡ ਵੀ ਮਿਲਣ ਤਾਂ ਜੋ ਉਹ ਚੰਗੇ ਖਿਡਾਰੀ ਬਣ ਸਕਣ।ਇਸ ਮੌਕੇ ਪ੍ਰਧਾਨ ਸਤਨਾਮ ਸਿੰਘ, ਖਜਾਨਚੀ ਹਰਦੀਪ ਸਿੰਘ ਦੀਪੀ, ਤਸਵਿੰਦਰ ਸਿੰਘ ਬੜੈਚ, ਗੁਰਪ੍ਰੀਤ ਸਿੰਘ ਗੋਪੀ ਕਬੱਡੀ ਖਿਡਾਰੀ, ਡਾਕਟਰ ਕਲਜੋਤ ਸਿੰਘ, ਹਰਿੰਦਰ ਸਿੰਘ ਸੋਨੀ, ਸੁਖਪ੍ਰੀਤ ਸਿੰਘ ਸੁੱਖਾ ਫੌਜੀ, ਮੇਜਰ ਸਿੰਘ ਧਰਾਨ ਆਦਿ ਹਾਜ਼ਰ ਸਨ।


ਰਿਪੋਰਟ ਅਤੇ ਤਸਵੀਰਾਂ- ਤਸਵਿੰਦਰ ਸਿੰਘ ਬੜੈਚ

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਸੋਹੰ
ਹਰਿ
SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355
Guru Piari Sadh Sangat Ji,

**We are happy to announce that Sri Guru Ravidass Temple, Pittsburg will re-open its doors for the community as permitted by the CDC and Contra Costa County guidelines. This decision was made by the Gurughar Committee yesterday, Friday, May 29, 2020.**
**The maximum number of devotees that can be in the temple at any time is limited to 100 people only.**
**For your safety and safety of others, please follow the following instructions ;**

1. Gurughar will open on Sundays from 10:00 AM to 1:00 PM only.
2. Langar Hall and Kitchen will remain closed until further notice.
3. Every person is required to: A. Wear a face mask, B. Wash Hands, C. Stay home if not healthy, D. Stay 6 feet from others (social distancing), E. Bring your own head cover.(Available at front door if you don't have one but take the used head-cover with you to wash and reuse)
4. PARSHAD will be served with SPOON by ONE person wearing gloves
5. After ARDAS, please leave the premises
6. DO NOT hug or shake hands with anyone
7. Please do not touch the stage or any other surfaces to avoid the spread of infection
8. Sanitizer will be provided in the Gurughar
9. Use the bathrooms in 2120 Crestview Building only
10. Follow the CDC/Contra Costa County's Health Guidelines

**May Waheguru bless our SANGAT with good health**

**"NANAK NAM CHARDI KALA TERE BHANE SARBAT DA BHALA"**

Chairman Jagtar Bhatia | President Shinder Paul Narabu | Sangat De Sewadar | General Secretary Dharam Pal Chonkria | Treasurer Vinod Kumar

# ਬੋਧ ਅਚਾਰੀਆ ਸ਼ਾਂਤੀ ਸਰੂਪ ਬੋਧ ਨੂੰ ਸ਼ਰਧਾਂਜਲੀ ਦਿੰਦਿਆਂ ਕੁਝ ਸ਼ਬਦ

ਕੁਸ਼ਲ ਕੁਮਾਰ
91-97807-78062

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪਰ ਰੋਤੀ ਰਹੀ,
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਬੋਧ ਅਚਾਰੀਆ ਸ਼ਾਂਤੀ ਸਰੂਪ ਬੋਧ ਬਾਰੇ ਲਿਖਣ ਤੋਂ ਪਹਿਲਾਂ ਜਦੋਂ ਉਹਨਾਂ ਦੀਆਂ ਆਪਣੀਆਂ ਲਿਖਤਾਂ ਅਤੇ ਹੋਰ ਲੇਖਕਾਂ ਦੀਆਂ ਲਿਖਤਾਂ ਨੂੰ ਪ੍ਰਕਾਸ਼ਿਤ ਕਰਨ ਦੇ ਕੰਮ ਵੱਲ ਝਾਤ ਮਾਰਦੇ ਹਾਂ ਤਾਂ ਕੁਝ ਸ਼ਬਦਾਂ ਵਿਚ ਕੀਤੇ ਉਹਨਾਂ ਦੇ ਸਾਲਾਂ ਬੱਧੀ ਕੰਮ ਛੋਟੇ ਪੈ ਜਾਂਦੇ ਹਨ।

ਸ਼ਾਂਤੀ ਸਰੂਪ ਬੋਧ ਜੀ ਦਾ ਜਨਮ 2 ਅਕਤੂਬਰ 1949 ਨੂੰ ਮਾਤਾ ਭੂਰਿਆ ਦੇਵੀ ਮੌਰੀਆ ਅਤੇ ਪਿਤਾ ਹਰੀ ਚੰਦ ਮੌਰੀਆ ਦੇ ਘਰ ਦਿੱਲੀ ਵਿਖੇ ਹੋਇਆ। ਆਪ ਦੇ ਦਾਦਾ ਜੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਕਰੀਬੀ ਸਨ। ਚੌਧਰੀ ਦੇਵੀ ਦਾਸ ਨੇ ਆਪਣੇ ਪੋਤੇ ਦਾ ਨਾਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਸਲਾਹ ਨਾਲ ਸ਼ਾਂਤੀਸਰੂਪ ਰੱਖਿਆ। ਮੁੱਢਲੀ ਸਿੱਖਿਆ ਜੀ. ਬੀ. ਰੋਡ ਦੇ ਸਰਕਾਰੀ ਸਕੂਲ ਤੋਂ ਲਈ ਅਤੇ ਹਾਇਰ ਸੈਕੰਡਰੀ ਦੀ ਸਿੱਖਿਆ ਐਂਗਲੋ ਐਰੇਬਿਕ ਹਾਇਰ ਸੈਕੰਡਰੀ ਅਜਮੇਰੀ ਗੇਟ ਤੋਂ ਹਾਸਲ ਕੀਤੀ। ਇਸ ਤੋਂ ਇਲਾਵਾ ਦਿਆਲ ਸਿੰਘ ਕਾਲਜ ਦਿੱਲੀ ਯੂਨੀਵਰਸਿਟੀ ਤੋਂ ਬੀ. ਏ. ਪਾਸ ਕੀਤੀ। ਜਿੱਥੇ ਉਹਨਾਂ ਨੇ ਲਗਾਤਾਰ ਤਿੰਨ ਸਾਲ ਚਿੱਤਰਕਾਰੀ ਵਿਚ 1968-1971 ਵਿਚ ਬੈਸਟ ਆਰਟੀਸਿਟ ਆਫ ਦਿਆਲ ਸਿੰਘ ਕਾਲਜ ਰਹੇ।

ਬੀ. ਏ. ਦੀ ਪੜ੍ਹਾਈ ਦੇ ਦੌਰਾਨ 1968 ਵਿਚ ਆਪ ਨੇ ਡਾ. ਅੰਬੇਡਕਰ ਸਾਹਿਤ ਸੇਵਾ ਸਮਿਤੀ ਸਥਾਪਤ ਕੀਤੀ ਅਤੇ ਚਲਾਈ। ਇਹ ਉਤਸ਼ਾਹਿਤ ਨੌਜਵਾਨਾਂ ਦਾ ਸੰਗਠਨ ਸੀ।

ਇਸ ਸੰਸਥਾ ਦਾ ਮੁੱਖ ਉਦੇਸ਼ ਅੰਬੇਡਕਰੀ-ਬੋਧ ਸਾਹਿਤ ਅਤੇ ਚਿੱਤਰਾਂ ਦੇ ਮਾਧਿਅਮ ਰਾਹੀਂ ਸਮਾਜ ਦਾ ਅਤੇ ਰਾਸ਼ਟਰ ਦਾ ਨਵ-ਨਿਰਮਾਣ ਕਰਨਾ ਸੀ। ਇਸ ਤੋਂ ਇਲਾਵਾ ਬੋਧ ਜੀ ਨੇ ਫਰਾਸ਼ਖਾਨਾ ਮੁਹੱਲੇ ਵਿਚ ਆਪਣੇ ਘਰ ਦੇ ਅੰਦਰ ਡਾ. ਅੰਬੇਡਕਰ ਲਾਇਬ੍ਰੇਰੀ ਦੀ ਸਥਾਪਨਾ ਕੀਤੀ, ਜਿਸ ਦੇ ਲਈ ਉਹਨਾਂ ਨੇ 500 ਕਿਤਾਬਾਂ ਜੁਟਾਈਆਂ। ਬਾਅਦ ਵਿਚ ਅੰਬੇਡਕਰ ਸੇਵਾ ਸਮਿਤੀ ਨੂੰ ਬਾਬਾ ਸਾਹਿਬ ਡਾ.
ਅੰਬੇਡਕਰ ਰਾਹੀਂ ਸਥਾਪਤ ਭਾਰਤੀ ਬੋਧ ਮਹਾਂਸਭਾ ਵਿਚ ਮਿਲਾ ਲਿਆ ਗਿਆ।

2 ਮਈ 1969 ਨੂੰ ਬੀ. ਏ. ਕਰਦੇ ਹੋਏ ਉਹਨਾਂ ਦਾ ਵਿਆਹ ਸੁਰੇਸ਼ ਕੁਮਾਰੀ ਨਾਲ ਹੋਇਆ, ਜਿਸਦੀ ਕੁੱਖੋਂ ਇਕ ਪੁੱਤਰ ਨੇ ਜਨਮ ਲਿਆ, ਜਿਸਦਾ ਨਾਂ ਨਿਰਮਲ ਸਰੂਪ ਰੱਖਿਆ ਗਿਆ ਪਰ ਲੰਬੀ ਬਿਮਾਰੀ ਕਾਰਨ ਸੁਰੇਸ਼ ਕੁਮਾਰੀ ਦੀ ਮੌਤ ਹੋ ਗਈ। ਸ਼ਾਂਤੀ ਸਰੂਪ ਬੋਧ ਜੀ ਦਾ ਦੂਜਾ ਵਿਆਹ 1974 ਨੂੰ ਪ੍ਰੇਮਲਤਾ ਨਾਲ ਹੋਇਆ। ਜਿਸਦੀ ਕੁੱਖੋਂ ਚਾਰ ਮੁੰਡੇ ਤੇ ਇਕ ਕੁੜੀ ਨੇ ਜਨਮ ਲਿਆ।

ਆਪ ਨੇ 1974 ਦੇ ਆਸ-ਪਾਸ 'ਸਮਿਅਕ ਪ੍ਰਕਾਸ਼ਨ' ਦੀ ਸਥਾਪਨਾ ਕੀਤੀ। ਆਪ ਨੇ ਸਮਿਅਕ ਪ੍ਰਕਾਸ਼ਨ ਰਾਹੀ ਪਹਿਲੀ ਕਿਤਾਬ 'ਗੁਰੂ ਰਵਿਦਾਸ ਦਰਸ਼ਨ ਅਤੇ ਸਮਾਜਿਕ ਚਿੰਤਨ' ਪ੍ਰਕਾਸ਼ਨ ਕੀਤੀ। ਸਮਿਅਕ ਪ੍ਰਕਾਸ਼ਨ ਰਾਹੀਂ ਸ਼ਾਂਤੀ



ਸਰੂਪ ਬੋਧ ਜੀ ਪ੍ਰਤਿਭਾਸ਼ਾਲੀ ਲੇਖਕਾਂ ਨੂੰ ਇਕ ਮੰਚ 'ਤੇ ਇਕੱਠਾ ਕਰਨ ਵਿਚ ਕਾਮਯਾਬ ਰਹੇ। ਸਮਿਅਕ ਪ੍ਰਕਾਸ਼ਨ ਰਾਹੀਂ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ ਵਿਚ ਬਹੁਤ ਹੀ ਮਕਬੂਲ ਲੇਖਕ ਹਨ, ਜਿਹਨਾਂ ਵਿਚ ਡਾ.ਨਵਲ ਵਿਯੋਗੀ, ਸਵਾਮੀ ਧਰਮਾ ਤੀਰਥ, ਰਣਜੀਤ ਕਬੀਰ ਪੰਥੀ ਸਾਧੂ, ਡਾ.ਰਾਹੁਲ ਰਾਜ, ਡਾ.ਸੁਰਿੰਦਰ ਅਗਿਆਤ, ਡਾ.ਜੈ ਪ੍ਰਕਾਸ਼ ਕਰਦਮ, ਡਾ. ਸੰਜੈ ਗਜ਼ਭੀਐ, ਡਾ.ਲਾਲ ਮਣੀ ਮਹਾਬੈਰੂ, ਡਾ.ਦਿਨੇਸ਼ ਸਕਸ਼ਾਰਥੀ, ਡਾ.ਰਤਨ ਲਾਲ, ਡਾ. ਕਰਮਵੀਰ ਸਿੰਘ, ਖੁਸ਼ਹਾਲ, ਚੰਦਰ ਮੇਸ਼ਰਾਮ, ਡਾ. ਸੰਘਮਿੱਤਰਾ ਚੌਧਰੀ, ਕੁਲਦੀਪ ਕੁਮਾਰ ਆਦਿ ਲੇਖਕਾਂ ਦੀ ਫਹਿਰਿਸਤ ਬਹੁਤ ਲੰਬੀ ਹੈ, ਜਿਹਨਾਂ ਨੂੰ ਸਮਿਅਕ ਪ੍ਰਕਾਸ਼ਨ ਰਾਹੀ ਸ਼ਾਂਤੀ ਸਰੂਪ ਬੋਧ ਜੀ ਨੇ ਇਕ ਸੂਤਰ ਵਿਚ ਬੰਨ੍ਹਿਆ। ਆਪ ਦੀਆਂ ਆਪਣੀਆਂ ਹੁਣ ਤੱਕ 75 ਕਿਤਾਬਾਂ ਹਿੰਦੀ ਵਿਚ ਅਤੇ 43 ਕਿਤਾਬਾਂ ਅੰਗਰੇਜ਼ੀ ਵਿਚ ਸਮਿਅਕ ਪ੍ਰਕਾਸ਼ਨ ਰਾਹੀਂ ਛਪੀਆਂ। ਹੁਣ ਤੱਕ ਸਮਿਅਕ ਪ੍ਰਕਾਸ਼ਨ ਵੱਲੋਂ 14 ਭਾਸ਼ਾਵਾਂ ਵਿਚ ਲੱਗਭੱਗ 2000 ਕਿਤਾਬਾਂ ਛੋਟੀਆਂ-ਵੱਡੀਆਂ ਛਪ ਚੁੱਕੀਆਂ ਹਨ, ਜਿਸ ਵਿਚ ਮੂਲਨਿਵਾਸੀ ਬਹੁਜਨ ਸਮਾਜ ਦੇ ਕ੍ਰਾਂਤੀਕਾਰੀ ਸਮਾਜ ਸੁਧਾਰਕ ਵੀਰਾਂ ਦੇ ਜੀਵਨ ਅਤੇ ਸਮਾਜ ਸੁਧਾਰ ਲਈ ਉਹਨਾਂ ਦੇ ਕੀਤੇ ਕੰਮਾਂ ਨੂੰ ਚਿੱਤਰਾਂ ਸਹਿਤ ਪ੍ਰਕਾਸ਼ਨ ਕਰਨ ਦਾ ਸਿਹਰਾ ਸਮਿਅਕ ਪ੍ਰਕਾਸ਼ਨ ਦੇ ਸਿਰ ਹੀ ਬੱਝਦਾ ਹੈ। ਨਾਰੀ ਕਲਿਆਣ ਅਤੇ ਸਮਾਜ ਨੂੰ ਅੰਧ ਵਿਸ਼ਵਾਸ, ਪਾਖੰਡ, ਚਮਤਕਾਰਵਾਦ, ਅਵਤਾਰਵਾਦ ਦੇ ਚੁੰਗਲ ਦੇ ਵਿਚੋਂ ਕੱਢਣ ਦੇ ਲਈ ਬੁੱਧੀਵਾਦੀ ਅਤੇ ਤਰਕਸ਼ੀਲ ਸਾਹਿਤ ਦੇ

ਪ੍ਰਕਾਸ਼ਨ ਵਿਚ ਸਮਿਅਕ ਪ੍ਰਕਾਸ਼ਨ ਦੀ ਅਹਿਮ ਭੂਮਿਕਾ ਹੈ।

ਭਾਰਤ ਦੇਸ਼ ਦਾ ਮੂਲ ਨਿਵਾਸੀ ਬਹੁਜਨ ਸਮਾਜ ਆਪਣੀ ਅਸਲ ਪਹਿਚਾਣ ਲਈ ਜੂਝ ਰਿਹਾ ਹੈ। ਸਮਿਅਕ ਪ੍ਰਕਾਸ਼ਨ ਰਾਹੀਂ ਮੂਲ ਨਿਵਾਸੀ ਬਹੁਜਨ ਸਮਾਜ ਦੇ ਲੋਕਾਂ ਨੂੰ ਸਿੰਧੂ ਘਾਟੀ ਦੀ ਸੱਭਿਅਤਾ, ਨਾਗਵੰਸ਼ੀ ਸ਼ਾਸਕ, ਬੋਧ-ਸਾਹਿਤ, ਮੌਰਿਆ ਸਮਰਾਟ, ਫੂਲੇ, ਸ਼ਾਹੂ, ਅੰਬੇਡਕਰ ਮਹਾਂਪੁਰਖਾਂ ਦੀ ਵਿਚਾਰਧਾਰਾ ਨਾਲ ਮੂਲ ਅਤੇ ਮੁੱਢ ਨਾਲ ਜੋੜਨ ਦਾ ਕੰਮ ਸਮਿਅਕ ਪ੍ਰਕਾਸ਼ਨ ਦੇ ਹੱਥ ਆਉਂਦਾ ਹੈ। ਬੇਰੁਜ਼ਗਾਰ ਨੌਜਵਾਨਾਂ ਨੂੰ ਕਿਤਾਬਾਂ ਦੀ ਵਿਕਰੀ ਰਾਹੀਂ ਰੁਜ਼ਗਾਰ ਮੁਹੱਈਆ ਕਰਵਾਉਣਾ ਵੀ ਸਮਿਅਕ ਪ੍ਰਕਾਸ਼ਨ ਦੇ ਹਿੱਸੇ ਆਇਆ ਹੈ।

ਇਸ ਤਰ੍ਹਾਂ ਇਹਨਾਂ ਸਾਰੀਆਂ ਉਪਲਬਧੀਆਂ ਪਿੱਛੇ ਅਚਾਰੀਆ ਸ਼ਾਂਤੀ ਸਰੂਪ ਬੋਧ ਜੀ ਦਾ ਸੰਪੂਰਨ ਜੀਵਨ ਲੇਖੇ ਲੱਗਾ ਹੈ।

ਕੁਦਰਤ ਦੇ ਨਿਯਮਾਂ ਤੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਆਪਣੇ ਪੂਰੇ ਜੀਵਨ ਨੂੰ ਬੋਧ ਅਤੇ ਅੰਬੇਡਕਰੀ ਮਿਸ਼ਨ ਨੂੰ ਸਮਰਪਿਤ ਕਰਦੇ ਹੋਏ ਅਚਾਰੀਆ ਸ਼ਾਂਤੀ ਸਰੂਪ ਬੋਧ ਜੀ ਦਾ 6 ਜੂਨ 2020 ਨੂੰ ਅਚਾਨਕ ਦੇਹਾਂਤ ਹੋ ਗਿਆ, ਜੋ ਕਿ ਮੂਲ ਨਿਵਾਸੀ ਬਹੁਜਨ ਸਮਾਜ ਲਈ ਬਹੁਤ ਵੱਡਾ ਝਟਕਾ ਹੈ। ਸਮਾਜ ਨੂੰ ਉਹਨਾਂ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ।

ਅਸੀ ਉਮੀਦ ਕਰਦੇ ਹਾਂ ਕਿ ਉਹਨਾਂ ਦਾ ਕਾਰਵਾਂ ਇਸੇ ਤਰ੍ਹਾਂ ਹੀ ਚਲਦਾ ਰਹੇ।

## ਰਾਮਪਾਲ ਸਿੰਘ ਗੌਤਮ ਅਤੇ ਸ਼ਾਂਤੀ ਸਰੂਪ ਬੋਧ ਜੀ ਦਾ ਦੇਹਾਂਤ





ਭਾਰਤੀ ਬੁੱਧ ਮਹਾਂਸਭਾ ਦਿੱਲੀ ਨਾਲ ਲੰਮੇ ਸਮੇਂ ਤੋਂ ਜੁੜੇ ਰਹੇ ਸ੍ਰੀ ਰਾਮਪਾਲ ਸਿੰਘ ਗੌਤਮ ਅਤੇ ਸ੍ਰੀ ਸ਼ਾਂਤੀ ਸਰੂਪ ਬੋਧ ਜੀ ਬੀਤੀ 6 ਜੂਨ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਦੋਵਾਂ ਦਾ ਬਿਮਾਰੀ ਦੇ ਕਾਰਨ ਅਚਾਨਕ ਦੇਹਾਂਤ ਹੋ ਗਿਆ। ਬਹੁਜਨ ਸਮਾਜ ਅਤੇ ਧੰਮ ਨੂੰ ਜੋ ਹਾਨੀ ਹੋਈ ਹੈ ਇਹ ਬਹੁਤ ਵੱਡਾ ਘਾਟਾ ਹੈ, ਜੋ ਆਸਾਨੀ ਨਾਲ ਪੂਰਾ ਨਹੀਂ ਹੋ ਸਕਦਾ। ਭਾਰਤੀ ਬੋਧ ਮਹਾਂਸਭਾ ਦਿੱਲੀ (ਰਜਿ.) ਦਿੱਲੀ ਪ੍ਰਦੇਸ਼ ਉਹਨਾਂ ਦੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦਿਆਂ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਤਥਾਗਤ ਭਗਵਾਨ ਬੁੱਧ ਨੂੰ ਪ੍ਰਾਰਥਨਾ ਕਰਦੇ ਹਾਂ ਕਿ ਉਹ ਪਰਿਵਾਰਾਂ ਨੂੰ ਇਸ ਦੁੱਖ ਦੀ ਘੜੀ ਵਿਚ ਭਾਣਾ ਮੰਨਣ ਦਾ ਬਲ ਬਖ਼ਸ਼ੇ।



Dr Suresh Babu
Professor
Department of Pathology
King George Medical University,
Lucknow, UP, India

# ਲਾਕਡਾਊਨ ਇਕ ਵਰਦਾਨ



ਕਮਲਜੀਤ ਕੌਰ ਧਾਲੀਵਾਲ
91-77105-97642

ਇਸ ਕਹਾਣੀ ਵਿਚ ਪਤੀ ਪਤਨੀ ਦੋਨੇ ਹੀ ਨੋਕਰੀ ਸੁਦਾ ਹਨ।ਕਹਾਣੀ ਅਨੁਸਾਰ ਪਤੀ ਦਾ ਨਾਮ ਸੁਰਿੰਦਰ ਸਿੰਘ ਹੈ ਅਤੇ ਪਤਨੀ ਦਾ ਨਾਮ ਸਿਮਰਨ ਕੌਰ ਹੈ। ਸੁਰਿੰਦਰ ਬੈਂਕ ਵਿਚ ਨੌਕਰੀ ਕਰਦਾ ਹੈ ਤੇ ਸਿਮਰਨ ਮੌਡਲਿੰਗ ਦੀ ਕੋਚ ਹੈ।ਦੋਵੇਂ ਸਵੇਰੇ ਘਰੋਂ ਚਲੇ ਜਾਂਦੇ ਤੇ ਸ਼ਾਮ ਨੂੰ ਘਰ ਪਰਤਦੇ।ਲੇਟ ਹੋ ਜਾਣ ਤੇ ਕੋਈ ਇੱਕ ਦੂਜੇ ਨੂੰ ਪੁੱਛਦਾ ਕਿ ਕਿਥੇ ਹੋ ਤੇ ਕਦ ਆਉਣਾ? ਆਪਣਾ-ਆਪਣਾ ਪਕਾਉਂਦੇ ਤੇ ਖਾਂਦੇ।ਦੋਵੇਂ ਨੂੰ ਇਕ ਦੂਜੇ ਨਾਲ ਕੋਈ ਮਤਲਬ ਨਹੀ ਸੀ। ਦੋਵੇਂ ਹੀ ਇਕ ਦੂਜੇ ਤੋਂ ਵੱਖ ਹੋਣਾ ਚਾਹੁੰਦੇ ਸਨ, ਸੋ ਕਚਿਹਰੀ ਵਿੱਚ ਤਲਾਕ ਦੇ ਪੇਪਰ ਲਾ ਦਿੱਤੇ ਹਨ।ਪਰ ਇਹ ਵੀ ਇੱਕ ਅਜੀਬ ਕਹਾਣੀ ਹੈ। ਇਸ ਦੇ ਚਲਦਿਆਂ ਸੰਸਾਰ ਭਰ ਵਿੱਚ ਕਰੋਨਾ ਨਾਂ ਦੀ ਬਿਮਾਰੀ ਦਾ ਕਹਿਰ ਫੈਲ ਜਾਂਦਾ ।ਤਾਂ ਭਾਰਤ ਵੀ ਦੂਜੇ ਦੇਸ਼ਾ ਵਾਂਗੂ ਲਾਕਡਾਊਨ ਕਰ ਦਿੱਤਾ ਜਾਂਦਾ।ਅਜਿਹੀ ਸਥਿਤੀ ਵਿਚ ਦੋਨੋ ਘਰ ਵਿਚ ਕੈਦ ਹੋ ਜਾਂਦੇ ਤਾਂ ਘੁਟਨ ਮਹਿਸੂਸ ਹੋਣ ਲਗਦੀ। ਬਾਹਰ ਤਾਂ ਜਾਣਾ ਚਾਹੁੰਦੇ ਪਰ ਜਾ ਨਹੀ ਸਕਦੇ ਸਨ, ਸੋ ਬਾਲਕੋਨੀ ਵਿੱਚ ਖੜ ਕੇ ਬਾਹਰ ਨਜ਼ਾਰਾ ਤੱਕਦੇ ਰਹਿੰਦੇ।'' ਸਰਕਾਰ ਵੱਲੋਂ ਹਦਾਇਤ ਦਿੱਤੀ ਜਾਂਦੀ ਕਿ ਫੋਨ ਦਾ ਸੇਵਨ ਘੱਟ ਤੋਂ ਘੱਟ ਕਰੋ ਜੇ ਨਾ ਕਰੋ ਤਾਂ ਜਿਆਦਾ ਚੰਗਾ''ਸੋ ਉਹਨਾ ਦੇ ਦੋਸਤ ਵੀ ਇਸ ਹਦਾਇਤ ਨੂੰ ਮੰਨਦੇ ।ਜਦ ਆਪਣੇ ਕਿਸੇ ਵੀ ਦੋਸਤ ਨੂੰ ਫੋਨ ਲਾਉਂਦੇ, ਗੱਲ ਕਰਨਾ ਚਾਹੁੰਦੇ ਤਾਂ ਕੋਈ ਵੀ ਦੋਸਤ ਉਹਨਾਂ ਦਾ ਫੋਨ ਨਾ ਚੁੱਕਦਾ। ਹੁਣ ਉਨ੍ਹਾਂ ਨੂੰ ਸਮਝ ਨਾ ਆਉਂਦੀ ਕੇ ਉਹ ਕੀ ਕਰਨ।' ਇੱਕੱਲਾ ਮਹਿਸੂਸ ਕਰਦੇ'ਟੀ ਵੀ ਚ'ਦਿਖਾਇਆ ਜਾਂਦਾ ਕੇ ਲਾਕਡਾਊਨ 21 ਦਿਨ ਵਧ ਗਿਆ, 30 ਦਿਨ ਹੋਰ ਵੱਧ ਗਿਆ, ਸੁਣ-ਸੁਣ ਕੇ ਉਨ੍ਹਾਂ ਦੇ ਦਿਲ ਵਿੱਚ ਹੋਲ ਪੈਣ ਲੱਗ ਪੈਂਦੇ। ਹੁਣ ਜੇ ਘਰ ਬੈਠੇ ਰਾਸ਼ਣ ਖਾਵਾਂਗੇ ਤਾ ਖਤਮ ਤਾਂ ਹੋਵੇਗਾ ਹੀ। ਇਕ ਦਿਨ ਸੁਰਿੰਦਰ ਦਾ ਆਟਾ ਖਤਮ ਹੋ ਜਾਂਦਾ ਤੇ ਉਸਨੂੰ ਭੁੱਖ ਵੀ ਬਹੁਤ ਲੱਗੀ ਸੀ।ਤਾਂ ਕੋਈ ਵੱਸ ਨਾ ਚਲਦਾ ਵੇਖ ਕੇ ਸੁਰਿੰਦਰ ਚੋਰੀ-ਚੋਰੀ ਸਿਮਰਨ ਦੇ ਡੱਬੇ ਵਿਚੋਂ ਆਟਾ ਕੱਢ ਰਿਹਾ ਹੁੰਦਾ ਕਿ ਮੌਕੇ ਤੇ ਉਸ ਦੀ ਘਰਵਾਲੀ ਆ ਜਾਂਦੀ ਹੈ ਤੇ ਸਭ ਦੇਖ ਲੈਂਦੀ। ਪਹਿਲਾਂ ਤਾਂ ਉਹ ਇੱਕਦਮ ਗੁੱਸਾ ਖਾ ਜਾਂਦੀ ਪਰ ਫਿਰ ਉਸ ਅੰਦਰ ਇਨਸਾਨੀਅਤ ਜਾਗ ਜਾਂਦੀ ਤੇ ਸੋਚਦੀ ਕੇ ਸਾਡਾ ਢਿੱਡ ਨਾਲ ਕੋਈ ਵੈਰ ਨਹੀ ਤੇ ਅਣਦੇਖਿਆ ਕਰ ਦਿੰਦੀ । ਉਂਝ ਵੀ ਉਸ ਕੋਲ ਬਾਹਰ ਜਾਣ ਲਈ ਐਮਰਜੈਂਸੀ ਪਾਸ ਹੁੰਦਾ ਹੈ। ਅਗਲੀ ਸਵੇਰ ਉਹ ਚਾਵਲ ਤੇ ਆਟੇ ਦੀਆਂ ਥੈਲੀਆਂ ਲੈ ਆਉਂਦੀ ਤੇ ਤਿੰਨ ਥੈਲੀਆਂ ਇਸ ਤਰਾਂ ਰੱਖਦੀ, ਜਿਵੇਂ ਕਿ ਉਹ ਰੱਖ ਕੇ ਭੁੱਲ ਗਈ ਹੋਵੇ। ਤਾਂ ਜਦ ਸੁਰਿੰਦਰ ਦੀ ਨਜ਼ਰ ਉਨ੍ਹਾਂ ਉਤੇ ਪੈਂਦੀ ਤਾਂ ਠੀਕ ਉਸੇ ਤਰਾਂ ਉਹ ਸੋਚਦਾ ਕੇ ਸਿਮਰਨ ਨੂੰ ਇਸ ਬਾਰੇ ਕੋਈ ਯਾਦ ਨਹੀ ਤੇ ਜ਼ਲਦੀ ਨਾਲ ਚੁਕ ਕੇ ਆਪਣੇ ਦਰਾਜ਼ ਵਿਚ ਰੱਖ ਲੈਂਦਾ। ਹੁਣ ਸਿਮਰਨ ਨੂੰ ਇਨਸਾਨੀਅਤ ਦੇ ਨਾਤੇ ਉਸਦੀ ਫਿਕਰ ਹੋਣ ਲਗਦੀ, ਉਸ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੀ। ਸੋਚਦੀ ਹੈ ਕੇ ਹੋ ਸਕਦਾ ਇਸ ਨੂੰ ਕੁੱਝ ਹੋਰ ਵੀ ਚਾਹੀਦਾ ਹੋਵੇ।ਸੋ ਉਹ ਰਾਤ ਨੂੰ ਸੋਫੇ ਤੇ ਬੈਠੀ ਟੀ ਵੀ ਦੇਖ ਰਹੀ ਸੀ ਤਾਂ ਜਾਂਦੀ ਹੋਈ ਜਾਣ-ਬੁੱਝ ਕੇ ਆਪਣਾ ਪਾਸ ਮੇਜ਼ ਤੇ ਹੀ ਰੱਖ ਜਾਂਦੀ ਤਾਂ ਕਿ ਸੁਰਿੰਦਰ ਉਸਨੂੰ ਵਰਤ ਸਕੇ। ਠੀਕ ਉਸੇ ਤਰਾਂ ਜਦ ਆਚਨਕ ਸੁਰਿੰਦਰ ਦੀ ਨਿਗਾਹ ਉਸ ਤੇ ਪੈਂਦੀ ਤਾਂ ਉਸ ਨੂੰ ਲਗਦਾ ਕਿ ਸਿਮਰਨ ਪਾਸ ਭੁੱਲ ਗਈ, ਪਰ ਉਹ ਚੁੱਕਦਾ ਨਾ ਸਗੋਂ ਮੇਜ਼ ਤੇ ਹੀ ਪਿਆ ਰਹਿਣ ਦਿੰਦਾ ਤੇ ਸੋਚਦਾ ਕਿ ਜੇ ਸਿਮਰਨ ਨੂੰ ਇਸ ਬਾਰੇ ਖਿਆਲ ਨਾ ਆਇਆ ਤਾਂ ਮੈਂ ਜਲਦੀ ਨਾਲ ਬਾਜ਼ਾਰ ਜਾ ਕੇ ਸਾਮਾਨ ਲੈ ਆਵਾਂਗਾ ਨਹੀ ਤਾਂ ਫਿਰ ਠੀਕ ਹੈ।ਉਸੇ ਤਰਾਂ ਸੁਰਿੰਦਰ ਸਵੇਰੇ-ਸਵੇਰੇ ਜ਼ਲਦੀ ਨਾਲ ਉਠਦਾ ਤੇ ਪਾਸ ਦੀ ਮਦਦ ਨਾਲ ਬਾਜ਼ਾਰ ਵਿਚੋਂ ਲੋੜੀਂਦਾ ਸਮਾਨ ਲੈ



ਆਉਂਦਾ। ਇਹ ਦੇਖ ਕੇ ਘਰਵਾਲੀ ਵੀ ਅੰਦਰੋ -ਅੰਦਰੀ ਖੁਸ਼ ਹੁੰਦੀ। ਸੁਰਿੰਦਰ ਅੱਖ ਬਚਾ ਕੇ ਪਾਸ਼ ਨੂੰ ਮੇਜ਼ ਤੇ ਰੱਖ ਦਿੰਦਾ ਤਾਂ ਜੋ ਉਸਨੂੰ ਕੋਈ ਸੱਕ ਨਾ ਹੋਵੇ। ਹੁਣ ਉਸਨੂੰ ਰਾਸ਼ਣ ਦੀ ਕੋਈ ਫਿਕਰ ਨਾ ਹੁੰਦੀ। ਇੱਕਲਿਆਂ ਘਰ ਵਿਚ ਦਿਲ ਨਾ ਲਗਦਾ ਤਾਂ ਉਹ ਪੇਂਟਿੰਗ ਕਰਨ ਲੱਗ ਜਾਂਦਾ ਉਸਨੂੰ ਪੇਂਟਿੰਗ ਦਾ ਚੰਗਾ ਤਜ਼ਰਬਾ ਹੁੰਦਾ। ਹੁਣ ਕਿਸੇ ਹੋਰ ਦੀ ਤਸਵੀਰ ਤਾਂ ਦਿਲ ਵਿੱਚ ਹੁੰਦੀ ਨਾ ਗਲਤੀ ਨਾਲ ਸਿਮਰਨ ਦੀ ਤਸਵੀਰ ਬਣਾ ਦਿੰਦਾ। ਫਿਰ ਇਕਦਮ ਆਪਣੇ ਆਪ ਨੂੰ ਕਹਿੰਦਾ 'ਉਹ ਹੋ ਇਹ ਕਿਸ ਦੀ ਤਸਵੀਰ ਬਣਗੀ, ਤਾਂ ਫਿਰ ਕਹਿੰਦਾ 'ਚਲੋ ਕੋਈ ਗਲ ਨਹੀ ਹੋਰ ਨਾ ਸਹੀ ਇਹ ਸਕਲ ਟਾਈਮ ਪਾਸ ਲਈ ਤਾਂ ਕੰਮ ਆਈ 'ਤਾਂ ਜਲਦੀ ਨਾਲ ਉਸ ਪੇਂਟਿੰਗ ਨੂੰ ਲੁਕਾ ਦਿੰਦਾ ਪਰ ਸਿਮਰਨ ਇਹ ਸਭ ਤੱਕ ਲੈਂਦੀ ਹੈ।ਪਤਾ ਨਹੀ ਕਿਉਂ ਦੋਵਾਂ ਨੂੰ ਸਭ ਕੁੱਝ ਬਹੁਤ ਚੰਗਾ ਲਗਦਾ। ਪਤਾ ਨਹੀ ਕਿ ਕੰਮਾਂ ਦੀ ਕੋਈ ਫਿਕਰ ਨਹੀ ਸੀ ਜਾਂ ਆਰਾਮ ਕਰਨ ਦਾ ਚੰਗਾ ਬਹਾਨਾ ਸੀ। ਦੋਨੇ ਆਪਣੇ -ਆਪਣੇ ਸ਼ੌਕ ਨੂੰ ਤਰਜੀਹ ਦਿੰਦੇ। ਯੋਗਾ, ਸੰਗੀਤ, ਬਾਗੀਚੀ ਆਦਿ ਉਨਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਚੁੱਕੇ ਸਨ। ਹੁਣ ਘਰਵਾਲਾ ਕਮਰੇ 'ਚ ਬੈਠਾ ਚੋਰੀ-ਚੋਰੀ ਘਰਵਾਲੀ ਨੂੰ ਆਉਂਦੀ ਜਾਂਦੀ ਤੱਕਦਾ ਰਹਿੰਦਾ। ਜਦ ਵੀ ਪੇਂਟਿੰਗ ਰਾਹੀਂ ਕੁੱਝ ਨਵਾਂ ਕਰਨ ਦੀ ਕੋਸਿਸ ਕਰਦਾ ਤਾਂ ਦਿਮਾਗ ਚ ਉਸਦਾ ਹੀ ਚਿਹਰਾ ਘੁੰਮਦਾ। ਭਾਵੇਂ ਗੱਲ ਤਲਾਕ ਤਕ ਪਹੁੰਚ ਗਈ ਸੀ ਪਰ ਸਿਮਰਨ ਦੀ ਉਂਗਲ ਵਿੱਚ ਅੱਜ ਵੀ ਉਹੀ ਅੰਗੂਠੀ ਪਾਈ ਸੀ ਜੋ ਘਰਵਾਲੇ ਨੇ ਉਸਨੂੰ ਪਹਿਲੀ ਰਾਤ ਤੇ ਗਿਫਟ ਕੀਤੀ ਸੀ। ਪਤਾ ਨਹੀ ਲਾਉਣ ਦਾ ਖਿਆਲ ਭੁੱਲ ਗਿਆ ਜਾਂ ਲਾਹੁਣੀ ਜ਼ਰੂਰੀ ਨਹੀ ਸਮਝੀ ਸੀ।ਅੱਜ ਸਿਮਰਨ ਨੂੰ ਚੰਗੀ ਤਰਾਂ ਪਤਾ ਸੀ ਕਿ ਕੱਲ ਤੱਕ ਸੁਰਿੰਦਰ ਦਾ ਰਾਸ਼ਣ ਮੁਕ ਜਾਵੇਗਾ ਤਾਂ ਉਹ ਅੱਜ ਵੀ ਪਾਸ ਜਾਣ ਬੁਝ ਕੇ ਸੋਫੇ ਤੇ ਰੱਖ ਦਿੰਦੀ ਪਰ ਸੁਰਿੰਦਰ ਇਹ ਸਭ ਕੁੱਝ ਦੇਖ ਲੈਂਦਾ ਆਪਣੇ ਆਪ ਨੂੰ ਕਹਿੰਦਾ ਅੱਛਾ!' ਤਾਂ ਉਸ ਦਿਨ ਵੀ ਸਿਮਰਨ ਭੁੱਲੀ ਨਹੀ ਸੀ ਸਗੋਂ ਜਾਣ ਬੁਝ ਕੇ ਰੱਖ ਗਈ ਸੀ। ਤਾਂ ਅਗਲੀ ਸਵੇਰ ਸੁਰਿੰਦਰ ਸਿਮਰਨ ਦੇ ਬਾਹਰ ਆਉਣ ਦੀ ਉਡੀਕ ਕਰਦਾ ਜਦ ਉਹ ਆਉਂਦੀ ਤਾਂ ਉਹ ਉਸਦੇ ਸਾਹਮਣੇ ਹੀ ਪਾਸ ਚੁੱਕਦਾ ਪਰ ਘਰਵਾਲੀ ਆਪਣੀ ਪ੍ਰਵਾਹ ਸੋਅ ਨਾ ਹੋਣ ਦਿੰਦੀ ਤੇ ਪੁੱਛਦੀ ਕਿ 'ਤੂੰ ਮੇਰਾ ਪਾਸ ਕਿਸ ਹੱਕ ਨਾਲ ਲੈ ਰਿਹਾ ਹੈ? ਤਾਂ ਸੁਰਿੰਦਰ ਕਹਿੰਦਾ ਕਿ ਤੂੰ ਮੇਰੇ ਘਰਵਾਲੀ ਹੈ ਜਦ ਮੈਂ ਇਹ ਪਾਸ ਵਰਤ ਲਵਾਂਗਾ ਤਾਂ ਤੈਨੂੰ ਤੇਰਾ 'ਹੱਕ ਵੀ ਵਾਪਿਸ ਕਰ ਦੇਵਾਂਗਾ ਤ ਪਾਸ ਵੀ' ਤਾਂ ਸਿਮਰਨ ਚੁੱਪ-ਚਾਪ ਰਸੋਈ ਵਿੱਚ ਚਲ ਜਾਂਦੀ ਤੇ ਸੋਚਦੀ ਕਿ ਚਾਹੇ ਮਤਲਬ ਲਈ ਹੀ ਸਹੀ ਪਰ ਇਸ ਦੀ ਜੁਬਾਨ ਤੇ ਇਹ ਸਬਦ ਅੱਜ ਵੀ ਹੈ ਕਿ'ਮੈ ਇਸ ਦੇ ਘਰਵਾਲੀ ਹਾਂ'। ਅੱਜ ਸਿਮਰਨ ਦੀ ਤਬੀਅਤ ਠੀਕ ਨਾ ਹੋਣ ਕਰਕੇ ਉਹ ਚੁੱਪ-ਚਾਪ ਅੰਦਰ ਹੀ ਪਈ ਰਹਿੰਦੀ। ਸੁਬਾ ਤੋਂ ਸ਼ਾਮ ਤੱਕ ਬਾਹਰ ਨਾ ਆਉਂਦੀ ਤੇ ਨਾ ਹੀ ਕੁਝ ਪਕਾ ਕੇ ਖਾਂਦੀ। ਜਿਸਦਾ ਅਹਿਸਾਸ ਸੁਰਿੰਦਰ ਨੂੰ ਵੀ ਖੂਬ ਹੁੰਦਾ। ਉਹ ਖੁਦ ਖਾਣਾ ਖਾ ਤਾਂ ਲੈਂਦਾ ਪਰ ਉਸ ਨੂੰ ਸਿਮਰਨ ਦੀ ਫਿਕਰ ਰਹਿੰਦੀ। ਇਸ ਲਈ ਉਹ ਕਾਫੀ ਪਰੇਸਾਨ ਹੁੰਦਾ ਤੇ ਨੀਂਦ ਵੀ ਨਹੀ ਆਉਂਦੀ ਤਾਂ ਥੋੜਾ ਸੋਚਣ ਤੋਂ ਬਾਅਦ ਉਹ ਕੁਝ ਪਕਾ ਕੇ ਤੇ ਖਾਣੇ ਵਾਲੀ ਥਾਲੀ ਤੇ ਇਕ ਪਰਚੀ ਤੇ ਲਿਖ ਕੇ ਲੈ ਜਾਂਦਾ, ਕਿ 'ਸਿਮਰਨ ਖਾਣਾ ਖਾ ਲੈ ਸ਼ਾਇਦ ਖਾਣਾ ਖਾਣ ਨਾਲ ਤੇਰੀ ਤਬੀਅਤ ਠੀਕ ਹੋ ਜਾਵੇ' ਜਾ ਕੇ ਦਰਵਾਜ਼ਾ ਖੜਕਾਉਂਦਾ ਜਦ ਸਿਮਰਨ ਦਰਵਾਜ਼ਾ ਖੋਲਦੀ ਤਾਂ ਸੁਰਿੰਦਰ ਨੂੰ ਇਸ ਤਰਾਂ ਤੱਕ ਕੇ ਹੈਰਾਨ ਹੋ ਜਾਂਦੀ,'ਉਹ ਵੀ ਬੋਲਦਾ ਕੁਝ ਨਾ ਬਸ ਖਾਣਾ ਫੜਾ ਕੇ ਵਾਪਿਸ ਆ ਜਾਂਦਾ'ਜਦ ਸਿਮਰਨ ਖੋਲ ਕੇ ਦੇਖਦੀ ਤੇ ਬਹੁਤ ਰੋਂਦੀ। ਭੁੱਖ ਨਾ ਹੋਣ ਤੇ ਵੀ ਉਸਦੀ ਆਪਣੇ ਲਈ ਇਸ ਕਦਰ ਫਿਕਰ ਸਮਝ ਕੇ ਖਾ ਲੈਂਦੀ। ਅਗਲੀ ਸਵੇਰ ਉਹ ਨਹਾ ਕੇ ਵਾਪਿਸ ਬੈਡ ਤੇ ਪੈ ਜਾਂਦੀ ਪਰ ਸੁਰਿੰਦਰ ਉਸ ਦੇ ਬਾਹਰ ਨਾ ਆਉਣ ਤੇ ਸੁਰਿੰਦਰ ਸੋਚਦਾ ਕਿ ਸਿਮਰਨ ਠੀਕ ਨਹੀ ਤਾਂ ਉਹ ਅੱਜ ਫਿਰ ਬਹਾਨੇ ਨਾਲ ਕੌਫੀ ਤੇ ਨਾਸ਼ਤਾ ਤਿਆਰ ਕਰਕੇ ਇਕ ਪਰਚੀ ਤੇ ਲਿਖ ਕੇ ਲੈ ਜਾਂਦਾ ਕਿ 'ਸਵੇਰ ਦੀ ਨਮਸਤੇ'ਹੁਣ ਜਦ ਉਹ ਪਰਚੀ ਖੋਲ ਕੇ ਪੜਦੀ ਤਾਂ ਪੈਨ ਚਕ ਕੇ ਕਾਪੀ ਚੁਕਦੀ ਤੇ ਲਿਖ ਦਿੰਦੀ 'ਨਮਸਤੇ ਤੇ ਨਾਸਤੇ ਲਈ ਧੰਨਵਾਦ' ਬਾਹਰ ਆਕੇ ਸੁਰਿੰਦਰ ਵੀ ਬਹੁਤ ਹੱਸਦਾ ਤੇ ਉਹ ਆਪ ਵੀ ਖੂਬ ਹੱਸਦੀ। ਦੋਵਾਂ ਨੂੰ ਹੀ ਬਹੁਤ ਚੰਗਾ ਲੱਗਦਾ।ਹੁਣ ਸਿਮਰਨ ਠੀਕ ਤਾਂ ਹੁੰਦੀ ਪਰ ਠੀਕ ਨਾ ਹੋਣ ਦਾ ਡਰਾਮਾ ਕਰਦੀ।ਪਰਚੀ ਵਾਲੀ ਤਰਕੀਬ ਪੂਰੇ ਤਿੰਨ ਦਿਨ ਚਲਦੀ, ਤੀਜੇ ਦਿਨ ਸ਼ਾਮ ਦੇ ਖਾਣੇ ਨਾਲ ਉਹ ਪਰਚੀ ਤੱਕ ਕੇ ਬੋਲ ਪੈਂਦੀ 'ਹੁਣ ਕਦ ਤੱਕ ਅਸੀ ਪਰਚੀ ਦੇ ਸਹਾਰੇ ਗੱਲਾਂ ਕਰੀ ਜਾਵਾਂਗੇ?' ਮੈ ਇਹ ਖਾਣਾ ਉਦੋਂ ਤੱਕ ਕਬੂਲ ਨਹੀ ਕਰਨਾ ਜਦ ਤੱਕ ਮੈਨੂੰ ਬੋਲ ਕੇ ਨਹੀ ਕਹਿੰਦੇ' ਤਾਂ ਸੁਰਿੰਦਰ ਕੁਝ ਨਾ ਬੋਲਦਾ ਪਰ ਸਿਮਰਨ ਇੱਕਲੀ ਹੀ ਬੋਲਦੀ ਰਹਿੰਦੀ ਕਹਿੰਦੀ 'ਘਰ ਵਿੱਚ ਜਿੰਨੇ ਵੀ ਪੈਨ ਹਨ ਮੈ ਸਾਰੇ ਤੋੜ ਦੇਣੇ ਤੇ ਘਰ ਚ ਜਿੰਨੀਆ ਵੀ ਕਾਪੀਆਂ ਹਨ ਸਾਰੀਆਂ ਸਾੜ ਦੇਣੀਆਂ ਹਨ ਜੇ ਹੁਣ ਤੋਂ ਬਾਅਦ ਮੇਰੇ ਸਾਹਮਣੇ ਕੋਈ ਵੀ ਪਰਚੀ ਆਈ ਤਾਂ ਮੈਂ ਤੇਰੀ ਜੁਬਾਨ ਕੱਟ ਦੇਣੀ,ਤੇ ਖੁਦ ਖਿੜਕੀ ਰਾਹੀ ਬਾਹਰ ਛਾਲ ਮਾਰ ਦੇਣੀ '।

"ਲੈ ਜਾਊ ਖਾਣਾ ਮੈ ਨਹੀ ਖਾਣਾ"।ਇਸ ਵਾਰ ਉਹ ਆਪਣੀ ਚੁੱਪੀ ਤੋੜ ਦਿੰਦਾ ਤੇ ਕਹਿੰਦਾ' ਖਾਣਾ ਖਾ ਲਓ ਮੈਂ ਬੜੇ ਪਿਆਰ ਨਾਲ ਬਣਾਇਆ' ਹਾਂ ਜੇ ਜ਼ੁਬਾਨ ਕੱਟਣ ਵਾਲੀ ਗੱਲ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀ ਮੈਂ ਬਲੀ ਦਾ ਬਕਰਾ ਬਣਨ ਲਈ ਤਿਆਰ ਹਾਂ। ਤਾਂ ਉਹ ਖੂਬ ਹੱਸਦੇ। ਇੰਨੇ ਨੂੰ ਉਹ ਖੁਦ ਪੈਨ ਕਾਪੀ ਚੁੱਕਦੀ ਤੇ ਲਿਖ ਦਿੰਦੀ, 'ਮੈਂ ਅੱਜ ਖਾਣਾ ਤੁਹਾਡੇ ਨਾਲ ਖਾਣਾ ਚਾਹੁੰਦੀ ਹਾਂ' ਜਿਸਨੂੰ ਪੜ੍ਹ ਕੇ ਸੁਰਿੰਦਰ ਕਹਿੰਦਾ'ਮੈਨੂੰ ਸਮਝ ਨਹੀ ਆਈ ਜ਼ਰਾ ਬੋਲ ਕੇ ਦੱਸ'ਤਾਂ ਇਸ ਤਰਾਂ ਉਨ੍ਹਾਂ ਦੀਆਂ ਨਜ਼ਦੀਕੀਆਂ ਵਧਣ ਲਗਦੀਆਂ ਤੇ ਰਿਸ਼ਤਾ ਟੁੱਟਣ ਤੋਂ ਬਚ ਜਾਂਦਾ ਹੈ।

ਇਕ ਦਿਨ ਸੁਰਿੰਦਰ ਨੂੰ ਉਸਦੇ ਵਕੀਲ ਦਾ ਫੋਨ ਆਉਂਦਾ ਤੇ ਕਹਿੰਦਾ 'ਯਾਰ ਜੇ ਇਹ ਲੌਕਡਾਊਨ ਖੁੱਲ ਜਾਵੇ ਤਾਂ ਮੈਂ ਜ਼ਲਦੀ ਨਾਲ ਤੁਹਾਡਾ ਤਾਲਾਕ ਕਰਾ ਦਿਆਂ'ਤਾਂ ਉਹ ਕਹਿੰਦਾ 'ਸਰ ਤੁਸੀ ਸਾਡਾ ਘਰ ਤੋੜਨ ਦਾ ਨਹੀ ਸਗੋਂ ਵਸਾਉਣ ਦਾ ਦੱਸੋ ਕੀ ਲਉਂਗੇ।ਅਸੀ ਆਪਣੀ ਜ਼ਿੰਦਗੀ ਵਿਚ ਬਹੁਤ ਖੁਸ਼ ਹਾਂ, ਸਾਡਾ ਕੇਸ ਰਿਫਿਊਜ਼ ਕਰ ਦਿੱਤਾ ਜਾਵੇ।

# ਖੇਤੀਬਾੜੀ ਅਧਿਆਦੇਸ਼ਾਂ ਦਾ ਕੱਚ-ਸੱਚ



ਡਾ.ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

3 ਜੂਨ, 2020 ਨੂੰ ਕੇਂਦਰੀ ਮੰਤਰੀ ਮੰਡਲ ਨੇ ਖੇਤੀਬਾੜੀ ਨਾਲ ਸੰਬੰਧਿਤ ਤਿੰਨ ਅਧਿਆਦੇਸ਼ਾਂ ਨੂੰ ਆਪਣੀ ਸਹਿਮਤੀ ਦੇ ਦਿੱਤੀ ਸੀ। 5 ਜੂਨ, 2020 ਨੂੰ ਮੁਲਕ ਦੇ ਰਾਸ਼ਟਰਪਤੀ ਨੇ ਇਨ੍ਹਾਂ ਅਧਿਆਦੇਸ਼ਾਂ ਨੂੰ ਆਪਣੀ ਮਨਜ਼ੂਰੀ ਦਿੱਤੀ ਜਿਸ ਨਾਲ ਇਹ ਅਧਿਆਦੇਸ਼ ਮੁਲਕ ਦੇ ਗਜ਼ਟ ਵਿਚ ਦਰਜ ਕਰ ਦਿੱਤੇ ਗਏ। ਹੁਣ ਇਹ ਅਧਿਆਦੇਸ਼ ਆਉਣ ਵਾਲੇ 6 ਮਹੀਨੇ ਸੰਸਦ ਤੋਂ ਪਾਸ ਹੋਣ ਤੋਂ ਬਿਨਾਂ ਲਾਗੂ ਰਹਿਣਗੇ। ਇਹ ਤਿੰਨ ਅਧਿਆਦੇਸ਼ ਹਨ : ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾਇਕ) ਅਧਿਆਦੇਸ਼-2020; ਕੀਮਤ ਗਾਰੰਟੀ ਅਤੇ ਖੇਤੀਬਾੜੀ ਸੇਵਾਵਾਂ ਸੰਬੰਧੀ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਅਧਿਆਦੇਸ਼-2020; ਅਤੇ ਜ਼ਰੂਰੀ ਵਸਤਾਂ (ਸੋਧ) ਅਧਿਆਦੇਸ਼ 2020। ਇਨ੍ਹਾਂ ਅਧਿਆਦੇਸ਼ਾਂ ਨੂੰ ਕੇਂਦਰੀ ਮੰਤਰੀ ਮੰਡਲ ਵੱਲੋਂ ਸਹਿਮਤੀ ਦੇਣ ਅਤੇ ਮੁਲਕ ਦੇ ਰਾਸ਼ਟਰਪਤੀ ਵੱਲੋਂ ਇਨ੍ਹਾਂ ਨੂੰ ਮਨਜ਼ੂਰੀ ਦੇਣ ਅਤੇ ਮੁਲਕ ਦੇ ਗਜ਼ਟ ਵਿਚ ਦਰਜ ਕੀਤੇ ਜਾਣ ਤੋਂ ਪਹਿਲਾਂ ਮੁਲਕ ਦੇ ਪ੍ਰਧਾਨ ਮੰਤਰੀ ਵੱਲੋਂ 12 ਮਈ, 2020 ਨੂੰ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਮੁਲਕ ਨੂੰ ਆਤਮ-ਨਿਰਭਰ ਬਣਾਉਣ ਅਤੇ ਸਥਾਨਿਕਤਾ ਉੱਪਰ ਜ਼ੋਰ ਦੇਣ ਦੇ ਸੰਬੰਧ ਵਿਚ ਕਰੋਨਾਵਾਇਰਸ ਦੀ ਮਹਾਂਮਾਰੀ ਦੇ ਸੰਕਟ ਤੋਂ ਉਭਰਨ ਲਈ 20 ਲੱਖ ਕਰੋੜ ਰੁਪਏ ਦੇ ਆਰਥਿਕ ਪੈਕੇਜ ਦਾ ਐਲਾਨ ਕਰਨ ਤੋਂ ਬਾਅਦ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਖੇਤੀਬਾੜੀ ਖੇਤਰ ਦੀ ਕਾਇਆ-ਕਲਪ ਕਰਨ ਲਈ ਇਸ ਸੰਬੰਧ ਵਿਚ ਖੇਤੀਬਾੜੀ ਸੁਧਾਰ ਕਰਨ ਦਾ ਐਲਾਨ ਕੀਤਾ ਸੀ।

ਪਹਿਲੇ ਅਧਿਆਦੇਸ਼ ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੀਆਂ ਜਿਨਸਾਂ ਦੀ ਖ਼ਰੀਦ-ਵੇਚ ਦੇ ਸੰਬੰਧ ਵਿਚ ਮਰਜ਼ੀ ਦੀ ਚੋਣ ਦਾ ਇੰਤਜਾਮ ਕਰਨਾ ਹੈ ਤਾਂ ਕਿ ਖੇਤੀਬਾੜੀ ਵਪਾਰ ਵਿਚ ਮੁਕਾਬਲੇਬਾਜੀ ਸਦਕਾ ਬਦਲਵੇਂ ਵਪਾਰਿਕ ਵਸੀਲਿਆਂ ਰਾਹੀਂ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਨਸੀ ਦੀਆਂ ਲਾਹੇਵੰਦ ਕੀਮਤਾਂ ਮਿਲ ਸਕਣ। ਦੂਜੇ ਅਧਿਆਦੇਸ਼ ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕਿਸਾਨਾਂ ਦੀਆਂ ਜਿਨਸਾਂ ਦੀਆਂ ਕੀਮਤਾਂ ਦੀ ਗਾਰੰਟੀ ਕਰਨ ਅਤੇ ਕਿਸਾਨਾਂ ਨੂੰ ਹੋਰ ਤਾਕਤਵਰ ਬਣਾਉਣ ਲਈ ਖੇਤੀਬਾੜੀ ਇਕਰਾਰਨਾਮਿਆਂ ਨੂੰ ਅਭਿਆਸ ਵਿਚ ਲਿਆਉਣਾ ਹੈ। ਤੀਜੇ ਅਧਿਆਦੇਸ਼ ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਅਤੇ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਖੇਤੀਬਾੜੀ ਖੇਤਰ ਵਿਚ ਮੁਕਾਬਲੇਬਾਜੀ ਨੂੰ ਵਧਾਉਣਾ ਅਤੇ ਨਿਯੰਤਰਣ ਨਿਜ਼ਾਮ ਨੂੰ ਨਰਮ ਬਣਾਉਣਾ ਹੈ। ਇਨ੍ਹਾਂ ਤਿੰਨਾਂ ਅਧਿਆਦੇਸ਼ਾਂ ਦੇ ਦੱਸੇ ਗਏ ਉਦੇਸ਼ਾਂ ਵਿਚ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਬਾਰੇ ਕਹੇ ਜਾਣ ਕਰਕੇ ਇਨ੍ਹਾਂ ਨੂੰ ਕਿਸਾਨੀ ਸੁਧਾਰਾਂ ਦਾ ਨਾਮ ਦਿੱਤਾ ਗਿਆ ਹੈ।

ਖੇਤੀਬਾੜੀ ਸੰਬੰਧੀ ਇਨ੍ਹਾਂ ਤਿੰਨਾਂ ਅਧਿਆਦੇਸ਼ਾਂ ਦਾ ਕੱਚ-ਸੱਚ ਜਾਨਣ ਅਤੇ ਖੇਤੀਬਾੜੀ ਖੇਤਰ ਦੀ ਬਿਹਤਰੀ ਬਾਰੇ ਸੁਝਾਅ ਦੇਣ ਤੋਂ ਪਹਿਲਾਂ ਇਹ ਜਾਣ ਲੈਣਾ ਬਹੁਤ ਹੀ ਜ਼ਰੂਰੀ ਹੈ ਕਿ ਸਾਡੇ ਮੁਲਕ ਦਾ ਸੰਵਿਧਾਨ ਬਣਾਉਣ ਵਾਲਿਆਂ ਨੇ ਵੱਖ-ਵੱਖ ਸੂਬਿਆਂ ਵਿਚਕਾਰ ਭੂਗੋਲਿਕ, ਆਰਥਿਕ, ਸਮਾਜਿਕ-ਸਭਿਆਚਾਰਕ ਅਤੇ ਹੋਰ ਅਨੇਕਾਂ ਪੱਖਾਂ ਤੋਂ ਵੱਖ ਵੱਖ ਵਖਰੇਵਿਆਂ ਕਾਰਨ ਬਹੁਤ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਮੁਲਕ ਵਿਚ ਸੰਘੀ ਢਾਂਚੇ ਨੂੰ ਚੁਣਿਆ ਜਿਸ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਕੰਮਾਂ ਅਤੇ ਅਧਿਕਾਰਾਂ ਦਾ ਇਸ ਤਰ੍ਹਾਂ ਵਰਨਣ ਕੀਤਾ ਤਾਂ ਕਿ ਸੂਬੇ ਖ਼ੁਦ-ਮੁਖਤਿਆਰ ਹੋ ਕੇ ਆਪਣਾ ਵਿਕਾਸ ਕਰਦੇ ਹੋਏ ਮੁਲਕ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਣ ਅਤੇ ਕੇਂਦਰ ਅਤੇ ਸੂਬਾ ਸਰਕਾਰਾਂ ਇਕ ਦੂਜੇ ਦੇ ਖੇਤਰ ਵਿਚ ਬੇਲੋੜੀ ਦਖ਼ਲਅੰਦਾਜ਼ੀ ਨਾ ਕਰਨ। ਮੁਲਕ ਦਾ ਸੰਵਿਧਾਨ ਅੱਤ ਦੀ ਜ਼ਰੂਰਤ ਵਿਚ ਕੇਂਦਰ ਸਰਕਾਰ ਨੂੰ ਅਧਿਆਦੇਸ਼ ਜਾਰੀ ਕਰਨ ਦਾ ਹੱਕ ਦਿੰਦਾ ਹੈ, ਪਰ ਵਰਤਮਾਨ ਸੰਬੰਧ ਵਿਚ ਸੋਚਣ ਵਾਲੀ ਗੱਲ ਇਹ ਹੈ ਕਿ ਅੱਤ ਦੀ ਜ਼ਰੂਰਤ ਕੀ ਸੀ? ਜੇਕਰ ਕੇਂਦਰ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਜਾਂ ਖੇਤੀਬਾੜੀ ਖੇਤਰ ਦੀ ਬਿਹਤਰੀ ਲਈ ਨਵੀਆਂ ਨੀਤੀਆਂ ਬਣਾਉਣੀਆਂ ਅਤੇ ਲਾਗੂ ਕਰਨੀਆਂ ਚਾਹੁੰਦੀ ਸੀ ਤਾਂ ਉਸਨੂੰ ਇਨ੍ਹਾਂ ਨੀਤੀਆਂ ਸੰਬੰਧੀ ਬਿਲ ਬਣਾਕੇ ਸੰਸਦ ਵਿਚ ਵਿਚਾਰ-ਚਰਚਾ ਲਈ ਲਿਆਉਣੇ ਚਾਹੀਦੇ ਸਨ। ਖੇਤੀਬਾੜੀ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦੀ ਹੈ ਜਿਸ ਲਈ ਇਸ ਸੰਬੰਧ ਵਿਚ ਵੱਖ ਵੱਖ ਸੂਬਾ ਸਰਕਾਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਸੀ। ਇਸ ਤੋਂ ਬਿਨਾਂ ਖੇਤੀਬਾੜੀ ਤਿੰਨ ਵਰਗਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ ਅਤੇ ਇਹ ਤਿੰਨ ਵਰਗ ਹਨ- ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ। ਸੋ, ਇਨ੍ਹਾਂ ਤਿੰਨਾਂ ਵਰਗਾਂ ਦੀਆਂ ਜੱਥੇਬੰਦੀਆਂ ਤੋਂ ਵੀ ਸਹਿਮਤੀ ਲੈਣੀ ਬਣਦੀ ਸੀ। ਮੁਲਕ ਵਿਚ ਸੂਬਿਆਂ ਦੀ ਖ਼ੁਦਮੁਖਤਿਆਰੀ ਨੂੰ ਵੱਖ ਵੱਖ ਸਮਿਆਂ ਦੌਰਾਨ ਕੰਮਜ਼ੋਰ ਕੀਤਾ ਜਾਂਦਾ ਆ ਰਿਹਾ ਹੈ ਅਤੇ ਖੇਤੀਬਾੜੀ ਨਾਲ ਸੰਬੰਧਿਤ ਅਧਿਆਦੇਸ਼ਾਂ ਨੂੰ ਕੇਂਦਰੀ ਮੰਤਰੀ



ਮੰਡਲ ਵੱਲੋਂ ਸਹਿਮਤੀ ਦੇਣ ਅਤੇ ਮੁਲਕ ਦੇ ਰਾਸ਼ਟਰਪਤੀ ਵਲੋਂ ਉਨ੍ਹਾਂ ਉੱਪਰ ਆਪਣੀ ਸਹੀ ਪਾਉਣ ਤੋਂ ਪਹਿਲਾਂ ਸੂਬਾ ਸਰਕਾਰਾਂ ਅਤੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਜੱਥੇਬੰਦੀਆਂ ਦੀ ਸਹਿਮਤੀ ਲੈਣ ਦੇ ਸੰਬੰਧ ਵਿਚ ਪੂਰਨ ਅਣਦੇਖੀ ਕੀਤੀ ਗਈ ਹੈ। ਮੁਲਕ ਦੇ ਕੁਝ ਸੂਬਿਆਂ ਵਿਚ ਖੇਤਰੀ ਰਾਜਸੀ ਪਾਰਟੀਆਂ ਸੂਬਿਆਂ ਦੀ ਖ਼ੁਦਮੁਖਤਿਆਰੀ ਨੂੰ ਖ਼ਾਸ ਅਹਿਮੀਅਤ ਦਿੰਦੀਆਂ ਰਹੀਆਂ ਜਾਂ ਦੇ ਰਹੀਆਂ ਹਨ। ਪੰਜਾਬ ਦੀ ਖੇਤਰੀ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਤਾਂ ਸੂਬਿਆਂ ਦੀ ਖ਼ੁਦਮੁਖਤਿਆਰੀ ਸੰਬੰਧੀ ਆਨੰਦਪੁਰ ਸਾਹਿਬ ਮਤੇ ਨੂੰ ਅਪਣਾਇਆ ਅਤੇ ਇਸ ਉੱਪਰ ਪਹਿਰਾ ਦੇਣ ਦਾ ਅਹਿਦ ਲਿਆ। ਖੇਤੀਬਾੜੀ ਨਾਲ ਸੰਬੰਧਿਤ ਵਰਤਮਾਨ ਅਧਿਆਦੇਸ਼ਾਂ ਨੂੰ ਜਾਰੀ ਕਰਨ ਮੌਕੇ ਸੂਬਿਆਂ ਦੀ ਖ਼ੁਦਮੁਖਤਿਆਰੀ ਦੀ ਅਣਦੇਖੀ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਐੱਨ.ਡੀ.ਏ. ਸਰਕਾਰ ਦੀ ਭਾਗੀਦਾਰ ਹੋਣ ਕਾਰਨ, ਆਪ ਵੀ ਸਿੱਧੇ ਤੌਰ ਉੱਤੇ ਜ਼ਿੰਮੇਵਾਰ ਹੈ।

ਪਹਿਲੇ ਅਧਿਆਦੇਸ਼ ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੀਆਂ ਜਿਨਸਾਂ ਦੀ ਖ਼ਰੀਦ-ਵੇਚ ਦੇ ਸੰਬੰਧ ਵਿਚ ਮਰਜ਼ੀ ਦੀ ਚੋਣ ਦਾ ਇੰਤਜਾਮ ਕਰਨਾ ਹੈ। ਇਸ ਸੰਬੰਧ ਵਿਚ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਇਨ੍ਹਾਂ ਅਧਿਆਦੇਸ਼ਾਂ ਦੇ ਮੁਲਕ ਦੇ ਗਜ਼ਟ ਵਿਚ ਦਰਜ ਹੋਣ ਤੋਂ ਪਹਿਲਾਂ ਕਿਸਾਨਾਂ ਦੀਆਂ ਜਿਨਸਾਂ ਦੀ ਖ਼ਰੀਦ-ਵੇਚ ਏ.ਪੀ.ਐੱਮ.ਸੀ. ਐਕਟ ਅਧੀਨ ਹੁੰਦੀ ਸੀ ਜਿਸ ਅਨੁਸਾਰ ਇਹ ਕੰਮ ਸੂਬਾ ਸਰਕਾਰਾਂ ਦੇ ਨਿਯੰਤਰਣ ਵਾਲੀਆਂ ਮੰਡੀਆਂ ਵਿਚ ਹੁੰਦਾ ਸੀ, ਪਰ ਹੁਣ ਇਸ ਅਧਿਆਦੇਸ਼ ਨਾਲ ਨਿੱਜੀ ਮੰਡੀਆਂ ਵਿਚ ਖੇਤੀਬਾੜੀ ਜਿਨਸਾਂ ਦੀ ਖ਼ਰੀਦ-ਵੇਚ ਹੋ ਸਕੇਗੀ। ਸੂਬਾ ਸਰਕਾਰਾਂ ਇਨ੍ਹਾਂ ਮੰਡੀਆਂ ਉੱਪਰ ਆਪਣਾ ਨਿਯੰਤਰਣ ਸੂਬਾ ਖੇਤੀਬਾੜੀ ਮੰਡੀਕਰਨ ਬੋਰਡਾਂ ਰਾਹੀਂ ਕਰਦੀਆਂ ਹਨ। ਇਹ ਬੋਰਡ ਖੇਤੀਬਾੜੀ ਜਿਨਸਾਂ ਖ਼ਰੀਦਣ ਵਾਲਿਆਂ ਤੋਂ ਆਪਣੀ ਫੀਸ ਅਤੇ ਦਿਹਾਤੀ ਵਿਕਾਸ ਫੰਡ ਇਕੱਠਾ ਕਰਦੇ ਹਨ। 2020-21 ਵਿਚ ਪੰਜਾਬ ਵਿਚ ਇਨ੍ਹਾਂ ਮੱਦਾਂ ਤੋਂ 3900 ਕਰੋੜ ਰੁਪਏ ਦੀ ਆਮਦਨ ਦਾ ਅੰਦਾਜ਼ਾ ਹੈ। ਇਹ ਬੋਰਡ ਆਪਣੀ ਆਮਦਨ ਨਾਲ ਮੰਡੀਆਂ ਦੇ ਫੜ੍ਹਾਂ, ਸ਼ੈੱਡਾਂ ਦੀ ਉਸਾਰੀ ਅਤੇ ਦੇਖਭਾਲ ਤੋਂ ਇਲਾਵਾ ਦਿਹਾਤੀ ਖੇਤਰ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਪੰਜਾਬ ਪੂਰੇ ਮੁਲਕ ਦਾ ਇਕੋ-ਇਕ ਅਜਿਹਾ ਸੂਬਾ ਹੈ ਜਿਸ ਦਾ ਹਰੇਕ ਪਿੰਡ ਲਿੰਕ ਸੜਕ ਰਾਹੀਂ ਮੁੱਖ ਸੜਕ ਨਾਲ ਜੁੜਿਆ ਹੋਇਆ ਹੈ ਜਿਸ ਸਦਕਾ ਖੇਤੀਬਾੜੀ ਜਿਨਸਾਂ ਦੇ ਮੰਡੀਕਰਨ ਵਿਚ ਕਾਫ਼ੀ ਸੌਖ ਰਹਿੰਦੀ ਹੈ। ਪੰਜਾਬ ਵਿਚ ਪਿੰਡਾਂ ਨੂੰ ਲਿੰਕ ਸੜਕਾਂ ਰਾਹੀਂ ਮੁੱਖ ਸੜਕਾਂ ਨਾਲ ਜੋੜਨ ਦਾ ਸਿਹਰਾ ਇਸ ਸੂਬੇ ਦੇ ਥੋੜ੍ਹੇ ਸਮੇਂ ਲਈ ਰਹੇ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੂੰ ਜਾਂਦਾ ਹੈ ਜਿਸ ਨੇ ਇਹ ਵਿਕਾਸ ਵਾਲਾ ਕੰਮ ਡਾ. ਮਹਿੰਦਰ ਸਿੰਘ ਰੰਧਾਵਾ ਤੋਂ ਸਲਾਹ ਲੈਕੇ ਕੀਤਾ ਸੀ। ਇਨ੍ਹਾਂ ਲਿੰਕ ਸੜਕਾਂ ਨੂੰ ਬਣਾਉਣ, ਇਨ੍ਹਾਂ ਦੀ ਮੁਰੰਮਤ ਕਰਨ ਅਤੇ ਪਿੰਡਾਂ ਦੀ ਗ਼ਲੀਆਂ-ਨਾ਼ਲੀਆਂ ਸਮੇਤ ਹੋਰ ਵਿਕਾਸ ਦੇ ਕੰਮਾਂ ਲਈ ਪੈਸਾ ਪੰਜਾਬ ਖੇਤੀਬਾੜੀ ਮੰਡੀਕਰਨ ਬੋਰਡ ਵੱਲੋਂ ਖ਼ਰਚ ਕੀਤਾ ਜਾਂਦਾ ਹੈ। ਹੁਣ ਨਿੱਜੀ ਮੰਡੀਆਂ ਦੇ ਹੋਂਦ ਵਿਚ ਆਉਣ ਨਾ਼ਲ ਇਸ ਬੋਰਡ ਦੀ ਆਮਦਨੀ ਨੂੰ ਵੱਡਾ ਖੋਰਾ ਲੱਗਣ ਕਾਰਨ ਸੂਬੇ ਦਾ ਦਿਹਾਤੀ ਵਿਕਾਸ ਸਿਰਫ਼ ਰੁਕੇਗਾ ਹੀ ਨਹੀਂ, ਸਗੋਂ ਪਿੱਛੇ ਵੱਲ ਨੂੰ ਮੋੜਾ ਕੱਟੇਗਾ। ਇਸ ਅਧਿਆਦੇਸ਼ ਅਨੁਸਾਰ ਮੁਲਕ ਦੇ ਕਿਸਾਨ ਆਪਣੀਆਂ ਜਿਨਸਾਂ ਨੂੰ ਮੁਲਕ ਦੇ ਕਿਸੇ ਵੀ ਭਾਗ ਵਿਚ ਵੇਚ ਸਕਣ ਦੇ ਸਮਰੱਥ ਹੋਣ ਬਾਰੇ ਕਿਹਾ ਗਿਆ ਹੈ। ਇਸ ਸੰਬੰਧ ਵਿਚ ਅਸਲੀਅਤ ਕੁਝ ਹੋਰ ਹੀ ਹੈ। ਪੂਰੇ ਮੁਲਕ ਦੇ 85 ਫ਼ੀਸਦ ਤੋਂ ਵੱਧ ਕਿਸਾਨ 5 ਏਕੜ ਤੋਂ ਘੱਟ ਜ਼ਮੀਨ ਦੇ ਮਾਲਕ ਹਨ। ਇਨ੍ਹਾਂ ਵਿਚੋਂ ਵੀ ਬਹੁਤ ਵੱਡੀ ਗਿਣਤੀ ਕਿਸਾਨਾਂ ਕੋਲ ਮੰਡੀ ਵਿਚ ਵੇਚਣਯੋਗ ਵਾਧੂ ਜਿਨਸ ਬਹੁਤ ਘੱਟ ਮਾਤਰਾ ਵਿਚ ਹੁੰਦੀ ਹੈ ਅਤੇ ਇਨ੍ਹਾਂ ਦੀ ਮਾੜੀ ਆਰਥਿਕ ਹਾਲਤ ਕਾਰਨ ਇਹ ਕਿਸਾਨ ਆਪਣੀਆਂ ਨਮਕ, ਤੇਲ, ਕੱਪੜੇ ਆਦਿ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਣੀ ਵਾਧੂ ਜਿਨਸ ਨੂੰ ਮੰਡੀ ਵਿਚ ਲਿਜਾਣ ਲਈ ਵੀ ਕਿਰਾਏ ਦੀ ਗੱਡੀ ਉੱਪਰ ਨਿਰਭਰ ਕਰਦੇ ਹਨ। ਇਹ ਕਿਸਾਨ ਵੱਖ ਵੱਖ ਮੰਡੀਆਂ ਵਿਚ ਆਪਣੀਆਂ ਜਿਨਸਾਂ ਲਿਜਾਣ ਦੇ ਕਾਬਲ ਨਹੀਂ ਹੋਣਗੇ। ਇਨ੍ਹਾਂ ਕਿਸਾਨਾਂ ਵਿਚੋਂ ਕੁਝ ਕਿਸਾਨ ਅਜਿਹੇ ਵੀ ਹਨ ਜਿਹੜੇ ਆਪਣੀਆਂ ਖ਼ੁਰਾਕ ਦੀਆਂ ਵਰਤਮਾਨ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਸਾਰੇ ਸਾਲ ਦੀ ਲੋੜ ਵਿਚੋਂ ਵੀ ਕੁਝ ਹਿੱਸੇ ਨੂੰ ਵੇਚਕੇ ਬਾਅਦ ਵਿਚ ਲੋੜ ਅਨੁਸਾਰ ਮੰਡੀ ਵਿਚੋਂ ਖ਼ਰੀਦਕੇ ਆਪਣਾ ਵਕਤ ਟਪਾਉਂਦੇ ਹਨ। ਨਿੱਜੀ ਮੰਡੀਆਂ ਦੀ ਸਥਾਪਤੀ ਦਾ ਉਦੇਸ਼ ਵਪਾਰੀਆਂ ਦੇ ਨਫ਼ੇ ਵਧਾਉਣਾ ਹੁੰਦਾ ਹੈ। ਇਕ ਵਾਰ ਖੇਤੀਬਾੜੀ ਜਿਨਸਾਂ ਦੇ ਵਿਕ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਕੀਮਤਾਂ ਵਧਦੀਆਂ ਰਹਿਣਗੀਆਂ ਜਿਸ ਕਾਰਨ ਕਿਸਾਨਾਂ ਸਮੇਤ ਖ਼ਪਤਕਾਰਾਂ ਨੂੰ ਆਪਣੀਆਂ ਖ਼ੁਰਾਕੀ ਲੋੜਾਂ ਨੂੰ ਪੂਰਾ ਕਰਨ ਲਈ ਉੱਚੀਆਂ ਕੀਮਤਾਂ ਦੇਣ ਲਈ ਮਜ਼ਬੂਰ ਹੋਣਾ ਪਵੇਗਾ।

ਦੂਜੇ ਅਧਿਆਦੇਸ਼ ਦੇ ਦੱਸੇ ਗਏ ਉਦੇਸ਼ ਅਨੁਸਾਰ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਦੀ ਗਾਰੰਟੀ ਅਨੁਸਾਰ ਖੇਤੀਬਾੜੀ ਨਾਲ ਇਕਰਾਰਨਾਮਿਆਂ ਨੂੰ ਅਭਿਆਸ ਵਿਚ ਲਿਆਂਦਾ ਜਾ ਸਕੇਗਾ। ਐਗਰੋ-ਪ੍ਰੋਸੈਸਿੰਗ ਉਦਯੋਗਿਕ ਇਕਾਈਆਂ ਅਤੇ ਵਪਾਰੀਆਂ ਵੱਲੋਂ ਪਹਿਲਾਂ ਹੀ ਇਸ ਤਰ੍ਹਾਂ ਦੇ ਵਰਤਾਰੇ ਦਾ ਨਿਰਾਸ਼ਾਜਨਕ ਇਤਿਹਾਸ ਸਾਡੇ ਸਾਹਮਣੇ ਹੈ। ਇਹ ਉਦਯੋਗਿਕ ਇਕਾਈਆਂ ਅਤੇ ਵਪਾਰੀ ਪਹਿਲਾਂ ਤੋਂ ਹੀ ਕਿਸਾਨਾਂ ਨਾਲ ਇਕਰਾਰਨਾਮੇ ਕਰਦੇ ਆਏ ਹਨ, ਪਰ ਜਦੋਂ ਮੰਡੀ ਵਿਚ ਉੱਚੀਆਂ ਕੀਮਤਾਂ ਹੁੰਦੀਆਂ ਹਨ ਤਾਂ ਇਹ ਆਪਣੇ ਸੁਰੱਖਿਆ ਦਸਤਿਆਂ ਦੀ ਮਦਦ ਨਾਲ ਸਾਰੀ ਜਿਨਸ ਲੈ ਜਾਂਦੇ ਹਨ ਅਤੇ ਜਦੋਂ ਮੰਡੀ ਵਿਚ ਕੀਮਤਾਂ ਬਹੁਤ ਘੱਟ ਹੁੰਦੀਆਂ ਹਨ ਤਾਂ ਇਹ ਤਰ੍ਹਾਂ ਤਰ੍ਹਾਂ ਦੇ ਬਹਾਨੇ, ਜਿਵੇਂ ਆਲੂਆਂ ਵਿਚ ਸ਼ੱਕਰ ਜ਼ਿਆਦਾ ਹੈ ਜਾਂ ਆਲੂਆਂ ਦਾ ਸਾਈਜ਼ ਛੋਟਾ ਹੈ ਜਾਂ ਬਾਸਮਤੀ ਦੇ ਦਾਣੇ ਬਦਰੰਗ ਹਨ ਜਾਂ ਉਨ੍ਹਾਂ ਵਿਚ ਨਮੀ ਜ਼ਿਆਦਾ ਹੈ ਆਦਿ ਆਦਿ ਬਣਾਕੇ ਜਿਨਸਾਂ ਦੀ ਤੈਅਸ਼ੁਦਾ ਕੀਮਤ ਉੱਪਰ ਖ਼ਰੀਦ ਕਰਨ ਤੋਂ ਮੁਕਰ ਜਾਂਦੇ ਦੇਖੇ ਗਏ ਹਨ।

ਤੀਜੇ ਅਧਿਆਦੇਸ਼ ਦਾ ਦੱਸਿਆ ਗਿਆ ਉਦੇਸ਼ ਖੇਤੀਬਾੜੀ ਖੇਤਰ ਵਿਚ ਮੁਕਾਬਲੇਬਾਜੀ ਵਧਾਉਣ ਲਈ ਸਰਕਾਰੀ ਨਿਯੰਰਤਣ ਨੂੰ ਨਰਮ ਬਣਾਉਣਾ ਹੈ। ਇਸ ਲਈ ਜ਼ਰੂਰੀ ਵਸਤਾਂ ਕਾਨੂੰਨ 1955 ਅਨੁਸਾਰ ਜ਼ਰੂਰੀ ਵਸਤਾਂ ਨੂੰ ਸਟੋਰ ਕਰਨ ਦੀਆਂ ਹੱਦਾਂ ਨੂੰ ਕੁਝ ਸ਼ਰਤਾਂ ਲਾਕੇ ਬਹੁਤ ਹੀ ਨਰਮ ਕੀਤਾ ਗਿਆ ਹੈ। ਹੁਣ ਵਪਾਰੀ, ਕੰਪਨੀਆਂ ਅਤੇ ਕੁਝ ਹੋਰ ਅਦਾਰੇ ਅਨਾਜ, ਦਾਲਾਂ, ਤੇਲ ਬੀਜ਼ਾਂ, ਆਲੂ, ਪਿਆਜ਼ ਵਗੈਰਾ ਨੂੰ ਕਿਸੇ ਵੀ ਪੱਧਰ ਤੱਕ ਸਟੋਰ ਕਰ ਸਕਣਗੇ। ਅਜਿਹੇ ਵਰਤਾਰੇ ਵਿਚ ਵਪਾਰੀਆਂ ਅਤੇ ਕੰਪਨੀਆਂ ਦੇ ਕਾਰਟਲ ਹੋਂਦ ਵਿਚ ਆਉਂਦੇ ਹਨ ਜੋ ਫ਼ਸਲਾਂ ਦੀ ਕਟਾਈ ਆਦਿ ਸਮੇਂ ਖੇਤੀਬਾੜੀ ਜਿਨਸਾਂ ਨੂੰ ਬਹੁਤ ਘੱਟ ਕੀਮਤਾਂ ਉੱਪਰ ਖ਼ਰੀਦਕੇ ਬਾਅਦ ਵਿਚ ਖ਼ਪਤਕਾਰਾਂ ਨੂੰ ਬਹੁਤ ਉੱਚੀਆਂ ਕੀਮਤਾਂ ਉੱਪਰ ਵੇਚਦੇ ਹਨ ਜਿਸ ਨਾਲ ਕਿਸਾਨਾਂ ਅਤੇ ਖ਼ਪਤਕਾਰਾਂ ਦੋਵਾਂ ਦਾ ਨਪੀੜਨ ਹੁੰਦਾ ਹੈ।

ਇਨ੍ਹਾਂ ਖੇਤੀਬਾੜੀ ਨਾਲ ਸੰਬੰਧਿਤ ਅਧਿਆਦੇਸ਼ਾਂ ਦਾ ਕੁਝ ਰਾਜਸੀ ਪਾਰਟੀਆਂ ਅਤੇ ਕਿਸਾਨ ਜੱਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਸਾਂਤਾ ਰਾਮ ਕਮੇਟੀ ਦੀਆਂ ਸਿਫ਼ਾਰਸਾਂ ਅਤੇ ਇਨ੍ਹਾਂ ਅਧਿਆਦੇਸ਼ਾਂ ਦੀਆਂ ਬਾਰੀਕੀਆਂ ਤੋਂ ਡਰ ਹੈ ਕਿ ਸਰਕਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਤੋਂ ਪਿੱਛੇ ਹਟਦੀ ਹੋਈ ਮੰਡੀ ਵਿਚ ਉਨ੍ਹਾਂ ਦੀਆਂ ਜਿਨਸਾਂ ਦੀ ਖ਼ਰੀਦ ਨਹੀਂ ਕਰੇਗੀ। ਇਸ ਸੰਬੰਧ ਵਿਚ ਕੇਂਦਰੀ ਖੇਤੀਬਾੜੀ ਮੰਤਰੀ ਨੇ ਬਿਆਨ ਦਿੱਤਾ ਹੈ ਕਿ ਸਰਕਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੀ ਰਹੇਗੀ, ਪਰ ਉਨ੍ਹਾਂ ਨੇ ਇਨ੍ਹਾਂ ਕੀਮਤਾਂ ਉੱਪਰ ਮੰਡੀ ਵਿਚੋਂ ਖ਼ਰੀਦ ਕਰਨ ਬਾਰੇ ਕੁਝ ਵੀ ਨਹੀਂ ਕਿਹਾ।

ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਬਿਹਤਰੀ ਲਈ ਸਰਕਾਰ ਨੂੰ ਆਪਣੀਆਂ ਖੇਤੀਬਾੜੀ ਅਤੇ ਆਰਥਿਕ ਨੀਤੀਆਂ ਵਿਚ ਵੱਡੇ ਬਦਲਾਵਾਂ ਦੀ ਸਖ਼ਤ ਲੋੜ ਹੈ। ਪੰਜਾਬ ਦੇ ਦਲਿਤ ਮਜ਼ਦੂਰ ਪਰਿਵਾਰਾਂ ਨੇ ਪੰਚਾਇਤੀ ਜ਼ਮੀਨਾਂ ਨੂੰ ਠੇਕੇ ਉੱਪਰ ਲੈ ਕੇ ਸਹਿਕਾਰੀ ਖੇਤੀਬਾੜੀ ਰਾਹੀਂ ਸਾਰੇ ਮੁਲਕ ਨੂੰ ਸਹਿਕਾਰੀ ਖੇਤੀਬਾੜੀ ਅਪਣਾਉਣ ਦਾ ਰਾਹ ਦਖਾਇਆ ਹੈ।

ਸੋ, ਇਸ ਸੰਬੰਧ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਖੇਤੀਬਾੜੀ ਨਾਲ ਸੰਬੰਧਿਤ ਵਰਗਾਂ ਦੀ ਆਮਦਨ ਨੂੰ ਘੱਟੋ-ਘੱਟ ਉਸ ਪੱਧਰ ਤੱਕ ਵਧਾਉਣਾ ਯਕੀਨੀ ਬਣਾਉਣ ਜਿਸ ਨਾਲ ਉਹ ਆਪਣੀਆਂ ਬੁਨਿਆਦੀ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ।

( 10 ਜੂਨ ਬਰਸੀ 'ਤੇ)

# ਪੰਜਾਬੀ ਸਹਿਤ ਦੇ ਅੰਬਰ ਦਾ ਧਰੂ ਤਾਰਾ- ਭਾਈ ਵੀਰ ਸਿੰਘ

ਰਮੇਸ਼ ਬੱਗਾ ਚੋਹਲਾ
91-94631-32719

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਸਨ। ਪੰਜਾਬੀ ਕਵਿਤਾ ਨੂੰ ਆਧੁਨਿਕ ਲੀਹਾਂ 'ਤੇ ਪਾਉਣ ਅਤੇ ਕਾਵਿ-ਮੰਡਲ ਵਿੱਚ ਇਸ ਦਾ ਖਾਸ ਮੁਕਾਮ ਬਣਾਉਣ ਲਈ ਭਾਈ ਵੀਰ ਸਿੰਘ ਦਾ ਯੋਗਦਾਨ ਅਹਿਮ ਹੈ। ਆਪ ਨੇ ਸਿਰਫ ਕਵਿਤਾ ਹੀ ਨਹੀਂ ਸਗੋਂ ਆਧੁਨਿਕ ਸਾਹਿਤ ਦੀਆਂ ਕਈ ਹੋਰ ਵਿਧਾਵਾਂ ਵਿੱਚ ਵੀ ਰਚਨਾ ਰਚੀ ਹੈ। ਛੋਟੀਆਂ ਕਵਿਤਾਵਾਂ ਅਤੇ ਮਹਾਂ-ਕਾਵਿ ਤੋਂ ਛੁਟ ਨਾਵਲ, ਨਾਟਕ, ਵਾਰਤਕ, ਇਤਿਹਾਸਕ ਜੀਵਨੀਆਂ, ਲੇਖਾਂ, ਸਾਖੀਆਂ ਅਤੇ ਟਰੈਕਟ ਆਦਿ ਦੀ ਸਿਰਜਣਾ ਦੀ ਪਹਿਲਤਾ ਵੀ ਉਨ੍ਹਾਂ ਨੇ ਕੀਤੀ।

ਆਪ ਦੀ ਰਚਨਾਤਮਕ ਪ੍ਰਤਿਭਾ ਦਾ ਪ੍ਰੇਰਣਾਸਰੋਤ ਆਪ ਦਾ ਘਰੋਗੀ ਜੀਵਨ ਸੀ। ਆਪ ਦੀ ਕਵਿਤਾ ਰਹੱਸਵਾਦ ਅਤੇ ਅਧਿਆਤਮਵਾਦ ਨਾਲ ਲਬਰੇਜ਼ ਹੈ। ਭਾਈ ਵੀਰ ਸਿੰਘ ਨੂੰ ਵੀਹਵੀਂ ਸ਼ਤਾਬਦੀ ਦਾ ਭਾਈ ਗੁਰਦਾਸ ਵੀ ਕਿਹਾ ਜਾਂਦਾ ਹੈ। ਆਪ ਦੀਆਂ ਕਿਰਤਾਂ ਦੇ ਵਿਸ਼ੇ ਬੇਸ਼ੱਕ ਪੁਰਾਣੇ ਹਨ, ਪਰ ਪੇਸ਼ਕਾਰੀ ਦੇ ਢੰਗ ਨਵੀਨ ਹਨ। ਇਹ ਸਭ ਗੱਲਾਂ ਆਪ ਨੂੰ ਪ੍ਰੰਪਰਾ ਨਾਲੋਂ ਵਖਰਾਉਂਦੀਆਂ ਹਨ ਅਤੇ ਆਧੁਨਿਕਤਾ ਨਾਲ ਜੋੜਦੀਆਂ ਹਨ। ਆਪ ਜੀ ਨੂੰ ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈਸਵੀ ਨੂੰ ਅੰਮ੍ਰਿਤਸਰ ਸ਼ਹਿਰ ਦੀ ਪਾਵਨ ਧਰਤੀ ਉੱਪਰ ਡਾਕਟਰ ਚਰਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਦੇ ਖਾਨਦਾਨ ਦਾ ਸਬੰਧ ਸਿੱਖ ਤਵਾਰੀਖ ਦੀ ਨਾਮਵਰ ਹਸਤੀ ਦੀਵਾਨ ਕੌੜਾ ਮਲ ਨਾਲ ਸੀ। ਆਪ ਦੇ ਨਾਨਾ ਪੰਡਿਤ ਹਜ਼ਾਰਾ ਸਿੰਘ ਮਹਾਨ ਵਿਦਵਾਨ ਸਨ। ਭਾਈ ਵੀਰ ਸਿੰਘ ਨੇ ਮੈਟ੍ਰਿਕ ਦਾ ਇਮਤਿਹਾਨ ਜ਼ਿਲ੍ਹੇ ਭਰ ਵਿੱਚੋਂ ਅਵੱਲ ਰਹਿ ਕੇ ਪਾਸ ਕੀਤਾ। ਆਪ ਦਾ ਤਾਲੀਮੀ ਦੌਰ ਹੋਣਹਾਰ ਤਾਲਿਬ-ਇਲਮਾਂ ਵਾਲਾ ਰਿਹਾ। ਭਾਈ ਵੀਰ ਸਿੰਘ ਨੇ 1898 ਈਸਵੀ ਵਿੱਚ ਇੱਕ ਅਖਬਾਰ ਦੀ ਪ੍ਰਕਾਸ਼ਨਾ ਕੀਤੀ, ਜਿਸ ਦਾ ਨਾਮ 'ਖਾਲਸਾ ਸਮਾਚਾਰ' ਰੱਖਿਆ। ਇਸ ਤੋਂ ਇੱਕ ਸਾਲ ਬਾਅਦ ਨਿਰਗੁਣਿਆਰਾ ਪੇਪਰ ਜਾਰੀ ਕੀਤਾ। ਆਪ ਨੇ ਭਾਵੇਂ ਵਿਸ਼ਵਵਿਦਿਆਲਾ ਦੀ ਉੱਚ-ਵਿੱਦਿਆ ਗ੍ਰਹਿਣ ਨਹੀਂ ਕੀਤੀ, ਫਿਰ ਵੀ ਆਪ ਨੇ ਸੰਸਕ੍ਰਿਤ, ਫ਼ਾਰਸੀ, ਉਰਦੂ, ਗੁਰਬਾਣੀ, ਸਿੱਖ ਤੇ ਹਿੰਦੂ ਦਰਸ਼ਨ ਦਾ ਖ਼ੂਬ ਮੁਤਾਲਿਆ ਕੀਤਾ। ਆਪ ਦੀ ਵਧੇਰੇ ਰਚਨਾ ਸਿੱਖੀ ਦੇ ਪ੍ਰਚਾਰ ਵਜੋਂ ਸੀ। ਇਸ ਸਮੇਂ ਅਹਿਮਦੀਆ ਅਤੇ ਆਰੀਆ ਸਮਾਜੀ ਲਹਿਰਾਂ ਉਰਦੂ ਤੇ ਹਿੰਦੀ ਭਾਸ਼ਾ ਰਾਹੀਂ ਪ੍ਰਚਾਰ ਕਰ ਰਹੀਆਂ ਸਨ। ਇੱਧਰ ਸਿੰਘ ਸਭਾ ਲਹਿਰ ਵੀ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੀ ਰਾਖੀ ਲਈ ਮੈਦਾਨ ਵਿੱਚ ਕੁੱਦ ਚੁੱਕੀ ਸੀ। ਭਾਈ ਵੀਰ ਸਿੰਘ ਦਾ ਇਸ ਲਹਿਰ ਪ੍ਰਤੀ ਬੇਸ਼ਕੀਮਤੀ ਯੋਗਦਾਨ ਹੈ।

1930 ਤੱਕ ਪੰਜਾਬੀ ਸਾਹਿਤ ਦੇ ਅਕਾਸ਼ ਵਿੱਚ ਭਾਈ ਸਾਹਿਬ ਸੂਰਜ ਵਾਂਗ ਮਘਦੇ ਰਹੇ। ਆਪ ਦੀਆਂ ਸਾਹਿਤਕ ਸੇਵਾਵਾਂ ਨੂੰ ਮੱਦੇਨਜ਼ਰ ਰੱਖ ਕੇ ਪੰਜਾਬ ਯੂਨੀਵਰਸਿਟੀ ਨੇ ਆਪ ਨੂੰ 1849 ਈਸਵੀ ਵਿੱਚ ਡਾਕਟਰ ਆਫ ਓਰੀਐਂਟਲ ਲਰਨਿੰਗ ਦੀ ਡਿਗਰੀ ਪ੍ਰਦਾਨ ਕੀਤੀ। 1950 ਈਸਵੀ ਵਿੱਚ ਆਪ ਜੀ ਨੂੰ ਸਿੱਖ ਵਿੱਦਿਅਕ ਕਾਨਫਰੰਸ ਵਿੱਚ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ। ਆਪ ਦੀ ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਭਾਰਤ ਦੀ ਸਾਹਿਤ ਅਕਾਦਮੀ ਦਾ ਸਰਵ-ਉੱਚ ਇਨਾਮ ਮਿਲਿਆ। 1952 ਈ. ਵਿੱਚ ਆਪ ਜੀ ਨੂੰ ਪੰਜਾਬ ਵਿਧਾਨ ਘੜਨੀ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਏਨਾ ਸਫਲ ਤੇ ਪ੍ਰਾਪਤੀਆਂ ਵਾਲਾ ਜੀਵਨ ਬਤੀਤ ਕਰਕੇ ਆਪ 10 ਜੂਨ 1957 ਈਸਵੀ ਵਿੱਚ ਸੁਰਗਵਾਸ ਹੋ ਗਏ।



# ਸਰਕਾਰੀ ਵਿਵਸਥਾ ਅਤੇ ਸਮਾਜ ਦੀ ਮਜ਼ਦੂਰਾਂ ਪ੍ਰਤੀ ਬੇਰੁੱਖੀ

ਉਕਾਰ ਨਾਥ
91-95305-00142

ਕਰੋਨਾ ਵਾਇਰਸ ਦੀ ਬੀਮਾਰੀ ਭਾਰਤ ਸਮੇਤ ਸੰਸਾਰ ਦੇ ਕਈ ਦੇਸ਼ਾਂ ਵਿਚ ਫੈਲ ਚੁੱਕੀ ਹੈ। ਇਸ ਦੇ ਸੰਬੰਧ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨੇ 24 ਮਾਰਚ ਨੂੰ ਰਾਸ਼ਟਰੀ ਪੱਧਰ ਤੇ ਲੌਕਡਾਉਨ (ਤਾਲਾਬੰਦੀ) ਦੀ ਘੋਸ਼ਣਾ ਰਾਸ਼ਟਰੀ ਆਫਤ ਪ੍ਰਬੰਧਨ ਕਾਨੂੰਨ (Disaster Management act), 2005 ਅਧੀਨ ਕੀਤੀ ਜਿਸ ਅਨੁਸਾਰ ਲੋਕਾਂ ਨੂੰ ਆਪਣੇ ਘਰਾਂ ਅੰਦਰ ਰਹਿਣ ਦੀ ਅਪੀਲ ਕੀਤੀ ਗਈ ਤਾਂ ਕਿ ਇਸ ਬੀਮਾਰੀ ਨੂੰ ਵੱਧਣ ਤੋਂ ਰੋਕਿਆ ਜਾ ਸਕੇ। ਪ੍ਰਧਾਨ ਮੰਤਰੀ ਦੇ ਇਸ ਐਲਾਨ ਦੀ ਹਮਾਇਤ ਵਿਚ ਸੂਬਾ ਸਰਕਾਰਾਂ ਵੀ ਬੜੇ ਜੋਸ਼ ਨਾਲ ਇਸ ਬੀਮਾਰੀ ਨਾਲ ਲੜਣ ਲਈ ਅੱਗੇ ਆਈਆਂ। ਇਸ ਦੌਰਾਨ ਇਹ ਭਰੋਸਾ ਦਿੱਤਾ ਗਿਆ ਕਿ ਲੋਕਾਂ ਦੀਆਂ ਸਾਰੀਆਂ ਜਰੂਰਤਾਂ ਦਾ ਖਿਆਲ ਰੱਖਿਆ ਜਾਵੇਗਾ। ਕੇਂਦਰ ਅਤੇ ਸੂਬਾ ਸਰਕਾਰਾਂ ਨੇ ਇਸ ਸਮੇਂ ਦੌਰਾਨ ਆਪਣੀ ਹਿੱਕ ਥਾਪੜੀ ਕਿ ਉਨ੍ਹਾਂ ਦੇ ਯਤਨਾਂ ਕਰਕੇ ਕਰੋਨਾ ਦੀ ਬੀਮਾਰੀ ਨੂੰ ਫੈਲਣ ਤੋਂ ਰੋਕਣ ਵਿਚ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ। ਪਰ ਕਰੋਨਾ ਦੀ ਬੀਮਾਰੀ ਨੂੰ ਰੋਕਣ ਦੇ ਇਸ ਸ਼ੋਰ ਅਤੇ ਜੋਸ਼ ਵਿਚ, ਅਸੀਂ ਕਿਤੇ ਨਾ ਕਿਤੇ ਉਨ੍ਹਾਂ ਮਜ਼ਦੂਰਾਂ ਨੂੰ ਭੁੱਲ ਗਏ ਜੋ ਕਿ ਸਮੁੱਚੀ ਭਾਰਤੀ ਅਰਥ ਵਿਵਸਥਾ ਦੀ ਨੀਂਹ ਹਨ। ਅਸੀਂ ਦੇਖਦੇ ਹਾਂ ਕਿ ਭਾਰਤ ਵਿਚ ਬਹੁਤ ਸਾਰੇ ਚਕਾਚੌਂਦ ਵਾਲੇ ਬਹੁ-ਮੰਜਿਲੇ ਮਾਲ ਤੇ ਸ਼ਾਪਿੰਗ ਸੈਂਟਰ, ਬਹੁ-ਮੰਜਿਲੇ ਰਿਹਾਇਸ਼ੀ ਮਕਾਨ, ਉਦਯੋਗਿਕ ਅਦਾਰੇ, ਮੈਟਰੋ ਗੱਡੀਆਂ, ਲੰਬੀਆਂ ਸੜਕਾਂ ਅਤੇ ਪੁਲ ਅਤੇ ਬਜ਼ਾਰ ਆਦਿ ਬਣ ਚੁੱਕੇ ਹਨ। ਇਹ ਸਭ ਕੁੱਝ ਮਜ਼ਦੂਰਾਂ ਦੇ ਸਿਰੜ, ਹੌਸਲੇ ਅਤੇ ਮਿਹਨਤ ਸਦਕਾ ਹੀ ਸੰਭਵ ਹੋ ਸਕਿਆ ਹੈ। ਭਾਰਤੀ ਜੀਵਨ ਦੇ ਤਕਰੀਬਨ ਹਰ ਪੱਖ ਵਿਚ ਮਜ਼ਦੂਰ ਯੋਗਦਾਨ ਦੇ ਰਹੇ ਹਨ ਜਿਸ ਤੋਂ ਬਿਨ੍ਹਾ ਅਸੀਂ ਆਪਣੀ ਜ਼ਿੰਦਗੀ ਸ਼ਾਇਦ ਕਿਆਸ ਵੀ ਨਹੀ ਸਕਦੇ।

ਟੈਲੀਵੀਜ਼ਨ ਚੈਨਲਾਂ ਤੇ ਬਹਿਸ ਦੌਰਾਨ ਜਿੱਥੇ ਇਕ ਪਾਸੇ ਇਸ ਬੀਮਾਰੀ ਦਾ ਸਾਹਮਣਾ ਕਰਨ ਦੇ ਦਾਅਵੇ ਕੀਤੇ ਜਾ ਰਹੇ ਸਨ ਉਸ ਦੇ ਨਾਲ ਹੀ ਇਹ ਵੀ ਦੇਖਿਆ ਗਿਆ ਕਿ ਸਰਕਾਰ ਵਲੋਂ ਸ਼ੁਰੂ ਤੋਂ ਹੀ ਯੋਗ ਪ੍ਰਬੰਧਾਂ ਦੀ ਅਣਹੋਂਦ ਕਰਕੇ ਪ੍ਰਵਾਸੀ ਮਜ਼ਦੂਰਾਂ ਨੇ ਮਜ਼ਬੂਰੀ ਵੱਸ ਆਪਣੇ ਜੱਦੀ ਸੂਬਿਆਂ ਵੱਲ ਸੜਕਾਂ ਤੇ ਸੈਂਕੜੇ ਮੀਲ ਪੈਦਲ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਭੁੱਖੇ ਪਿਆਸੇ ਲੱਖਾਂ ਮਜ਼ਦੂਰਾਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਦੀਆਂ ਦਿਲਾਂ ਨੂੰ ਘਾਇਲ ਕਰਨ ਵਾਲੀਆਂ ਬਹੁਤ ਹੀ ਖੌਫਨਾਕ ਤੇ ਦਰਦਨਾਕ ਤਸਵੀਰਾਂ ਦੇਖਣ ਨੂੰ ਮਿਲੀਆਂ। ਇਨ੍ਹਾਂ ਵਿਚੋਂ ਕੁਝ ਤਾਂ ਰਸਤੇ ਵਿਚ ਦਮ ਤੋੜ ਗਏ, ਕੁਝ ਸੜਕ ਦੁਰਘਟਨਾਵਾਂ ਦਾ ਸ਼ਿਕਾਰ ਹੋ ਗਏ ਅਤੇ ਕੁਝ ਲੋਕ ਰੇਲ ਹਾਦਸਿਆਂ ਦੀ ਬਲੀ ਚੜ੍ਹ ਗਏ। ਇਨ੍ਹਾਂ ਤਸਵੀਰਾਂ ਨੇ ਜਿੱਥੇ ਇਕ ਪਾਸੇ ਸਰਕਾਰੀ ਤੰਤਰ ਦੇ ਤਾਣੇ-ਬਾਣੇ ਦੀ ਪੋਲ ਖੋਲ ਕੇ ਰੱਖ ਦਿੱਤੀ ਉੱਥੇ ਦੂਜੇ ਪਾਸੇ ਇਨਸਾਨੀਅਤ ਨੂੰ ਵੀ ਸ਼ਰਮਸਾਰ ਕੀਤਾ ਹੈ ਜਿਸ ਦੀ ਮਹਾਨਤਾ ਦੇ ਦਮਗੱਜੇ ਭਾਰਤੀ ਸੰਸਕ੍ਰਿਤੀ ਦੇ ਨਾਂ ਤੇ ਅਕਸਰ ਦੇਖਣ-ਸੁਣਨ ਨੂੰ ਮਿਲਦੇ ਰਹਿੰਦੇ ਹਨ।

ਸਾਰੇ ਘਟਨਾਕਰਮ ਤੋਂ ਸਪੱਸ਼ਟ ਹੈ ਕਿ ਸਰਕਾਰੀ ਸੋਚ ਵਿਚ ਲੌਕਡਾਉਨ ਦੇ ਸਮੇਂ ਤੋਂ ਹੀ ਮਜ਼ਦੂਰਾਂ ਲਈ ਕਈ ਉਚਿਤ ਯੋਜਨਾ ਨਹੀਂ ਸੀ ਜਿਸ ਕਰਕੇ ਮਜ਼ਦੂਰਾਂ ਨੂੰ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨਾ ਪਿਆ। ਮਜ਼ਦੂਰਾਂ ਨੇ ਲੌਕਡਾਉਨ ਦੀ ਘੋਸ਼ਣਾ ਦੇ ਬਾਅਦ ਆਪਣੇ ਜੱਦੀ ਸੂਬਿਆਂ ਨੂੰ ਯੱਕਦਮ ਜਾਣਾ ਸ਼ੁਰੂ ਨਹੀ ਕਰ ਦਿੱਤਾ। ਕਾਨੂੰਨ ਦੀ ਪਾਲਣਾ ਕਰਦੇ ਹੋਏ ਬਿਨਾਂ ਕਿਸੇ ਸ਼ੋਰ ਸ਼ਰਾਬੇ ਤੋਂ, ਉਨ੍ਹਾਂ ਨੇ ਪੂਰਾ ਹੌਸਲਾ ਅਤੇ ਸਬਰ ਬਣਾਈ ਰੱਖਿਆ ਅਤੇ ਹਰ ਰੋਜ਼ ਭੋਜਨ ਦੀਆਂ ਕਤਾਰਾਂ ਵਿਚ ਲੱਗਕੇ ਆਪਣੀ ਵਾਰੀ ਦਾ ਇੰਤਜ਼ਾਰ ਕੀਤਾ। ਸਰਕਾਰੀ ਵਾਅਦੇ ਦੇ ਬਾਵਜੂਦ ਰਾਸ਼ਨ ਦੀ ਪੂਰਤੀ ਵਿਚ ਵਿਘਨ ਪੈਂਦਾ ਰਿਹਾ ਅਤੇ ਮਕਾਨ ਮਾਲਿਕਾਂ ਨੇ ਕਿਰਾਏ ਖਾਤਿਰ ਮਜ਼ਦੂਰਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਹਾਲਾਂ ਕਿ ਇਸ ਮੁਸ਼ਕਿਲ ਸਮੇਂ ਬਹੁਤ ਸਾਰੀਆਂ ਸਵੈ-ਸੇਵੀ ਸੰਸਥਾਵਾਂ ਤੋਂ ਇਲਾਵਾ ਸਿੱਖ ਧਰਮ ਦੇ ਅਨੁਯਾਈਆਂ ਅਤੇ ਕੁਝ ਹੋਰਨਾਂ ਲੋਕਾਂ ਨੇ ਮਜਦੂਰਾਂ ਨੂੰ ਭੋਜਨ ਅਤੇ ਹੋਰ ਕਈ ਕਿਸਮ ਦੀ ਮਦਦ ਵੀ ਕੀਤੀ। ਇਸ ਬਿਪਤਾ ਸਮੇਂ ਮਜ਼ਦੂਰਾਂ ਕੋਲ ਤਾਂ ਸਬਰ ਦੇਖਣ ਨੂੰ ਮਿਲਿਆ ਪਰ ਸਰਕਾਰਾਂ ਕੋਲ ਸਬਰ ਦੀ ਕਮੀ ਦੇਖੀ ਗਈ ਜਿਸ ਕਰਕੇ ਸਰਕਾਰਾਂ ਨੇ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੇ ਭੁਗਤਾਨ ਵਿਚ ਵੀ ਕੋਈ ਛੋਟ ਨਹੀ ਦਿੱਤੀ ਹਾਲਾਂਕਿ ਆਰਥਿਕ ਪੱਖੋਂ ਸੁਖਾਲੇ ਨਾਗਰਿਕਾਂ ਨੂੰ ਕਰਜ਼ੇ ਦੀਆਂ ਕਿਸ਼ਤਾਂ ਲੌਕਡਾਉਨ ਜਾਰੀ ਰਹਿਣ ਤੱਕ ਅਦਾਇਗੀ ਨਾ ਕਰਨ ਦੀ ਸਹੂਲਤ ਬਿਨਾਂ ਮੰਗਿਆਂ ਹੀ ਦੇ ਦਿੱਤੀ ਗਈ। ਸਰਕਾਰਾਂ ਦਾ ਇਹ ਪੱਖਪਾਤੀ ਵਤੀਰਾ ਇਨਾਂ ਦੀ ਮਾਨਸਿਕਤਾ ਦਾ ਲਖਾਇਕ ਹੈ ਜਿਸ ਨੇ ਹਾਲਾਤ ਨੂੰ ਬਦ ਤੋਂ ਬਦਤਰ ਬਣਾਇਆ।

ਸਾਡੀ ਸਮੁੱਚੀ ਵਿਵਸਥਾ ਨੇ ਜ਼ਾਹਿਰਾ ਤੌਰ ਤੇ ਮਜ਼ਦੂਰ ਵਰਗ ਨੂੰ ਅਣਗੌਲਿਆਂ ਕੀਤਾ ਹੈ। ਜਿੱਥੇ ਇਕ ਪਾਸੇ ਸਾਡੀਆਂ ਸਰਕਾਰਾਂ ਨੇ "ਵੰਦੇ ਭਾਰਤ ਮਿਸ਼ਨ" ਤਹਿਤ ਵਿਦੇਸ਼ਾਂ ਤੋਂ ਬਹੁਤ ਸਾਰੇ ਭਾਰਤੀ ਲੋਕਾਂ ਨੂੰ ਲਿਆਉਣ ਲਈ ਹਵਾਈ ਜ਼ਹਾਜਾਂ ਦਾ ਪ੍ਰਬੰਧ ਕੀਤਾ ਉੱਥੇ ਦੂਸਰੇ ਪਾਸੇ ਰਾਜਸਥਾਨ ਦੇ ਕੋਟਾ ਸ਼ਹਿਰ ਵਿਚ ਕੋਚਿੰਗ ਲੈਣ ਗਏ ਅਮੀਰ ਵਿਦਿਆਰਥੀਆਂ ਅਤੇ ਹੋਰ ਵੱਖ ਵੱਖ ਥਾਵਾਂ ਤੋਂ ਲੋਕਾਂ ਨੂੰ ਸਪੈਸ਼ਲ ਬੱਸਾਂ ਰਾਹੀਂ ਤੋਂ ਉਨ੍ਹਾਂ ਦੇ ਸੂਬਿਆਂ ਵਿਚ ਪਹੁੰਚਾਇਆ। ਬਹੁਤ ਸਾਰੇ ਭਾਰਤੀਆਂ ਨੂੰ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਆਸਟਰੇਲੀਆ ਆਦਿ ਦੇਸ਼ਾਂ ਵਿਚ ਵੀ ਪਹੁੰਚਾਉਣ ਦੇ ਸਫਲ ਯਤਨ ਕੀਤੇ। ਇਹ ਸਭ ਕੁਝ ਕੇਂਦਰ ਅਤੇ ਰਾਜ ਸਰਕਾਰਾਂ ਦੀ ਪਹਿਲਕਦਮੀ, ਯਤਨਾਂ ਤੇ ਸਹਿਯੋਗ ਤੋਂ ਬਿਨ੍ਹਾ ਸੰਭਵ ਨਹੀਂ ਸੀ। ਪਰ ਇਹੋ ਜਿਹੀ ਯੋਜਨਾ ਅਤੇ ਫਿਕਰ ਪ੍ਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਸੂਬਿਆਂ ਵਿਚ ਭੇਜਣ ਸਮੇਂ ਦੇਖਣ ਨੂੰ ਨਹੀਂ ਮਿਲਿਆ। ਭਾਰਤ ਵਿਚ ਸਰਕਾਰੀ ਰੇਲ ਗੱਡੀਆਂ ਅਤੇ ਬੱਸਾਂ ਦੀ ਕਮੀ ਨਹੀ ਹੈ। ਇਸ ਰਾਸ਼ਟਰੀ ਬਿਪਤਾ ਸਮੇਂ ਇਕ ਚੰਗੀ ਯੋਜਨਾ ਅਧੀਨ ਸਾਰੇ ਮਜ਼ਦੂਰਾਂ ਨੂੰ ਭਾਰਤੀ ਨਾਗਰਿਕ ਸਮਝ ਕੇ ਰੇਲ ਗੱਡੀਆਂ ਰਾਹੀਂ ਮੁਫਤ ਸਫਰ ਦੀ ਸਹੂਲਤ ਮੁਹੱਈਆ ਕੀਤੀ ਜਾਣੀ ਚਾਹੀਦੀ ਸੀ। ਇਸ ਯੋਜਨਾ ਅਧੀਨ ਸੂਬਾ ਸਰਕਾਰਾਂ ਲੋੜੀਂਦੀ ਬੱਸ ਸੇਵਾ ਵੀ ਉਪਲੱਬਧ ਕਰਵਾ ਸਕਦੀਆਂ ਸਨ। ਇੱਥੇ ਮਸਲਾ ਆਵਾਜਾਈ ਦੇ ਸਾਧਨਾਂ ਦੀ ਕਮੀ ਦਾ ਨਹੀਂ ਸੀ। ਅਸਲ ਵਿਚ ਇੱਥੇ ਇੱਛਾ ਸ਼ਕਤੀ ਅਤੇ ਸਮੇਂ ਸਿਰ ਚੰਗੀ ਯੋਜਨਾ ਦੀ ਕਮੀ ਸੀ। ਲੋੜ ਇਸ ਗੱਲ ਦੀ ਸੀ ਕਿ ਬਿਨ੍ਹਾਂ ਕਿਸੇ ਸਿਆਸੀ ਮੁਫਾਦ ਦੇ ਕੇਂਦਰ ਅਤੇ ਸੂਬਾ ਸਰਕਾਰਾਂ ਪੂਰੇ ਸਹਿਯੋਗ ਅਤੇ ਤਾਲਮੇਲ ਨਾਲ ਮਜ਼ਦੂਰਾਂ ਦੇ ਹਿੱਤ ਵਿਚ ਕੰਮ ਕਰਦੀਆਂ। ਭਾਰਤੀ ਲੋਕਤੰਤਰ ਦੀ ਇਹ ਤ੍ਰਾਸਦੀ ਹੈ ਕਿ ਰਾਜਸੀ ਦਲ ਸਿਆਸੀ ਸਮਾਗਮਾਂ ਅਤੇ ਚੋਣਾ ਦੌਰਾਨ ਤਾਂ ਮਜ਼ਦੂਰਾਂ ਅਤੇ ਵੋਟਰਾਂ ਲਈ ਮੁਫਤ ਆਵਾਜਾਈ ਦਾ ਪ੍ਰਬੰਧ ਕਰਦੇ ਹਨ ਪਰ ਕਰੋਨਾ ਵਰਗੇ ਰਾਸ਼ਟਰੀ ਸੰਕਟ ਸਮੇਂ ਬੇਸ਼ੁਮਾਰ ਸਰਕਾਰੀ ਰੇਲ ਗੱਡੀਆਂ ਅਤੇ ਬੱਸਾਂ ਉਪਲੱਬਧ ਹੋਣ ਦੇ ਬਾਵਜੂਦ ਵੀ ਸਰਕਾਰ ਸਮੇਂ ਸਿਰ ਮਜ਼ਦੂਰਾਂ ਲਈ ਆਵਾਜਾਈ ਦੇ ਜ਼ਰੂਰੀ ਪ੍ਰਬੰਧ ਕਰਨ ਵਿਚ ਨਾਕਾਮ ਰਹੀ, ਉਹ ਵੀ ਸਰਕਾਰੀ ਖਰਚੇ ਉੱਪਰ।

ਤਾਲਾਬੰਦੀ ਕਾਰਨ ਜਦੋਂ ਹਾਲਾਤ ਵਿਗੜ ਗਏ ਤਾਂ ਮਜਦੂਰਾਂ ਦੀ ਆਵਾਜਾਈ ਲਈ ਸਰਕਾਰ ਨੇ ਸ਼੍ਰਮਿਕ ਰੇਲ ਗੱਡੀਆਂ ਚਲਾਉਣ ਦਾ ਫੈਸਲਾ ਕੀਤਾ। ਰੇਲ ਮੰਤਰਾਲੇ ਨੇ ਹਦਾਇਤਾਂ ਜਾਰੀ ਕੀਤੀਆਂ ਕਿ ਸੂਬਾ ਸਰਕਾਰਾਂ ਮਜਦੂਰਾਂ ਦੇ ਰੇਲ ਕਿਰਾਏ ਦਾ 15% ਹਿੱਸਾ ਦੇਣ ਅਤੇ ਗੱਡੀਆਂ ਚਲਾਉਣ ਲਈ ਸਹਿਮਤੀ ਪ੍ਰਦਾਨ ਕਰਨ। ਇਨ੍ਹਾਂ ਮਸਲਿਆਂ ਨੂੰ ਲੈ ਕੇ ਕੇਂਦਰ ਅਤੇ ਸੂਬਾ ਸਰਕਾਰਾਂ ਵਿਚਕਾਰ ਕਈ ਦਿਨ ਖਿਚੋਤਾਣ ਚਲਦੀ ਰਹੀ ਜੋ ਕਿ ਬੇਲੋੜੀ ਸੀ। ਭਾਰਤ ਸਰਕਾਰ ਕਿਉਂਕਿ ਆਫਤ ਪ੍ਰਬੰਧਨ ਕਾਨੂੰਨ 2005 ਅਨੁਸਾਰ 24 ਮਾਰਚ 2020 ਨੂੰ ਪਹਿਲਾਂ ਹੀ ਸਾਰੇ ਭਾਰਤ ਵਿਚ ਤਾਲਾਬੰਦੀ ਦਾ ਐਲਾਨ ਕਰ



ਚੁੱਕੀ ਸੀ, ਇਸ ਕਰਕੇ ਰਾਸ਼ਟਰੀ ਮੈਡੀਕਲ ਬਿਪਤਾ ਸਮੇਂ ਰੇਲਾਂ ਚਲਾਉਣ ਲਈ ਸੂਬਾ ਸਰਕਾਰਾਂ ਦੀ ਸਹਿਮਤੀ ਦੀ ਲੋੜ ਹੀ ਨਹੀ ਸੀ ਜਿਸ ਕਰਕੇ ਗ੍ਰਹਿ ਮੰਤਰਾਲੇ ਨੂੰ ਬਾਅਦ ਵਿਚ ਇਸ ਸਬੰਧੀ ਜ਼ਰੂਰੀ ਦਿਸ਼ਾ ਨਿਰਦੇਸ਼ ਵੀ ਜਾਰੀ ਕਰਨੇ ਪਏ। ਇਸ ਤੋਂ ਇਲਾਵਾ ਸੂਬਾ ਸਰਕਾਰਾਂ ਨੂੰ ਰੇਲ ਕਿਰਾਏ ਦਾ 15% ਹਿੱਸਾ ਲੈਣ ਲਈ ਮਜਬੂਰ ਕਰਨ ਦੀ ਵੀ ਲੋੜ ਨਹੀ ਸੀ। ਇਹ ਸਾਰਾ ਖਰਚਾ ਕੇਂਦਰ ਸਰਕਾਰਾ ਵਲੋਂ ਬਿਨਾਂ ਕਿਸੇ ਦੇਰੀ ਦੇ ਉਠਾਇਆ ਜਾ ਸਕਦਾ ਸੀ ਜਿਸ ਲਈ ਕੇਂਦਰੀ ਸਰਕਾਰ ਕੋਲ ਪੀ.ਐਮ. ਕੇਅਰ ਫੰਡ ਅਧੀਨ ਬਹੁਤ ਸਾਰਾ ਪੈਸਾ ਇਕੱਠਾ ਹੋਇਆ। ਇਸ ਦੇ ਨਾਲ ਹੀ Building & Other Construction Workers act ਅਧੀਨ ਨਿਰਮਾਣ ਕੰਪਨੀਆਂ ਅਤੇ ਠੇਕੇਦਾਰਾਂ ਵਲੋਂ ਟੈਕਸ (ਸੈਸ) ਦੇ ਰੂਪ ਵਿਚ ਸੂਬਾ ਸਰਕਾਰਾਂ ਕੋਲ ਹਰ ਸਾਲ ਲਗਾਤਾਰ ਜਮਾਂ ਹੋ ਰਹੇ ਹਜਾਰਾਂ ਕਰੋੜ ਰੁਪਏ ਦੀ ਰਾਸ਼ੀ ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਸੀ। ਅਗਰ ਸੂਬਾ ਸਰਕਾਰਾਂ ਕੋਲੋਂ ਰੇਲ ਕਿਰਾਏ ਦਾ ਕੁਝ ਹਿੱਸਾ ਲੈਣਾ ਵੀ ਸੀ ਤਾਂ ਉਸ ਦੀ ਅਦਾਇਗੀ ਦਾ ਮਸਲਾ ਮਜਦੂਰਾਂ ਦੇ ਆਵਾਜਾਈ ਦੇ ਮਸਲੇ ਨੂੰ ਹੱਲ ਕਰਨ ਤੋਂ ਬਾਅਦ ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਆਪਸੀ ਸਹਿਮਤੀ ਨਾਲ ਸੁਲਝਾਇਆ ਜਾ ਸਕਦਾ ਸੀ। ਪਰ ਇਸ ਕਿਸਮ ਦੀ ਦੂਰ ਦ੍ਰਿਸ਼ਟੀ ਅਤੇ ਸਿਆਣੀ ਸੋਚ ਇਨ੍ਹਾਂ ਮਸਲਿਆਂ ਨੂੰ ਨਜਿੱਠਣ ਲਈ ਦਿਖਾਈ ਨਹੀ ਦਿੱਤੀ ਜੋ ਕਿ ਇਕ ਅਪਰਾਧਿਕ ਲਾਪ੍ਰਵਾਹੀ ਤੋਂ ਘੱਟ ਨਹੀ ਹੈ। ਭਾਰਤ ਦੀ ਸਮੁੱਚੀ ਨੌਕਰਸ਼ਾਹੀ ਅੱਗੇ ਵੱਧ ਕੇ ਮਜਦੂਰਾਂ ਸਾਹਮਣੇ ਦਰਪੇਸ਼ ਮਸਲਿਆਂ ਨੂੰ ਲੋੜੀਂਦੀ ਤਤਪਰਤਾ ਅਤੇ ਪ੍ਰਭਾਵੀ ਢੰਗ ਨਾਲ ਹੱਲ ਕਰਨ ਦੀ ਬਜਾਏ ਸੱਤਾਧਾਰੀ ਜਮਾਤ ਦੇ ਹਿੱਤਾਂ ਦੀ ਰਾਖੀ ਅਤੇ ਲਾਲ-ਫੀਤਾਸ਼ਾਹੀ ਦੇ ਆਲਮ ਵਿਚ ਗੁਆਚੀ ਨਜ਼ਰ ਆਈ ਜਦ ਕਿ ਇਨ੍ਹਾਂ ਉੱਚ ਅਧਿਕਾਰੀਆਂ ਨੂੰ ਸੋਚ ਅਤੇ ਕੰਮ ਕਰਨ ਦੀ ਸ਼ੈਲੀ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਅਗਾਂਹਵਧੂ ਅਤੇ ਵਿਲੱਖਣ ਮੰਨਿਆ ਜਾਂਦਾ ਹੈ।

ਸੰਵਿਧਾਨ ਅਨੁਸਾਰ ਭਾਰਤ ਦੀ ਲੋਕਤੰਤਰ ਦੀ ਪ੍ਰਣਾਲੀ ਵਿਚ ਕੇਂਦਰੀ ਸਰਕਾਰ ਕੋਲ ਪ੍ਰਭੂਸੱਤਾ ਹੈ ਜਿਸ ਕਰਕੇ ਇਸ ਨੇ ਰਾਸ਼ਟਰੀ ਪੱਧਰ ਤੇ ਲੌਕਡਾਉਨ ਦੀ ਘੋਸ਼ਣਾ ਆਫਤ ਪ੍ਰਬੰਧਨ ਕਾਨੂੰਨ 2005 ਅਧੀਨ ਕੀਤੀ ਜੋ ਸਾਰੀਆਂ ਸੂਬਾ ਸਰਕਾਰਾਂ ਉੱਪਰ ਵੀ ਲਾਗੂ ਹੁੰਦਾ ਹੈ। ਭਾਰਤੀ ਸੰਵਿਧਾਨ ਮੁਤਾਬਕ ਪ੍ਰਭੂਸੱਤਾ ਦੇ ਮਾਮਲੇ ਵਿਚ ਸੂਬਾ ਸਰਕਾਰਾਂ ਦੀ ਆਪਣੀ ਕੋਈ ਅਜ਼ਾਦ ਜਾਂ ਸੁਤੰਤਰ ਹਸਤੀ ਨਹੀ ਹੈ। ਇਹ ਸਿਰਫ ਆਪਣੇ ਅਧੀਨ ਆਉਂਦੇ ਮਾਮਲਿਆਂ ਉੱਪਰ ਹੀ ਰਾਜਸੱਤਾ ਦਾ ਇਸਤੇਮਾਲ ਕਰ ਸਕਦੀ ਹੈ। ਪਰ ਕਰੋਨਾ ਦੀ ਬਿਪਤਾ ਸਮੇਂ ਸੂਬਾ ਸਰਕਾਰਾਂ ਇਸ ਤਰਾਂ ਵਿਚਰੀਆਂ ਜਿਵੇਂ ਕਿ ਉਹ ਭਾਰਤ ਦਾ ਹਿੱਸਾ ਨਾ ਹੋ ਕੇ ਕਿਸੇ ਅਲੱਗ-ਅਲੱਗ ਦੇਸ਼ ਦੇ ਖੁਦਮੁਖਤਿਆਰ ਸਾਸ਼ਕ ਹੋਣ। ਕੋਈ ਵੀ ਕਾਨੂੰਨ ਸੂਬਾ ਸਰਕਾਰਾਂ ਨੂੰ ਆਪਣੇ ਸੂਬੇ ਦੀਆਂ ਹੱਦਾਂ ਨੂੰ ਸੀਲ ਕਰਨ ਦਾ ਅਧਿਕਾਰ ਨਹੀਂ ਦਿੰਦਾ ਅਤੇ ਨਾ ਹੀ ਉਨ੍ਹਾ ਕੋਲ ਕਿਸੇ ਭਾਰਤੀ ਨਾਗਰਿਕ ਜਾਂ ਪ੍ਰਵਾਸੀ ਮਜ਼ਦੂਰਾਂ ਨੂੰ ਭਾਰਤ ਦੇ ਕਿਸੇ ਵੀ ਹਿੱਸੇ ਜਾਂ ਸਥਾਨ ਤੇ ਜਾਣ ਤੋਂ ਰੋਕਣ ਦਾ ਅਧਿਕਾਰ ਹੈ। ਪਰ ਜਿਆਦਾਤਰ ਸੂਬਾ ਸਰਕਾਰਾਂ ਨੇ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਜਿਸ ਕਰਕੇ ਕਰੋਨਾ ਦੀ ਬੀਮਾਰੀ ਨਾਲ ਲੜਨ ਦੀ ਬਜਾਏ ਸੂਬਾ ਸਰਕਾਰਾਂ ਨਾਗਰਿਕਾਂ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਮਸਲੇ ਉੱਪਰ ਆਪਸ ਵਿਚ ਲੜਦੀਆਂ ਦਿਖਾਈ ਦਿੱਤੀਆਂ। ਇਸ ਕਿਸਮ ਦੇ ਅਖਤਿਆਰ ਸਿਰਫ ਕੇਂਦਰੀ ਸਰਕਾਰ ਨੂੰ ਪ੍ਰਾਪਤ ਹਨ ਪਰ ਇਸ ਸਾਰੀ ਤਸਵੀਰ ਵਿਚ ਕੇਂਦਰੀ ਸਰਕਾਰ ਇਕ ਮੂਕ ਦਰਸ਼ਕ ਦੀ ਤਰਾਂ ਕਾਗਜ਼ੀ ਹਦਾਇਤਾਂ ਜਾਰੀ ਕਰਨ ਤੱਕ ਸੀਮਿਤ ਨਜ਼ਰ ਆਈ। ਜ਼ਮੀਨੀ ਪੱਧਰ ਤੇ ਇਸ ਗੱਲ ਦੀ ਲੋੜ ਸੀ ਕਿ ਕੇਂਦਰੀ ਸਰਕਾਰ ਮਜ਼ਦੂਰਾਂ ਦੇ ਹਿੱਤ ਵਿਚ ਮਜਬੂਤੀ ਨਾਲ ਸੂਬਾ ਸਰਕਾਰਾਂ ਵਿਚਕਾਰ ਸੰਪੂਰਨ ਸਹਿਯੋਗ ਅਤੇ ਤਾਲਮੇਲ ਸਥਾਪਿਤ ਕਰਦੀ ਅਤੇ ਮਜ਼ਦੂਰਾਂ ਨੂੰ ਇਸ ਸੰਕਟਮਈ ਸਥਿਤੀ ਤੋਂ ਬਾਹਰ ਕੱਢਣ ਲਈ ਸਾਰਥਿਕ ਭੂਮਿਕਾ ਨਿਭਾਉਂਦੀ ਜੋ ਕਿ ਸੰਵਿਧਾਨ ਅਤੇ ਕਾਨੂੰਨ ਮੁਤਬਿਕ ਇਸ ਦਾ ਫਰਜ਼ ਸੀ।

ਇਸ ਤਾਲਾਬੰਦੀ ਦੋਰਾਨ ਇਕ ਹੋਰ ਤਸਵੀਰ ਦ੍ਰਿਸ਼ਟੀਗੋਚਰ ਹੋਈ ਹੈ ਜੋ ਕਿ ਕਾਫੀ ਚਿੰਤਾ ਦਾ ਵਿਸ਼ਾ ਹੈ। ਕਰੋਨਾ ਵਾਇਰਸ ਦੀ ਬਿਪਤਾ ਦੌਰਾਨ ਇਹ ਦੇਖਿਆ ਗਿਆ ਕਿ ਜਿੱਥੇ ਸੰਸਾਰ ਦੇ ਬਾਕੀ ਦੇਸ਼ ਸਿਰਫ ਕਰੋਨਾ ਦੀ ਬੀਮਾਰੀ ਨਾਲ ਮੁਕਾਬਲਾ ਕਰ ਰਹੇ ਹਨ ਉੱਥੇ ਭਾਰਤ ਕਰੋਨਾ ਦੀ ਬਿਪਤਾ ਦੇ ਨਾਲ-ਨਾਲ ਗਰੀਬੀ ਖਿਲਾਫ ਵੀ ਲੜਾਈ ਕਰ ਰਿਹਾ ਹੈ। ਭਾਰਤ ਦੀ ਇਨ੍ਹਾਂ ਦੋ ਮੋਰਚਿਆਂ ਤੇ ਲੜਾਈ ਇਸ ਦੇ ਵਿਸ਼ਵ ਗੁਰੂ, ਵਿਸ਼ਵ ਕਲਿਆਣ ਅਤੇ ਪੰਜ ਖਰਬ ਆਰਥਿਕਤਾ ਦੇ ਦਾਅਵਿਆਂ ਦੇ ਵਿਰੋਧਾਭਾਸ ਦੀ ਤਸਵੀਰ ਪੇਸ਼ ਕਰਦੀ ਹੈ। ਉਦਯੋਗਿਕ ਅਤੇ ਵਪਾਰਕ ਸੰ-ਸਥਾਵਾਂ ਨੇ ਵੀ ਸਬਰ ਤੋਂ ਕੰਮ ਨਹੀ ਲਿਆ ਜਿੱਥੇ ਇਹ ਮਜ਼ਦੂਰ ਕਾਫੀ ਅਰਸੇ ਤੋਂ ਕੰਮ ਕਰ ਰਹੇ ਸਨ। ਮਜ਼ਦੂਰਾਂ ਲਈ ਲੋੜੀਂਦੇ ਪ੍ਰਬੰਧ ਕਰਨ ਦੀ ਬਜਾਏ ਲੌਕਡਾਉਨ ਲੱਗਦੇ ਸਾਰ ਹੀ ਉਨ੍ਹਾਂ ਨੂੰ ਕੰਮ ਤੋਂ ਰੁੱਖਸਤ ਕਰ ਦਿੱਤਾ। ਲੌਕਡ-ਾਉਨ ਦੇ ਕਈ ਗੇੜਾਂ ਬਾਅਦ ਵੀ ਸਰਕਾਰ ਕੋਲ ਮਜ਼ਦੂਰਾਂ ਲਈ ਕਿਸੇ ਸਾਰਥਿਕ ਯੋਜਨਾ ਦੀ ਕਮੀ ਕਰਕੇ ਉਨ੍ਹਾਂ ਨੇ ਆਪਣੇ ਘਰ ਵਾਪਸ ਮੁੜ ਜਾਣ ਦਾ ਫੈਸਲਾ ਕਰ ਲਿਆ। ਇਹ ਸਮੁੱਚੀ ਸਥਿਤੀ ਇਨ੍ਹਾਂ ਪਰਵਾਸੀ ਮਜ਼ਦੂਰਾਂ ਦੀ ਮਨੋਵਿਗਿਆਨਿਕਤਾ ਦੀ ਤਰਜ਼ਮਾਨੀ ਵੀ ਕਰਦੀ ਹੈ।

ਭਾਰਤ ਸਰਕਾਰ ਵਲੋਂ ਲੌਕਡਾਊਨ ਦਾ ਫੈਸਲਾ ਕੋਈ ਅਚਾਨਕ ਵਾਪਰੀਆਂ ਘਟਨਾਵਾਂ ਦੇ ਆਧਾਰ ਤੇ ਨਹੀਂ ਕੀਤਾ ਗਿਆ। ਦਰਅਸਲ ਸੰਸਾਰ ਸਿਹਤ ਸੰਸਥਾ ਅਤੇ ਹੋਰਨਾ ਦੇਸ਼ਾਂ ਅਤੇ ਖਾਸ ਕਰਕੇ ਚੀਨ ਤੋਂ ਕਰੋਨਾ ਬੀਮਾਰੀ ਬਾਰੇ ਸਪੱਸ਼ਟ ਸੰਕੇਤ ਕਾਫੀ ਪਹਿਲਾਂ ਜਨਵਰੀ-ਫਰਵਰੀ, 2020 ਵਿਚ ਹੀ ਮਿਲ ਚੁੱਕੇ ਸਨ। ਪਰ 2016 ਦੀ ਨੋਟਬੰਦੀ (Demoniti-sation) ਦੀ ਤਰਾਂ ਕਰੋਨਾ ਵਾਇਰਸ ਸਬੰਧੀ ਲੌਕਡਾਊਨ ਦਾ ਐਲਾਨ ਵੀ ਸਿਰਫ ਚਾਰ ਘੰਟੇ ਦਾ ਸਮਾਂ ਦੇ ਕੇ ਅਚਾਨਕ ਕੀਤਾ ਗਿਆ ਜਦ ਕਿ ਦੋਨਾਂ ਦਾ ਸਰੂਪ ਅਤੇ ਘੇਰਾ ਵੱਖਰਾ-ਵੱਖਰਾ ਸੀ। ਕਰੋਨਾ ਸਬੰਧੀ ਲੌਕਡਾਊਨ ਦੇ ਐਲਾਨ ਲਈ ਚਾਰ ਘੰਟੇ ਦੀ ਜਗ੍ਹਾ ਘੱਟੋ ਘੱਟ ਚਾਰ ਦਿਨ ਦਾ ਵਕਫਾ ਦੇਣਾ ਬਣਦਾ ਸੀ ਤਾਂ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਤੋਂ ਇਲਾਵਾ ਬਾਕੀ ਸਾਰੇ ਅਦਾਰੇ ਅਤੇ ਆਮ ਲੋਕ ਇਸ ਸਥਿਤੀ ਨਾਲ ਨਿਪਟਣ ਲਈ ਲੋੜੀਂਦੇ ਪ੍ਰਬੰਧ ਕਰ ਲੈਂਦੇ ਜਿਸ ਨਾਲ ਅਫਰਾਤਫਰੀ ਦੀ ਸਥਿਤੀ ਤੋਂ ਬਚਿਆ ਜਾ ਸਕਦਾ ਸੀ ਅਤੇ ਬਹੁਤ ਸਾਰੀਆਂ ਮਨੁੱਖੀ ਜਾਨਾਂ ਬਚ ਸਕਦੀਆਂ ਸਨ। ਤਾਲਾਬੰਦੀ ਦੌਰਾਨ ਪ੍ਰਧਾਨ ਮੰਤਰੀ ਨੇ ਕਈ ਵਾਰੀ ਰਾਸ਼ਟਰ ਨੂੰ ਸੰਬੋਧਿਤ ਕੀਤਾ ਪਰ ਕਿਸੇ ਵੀ ਸੰਦੇਸ਼ ਵਿਚ ਮਜ਼ਦੂਰਾਂ ਦੀ ਸਮੱਸਿਆ ਦੇ ਹੱਲ ਬਾਰੇ ਕਿਸੇ ਯੋਜਨਾ ਦਾ ਐਲਾਨ ਨਹੀ ਕੀਤਾ। ਸਿਆਸੀ ਮਨੋਰਥਾਂ ਦੀ ਪੂਰਤੀ ਲਈ ਸੂਬਾ ਸਰਕਾਰਾਂ ਅਕਸਰ ਆਪਸ ਵਿਚ ਝਗੜੇ ਵਾਲੀ ਸਥਿਤੀ ਵਿਚ ਵਿਚਰਦੀਆਂ ਰਹੀਆਂ ਅਤੇ ਕੇਂਦਰੀ ਸਰਕਾਰ ਵੀ ਇਨਾਂ ਝਗੜਿਆਂ ਨੂੰ ਨਿਪਟਾਉਣ ਵਿਚ ਅਸਫਲ ਰਹੀ। ਭਾਰਤੀ ਨਾਗਰਿਕ ਇਸ ਸਾਰੀ ਰਾਜਨੀਤਕ ਖੇਡ ਨੂੰ ਬੇਬਸੀ ਦੀ ਹਾਲਤ ਵਿਚ ਦੇਖ ਰਿਹਾ ਹੈ ਜੋ ਕਿ ਭਾਰਤੀ ਲੋਕਤੰਤਰ ਲਈ ਸਿਹਤਮੰਦ ਰੁਝਾਨ ਨਹੀ ਹੈ।

ਸੁਪਰੀਮ ਕੋਰਟ ਦੀ ਭੂਮਿਕਾ ਦਾ ਜ਼ਿਕਰ ਵੀ ਇੱਥੇ ਕਰਨਾ ਬਣਦਾ ਹੈ। ਸੁਪਰੀਮ ਕੋਰਟ ਦੇ ਕੋਲ ਇਹ ਅਧਿਕਾਰ ਹੈ ਕਿ ਇਹ ਆਪਣੇ ਆਪ ਕਿਸੇ ਵੀ ਗੰਭੀਰ ਮਸਲੇ ਬਾਰੇ ਫੌਰੀ ਨੋਟਿਸ ਲੈ ਕੇ ਸਰਕਾਰ ਨੂੰ ਜ਼ਰੂਰੀ ਕਾਰਵਾਈ ਕਰਨ ਦੇ ਆਦੇਸ਼ ਦੇ ਸਕਦੀ ਹੈ। ਤਾਲਾਬੰਦੀ ਦੇ ਪਹਿਲੇ ਦੋ ਮਹੀਨਿਆਂ ਤੱਕ ਕਈ ਅਪੀਲਾਂ ਦੇ ਬਾਵਜੂਦ ਵੀ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਸੁਪਰੀਮ ਕੋਰਟ ਨੇ ਕੋਈ ਸਰਗਰਮੀ ਨਹੀ ਦਿਖਾਈ। ਪਰ ਕੁਝ ਜਾਗਰੂਕ ਵਕੀਲਾਂ ਵਲੋਂ ਮਜ਼ਦੂਰਾਂ ਦੀ ਵਿਗੜਦੀ ਹਾਲਤ ਦੇ ਮੁੱਦਿਆਂ ਨੂੰ ਉਠਾਉਣ ਤੋਂ ਬਾਅਦ ਸੁਪਰੀਮ ਕੋਰਟ ਨੇ ਗੰਭੀਰਤਾ ਨਾਲ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਹੁਕਮ ਕੀਤਾ ਹੈ ਕਿ ਮਜ਼ਦੂਰਾਂ ਲਈ ਮੁਫਤ ਭੋਜਨ, ਰਿਹਾਇਸ਼ ਅਤੇ ਆਵਾਜਾਈ ਦੇ ਸਾਧਨਾਂ ਦੇ ਉਚਿਤ ਪ੍ਰਬੰਧ ਕੀਤੇ ਜਾਣ। ਸਮੱਸਿਆ ਦੇ ਸ਼ੁਰੂ ਤੋਂ ਸੁਪਰੀਮ ਕੋਰਟ ਵਲੋਂ ਇਸ ਕਿਸਮ ਦਾ ਗੰਭੀਰ ਰੁੱਖ ਸ਼ਾਇਦ ਸਥਿਤੀ ਨੂੰ ਖਰਾਬ ਹੋਣ ਤੋਂ ਬਚਾਉਣ ਦਾ ਸਬੱਬ ਬਣ ਸਕਦਾ ਸੀ। ਕੋਈ ਵੀ ਵਿਅਕਤੀ ਭਾਵੇਂ ਕਿਸੇ ਵੀ ਸੂਬੇ ਦਾ ਬਸ਼ਿੰਦਾ ਹੋਵੇ, ਉਹ ਸਭ ਤੋਂ ਪਹਿਲਾਂ ਭਾਰਤੀ ਨਾ-ਗਰਿਕ ਹੈ। ਸੰਵਿਧਾਨ ਅਨੁਸਾਰ ਹਰ ਭਾਰਤੀ ਨੂੰ ਨਾਗਰਿਕ ਹੋਣ ਨਾਤੇ ਦੇਸ਼ ਦੇ ਕਿਸੇ ਵੀ ਸਥਾਨ ਤੇ ਰਹਿਣ ਅਤੇ ਆਉਣ ਜਾਣ ਤੋਂ ਇਲਾਵਾ ਕੰਮ ਕਰਨ ਦੀ ਆਜਾਦੀ ਹੈ। ਦੂਸਰੇ ਸ਼ਬਦਾਂ ਭਾਰਤ ਵਿਚ ਸਿਰਫ ਇਕਹਿਰੀ ਨਾਗਰਿਕਤਾ ਦਾ ਸਿਧਾਂਤ ਲਾਗੂ ਹੁੰਦਾ ਹੈ ਜਿਸ ਮੁਤਾਬਕ ਕੋਈ ਵੀ ਵਿਅਕਤੀ ਸਿਰਫ ਭਾਰਤ ਦਾ ਹੀ ਨਾਗਰਿਕ ਹੋ ਸਕਦਾ ਹੈ ਕਿਸੇ ਖਾਸ ਸੂਬੇ ਦਾ ਨਹੀ। ਉਹ ਕਿਸੇ ਸੂਬੇ ਦਾ ਜੰਮਪਲ ਜਾਂ ਬਸ਼ਿੰਦਾ ਤਾਂ ਹੋ ਸਕਦਾ ਹੈ ਪਰ ਉਸ ਦਾ ਨਾਗਰਿਕ ਨਹੀ ਹੋ ਸਕਦਾ। ਪਰ ਕਰੋਨਾ ਵਾਇਰਸ ਦੀ ਬਿਪਤਾ ਨਾਲ ਸਿੱਝਣ ਸਮੇਂ ਇਸ ਕਿਸਮ ਦੇ ਫਰਕ ਨੂੰ ਅੱਖੋਂ ਪਰੋਖੇ ਕੀਤਾ ਗਿਆ ਜਿਸ ਦੀ ਬਦੌਲਤ ਮਸਲੇ ਹੋਰ ਵੀ ਪੇਚੀਦਾ ਹੁੰਦੇ ਚਲੇ ਗਏ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਮਜਦੂਰਾਂ ਨਾਲ ਭਾਰਤੀ ਨਾਗਰਿਕ ਦੇ ਤੌਰ ਤੇ ਠੀਕ ਵਰਤਾਵ ਨਹੀ ਹੋਇਆ ਕਿਉਂਕਿ ਜਿਆਦਾਤਰ ਸੂਬਾ ਸਰਕਾਰਾਂ ਪ੍ਰਵਾਸੀ ਮਜ਼ਦੂਰਾਂ ਦੀ ਮਦਦ ਲਈ ਸਮੇਂ ਸਿਰ ਅੱਗੇ ਨਹੀਂ ਬਹੁੜੀਆਂ ਭਾਵੇਂ ਉਨ੍ਹਾਂ ਨੇ ਇਨ੍ਹਾਂ ਸੂਬਿਆਂ ਦੇ ਵਿਕਾਸ ਵਿਚ ਬਹੁਤ ਯੋਗਦਾਨ ਪਾਇਆ ਹੈ। ਦੂਸਰੇ ਪਾਸੇ ਉਹ ਸੂਬੇ ਜਿਸ ਦੇ ਉਹ ਜੰਮਪਲ ਜਾਂ ਬਸ਼ਿੰਦੇ ਹਨ ਉਹ ਵੀ ਕਰੋਨਾ ਦੀ ਬੀਮਾਰੀ ਫੈਲਣ ਦੇ ਡਰ ਕਰਕੇ ਆਪਣੇ ਮਜ਼ਦੂਰਾਂ ਦੀ ਮਦਦ ਕਰਨ ਨੂੰ ਤਿਆਰ ਨਹੀ ਹੋਏ ਜਿੱਥੇ ਕਿ ਉਹ ਆਪਣਾ ਪੈਸਾ ਭੇਜਕੇ ਆਪਣੇ ਸੂਬੇ ਦੇ ਵਿਕਾਸ ਵਿਚ ਲਗਾਤਾਰ ਹਿੱਸਾ ਪਾਉਂਦੇ ਰਹੇ ਹਨ। ਇਹ ਗੱਲ ਨਿੱਖਰ ਕੇ ਸਾਹਮਣੇ ਆਈ ਹੈ ਕਿ ਇਨ੍ਹਾਂ ਮਜ਼ਦੂਰਾਂ ਦਾ ਕੋਈ ਵਾਲੀ ਵਾਰਿਸ ਨਹੀ ਹੈ ਜਦ ਕਿ ਅਸਲੀਅਤ ਇਹ ਹੈ ਕਿ ਇਨ੍ਹਾਂ ਦੀ ਮਿਹਨਤ ਤੋਂ ਬਿਨਾਂ ਕੋਈ ਵੀ ਸੂਬਾ ਆਪਣੇ ਕਾਰੋਬਾਰ ਕਰਨ ਵਿਚ ਸਮਰੱਥ ਨਹੀ ਹੈ ਜਿਸ ਕਰਕੇ ਇਨ੍ਹਾਂ ਨੂੰ ਵਾਪਿਸ ਲਿਆਉਣ ਦੇ ਚਰਚੇ ਫਿਰ ਤੋਂ ਸ਼ੁਰੂ ਹੋ ਗਏ ਹਨ ਤਾਂ ਕਿ ਆਰਥਿਕਤਾ ਦਾ ਹੋਰ ਨੁਕਸਾਨ ਨਾ ਹੋਵੇ। ਇਸ ਗੱਲ ਨੂੰ ਲੈ ਕੇ ਭਾਰਤ ਇਸ ਸਮੇਂ ਬਹੁਤ ਗੰਭੀਰ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ ਪਰ ਆਰਥਿਕਤਾ ਦੀ ਰੀੜ ਦੀ ਹੱਡੀ ਸਮਝੇ ਜਾਦੇਂ ਮਜ਼ਦੂਰ ਵਰਗ ਦੀ ਚਿੰਤਾ ਕਿਸੇ ਨੂੰ ਜਾਪਦੀ ਨਹੀ ਲੱਗਦੀ।

ਭਾਰਤੀ ਸੰਸਦ ਨੇ ਇਕ "ਅੰਤਰ-ਰਾਜੀ ਪ੍ਰਵਾਸੀ ਮਜ਼ਦੂਰ ਕਾਨੂੰਨ" (Inter State Migrant Workers act) ਬਣਾਇਆ ਹੈ ਜਿਸ ਦਾ ਉਦੇਸ਼ ਉਦਯੋਗਾਂ ਅਤੇ ਹੋਰ ਠੇਕੇਦਾਰੀ ਪ੍ਰਣਾਲੀ ਵਿਚ ਕੰਮ ਰਹੇ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਹੈ। ਸਾਰੀਆਂ ਸੂਬਾ ਸਰਕਾਰਾਂ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਨ ਜਿਸ ਅਨੁਸਾਰ ਅਜਿਹੇ ਮਜ਼ਦੂਰਾਂ ਦੀ ਰਜ਼ਿਸਟਰੇਸ਼ਨ ਲਾਜ਼ਮੀ ਕੀਤੀ ਗਈ ਹੈ। ਪਰ ਇਹ ਚਿੰਤਾ ਦਾ ਵਿਸ਼ਾ ਹੈ ਕਿ ਇਸ ਕਾਨੂੰਨ ਨੂੰ ਗੰਭੀਰਤਾ ਨਾਲ ਲਾਗੂ ਨਹੀ ਕੀਤਾ ਜਾ ਰਿਹਾ। ਜੇਕਰ ਇਹ ਕਾਨੂੰਨ ਪੂਰੀ ਸ਼ਿੱਦਤ ਨਾਲ ਲਾਗੂ ਕੀਤਾ ਗਿਆ ਹੁੰਦਾ ਤਾਂ ਸ਼ਾਇਦ ਕਰੋਨਾ ਦੀ ਇਸ ਬਿਪਤਾ ਸਮੇਂ ਮਜ਼ਦੂਰਾਂ ਨੂੰ ਉਨ੍ਹਾਂ ਦੇ ਸੂਬਿਆਂ ਨੂੰ ਲਿਜਾਣ ਵਿਚ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪੈਂਦਾ। ਇਸ ਤੋਂ ਇਲਾਵਾ ਬਿਲਡਿੰਗ ਐਂਡ ਅਦਰ ਕੰਸਟਰਸ਼ਨ ਵਰਕਰਸ ਦਾ ਕਾਨੂੰਨ (Building & Other Construction Workers act) ਮਜ਼ਦੂਰਾਂ ਦੀ ਸੁਰੱਖਿਆ, ਸਿਹਤ ਅਤੇ ਭਲਾਈ ਹਿੱਤ ਬਣਾਇਆ ਗਿਆ ਹੈ। ਇਸ ਕਨੂੰਨ ਦੇ ਅਨੁਸਾਰ ਨਿਰਮਾਣ ਕੰਪਨੀਆਂ ਅਤੇ ਠੇਕੇਦਾਰਾਂ ਦੇ ਪ੍ਰੋਜੈਕਟਾਂ ਦੀ ਕੀਮਤ ਦਾ ਇਕ ਪ੍ਰਤੀਸ਼ਤ ਪੈਸਾ ਟੈਕਸ (ਸੈਸ) ਦੇ ਤੌਰ ਤੇ ਸਰਕਾਰੀ ਫੰਡ ਵਿਚ ਜ਼ਮਾਂ ਕੀਤਾ ਜਾਦਾਂ ਹੈ ਜਿਸ ਨੂੰ ਇਨਾਂ ਮਜ਼ਦੂਰਾਂ ਦੀ ਭਲਾਈ ਦੇ ਕੰਮਾਂ ਉਪਰ ਲਗਾਉਣਾ ਹੁੰਦਾ ਹੈ। ਇਹ ਪੈਸਾ ਕਈ ਸੈਂਕੜੇ/ ਹਜ਼ਾਰਾਂ ਕਰੋੜ ਦੇ ਰੂਪ ਵਿਚ ਹਰ ਸੂਬਾ ਸਰਕਾਰ ਦੇ ਕੋਲ ਹਰ ਸਾਲ ਪ੍ਰਾਪਤ ਹੁੰਦਾ ਹੈ ਪਰ ਜ਼ਿਆਦਾਤਰ ਪੈਸਾ ਖਰਚਿਆ ਨਹੀ ਜਾਂਦਾ। ਸੋ ਪੀ.ਐਮ.ਕੇਅਰ ਫੰਡ ਅਤੇ ਬਿਲਡਿੰਗ ਸੈਸ ਵਿਚ ਜਮਾਂ ਪੈਸਾ ਵੀ ਮਜ਼ਦੂਰਾਂ ਨੂੰ ਮੁਸ਼ਕਿਲ ਵਿਚੋਂ ਕੱਢਣ ਲਈ ਮਾਰਚ 2020 ਵਿਚ ਸਮੇਂ ਇਨਾਂ ਦੇ ਸੂਬਿਆਂ ਨੂੰ ਜਾਣ ਲਈ ਲਈ ਵਰਤਿਆ ਜਾ ਸਕਦਾ ਸੀ ਜਿਸ ਵੇਲੇ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਹੀ ਘੱਟ ਸੀ ਅਤੇ ਬਹੁਤੇ ਲੋਕ ਉਸ ਵੇਲੇ ਕਰੋਨਾ ਸੰਕ੍ਰਮਿਤ ਨਹੀ ਸਨ ਹੋਏ। ਤਕਰੀਬਨ ਦੋ ਮਹੀਨੇ ਬਾਅਦ ਬੀਮਾਰੀ ਜ਼ਿਆਦਾ ਫੈਲਣ ਕਰਕੇ, ਮਜ਼ਦੂਰਾਂ ਨੂੰ ਉਨ੍ਹਾਂ ਦੇ ਸੂਬਿਆਂ ਵਿਚ ਲਿਜਾਣ ਦਾ ਫੈਸਲਾ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਵਿਚ ਵਾਧੇ ਦਾ ਕਾਰਣ ਬਣ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਹੋਰ ਕਈ ਕਾਨੂੰਨ ਹਨ ਜੋ ਮਜ਼ਦੂਰਾਂ ਦੀ ਭਲਾਈ ਹਿੱਤ ਬਣਾਏ ਗਏ ਹਨ ਪਰ ਬਹੁਤ ਸਾਰੇ ਕਾਨੂੰਨ ਸਿਰਫ ਕਾਗਜ਼ਾਂ ਦੀ ਸ਼ੋਭਾ ਬਣਕੇ ਰਹਿ ਗਏ ਹਨ ਕਿਉਂਕਿ ਸਰਕਾਰਾਂ ਉਨ੍ਹਾਂ ਨੂੰ ਲਾਗੂ ਕਰਨ ਲਈ ਗੰਭੀਰ ਨਹੀਂ ਹਨ।

ਸਮੁੱਚੀ ਸਰਕਾਰੀ ਵਿਵਸਥਾ ਤੋਂ ਇਲਾਵਾ ਭਾਰਤੀ ਸਮਾਜ ਦੀ ਬਹੁਗਿਣਤੀ ਨੇ ਕਰੋਨਾ ਬੀਮਾਰੀ ਦੀ ਬਿਪਤਾ ਸਮੇਂ ਮਜ਼ਦੂਰ ਵਰਗ ਦੀ ਲੋੜੀਂਦੀ ਮਦਦ ਕਰਨ ਦੀ ਬਜਾਏ ਇਨ੍ਹਾਂ ਪ੍ਰਤੀ ਬੇਹੱਦ ਬੇਰੁੱਖੀ ਦਿਖਾਈ। ਮਜ਼ਦੂਰ ਸਾਡੀ ਅਰਥ ਵਿਵਸਥਾ ਦਾ ਧੁਰਾ ਹਨ ਜਿਸ ਦੀ ਮਿਹਨਤ ਤੋਂ ਬਿਨਾਂ ਇਹ ਵਿਕਸਤ ਨਹੀਂ ਹੋ ਸਕਦੀ। ਭਾਰਤੀ ਅਰਥ ਵਿਵਸਥਾ ਵਿਚ ਮਜ਼ਦੂਰਾਂ ਦੀ ਮਹੱਤਵਪੂਰਣ ਭੂਮਿਕਾ ਨੂੰ ਧਿਆਨ ਵਿਚ ਰੱਖਦੇ ਹੋਏ ਇਨਾਂ ਦੇ ਅਨੇਕ ਮਸਲਿਆਂ, ਹੱਕਾਂ ਅਤੇ ਭਲਾਈ ਦੇ ਕਾਨੂੰਨਾਂ ਨੂੰ ਗੰਭੀਰਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਉਨ੍ਹਾਂ ਪ੍ਰਤੀ ਪਿਆਰ ਅਤੇ ਹਮਦਰਦੀ ਭਰਿਆ ਵਤੀਰਾ ਅਪਨਾਉਣ ਦੀ ਜ਼ਰੂਰਤ ਹੈ ਤਾਂ ਕਿ ਉਹ ਵੀ ਇੱਜ਼ਤਦਾਰ ਨਾਗਰਿਕ ਦੇ ਤੌਰ ਤੇ ਕੰਮ ਕਰਨ ਦੇ ਨਾਲ-ਨਾਲ ਆਪਣਾ ਜੀਵਨ ਬਿਹਤਰ ਢੰਗ ਨਾਲ ਬਸਰ ਕਰ ਸਕਣ।

# ਡਾਕਟਰ ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ , ਫਰੀਮਾਂਟ ਦੀ ਹੋਈ ਚੋਣ


ਰਾਮ ਮੂਰਤੀ ਸਰੋਏ (ਚੇਅਰਮੈਨ)


ਕਰਨੈਲ ਬੰਗੜ (ਪ੍ਰਧਾਨ)

ਬੀਤੇ ਦਿਨੀਂ ਡਾਕਟਰ ਅੰਬੇਡਕਰ ਐਜੂਕੇਸ਼ਨਲ ਏਡ ਸੁਸਾਇਟੀ, ਫਰੀਮਾਂਟ ਦੀ ਸਾਲਾਨਾ ਮੀਟਿੰਗ ਹੋਈ, ਜਿਸ ਵਿਚ ਸ੍ਰੀ ਕਰਨੈਲ ਬੰਗੜ ਸਰਬ ਸੰਮਤੀ ਨਾਲ ਸੁਸਾਇਟੀ ਦੇ 2020-2021 ਲਈ ਪ੍ਰਧਾਨ ਚੁਣੇ ਗਏ। ਸ੍ਰੀ ਕਰਨੈਲ ਬੰਗੜ ਜੋ ਕਿ ਟਰੇਸੀ ਵਿਚ ਰਹਿੰਦੇ ਹਨ, ਇੰਨੀ ਦੂਰ ਤੋਂ ਆ ਕੇ ਸੁਸਾਇਟੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੇਵਾ ਕਰਦੇ ਹਨ। ਇਹ ਸਾਲਾਨਾ ਮੀਟਿੰਗ ਜੋ ਕਿ ਅਮਰੀਕ ਚੰਦ ਲਾਖਾ ਦੇ ਦਫਤਰ ਵਿਚ ਹੋਈ ਸੀ, ਜਿਸ ਵਿਚ ਸਰਵ ਸ੍ਰੀ ਅਮਰੀਕ ਚੰਦ ਲਾਖਾ, ਰਾਮ ਮੂਰਤੀ ਸਰੋਏ, ਰਾਮ ਸਰਨ, ਕਰਨੈਲ ਬੰਗੜ, ਹਰਮੇਸ਼ ਬੰਗੜ, ਸੁਰਿੰਦਰ ਸੋਨੀ, ਸ਼ਸ਼ੀ ਪਾਲ, ਬਲਵੀਰ ਖਿੰਦ ਅਤੇ ਹੋਰ ਮੈਂਬਰ ਫੋਨ ਰਾਹੀਂ ਸ਼ਾਮਲ ਸਨ। ਇਸ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ, ਜਿਸ ਵਿਚ ਰਾਮ ਮੂਰਤੀ ਸਰੋਏ ਕਮੇਟੀ ਦੇ ਚੇਅਰਮੈਨ, ਕਰਨੈਲ ਬੰਗੜ ਕਮੇਟੀ ਦੇ ਪ੍ਰਧਾਨ, ਹਰਮੇਸ਼ ਬੰਗੜ ਕਮੇਟੀ ਦੇ ਮੀਤ ਪ੍ਰਧਾਨ, ਅਮਰੀਕ ਚੰਦ ਲਾਖਾ ਕਮੇਟੀ ਦੇ ਖਜਾਨਚੀ, ਸੁਰਿੰਦਰ ਸੋਨੀ ਕਮੇਟੀ ਦੇ ਸਹਾਇਕ ਖਜਾਨਚੀ, ਬਲਵੀਰ ਖਿੰਦ ਕਮੇਟੀ ਦੇ ਸੈਕਟਰੀ, ਰਾਮ ਸਰਨ ਕਮੇਟੀ ਦੇ ਸਹਾਇਕ ਸੈਕਟਰੀ ਚੁਣੇ ਗਏ। ਇਸ ਤੋਂ ਇਲਾਵਾ ਸੁਸਾਇਟੀ ਦੀ ਐਡਵਾਇਜ਼ਰੀ ਕਮੇਟੀ ਦੀ ਵੀ ਚੋਣ ਕੀਤੀ ਗਈ ਹੈ, ਜਿਸ ਵਿਚ ਸ੍ਰੀ ਸ਼ਸ਼ੀ ਪਾਲ, ਸ੍ਰੀ ਰਾਮ ਨਾਥ ਚੈਬਰ ਅਤੇ ਸ੍ਰੀ ਸੁਰਿੰਦਰ ਸਰੋਏ (ਬੱਗਾ) ਸ਼ਾਮਲ ਹਨ।

ਇਹ ਸੁਸਾਇਟੀ 1991 ਵਿਚ ਹੋਂਦ ਵਿਚ ਆਈ ਸੀ ਅਤੇ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਲਈ ਮਦਦ ਕਰਦੀ ਹੈ। ਹੁਣ ਤੱਕ ਸੈਂਕੜੇ ਬੱਚਿਆਂ ਨੂੰ ਪੜ੍ਹਾਈ ਵਿਚ ਮਦਦ ਕਰ ਚੁੱਕੀ ਹੈ। ਇਸ ਸੁਸਾਇਟੀ ਦੀ ਮਦਦ ਨਾਲ ਬਹੁਤ ਸਾਰੇ ਵਿਦਿਆਰਥੀ ਇੰਜੀਨੀਅਰ, ਡਾਕਟਰ, ਅਟਾਰਨੀ ਬਣੇ ਹਨ ਅਤੇ ਵਿਦੇਸ਼ਾਂ ਵਿਚ ਆ ਕੇ ਵੀ ਵੱਸੇ ਹਨ। ਬਹੁਤ ਸਾਰੇ ਮੈਂਬਰ ਇਸ ਕਮੇਟੀ ਨਾਲ ਸ਼ੁਰੂ ਤੋਂ (1991) ਇਸ ਸੁਸਾਇਟੀ ਨਾਲ ਜੁੜੇ ਹਨ, ਜਿਵੇਂ ਕਿ ਰਾਮ ਮੂਰਤੀ ਸਰੋਏ, ਜੋ ਕਿ ਹਮੇਸ਼ਾ ਹੀ ਇਸ ਕਮੇਟੀ ਦੇ ਚੇਅਰਮੈਨ ਰਹੇ ਹਨ, ਸਿਰਫ ਇਕ ਇਲੈਕਸ਼ਨ ਨੂੰ ਛੱਡ ਕੇ, ਅਤੇ ਅਮਰੀਕ ਚੰਦ ਲਾਖਾ ਜੀ ਹਮੇਸ਼ਾ ਹੀ ਇਸ ਕਮੇਟੀ ਦੇ ਖਜਾਨਚੀ ਰਹੇ ਹਨ। ਜੇਕਰ ਤੁਸੀਂ ਇਸ ਕਮੇਟੀ ਬਾਰੇ ਕੋਈ ਸੂਚਨਾ ਲੈਣੀ ਚਾਹੁੰਦੇ ਹੋ ਤਾਂ ਤੁਸੀਂ ਕਿਸੇ ਵੀ ਮੈਂਬਰ ਨੂੰ ਕਾਲ ਕਰ ਸਕਦੇ ਹੋ ਜਾਂ ਸੁਸਾਇਟੀ ਦੇ ਚੇਅਰਮੈਨ ਰਾਮ ਮੂਰਤੀ ਸਰੋਏ ਜੀ ਨਾਲ 510-368-3983 ਤੇ ਸੰਪਰਕ ਕਰ ਸਕਦੇ ਹੋ। **(ਰਿਪੋਰਟ ਸ੍ਰੀ ਰਾਮ ਮੂਰਤੀ ਸਰੋਏ)**


ਅਮਰੀਕ ਚੰਦ ਲਾਖਾ (ਖਜਾਨਚੀ)


ਬਲਵੀਰ ਖਿੰਦ (ਸਕੱਤਰ)




# ਸਿਲੇਬਸ ਤੋਂ ਬਾਹਰ ਨਿਕਲਣ ਸਿੱਖਿਆ ਸੰਸਥਾਵਾਂ



ਡਾ. ਨਿਸ਼ਾਨ ਸਿੰਘ
91-75892-33437

ਗਿਆਨ ਨੂੰ ਹੱਦਾਂ-ਸਰਹੱਦਾਂ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਇਹ ਭਾਸ਼ਾਈ ਵੱਖਰੇਵੇਂ ਨਾਲੋਂ ਵੀ ਉੱਚੀ ਅਤੇ ਵੱਖਰੀ ਥਾਂ ਰੱਖਦਾ ਹੈ। ਗਿਆਨ ਦੀ ਕੋਈ ਹੱਦ/ ਸੀਮਾ ਨਹੀਂ ਹੁੰਦੀ। ਇਹ ਗਿਆਨ ਹੀ ਹੈ ਜੋ ਕਿਸੇ ਵੀ ਖੇਤਰ, ਧਰਮ, ਦੇਸ਼, ਰੰਗ ਅਤੇ ਨਸਲ ਦੇ ਵੱਖਰੇਵੇਂ ਨੂੰ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੰਦਾ। ਗਿਆਨ ਦਾ ਪਸਾਰਾ ਲਾਜ਼ਮੀ ਵੀ ਹੈ ਕਿਉਂਕਿ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਸਮਾਜ ਵਿਚ ਰਹਿੰਦੇ ਸੱਭਿਅਕ ਮਨੁੱਖ ਦਾ ਜੀਵਨ ਜੰਗਲਾਂ ਵਿਚ ਰਹਿੰਦੇ ਜਾਨਵਰਾਂ ਤੋਂ ਵੱਖ ਨਹੀਂ ਹੋ ਸਕਦਾ। ਗਿਆਨ ਪ੍ਰਾਪਤੀ ਲਈ ਸਦੀਆਂ ਤੋਂ ਮਨੁੱਖ ਵੱਖ-ਵੱਖ ਢੰਗ ਤਰੀਕੇ ਅਪਣਾਉਂਦਾ ਰਿਹਾ ਹੈ। ਕਦੇ ਜੰਗਲਾਂ ਵਿਚ/ ਕਦੇ ਪਹਾੜਾਂ ਵਿਚ ਅਤੇ ਕਦੇ ਕਬੀਲਿਆਂ ਵਿਚ ਰਹਿ ਕੇ ਮਨੁੱਖ ਦਾ ਮੂਲ ਮੰਤਵ ਗਿਆਨ ਪ੍ਰਾਪਤ ਕਰਨਾ ਹੀ ਰਿਹਾ ਹੈ।

ਸੱਭਿਅਕ ਸਮਾਜ ਦੀ ਸਿਰਜਣਾ ਮਗਰੋਂ ਸਿੱਖਿਆ-ਨੀਤੀਆਂ ਦੀ ਸਿਰਜਣਾ ਕੀਤੀ ਗਈ। ਪਹਿਲਾਂ ਆਸ਼ਰਮ, ਗੁਰੂਕੁਲ, ਪਾਠਸ਼ਾਲਾ ਆਦਿਕ ਦਾ ਢਾਂਚਾ ਵਿਕਸਤ ਕੀਤਾ ਗਿਆ। ਇਸ ਤੋਂ ਬਾਅਦ ਸਕੂਲ, ਕਾਲਜ, ਤਕਨੀਕੀ ਅਦਾਰੇ ਅਤੇ ਯੂਨੀਵਰਸਿਟੀਆਂ ਦਾ ਸਰੂਪ ਹੋਂਦ ਵਿਚ ਆਇਆ। ਖ਼ਾਸ ਗੱਲ ਇਹ ਹੈ ਕਿ ਇਹਨਾਂ ਤਬਦੀਲੀਆਂ ਦਾ ਮੁੱਖ ਮਕਸਦ ਗਿਆਨ ਪ੍ਰਾਪਤੀ ਹੀ ਰਿਹਾ। ਚਾਣਕਿਆ ਨੀਤੀ 'ਚ ਲਿਖਿਆ ਹੈ ਕਿ ਅਧਿਆਪਕ ਦੀ ਗੋਦ 'ਚ ਵਿਨਾਸ਼ ਅਤੇ ਵਿਕਾਸ ਦੋਵੇਂ ਖੇਡਦੇ ਹਨ। ਮਰਜ਼ੀ ਤਾਂ ਹਾਕਮ ਦੀ ਹੁੰਦੀ ਹੈ ਕਿ ਉਹ ਕਿਸ ਨੂੰ ਪਾਲਣਾ ਚਾਹੁੰਦਾ ਹੈ। ਸਮਾਜ ਦੇ ਵਿਕਾਸ ਅਤੇ ਵਿਨਾਸ਼ ਦਾ ਜ਼ਿੰਮੇਵਾਰ ਹਾਕਮ ਦਾ ਹੁਕਮ ਹੁੰਦਾ ਹੈ। ਉਹ ਸਮਾਜ ਨੂੰ ਸਿੱਖਿਅਕ ਕਰਕੇ ਹੱਕਾਂ ਪ੍ਰਤੀ ਜਾਗਰੁਕ ਵੀ ਕਰ ਸਕਦਾ ਹੈ ਅਤੇ ਗਿਆਨ ਤੋਂ ਹੀਣੇ ਮਨੁੱਖ ਪੈਦਾ ਕਰਕੇ ਮੂਰਖ਼ ਵੀ ਬਣਾ ਸਕਦਾ ਹੈ। ਖ਼ੈਰ!

ਸੰਨ 1600 ਈ. ਨੂੰ ਅੰਗਰੇਜ਼ ਵਪਾਰੀ ਪਹਿਲੀ ਵਾਰ ਭਾਰਤ ਆਏ। ਉਹਨਾਂ ਆਪਣੇ ਵਪਾਰ ਦੇ ਵਾਧੇ ਲਈ ਭਾਰਤ ਅੰਦਰ ਸਿੱਖਿਆ ਪ੍ਰਣਾਲੀ ਦੇ ਮੌਜੂਦਾ ਸਰੂਪ ਨੂੰ ਆਪਣੇ ਮੁਤਾਬਿਕ ਬਦਲ ਦਿੱਤਾ। ਮਸਲਨ; ਉਹਨਾਂ ਨੂੰ ਆਪਣੇ ਵਪਾਰ ਲਈ ਕਲਰਕ ਅਤੇ ਮੁਨਸ਼ੀ ਵਧੇਰੇ ਚਾਹੀਦੇ ਸਨ। ਇਸ ਲਈ ਉਹਨਾਂ ਨੇ ਭਾਰਤੀ ਸਿੱਖਿਆ-ਨੀਤੀਆਂ ਨੂੰ ਕਲਰਕੀ ਤੱਕ ਹੀ ਸੀਮਤ ਕਰਕੇ ਰੱਖ ਦਿੱਤਾ। ਅਜੋਕੇ ਭਾਰਤੀ ਸਿੱਖਿਆ-ਤੰਤਰ ਨੂੰ ਧਿਆਨਪੂਰਵਕ ਦੇਖਣ/ ਪੜ੍ਹਣ ਨਾਲ ਇਹ ਗੱਲ ਸਹਿਜੇ ਹੀ ਸਮਝ ਆ ਜਾਂਦੀ ਹੈ ਕਿ ਅਜੋਕੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਕਲਰਕ ਹੀ ਪੈਦਾ ਕਰ ਰਹੇ ਹਨ।



ਅੱਜ ਦੇ ਦੌਰ ਵਿਚ ਬਹੁਤੇ ਸਕੂਲ ਅਤੇ ਕਾਲਜ ਸਿਰਫ ਸਿਲੇਬਸ ਪੜ੍ਹਾਉਣ ਤੱਕ ਸੀਮਤ ਹੋ ਕੇ ਰਹਿ ਗਏ ਹਨ। ਬੱਚਿਆਂ ਨੂੰ ਸਿਲੇਬਸ ਪੜ੍ਹਾ ਕੇ ਚੰਗੇ ਅਤੇ ਗਿਆਨ-ਵਾਨ ਨਾਗਰਿਕ ਬਣਾਉਣ ਦੇ ਯਤਨ ਫਿਜ਼ੂਲ ਨਜ਼ਰ ਆਉਂਦੇ ਹਨ। 99% ਸਕੂਲਾਂ, ਕਾਲਜਾਂ ਵਿਚ ਵਿਦਿਆਰਥੀਆਂ ਨੂੰ ਸਿਲੇਬਸ ਤੋਂ ਬਾਹਰ ਦਾ ਕੋਈ ਪਾਠ/ ਸਬਕ ਨਹੀਂ ਪੜ੍ਹਾਇਆ ਜਾਂਦਾ। ਇੱਥੇ ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਹੈ ਕਿ ਬੱਚਿਆਂ ਦੇ ਸਕੂਲੀ ਸਿਲੇਬਸ ਨੂੰ ਇੰਨਾ ਵੱਡਾ ਕਰ ਦਿੱਤਾ ਗਿਆ ਹੈ ਕਿ ਬੱਚਿਆਂ ਕੋਲ ਸਮਾਂ ਹੀ ਨਹੀਂ ਕਿ ਉਹ ਆਪਣੇ ਪਾਠਕ੍ਰਮ ਤੋਂ ਇਲਾਵਾ ਕੁਝ ਪੜ੍ਹ ਸਕਣ/ ਕੁਝ ਸਮਝ ਸਕਣ। ਇਸ ਪੜ੍ਹਣ-ਪੜ੍ਹਾਉਣ ਦੇ ਚੱਕਰ ਵਿਚ ਬੱਚਿਆਂ ਦਾ ਸੰਪੂਰਨ ਵਿਕਾਸ ਨਹੀਂ ਹੋ ਪਾਉਂਦਾ। ਬੱਚੇ ਦਿਨ-ਰਾਤ ਆਪਣੇ ਸਿਲੇਬਸ ਨੂੰ ਨੇਪਰੇ ਚਾੜ੍ਹਨ ਵਿਚ ਮਸ਼ਰੂਫ ਰਹਿੰਦੇ ਹਨ।

ਸਿੱਖਿਆ-ਤੰਤਰ ਦੀ ਇਸ ਅਣਗਹਿਲੀ ਕਾਰਨ ਚੰਗੇ ਨਾਗਰਿਕ ਅਤੇ ਗਿਆਨਵਾਨ ਮਨੁੱਖ ਨਹੀਂ ਪੈਦਾ ਹੋ ਰਹੇ ਬਲਕਿ ਮਸ਼ੀਨਾਂ ਪੈਦਾ ਹੋ ਰਹੀਆਂ ਹਨ। ਇਹਨਾਂ ਮਸ਼ੀਨਾਂ ਨੇ ਮਸ਼ੀਨਾਂ ਨਾਲ ਆਪਣਾ ਜੀਵਨ ਬਿਤਾਉਣਾ ਹੈ/ ਪੈਸਾ ਕਮਾਉਣਾ ਹੈ; ਹੋਰ ਕੁਝ ਨਹੀਂ। ਸਮਾਜ ਨੂੰ ਅੱਗੇ ਵਧਾਉਣ ਦੀਆਂ ਆਸਾਂ/ ਉਮੀਦਾਂ; ਇਸ ਤਰ੍ਹਾਂ ਦੇ ਸਿੱਖਿਆ-ਤੰਤਰ ਕੋਲੋਂ ਚਾਹੁਣਾ ਮੂਰਖਤਾ ਹੈ/ ਅਗਿਆਨਤਾ ਹੈ। ਸਵਾਮੀ ਵਿਵੇਕਾਨੰਦ ਦਾ ਕਥਨ ਹੈ ਕਿ ਅੱਜ ਦੇ ਦੌਰ ਦੇ ਬੱਚਿਆਂ ਨੂੰ ਕੋਈ ਧਾਰਮਿਕ ਕਿਤਾਬ ਪੜ੍ਹਾਉਣ ਦੀ ਬਜਾਏ ਖੇਡਣ ਲਈ ਫੁੱਟਬਾਲ ਦੇ ਦਿਓ। ਉਹ ਬੱਚਾ ਖੇਡ ਦੇ ਮੈਦਾਨ ਵਿਚ ਹੀ ਅਨੁਸ਼ਾਸਨ, ਸਵੈ-ਭਰੋਸਾ, ਤਿਆਗ, ਏਕਤਾ ਅਤੇ ਸਹਿਣਸ਼ੀਲਤਾ ਜਿਹੇ ਗੁਣ ਸਿੱਖ ਲਵੇਗਾ। ਇਹ ਗੁਣ ਕਿਤਾਬੀ ਗਿਆਨ ਤੋਂ ਕਦੇ ਵੀ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਪਰ ਬਹੁਤੇ ਲੋਕ ਇਹ ਗੱਲ ਸਮਝ ਨਹੀਂ ਰਹੇ/ ਸਿੱਖ ਨਹੀਂ ਰਹੇ। ਅੱਜ ਢਾਈ ਸਾਲ ਦੇ ਬੱਚੇ ਤੋਂ ਲੈ ਕੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੱਕ ਕਿਤਾਬੀ ਗਿਆਨ ਵੰਡਿਆ ਜਾ ਰਿਹਾ ਹੈ। ਕਿਤਾਬਾਂ ਨੂੰ ਰਟਨ ਉੱਪਰ ਵੱਧ ਜ਼ੋਰ ਦਿੱਤਾ ਜਾ ਰਿਹਾ ਹੈ। ਇਸੇ ਕਰਕੇ ਵੱਧ ਨੰਬਰਾਂ ਦੀ ਦੌੜ ਵਿਕਰਾਲ ਰੂਪ ਅਖ਼ਤਿਆਰ ਕਰ ਚੁਕੀ ਹੈ। ਬੱਚੇ ਖ਼ੁਦਕੁਸ਼ੀਆਂ ਦੇ ਰਾਹ ਤੁਰ ਪਏ ਹਨ। ਪੇਪਰਾਂ ਵਿਚ ਵੱਧ ਨੰਬਰਾਂ ਨੂੰ ਵਿਦਵੱਤਾ ਨਾਲ ਜੋੜ ਕੇ ਵੇਖਿਆ ਜਾਣ ਲੱਗਾ ਹੈ। ਇਸ ਵਰਤਾਰਾ ਸੱਚਮੁਚ ਮੰਦਭਾਗਾ ਹੈ/ ਡਰਾਉਣਾ ਹੈ। ਮਨੋਵਿਗਿਆਨਕਾਂ ਦਾ ਕਹਿਣਾ ਹੈ ਕਿ ਬਹੁਤੇ ਮਾਂ-ਬਾਪ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਨਹੀਂ ਕਰਦੇ ਬਲਕਿ ਪੇਪਰਾਂ ਵਿਚ ਵੱਧ ਨੰਬਰਾਂ ਲਈ ਡਰਾਉਂਦੇ ਹਨ। ਇਸ ਨਾਲ ਬੱਚੇ ਮਾਨਸਿਕ ਰੂਪ ਵਿਚ ਕਮਜ਼ੋਰ ਹੋ ਜਾਂਦੇ ਹਨ ਅਤੇ ਜਦੋਂ ਨਤੀਜਾ ਉਮੀਦ ਦੇ ਮੁਤਾਬਿਕ ਨਹੀਂ ਆਉਂਦਾ ਤਾਂ ਖ਼ੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ।

ਸਮੇਂ ਦੀਆਂ ਸਰਕਾਰਾਂ ਅਤੇ ਸਿੱਖਿਆ ਮਾਹਿਰਾਂ ਨੂੰ ਇਸ ਸਿੱਖਿਆ-ਤੰਤਰ ਨੂੰ ਸਿਲੇਬਸ ਦੇ ਚੱਕਰ ਵਿਚੋਂ ਕੱਢ ਕੇ ਗਿਆਨ ਦੇ ਮੂਲ ਸਰੋਕਾਰਾਂ ਨਾਲ ਜੋੜਣਾ ਪਵੇਗਾ ਤਾਂ ਹੀ ਬੱਚਿਆਂ ਨੂੰ ਸਹੀ ਅਰਥਾਂ ਵਿਚ ਗਿਆਨਵਾਨ ਬਣਾਇਆ ਜਾ ਸਕਦਾ ਹੈ। ਮਾਪਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ ਕਿ ਸਿਰਫ਼ ਕਿਤਾਬੀ ਗਿਆਨ ਨਾਲ ਹੀ ਚੰਗੇ ਇਨਸਾਨ ਨਹੀਂ ਪੈਦਾ ਕੀਤਾ ਜਾ ਸਕਦੇ ਬਲਕਿ ਚੰਗੇ ਸੰਸਕਾਰਾਂ ਨਾਲ ਹੀ ਅਜਿਹੇ ਇਨਸਾਨ ਉਪਜਦੇ ਹਨ।

ਇਸ ਲਈ ਆਪਣੇ ਬੱਚਿਆਂ ਨੂੰ ਮਸ਼ੀਨਾਂ ਬਣਨ ਤੋਂ ਰੋਕੋ; ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ। ਪਰ ਇਹ ਹੁੰਦਾ ਕਦੋਂ ਹੈ ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ।

# ਜ਼ਿੰਮੇਵਾਰੀਆਂ ਤੋਂ ਭੱਜਦਾ ਮਨੁੱਖ

ਕਿਸੇ ਵੀ ਸਮਾਜ ਦੀ ਸਿਰਜਣਾ ਵਿਚ ਉਸਦੇ ਬਸ਼ਿੰਦਿਆਂ ਦੇ ਸੁਭਾਅ ਦਾ ਅਹਿਮ ਸਥਾਨ ਹੁੰਦਾ ਹੈ। ਜਿਸ ਸਮਾਜ ਦੇ ਬਸ਼ਿੰਦੇ ਆਪਣੇ ਹੱਕਾਂ ਦੇ ਨਾਲ-ਨਾਲ ਆਪਣੀਆਂ ਜ਼ਿੰਮੇਵਾਰੀਆਂ ਨੂੰ ਵੀ ਬਾਖ਼ੂਬੀ ਨਿਭਾਉਂਦੇ ਹਨ ਉਹ ਸਮਾਜ ਆਦਰਸ਼ ਸਮਾਜ ਕਿਹਾ ਜਾਂਦਾ ਹੈ। ਪਰ ਅਫਸੋਸ ਅੱਜ ਦਾ ਸਮਾਜ ਇਸ ਸ਼੍ਰੇਣੀ ਵਿਚੋਂ ਬਾਹਰ ਹੋ ਗਿਆ ਹੈ। ਇਸਦਾ ਕਾਰਣ ਹੈ ਕਿ ਅਜੋਕਾ ਮਨੁੱਖ ਆਪਣੇ ਹੱਕਾਂ ਪ੍ਰਤੀ ਤਾਂ ਬਹੁਤ ਜਾਗਰੁਕ ਹੋ ਗਿਆ ਹੈ ਪਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਰਿਹਾ ਹੈ। ਇਸ ਨਾਲ ਬਹੁਤ ਵਾਰ ਸਮਾਜਿਕ ਬਣਤਰ ਦੀ ਹੋਂਦ ਉੱਪਰ ਵੀ ਸਵਾਲ ਉੱਠਣੇ ਸ਼ੁਰੂ ਹੋ ਜਾਂਦੇ ਹਨ।

ਇੱਥੇ ਖ਼ਾਸ ਗੱਲ ਇਹ ਹੈ ਕਿ ਮਨੁੱਖ ਦਾ ਸਮਾਜਿਕ ਹੋਣਾ ਕਿਸੇ ਧਾਰਮਿਕ ਜਾਂ ਅਧਿਆਤਮਿਕ ਪ੍ਰਭਾਵ ਦਾ ਸਿੱਟਾ ਨਹੀਂ ਹੈ ਬਲਕਿ ਇਹ ਮਨੁੱਖੀ ਮਨ ਦੀ ਬਣਤਰ/ ਭੁਗੋਲਿਕ ਬਣਤਰ ਦਾ ਸਿੱਟਾ ਹੈ। ਇਹ ਸਮਾਜਿਕਤਾ ਮਨੁੱਖ ਦੀਆਂ ਜ਼ਰੂਰਤਾਂ ਦੀ ਉਪਜ ਹੈ। ਆਦਿਕਾਲ ਤੋਂ ਹੀ ਮਨੁੱਖ ਜੰਗਲਾਂ/ ਕਬੀਲਿਆਂ ਵਿਚ ਰਹਿੰਦਾ ਰਿਹਾ ਹੈ। ਉਸ ਸਮੇਂ ਜੰਗਲਾਂ ਵਿਚ ਸ਼ਿਕਾਰ ਕਰਨ ਜਾਣ ਲਈ ਝੁੰਡ/ ਕਬੀਲੇ ਦੀ ਜ਼ਰੂਰਤ ਮਹਿਸੂਸ ਹੋਈ ਤਾਂ ਮਨੁੱਖ ਨੇ ਕਬੀਲਿਆਂ ਦੇ ਸੰਕਲਪ ਨੂੰ ਅਪਣਾ ਲਿਆ। ਸਹਿਜੇ-ਸਹਿਜੇ ਇਹ ਕਬੀਲੇ ਪਿੰਡਾਂ/ ਸ਼ਹਿਰਾਂ/ ਕਸਬਿਆਂ ਦੇ ਰੂਪ ਵਿਚ ਵਿਕਸਤ ਹੋ ਗਏ। ਇਹਨਾਂ ਸ਼ਹਿਰਾਂ/ ਕਸਬਿਆਂ ਦੀ ਵਿਵਸਥਾ ਨੂੰ ਚਲਾਉਣ ਲਈ ਜਿੱਥੇ ਹੱਕਾਂ ਦੀ ਪ੍ਰੋੜ੍ਹਤਾ ਕੀਤੀ ਗਈ ਉੱਥੇ ਹੀ ਜ਼ਿੰਮੇਵਾਰੀਆਂ ਵੀ ਵੰਡੀਆਂ ਗਈਆਂ ਤਾਂ ਕਿ ਸਮਾਜਿਕ ਬਣਤਰ ਨੂੰ ਸਹਿਜਤਾ ਨਾਲ ਚਲਾਇਆ ਜਾ ਸਕੇ। ਪਰ ਅਫ਼ਸੋਸ ਅੱਜ ਦਾ ਦੌਰ ਹੱਕਾਂ ਦੀ ਗੱਲ ਵਧੇਰੇ ਕਰਨ ਵਾਲਾ ਦੌਰ ਹੋ ਗਿਆ ਹੈ। ਹਰ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਤੋਂ ਕਿਨਾਰਾ ਕਰਨਾ ਚਾਹੁੰਦਾ ਹੈ/ ਭੱਜਣਾ ਚਾਹੁੰਦਾ ਹੈ।

ਇਸ ਗੱਲ ਵਿਚ ਭੋਰਾ ਭਰ ਵੀ ਸ਼ੰਕਾ ਨਹੀਂ ਕਿ ਜਦੋਂ ਤੱਕ ਮਨੁੱਖ ਦੀ ਹੋਂਦ ਰਹੇਗੀ ਉਦੋਂ ਤੱਕ ਹੀ ਸਮਾਜ ਦੀ ਸਿਰਜਣ ਵਿਵਸਥਾ ਕਾਇਮ ਰਹਿ ਸਕਦੀ ਹੈ। ਮਨੁੱਖ ਬਿਨਾਂ ਸਮਾਜ ਦੀ ਗੱਲ ਨਿਰਮੂਲ ਹੈ/ ਵਿਅਰਥ ਹੈ। ਸਮਾਜਿਕ ਬਣਤਰ ਦਾ ਕੇਂਦਰੀ ਧੁਰਾ ਮਨੁੱਖ ਹੈ ਪਰ ਅੱਜ ਇਹ ਮਨੁੱਖ ਹੀ ਇਸ ਬਣਤਰ ਲਈ ਸਭ ਤੋਂ ਵੱਡਾ ਖ਼ਤਰਾ ਬਣ ਗਿਆ ਹੈ। ਮਨੁੱਖ ਨੇ ਧਰਤੀ, ਪਾਣੀ, ਹਵਾ, ਮਿੱਟੀ ਅਤੇ ਰੌਸ਼ਨੀ ਨੂੰ ਗੰਦਲਾ ਕਰ ਦਿੱਤਾ ਹੈ। ਇਸ ਗੰਦਲੇਪਣ ਦਾ ਮੂਲ ਕਾਰਣ ਹੈ ਕਿ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਤੋਂ ਕਿਨਾਰਾ ਕਰ ਗਿਆ ਹੈ/ ਪਾਸਾ ਵੱਟ ਗਿਆ ਹੈ।

ਅੱਜ ਦਾ ਦੌਰ ਅਜਿਹਾ ਦੌਰ ਹੈ ਕਿ ਹਰ ਮਨੁੱਖ ਆਪਣੀ ਸਹੂਲਤ ਲਈ ਪੱਕੀ ਸੜਕ ਤਾਂ ਚਾਹੁੰਦਾ ਹੈ ਪਰ ਉਸਨੂੰ ਸੜਕ ਤੇ ਤੁਰਨਾ ਨਹੀਂ ਆਉਂਦਾ/ਗੱਡੀ ਚਲਾਉਣੀ ਨਹੀਂ ਆਉਂਦੀ। ਨਿਯਮਾਂ ਦੀ ਪਾਲਣਾ ਨੂੰ ਗ਼ੈਰ-ਜ਼ਰੂਰੀ ਸਮਝਿਆ ਜਾਂਦਾ ਹੈ। ਪਿੰਡਾ/ ਸ਼ਹਿਰਾਂ ਵਿਚ ਗਲੀਆਂ/ ਨਾਲੀਆਂ ਤਾਂ ਪੱਕੀਆਂ ਚਾਹੀਦੀਆਂ ਹਨ ਪਰ ਉਹਨਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਕੋਈ ਨਹੀਂ ਲੈਣਾ ਚਾਹੁੰਦਾ।

ਘਰ ਦੀ ਸਾਫ਼-ਸਫ਼ਾਈ ਹਰ ਬੰਦਾ ਕਰਦਾ ਹੈ ਪਰ ਘਰ ਦੇ ਕੂੜੇ ਨੂੰ ਬਾਹਰ ਗਲੀ ਵਿਚ ਸੁੱਟ ਦਿੰਦਾ ਹੈ ਕਿਉਂਕਿ ਗਲੀ/ ਨਾਲੀ ਦੀ ਸਫ਼ਾਈ ਨੂੰ ਉਹ ਆਪਣੀ ਜ਼ਿੰਮੇਵਾਰੀ ਦਾ ਹਿੱਸਾ ਨਹੀਂ ਸਮਝਦਾ। ਗਲੀਆਂ/ਨਾਲੀਆਂ ਦੀ ਸਫ਼ਾਈ ਦੀ ਜਵਾਬਦਾਰੀ ਸਰਕਾਰ ਦੀ ਹੈ/ ਪੰਚਾਇਤ ਦੀ ਹੈ।

ਹੈਰਾਨੀ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਧਾਰਮਿਕ ਸਥਾਨਾਂ ਦੀ ਉਸਾਰੀ ਲਈ ਤਾਂ ਲੱਖਾਂ ਰੁਪਏ ਝੱਟ ਇਕੱਠੇ ਹੋ ਜਾਂਦੇ ਹਨ ਪਰ ਪਿੰਡ ਦੇ ਸਕੂਲ ਜਾਂ ਸਿਹਤ ਕੇਂਦਰ ਲਈ ਕੋਈ ਅੱਗੇ ਨਹੀਂ ਆਉਂਦਾ। ਇਹਨਾਂ ਕੰਮਾਂ ਲਈ ਅਸੀਂ ਸਰਕਾਰਾਂ ਤੋਂ ਆਸ ਰੱਖਦੇ ਹਾਂ।

ਉਂਝ ਸਰਕਾਰਾਂ ਦੀਆਂ ਵੀ ਜ਼ਿੰਮੇਵਾਰੀਆਂ ਹਨ ਪਰ ਆਪਣੀਆਂ ਸਹੂਲਤਾਂ ਲਈ ਸਥਾਨਕ ਨਿਵਾਸੀਆਂ ਨੂੰ ਵੀ ਪਹਿਲ ਕਰਨੀ ਚਾਹੀਦੀ ਹੈ। ਜਿੰਨੀ ਸਫ਼ਾਈ ਆਪਣੇ ਘਰ ਦੀ ਲਾਜ਼ਮੀ ਹੈ ਉਂਨੀ ਹੀ ਗਲੀ/ਮੁਹੱਲੇ ਦੀ ਵੀ ਲਾਜ਼ਮੀ ਹੈ ਕਿਉਂਕਿ ਸਾਫ਼ ਹੋਇਆ ਘਰ ਉਦੋਂ ਹੀ ਸਾਰਥਕ ਅਤੇ ਲਾਹੇਵੰਦ ਹੋਵੇਗਾ ਜਦੋਂ ਸਮੁੱਚੀ ਗਲੀ/ ਮੁਹੱਲਾ ਸਾਫ਼ ਹੋਵੇਗਾ। ਗੰਦੇ ਮੁਹੱਲੇ/ਪਿੰਡ ਵਿਚ ਸਾਫ਼ ਘਰ ਕੋਈ ਅਹਿਮੀਅਤ ਨਹੀਂ ਰੱਖਦਾ।

ਇਹ ਕਾਰਜ ਕੋਈ ਬਹੁਤੀ ਵੱਡੀ ਅਤੇ ਔਖੀ ਗੱਲ ਨਹੀਂ ਹਨ। ਪਰ ਇਹਨਾਂ ਕਾਰਜਾਂ ਲਈ ਹੱਲਾਸ਼ੇਰੀ ਅਤੇ ਚੰਗੇ ਆਗੂ ਦੀ ਲੋੜ ਹੈ। ਪਿੰਡਾਂ/ ਸ਼ਹਿਰਾਂ ਵਿਚ ਨੌਜੁਵਾਨਾਂ ਨੂੰ ਅੱਗੇ ਆਉਣਾ ਪਵੇਗਾ। ਇੱਕ ਪਿੰਡ ਦੀ ਸਫ਼ਾਈ ਦਾ ਕੰਮ ਪੰਜ- ਸੱਤ ਦਿਨਾਂ ਤੋਂ ਵੱਧ ਨਹੀਂ ਹੈ। ਪਰ ਹੈਰਾਨੀ ਹੁੰਦੀ ਹੈ ਕਿ ਲੋਕ ਸਾਲਾਂਬੱਧੀ ਸਰਕਾਰਾਂ ਦੀ ਆਸ ਵਿਚ ਗੰਦਗੀ ਭਰਿਆ ਜੀਵਨ ਜਿਉਂਦੇ ਰਹਿੰਦੇ ਹਨ। ਖੁਦ ਉੱਦਮ ਨਹੀਂ ਕਰਦੇ/ਅੱਗੇ ਨਹੀਂ ਆਉਂਦੇ।

ਇੱਥੇ ਗੱਲ ਕੇਵਲ ਸਾਫ਼- ਸਫ਼ਾਈ ਦੀ ਨਹੀਂ ਬਲਕਿ ਜ਼ਿੰਦਗੀ ਦੇ ਹਰ ਕਦਮ ਤੇ ਆਪਣੀ ਜ਼ਿੰਮੇਵਾਰੀਆਂ ਨੂੰ ਸਮਝਣ ਦੀ ਹੈ। ਸੜਕ ਤੇ ਗੱਡੀ ਚਲਾਉਂਦਿਆਂ ਟਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਕੋਈ ਮੰਦਾ ਕਰਮ ਨਹੀਂ ਹੈ ਬਲਕਿ ਇਹ ਤੁਹਾਡੀ ਜ਼ਿੰਦਗੀ ਦੀ ਹਿਫਾਜਿਤ ਵਾਲਾ ਕੰਮ ਹੈ। ਗੱਡੀ ਦੇ ਕਾਗਜ਼ ਪੂਰੇ ਰੱਖਣੇ ਸਾਡੀ ਜ਼ਿੰਮੇਵਾਰੀ ਹੈ। ਵਾਤਾਵਰਣ ਦੀ ਸਾਂਭ-ਸੰਭਾਲ ਸਾਡੇ ਮੁੱਢਲੇ ਫ਼ਰਜ਼ ਹਨ। ਅੱਜ ਹਰੇਕ ਬੰਦਾ ਸ਼ੁੱਧ ਅਤੇ ਸਾਫ਼ ਹਵਾ ਚਾਹੁੰਦਾ ਹੈ ਪਰ ਰੁੱਖ ਕੋਈ ਨਹੀਂ ਲਗਾਉਣਾ ਚਾਹੁੰਦਾ। ਰੁੱਖ ਲਗਾਉਣ ਲਈ ਸਰਕਾਰਾਂ ਉੱਪਰ ਜ਼ਿੰਮੇਵਾਰੀ ਸੁੱਟ ਦਿੱਤੀ ਜਾਂਦੀ ਹੈ। ਇਹ ਬਹੁਤ ਮੰਦਭਾਗਾ ਰੁਝਾਨ ਹੈ। ਧਰਤੀ ਉੱਤੇ ਰਹਿੰਦਾ ਹਰ ਮਨੁੱਖ ਜੇਕਰ ਇੱਕ ਰੁੱਖ ਵੀ ਲਗਾ ਦੇਵੇ ਤਾਂ ਧਰਤੀ ਹਰੀ-ਭਰੀ ਹੋ ਸਕਦੀ ਹੈ। ਵਾਤਾਵਰਣ ਸ਼ੁੱਧ ਹੋ ਸਕਦਾ ਹੈ। ਪਰ ਬਦਕਿਸਮਤੀ ਅਸੀਂ ਇਹਨਾਂ ਕੰਮਾਂ ਲਈ ਵੀ ਸਰਕਾਰਾਂ ਨੂੰ ਦੋਸ਼ ਦਿੰਦੇ ਹਾਂ।

ਹੱਕਾਂ ਦੀ ਜਾਣਕਾਰੀ ਰੱਖਣਾ ਚੰਗੀ ਗੱਲ ਹੈ ਪਰ ਨਾਲ ਹੀ ਜ਼ਿੰਮੇਵਾਰੀਆਂ ਦਾ ਅਹਿਸਾਸ ਹੋਣਾ ਉਸ ਨਾਲੋਂ ਵੀ ਲਾਜ਼ਮੀ ਗੱਲ ਹੈ। ਇਹ ਵਕਤ ਦੂਜਿਆਂ ਵਿਚ ਕਮੀਆਂ ਕੱਢਣ ਦਾ ਨਹੀਂ ਬਲਕਿ ਆਪਣੇ ਵਿਚ ਸੁਧਾਰ ਕਰਨ ਦਾ ਹੈ। ਅੱਜ ਦਾ ਮਨੁੱਖ ਜੇਕਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦਾ ਪ੍ਰਣ ਕਰ ਲਵੇ ਤਾਂ ਸਰਕਾਰਾਂ ਦੇ 99% ਕੰਮ ਆਪ ਮੂਹਰੇ ਹੀ ਨੇਪਰੇ ਚੜ ਸਕਦੇ ਹਨ। ਜਿਸ ਥਾਂ ਉੱਪਰ ਅਸੀਂ ਸਦੀਆਂ ਤੋਂ ਰਹਿ ਰਹੇ ਹਾਂ ਉਸਦੀ ਸਾਫ਼- ਸਫ਼ਾਈ ਅਤੇ ਸਾਂਭ-ਸੰਭਾਲ ਸਾਡੀ ਆਪਣੀ ਜ਼ਿੰਮੇਵਾਰੀ ਹੈ। ਸੜਕਾਂ ਉੱਪਰ ਸੜਕੀ-ਨਿਯਮਾਂ ਦੀ ਪਾਲਣਾ ਸਾਡੀ ਆਪਣੀ ਸੁਰੱਖਿਆ ਲਈ ਹੈ। ਸਵੇਰੇ ਉੱਠ ਕੇ ਸੈਰ ਕਰਨਾ ਸਾਡੀ ਸੇਹਤ ਲਈ ਲਾਭਦਾਇਕ ਹੈ।

ਆਖ਼ਿਰ ਵਿਚ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੂੰ ਸੁਚੇਤ ਹੋਣ ਦੀ ਲੋੜ ਹੈ। ਧਰਤੀ, ਰੁੱਖ, ਵਾਤਾਵਰਣ, ਪਾਣੀ, ਹਵਾ ਅਤੇ ਰੌਸ਼ਨੀ ਦੀ ਸਾਂਭ- ਸੰਭਾਲ ਸਾਡੀਆਂ ਲੋੜਾਂ ਹਨ ਕਿਉਂਕਿ ਇਹਨਾਂ ਤੋਂ ਬਿਨਾਂ ਮਨੁੱਖੀ ਹੋਂਦ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਇਹਨਾਂ ਨੂੰ ਪਹਿਲ ਦੇ ਆਧਾਰ 'ਤੇ ਵੇਖਣਾ ਚਾਹੀਦਾ ਹੈ। ਪਰ ਇਹ ਹੁੰਦਾ ਕਦੋਂ ਹੈ ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ।

**- ਡਾ. ਨਿਸ਼ਾਨ ਸਿੰਘ**

# ਜਾਰਜ ਫਲਾਇਡ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਦਾ ਆਇਆ ਹੜ੍ਹ

ਸਫਾ 1 ਦੀ ਬਾਕੀ)

ਪਹੁੰਚਿਆ ਹੈ। ਇਸ ਸੂਬੇ ਦੇ ਗਵਰਨਰ ਗ੍ਰੇਗ ਐਬਾਟ ਦੱਸਿਆ ਹੈ ਕਿ ਉਨ੍ਹਾਂ ਨੇ ਸੋਮਵਾਰ ਨੂੰ ਫਲਾਇਡ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਪ੍ਰਤੀ ਆਪਣੀ ਸੰਵੇਦਨਾ ਪ੍ਰਗਟਾਈ। ਟੈਕਸਾਸ ਦੇ ਹੈਰਿਸ ਕਾਊਂਟੀ ਨੇ ਆਧਿਕਾਰਿਤ ਤੌਰ 'ਤੇ ਨੌਂ ਜੂਨ ਨੂੰ ਜਾਰਜ ਫਲਾਇਡ ਡੇ ਐਲਾਨਿਆ ਗਿਆ ਹੈ।

### ਪੁਲਿਸ ਸੁਧਾਰ ਲਈ ਬਿੱਲ ਤਿਆਰ

ਵਿਰੋਧੀ ਡੈਮੋਕ੍ਰੇਟਿਕ ਸੰਸਦ ਪੁਲਿਸ ਸੁਧਾਰ ਲਈ ਸੰਸਦ 'ਚ ਇਕ ਬਿੱਲ ਪੇਸ਼ ਕਰਨ ਦੀ ਤਿਆਰੀ ਕੀਤੀ ਹੈ। ਇਸ ਬਿੱਲ 'ਚ ਪੁਲਿਸ ਦੀ ਵਹਿਸ਼ਤ 'ਤੇ ਰੋਕ ਲਗਾਉਣ ਦੇ ਉਪਾਅ ਕੀਤੇ ਗਏ ਹਨ। ਪੁਲਿਸ ਹਿਰਾਸਤ 'ਚ ਫਲਾਇਡ ਦੀ ਮੌਤ ਦੇ ਵਿਰੋਧ 'ਚ ਪੂਰੇ ਅਮਰੀਕਾ 'ਚ ਵਿਰੋਧ ਮੁਜ਼ਾਹਰੇ ਦਿਖਾਈ ਦੇ ਰਹੇ ਸਨ। ਇਸ ਘਟਨਾ ਤੋਂ ਬਾਅਦ ਕਈ ਅਮਰੀਕੀ ਸੂਬੇ ਵੀ ਪੁਲਿਸ ਵਿਵਸਥਾ 'ਚ ਸੁਧਾਰ ਦੀਆਂ ਤਿਆਰੀਆਂ ਕਰ ਰਹੇ ਹਨ।

### ਟਰੰਪ ਤੇ ਬਿਡੇਨ ਦੀ ਇਕ ਰਾਇ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੁਲਿਸ ਵਿਭਾਗਾਂ ਨੂੰ ਫੰਡ ਨਾ ਦੇਣ ਜਾਂ ਖ਼ਤਮ ਕਰਨ ਦੀ ਮੰਗ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਆਪਣੀ ਜ਼ਿੰਦਗੀ ਨੂੰ ਖ਼ਤਰੇ 'ਚ ਪਾ ਕੇ ਲੋਕਾਂ ਦੀ ਸੁਰੱਖਿਆ ਕਰਦੇ ਹਨ। ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋ ਬਿਡੇਨ ਨੇ ਵੀ ਇਸ ਮੰਗ 'ਤੇ ਆਪਣੀ ਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਸ ਤਰ੍ਹਾਂ ਦੀ ਮੰਗ ਦਾ ਸਮਰਥਨ ਨਹੀਂ ਕਰਦੇ। ਬਿਡੇਨ ਨੇ ਸੋਮਵਾਰ ਨੂੰ ਹਿਊਸਟਨ 'ਚ ਫਲਾਇਡ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਕਰੀਬ ਘੰਟਾ ਕੁ ਚੱਲੀ। ਇਸ ਦੌਰਾਨ ਬਿਡੇਨ ਨੇ ਫਲਾਇਡ ਦੇ ਪਰਿਵਾਰਕ ਮੈਂਬਰਾਂ ਦੀਆਂ ਤਕਲੀਫ਼ਾਂ ਧਿਆਨ ਨਾਲ ਸੁਣੀਆਂ ਤੇ ਆਪਣੀਆਂ ਸੰਵੇਦਨਾਵਾਂ ਪ੍ਰਗਟਾਈਆਂ।

# ਵਾਸ਼ਿੰਗਟਨ 'ਚ ਮਹਾਤਮਾ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣਾ ਅਪਰਾਧ

(ਸਫਾ 1 ਦੀ ਬਾਕੀ)

ਕੋਵਿਡ-19 ਤੇ ਹੋਰਨਾਂ ਮਾਮਲਿਆਂ 'ਤੇ ਵੀ ਚਰਚਾ ਹੋਈ। ਸੰਧੂ ਨੇ ਦੱਸਿਆ ਕਿ ਜਿੱਥੋਂ ਤਕ ਰਾਸ਼ਟਰਪਤੀ ਟਰੰਪ ਦੇ ਜੀ-7 ਦੇ ਵਿਸਤਾਰ ਦੀ ਗੱਲ ਹੈ, ਭਾਰਤ ਨੂੰ ਅਮਰੀਕਾ ਨਾਲ ਕੰਮ ਕਰਨ 'ਚ ਖ਼ੁਸ਼ੀ ਹੋਵੇਗੀ। ਜਿਉਂ ਹੀ ਇਸ ਬਾਰੇ ਫ਼ੈਸਲੇ ਲਿਆ ਜਾਵੇਗਾ, ਉਹ ਸਾਨੂੰ ਦੱਸ ਦੇਣਗੇ।' 2 ਜੂਨ ਨੂੰ ਫੋਨ 'ਤੇ ਹੋਈ ਗੱਲਬਾਤ 'ਚ ਰਾਸ਼ਟਰਪਤੀ ਟਰੰਪ ਦੇ ਸੰਮੇਲਨ 'ਚ ਸ਼ਾਮਲ ਹੋਣ ਦੀ ਅਪੀਲ ਨੂੰ ਪ੍ਰਧਾਨ ਮੰਤਰੀ ਨੇ ਕਬੂਲ ਕਰ ਲਿਆ ਤੇ ਉਹ ਸਤੰਬਰ 'ਚ ਹੋਣ ਵਾਲੇ ਇਸ ਸੰਮੇਲਨ 'ਚ ਸ਼ਾਮਲ ਹੋਣ ਜਾਣਗੇ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਮਹਾਤਮਾ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਜਾਣਾ ਸ਼ਰਮਨਾਕ ਹੈ। ਅਮਰੀਕਾ ਵਿਚ ਸਿਆਹਫਾਮ ਵਿਅਕਤੀ ਜਾਰਜ ਫਲਾਇਡ ਦੀ ਮੌਤ ਨੂੰ ਲੈ ਕੇ ਹੋਏ ਵਿਰੋਧ ਪ੍ਰਦਰਸ਼ਨਾਂ ਅਤੇ ਹਿੰਸਾ ਦੌਰਾਨ ਗਾਂਧੀ ਦੇ ਬੁੱਤ ਨੂੰ ਹਾਨੀ ਪਹੁੰਚਾਈ ਗਈ ਸੀ।

ਟਰੰਪ ਨੇ ਵ੍ਹਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਸ ਘਟਨਾ ਦੇ ਬਾਰੇ ਵਿਚ ਪੁੱਛੇ ਜਾਣ 'ਤੇ ਕਿਹਾ ਕਿ ਇਹ ਅਪਮਾਨਜਨਕ ਹੈ। ਅਮਰੀਕਾ ਦੀ ਰਾਜਧਾਨੀ ਵਿਚ ਪਿਛਲੀ ਦੋ ਜੂਨ ਦੀ ਰਾਤ ਵਾਸ਼ਿੰਗਟਨ ਡੀਸੀ ਵਿਚ ਭਾਰਤੀ ਦੂਤਘਰ ਦੇ ਬਾਹਰ ਸਥਿਤ ਮਹਾਤਮਾ ਗਾਂਧੀ ਦੇ ਬੁੱਤ ਨੂੰ ਸਪਰੇ ਪੇਂਟਿੰਗ ਨਾਲ ਨੁਕਸਾਨ ਪਹੁੰਚ-ਾਇਆ ਗਿਆ ਸੀ। ਦੂਤਘਰ ਦੇ ਅਧਿਕਾਰੀਆਂ ਨੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕੋਲ ਇਸ ਦੀ ਸ਼ਿਕਾਇਤ ਦਰਜ ਕਰਵਾਈ ਸੀ। ਦੂਤਘਰ ਨੇ ਘਟਨਾ ਦੀ ਤੁਰੰਤ ਜਾਂਚ ਲਈ ਅਮਰੀਕੀ ਵਿਦੇਸ਼ ਵਿਭਾਗ ਕੋਲ ਵੀ ਇਸ ਮਾਮਲੇ ਨੂੰ ਰੱਖਿਆ ਹੈ। ਇਲਾਕੇ ਵਿਚ ਰਹਿਣ ਵਾਲੇ ਕੁਝ ਲੋਕਾਂ ਨੇ ਦੱਸਿਆ ਸੀ ਕਿ ਸਿਆਹਫਾਮ ਵਿਅਕਤੀ ਦੀ ਹੱਤਿਆ ਦੇ ਵਿਰੋਧ ਵਿਚ ਸੜਕਾਂ 'ਤੇ ਉਤਰੇ ਪ੍ਰਦਰਸ਼ਨਕਾਰੀਆਂ ਵਿਚ ਸ਼ਾਮਲ ਕੁਝ ਸ਼ਰਾਰਤੀ ਤੱਤਾਂ ਨੇ ਸਪਰੇ ਪੇਂਟਿੰਗ ਨਾਲ ਬੁੱਤ ਨੂੰ ਨੁਕਸਾਨ ਪਹੁੰਚਾਇਆ ਸੀ। ਇਸ ਘਟਨਾ 'ਤੇ ਨਵੀਂ ਦਿੱਲੀ ਵਿਚ ਅਮਰੀਕਾ ਦੇ ਰਾਜਦੂਤ ਕੇਨ ਜਸਟਰ ਨੇ ਮਾਫ਼ੀ ਮੰਗੀ ਸੀ। ਉਨ੍ਹਾਂ ਕਿਹਾ ਸੀ ਕਿ ਵਾਸ਼ਿੰਗਟਨ ਡੀਸੀ ਵਿਚ ਗਾਂਧੀ ਦੇ ਬੁੱਤ ਨੂੰ ਹਾਨੀ ਪਹੁੰਚਾਏ ਜਾਣ ਤੋਂ ਅਸੀਂ ਸ਼ਰਮਿੰਦਾ ਹਾਂ। ਕਿਰਪਾ ਕਰ ਕੇ ਸਾਡੀ ਮਾਫ਼ੀ ਨੂੰ ਸਵੀਕਾਰ ਕਰੋ। ਪਿਛਲੇ ਹਫ਼ਤੇ ਕਈ ਅਮਰੀਕੀ ਐੱਮਪੀਜ਼ ਅਤੇ ਟਰੰਪ ਦੀ ਚੋਣ ਮੁਹਿੰਮ ਦੇ ਇੰਚਾਰਜ ਨੇ ਵੀ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਏ ਜਾਣ ਦੀ ਘਟਨਾ ਦੀ ਨਿੰਦਾ ਕੀਤੀ ਸੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦਰਬਾਰ ਸਾਹਿਬ ਦੇ ਅਟੈਕ 'ਤੇ ਦੁਵੱਲੀ ਗੰਦੀ ਰਾਜਨੀਤੀ

ਗੁਰੂ ਸਾਹਿਬਾਨ ਨੇ ਕਿੰਨੀਆਂ ਗਲ ਆ ਪਈਆਂ ਜੰਗਾਂ ਮਨੁੱਖਤਾ ਅਤੇ ਗੁਰਮਤਿ ਦੇ ਵੈਰੀਆਂ ਨਾਲ ਲੋਕ ਭਲਾਈ ਲਈ ਲੜੀਆਂ ਪਰ ਕਿਸੇ ਵੀ ਜੰਗ 'ਚ ਕਿਸੇ ਵੀ ਜਨਤਕ ਧਰਮ ਅਸਥਾਨ ਨੂੰ ਜੰਗ ਦਾ ਅਖਾੜਾ ਨਹੀਂ ਬਣਾਇਆ ਸਗੋਂ ਵੱਖਰੇ ਕਿਲੇ ਬਣਾ ਜਾਂ ਖੁੱਲ੍ਹੇ ਮੈਦਾਨਾਂ 'ਚ ਲੜੀਆਂ ਤੇ ਓਦੋਂ ਡਿਕਟੇਟਰਸ਼ਿਪ ਸੀ। ਅਜ਼ਾਦ ਭਾਰਤ ਵਿੱਚ ਵੱਖ-ਵੱਖ ਕੌਮਾਂ ਵਸਦੀਆਂ ਹਨ। ਬਹੁ ਗਿਣਤੀ ਹਿੰਦੂਆਂ ਦੀ ਹੋਣ ਕਰਕੇ ਸਤਾ ਜਿਆਦਾ ਉਨ੍ਹਾਂ ਕੋਲ ਰਹੀ ਹੈ। ਕਈ ਸੂਬਿਆਂ ਦੀਆਂ ਵੱਖ-ਵੱਖ ਸਰਕਾਰਾਂ ਵੀ ਬਣਦੀਆਂ ਹਨ। ਜੋ ਸਰਕਾਰਾਂ ਸਿਆਣਪ ਤੋਂ ਕੰਮ ਲੈ ਜਨਤਾ ਭਲਾਈ ਦੇ ਕੰਮ ਕਰਦੀਆਂ ਉਨ੍ਹਾਂ ਦੀ ਤਰੱਕੀ ਹੋ ਜਾਂਦੀ ਤੇ ਜੋ ਆਪਣੇ ਹੀ ਢਿੱਡ ਭਰਨ ਵਾਲੇ ਲੂੰਬੜ ਲੀਡਰਾਂ ਦੀਆਂ ਭਾਈ ਭਾਤੀਜਾਵਾਦ ਦਾ ਸ਼ਿਕਾਰ ਹੋ ਜਾਂਦੀਆਂ ਉਹ ਕੋਈ ਤਰੱਕੀ ਨਹੀਂ ਕਰ ਸਕਦੀਆਂ ਤੇ ਕੇਂਦਰੀ ਸਰਕਾਰ ਵੀ ਉਨ੍ਹਾਂ ਦੀ ਕੋਈ ਮਦਦ ਨਹੀਂ ਕਰਦੀ। ਐਸਾ ਹੀ ਕੁਝ ਪੰਜਾਬ ਦੇ ਹੋਸ਼ੇ ਲੀਡਰਾਂ ਕਰਕੇ ਕੇਂਦਰੀ ਸਰਕਾਰਾਂ ਨੇ ਪੰਜਾਬ ਨਾਲ ਕੀਤਾ। ਓਧਰੋਂ ਲੂੰਬੜ ਲੀਡਰਾਂ ਦੇ ਸਤਾਏ ਤੇ ਧਾਰਮਿਕ ਲੀਡਰਾਂ ਦੇ ਭੜਕਾਏ ਜਵਾਨਾਂ ਨੇ ਹਥਿਆਰ ਚੱਕ ਲਏ ਜਿਨ੍ਹਾਂ 'ਚ ਬਹੁਤੇ ਭਿੰਡਰਾਂਵਾਲਿਆਂ ਦੀ ਅਤੇ ਵੱਖ-ਵੱਖ ਖਾੜਕੂ ਜਥੇਬੰਦੀਆਂ ਦੀ ਕਮਾਂਡ 'ਚ ਚੱਲ ਪਏ। ਅਕਾਲੀਆਂ ਨੂੰ ਹਰੌਣ ਤੇ ਸਬਕ ਸਖੌਣ ਵਾਸਤੇ ਕਾਂਗਰਸ ਸਰਕਾਰ ਨੇ ਗਿ. ਜੈਲ ਸਿੰਘ ਰਾਹੀਂ ਬਾਬਾ ਜਰਨੈਲ ਭਿੰਡਰਾਂਵਾਲਿਆਂ ਨਾਲ ਰਾਬਤਾ ਬਣਾ ਲਿਆ ਪਰ ਫਿਰ ਵੀ ਅਕਾਲੀਆਂ ਨੂੰ ਹਰਾ ਨਾ ਸੱਕੇ। ਫਿਰ ਹਥਿਆਰਬੰਦ ਤਾਕਤ ਫੜ ਜਾਣ ਕਰਕੇ ਭਿੰਡਰਾਂਵਾਲੇ ਨੇ ਵੀ ਕਾਂਗਰਸ ਸਰਕਾਰ ਨੂੰ ਅੱਖਾਂ ਦਿਖਾਉਂਵੀਆਂ ਸ਼ੁਰੂ ਕਰ ਦਿੱਤੀਆਂ। ਫਿਰ ਦੁਵੱਲੀ ਹਥਿਅਰਬੰਦ ਲੜਾਈ 'ਚ ਪੰਜਾਬ ਦੀ ਜਵਾਨੀ ਤੇ ਸਰਕਾਰੀ ਤਾਕਤ ਕਮਜੋਰ ਹੋ ਖਤਮ ਹੋਣੀ ਸ਼ੁਰੂ ਹੋ ਗਈ ਤੇ ਬਹੁਤ ਕਤਲੇਆਮ ਹੋਇਆ। ਅਖੀਰ ਦਰਬਾਰ ਸਾਹਿਬ ਤੇ ਬਾਕੀ ਸੈਂਤੀ ਗੁਰਦੁਆਰਿਆਂ 'ਤੇ ਭਾਰਤੀ ਸਰਕਾਰ ਨੇ ਅਟੈਕ ਕਰ ਦਿੱਤਾ ਪਰ ਇਹ ਸਮਝ ਨਹੀਂ ਆ ਰਹੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਸਰਕਾਰ ਨੇ ਲੜਾਈ ਦਾ ਕਿਲਾ ਕਿਵੇਂ ਬਣਨ ਦਿਤਾ? ਮਾਰੂ ਹਥਿਆਰਾਂ ਦਾ ਜ਼ਖੀਰਾ ਦਰਬਾਰ ਸਾਹਿਬ ਵਿਖੇ ਕਿਵੇਂ ਪਹੁੰਚ ਗਿਆ? ਜਿੰਨਾਂ ਭਿੰਡਰਾਂਵਾਲਿਆਂ ਨਾਲ ਸਰਕਾਰ ਦਾ ਇਟ-ਖੜਿਕਾ ਸੀ ਉਨ੍ਹਾਂ ਦੇ ਟਕਸਾਲੀ ਹੈਂਡ ਕੁਆਟਰ ਮਹਿਤਾ ਚੌਂਕ ਤੇ ਕੋਈ ਅਟੈਕ ਕਿਉਂ ਨਾ ਕੀਤਾ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਸਰਕਾਰ ਹਥਿਆਰਾਂ ਦੇ ਲਾਇਸੰਸ ਕਿਵੇਂ ਦਿੰਦੀ



ਰਹੀ? ਜਦ ਸਾਰੇ ਸਮਝੌਤੇ ਦੇ ਹੀਲੇ ਯਤਨ ਫੇਲ ਹੋ ਗਏ ਸਰਕਾਰ ਨੇ ਅਟੈਕ ਕਰਦੇ ਹਥਿਆਰਬੰਦ ਖਾੜਕੂਆਂ ਤੇ ਸੰਗਤਾਂ ਨੂੰ ਬਾਹਰ ਆਉਣ ਦੀਆਂ ਅਪੀਲਾਂ ਕੀਤੀਆਂ ਪਰ ਉਹ ਨਾ ਆਏ ਤੇ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ 'ਚ ਸ਼ਾਮਲ ਸੰਗਤ ਨੂੰ ਵੀ ਬਾਹਰ ਕਿਉਂ ਨਾ ਆਉਣ ਦਿੱਤਾ? ਫਿਰ ਜੋ ਵੀ ਹੋਇਆ ਮਾੜਾ ਹੋਇਆ ਬਹੁਤਾ ਸਿੱਖ ਵਿਰਸਾ ਤੇ ਪੁਰਾਤਨ ਗੁਰਮਤਿ ਲਿਟ੍ਰੇਚਰ ਤੇ ਇਤਿਹਾਸਕ ਬਿਲਡਿੰਗਾਂ ਤਬਾਹ ਹੋ ਗਈਆਂ। ਇਸ ਰੋਸ ਗੁੱਸੇ 'ਚ ਇੰਦਰਾ ਗਾਂਧੀ ਦੇ ਸਿੱਖ ਬਾਡੀ ਗਾਰਡਾਂ ਨੇ ਉਸ ਦਾ ਕਤਲ ਕਰ ਦਿੱਤਾ ਤੇ ਫਿਰ ਰਾਜੀਵ ਗਾਂਧੀ ਦੀ ਸ਼ਹਿ 'ਤੇ ਭੂਤਰੇ ਮਨੁੱਖਤਾ ਦੇ ਹਿੰਦੂ ਦੁਸ਼ਮਣ ਭਾੜੇ ਦੇ ਟੱਟੂਆਂ ਨੇ ਬੇਗੁਨਾਹ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਤੇ ਉਨ੍ਹਾਂ ਦੇ ਘਰ-ਘਾਟ, ਗੱਡੀਆਂ ਤੇ ਬਿਜਨਿਸ ਸਾੜ ਦਿੱਤੇ।

ਐਨੀ ਮਾਰ ਪੈਣ 'ਤੇ ਵੀ ਸਿੱਖ ਲੀਡਰ ਤੇ ਜਥੇਬੰਦੀਆਂ ਇਕਮੁੱਠ ਨਾ ਹੋਈਆਂ ਤੇ ਭਰਾ ਮਾਰੂ ਕੰਮ ਵੀ ਸ਼ੁਰੂ ਹੋ ਗਿਆ। ਸਿੱਖ "ਸ਼ਬਦ ਗੁਰੂ ਗ੍ਰੰਥ ਸਾਹਿਬ" ਦੀ ਕਮਾਂਡ ਹੇਠ ਇਕ-ਗ੍ਰੰਥ, ਇਕ-ਪੰਥ ਨਾ ਬਣ ਸੱਕੇ। ਜਾਤ-ਪਾਤ ਤੇ ਧੜੇਬੰਦੀਆਂ ਖਤਮ ਨਾ ਹੋਈਆਂ। ਕੌਮੀ ਏਕਤਾ ਨੂੰ ਤੋੜਨ ਵਾਸਤੇ ਜਾਤਾਂ-ਪਾਤਾਂ ਤੇ ਬਰਾਦਰੀਆਂ ਦੇ ਨਾਂ 'ਤੇ ਇਕ-ਪਿੰਡ ਤੇ ਸ਼ਹਿਰੀ-ਮੁਹੱਲਿਆਂ 'ਚ ਕਈ-ਕਈ ਗੁਰਦੁਆਰੇ ਖੜੇ ਕੀਤੇ ਗਏ। ਸ਼ਹੀਦਾਂ ਦੇ ਨਾਂ ਤੇ ਪਾਠਾਂ ਦੀਆਂ ਲੜੀਆਂ, ਮਹਿੰਗੇ ਕੀਰਤਨ ਦਰਬਾਰਾਂ ਤੇ ਕਾਰਸੇਵਾ ਦਾ ਬਿਜਨਿਸ ਸ਼ੁਰੂ ਹੋ ਗਿਆ।

ਹੁਣ ੩੬ ਸਾਲ ਹੋ ਗਏ ੮੪ ਦੀ ਇਸ ਵਹਿਸ਼ੀ ਘਟਨਾ ਨੂੰ ਪਰ ਸਾਡੇ ਲੂੰਬੜ ਲੀਡਰਾਂ ਨੇ ਹਰ ਸਾਲ ਨਾਹਰੇ ਲਾਏ, ਗੋਲਕਾਂ ਭਰਵਾਈਆਂ ਤੇ ਚੋਣਾਂ ਲਈ ਰੋਟੀਆਂ ਹੀ ਸੇਕੀਆਂ ਹਨ। ਕਿੰਨੇ ਸਾਲ ਅਕਾਲੀ ਦਲ ਦੀ ਸਰਕਾਰ ਰਹੀ ਇਸ ਨੇ ਬਜ਼ੁਰਗਾਂ ਤੇ ਜਵਾਨਾਂ ਲਈ ਕੋਈ ਆਰਥਕ ਉਦਯੋਗ ਨਹੀਂ ਲਾਏ, ਮੈਡੀਕਲ ਸਹੂਲਤਾਂ ਨਹੀਂ ਦਿੱਤੀਆਂ ਤੇ ਨਾਂ ਹੀ ਆਮ ਲੋਕਾਂ ਲਈ ਕੋਈ ਵਿੱਦਿਆ ਦੇ ਚੰਗੇ ਪ੍ਰਬੰਧ ਕੀਤੇ ਹਨ। ਪੰਜਾਬ ਦਿਨ ਬਾਦਿਨ ਆਰਥਿਕਤਾ, ਲਚਰਤਾ, ਨਸ਼ੇ, ਬੇਰੁਜ਼ਗਾਰੀ ਅਤੇ ਉਚ ਵਿਦਿਆ ਦੀ ਘਾਟ ਕਰਕੇ ਗਰਕਦਾ ਜਾ ਰਿਹਾ ਹੈ। ਅਕਾਲੀ ਦਲ ਤੇ ਵੱਖ-ਵੱਖ ਪਾਰਟੀਆਂ ਹਰ ਸਾਲ ਪੁਰਾਣੀਆਂ ਫੋਟੋਆਂ ਦਿਖਾ ਕੇ ਲੋਕ ਦਿਲਾਂ ਦੇ ਜ਼ਖ਼ਮ ਹੀ ਹਰੇ ਕਰਦੀਆਂ ਹਨ। "ਸ਼ਬਦ ਗੁਰੂ ਗ੍ਰੰਥ" ਦੇ ਸਿਧਾਤਕ ਪ੍ਰਚਾਰ ਦੀ ਥਾਂ ਵੱਖ-ਵੱਖ ਸੰਤਾਂ ਤੇ ਗ੍ਰੰਥਾਂ ਦਾ ਪ੍ਰਚਾਰ ਹੋਇਆ। ਲੀਡਰਾਂ ਨੇ ਵੋਟ ਬੈਂਕਾਂ ਵਾਸਤੇ ਪੰਜਾਬ ਦੇ ਪਿੰਡਾਂ ਨਾਲੋਂ ਵੱਧ ਲੋਟੂ ਡੇਰੇ ਪੈਦਾ ਕਰ ਜਨਤਾ ਨੂੰ ਲੁੱਟਿਆ। ਅਸਲ ਲੋੜਵੰਦਾਂ ਦੀ ਕੋਈ ਮਦਦ ਨਹੀਂ ਕੀਤੀ ਸਗੋਂ ਜਾਤ-ਬਰਾਦਰੀ ਤੇ ਭਾਈ-ਭਤੀਜਾਵਾਦ ਦੀ ਕਾਣੀਵੰਡ ਹੀ ਕਰਦੇ ਆ ਰਹੇ ਹਨ। ਦਰਬਾਰ ਸਾਹਿਬ ਅੰਮ੍ਰਿਤਸਰ ਗਿਆਨ ਦਾ ਸੋਮਾ ਸੀ ਜਿਸਨੂੰ ਕੇਵਲ ਪੂਜਾ ਪਾਠ, ਦਰਸ਼ਨ, ਰਾਜਨੀਤੀ ਤੇ ਕਮਰਸ਼ੀਅਲ ਦਾ ਅੱਡਾ ਬਣਾ ਦਿੱਤਾ ਗਿਆ ਹੈ। ਕੀ ਅਸੀਂ, ਜਥੇਬੰਦੀਆਂ ਤੇ ਸਾਡੇ ਲੀਡਰ ਐਡੇ ਵੱਡੇ ਕੌਮੀ ਨੁਕਸਾਨ ਵੱਲ ਧਿਆਨ ਦੇਵਾਂਗੇ ਜਾਂ ਹਰ ਸਾਲ ਪਾਠਾਂ ਦੀਆਂ ਲੜੀਆਂ, ਫੋਕੀਆਂ ਨਾਹਰੇਬਾਜੀਆਂ, ਥੋਥੇ ਕਰਮਕਾਂਡ ਕਰਦੇ ਵੱਖਵਾਦ ਤੇ ਬਦਨੀਤ ਰਾਜਨੀਤੀ ਦੀਆਂ ਰੋਟੀਆਂ ਸੇਕਦੇ ਆਪਣਿਆਂ ਨੂੰ ਹੀ ਮਾਰੀ, ਕੁੱਟੀ ਤੇ ਧਰਮ ਦੇ ਨਾਂ 'ਤੇ ਲੁੱਟੀ ਜਾਂਵਾਂਗੇ?



ਅਵਤਾਰ ਸਿੰਘ ਮਿਸ਼ਨਰੀ
510-432-5827

**ਨੋਟ-** ਦਾਸ ਕਿਸੇ ਵੀ ਸੁਹਿਰਦ ਇਨਸਾਨ, ਕੌਮ ਤੇ ਜਥੇਬੰਦੀ ਦੇ ਵਿਰੁੱਧ ਨਹੀਂ ਸਗੋਂ ਕੌਮੀ ਨੁਕਸਾਨ ਬਾਰੇ ਆਪਣੇ ਦਿਲ ਦੀ ਹੂਕ ਹੀ ਦਰਸਾਈ ਪਰ ਫਿਰ ਵੀ ਜੇ ਕਿਸੇ ਦੇ ਮਨ ਨੂੰ ਠੇਸ ਲੱਗੇ ਤਾਂ ਖਿਮਾ ਦਾ ਜਾਚਕ ਹਾਂ।

# ਕਿਉ ਆਪਣਾ ਪਿੰਡ ਹੀ ਚੰਗਾ ਲੱਗਣੋਂ ਹਟ ਗਿਆ ਪੰਜਾਬ ਦੇ ਨੌਜਵਾਨਾਂ ਨੂੰ ?

## ਖੇਡਾਂ, ਸੱਭਿਆਚਾਰ ਦੀਆਂ ਕਦਰਾਂ ਕੀਮਤਾਂ, ਵਿਰਸੇ ਅਤੇ ਇਤਿਹਾਸ ਦੇ ਗਿਆਨ ਤੋਂ ਹੁਣ ਕੋਹਾਂ ਦੂਰ ਹੈ ਪੰਜਾਬ ਦੀ ਜਵਾਨੀ

ਇੱਕ ਵਕਤ ਸੀ ਕਿ ਪੰਜਾਬ ਦੇ ਪਿੰਡਾਂ ਨੂੰ ਦੁਨੀਆ ਦਾ ਸਵਰਗ ਮੰਨਿਆ ਜਾਂਦਾ ਸੀ ਲੋਕਾਂ ਦੇ ਸੰਸਕਾਰ , ਸੱਭਿਆਚਾਰ ਦੀਆਂ ਕਦਰਾਂ ਕੀਮਤਾਂ, ਪੰਜਾਬੀਆਂ ਦੀ ਬਹਾਦਰੀ , ਖੇਡਾਂ ਦੀ ਦੁਨੀਆਂ ਵਿੱਚ ਇੱਕ ਵਿਲੱਖਣ ਪਹਿਚਾਣ, ਸਿੱਖਿਆ ਦੇ ਖੇਤਰ ਵਿੱਚ ਪੰਜਾਬ ਮੋਹਰੀ ਸੂਬਾ , ਦੇਸ਼ ਦੀਆਂ ਜੰਗਾਂ ਵਿੱਚ ਸਿੱਖਾਂ ਦੀ ਦਲੇਰੀ ਦੇ ਕਿੱਸੇ, ਦੇਸ਼ ਨੂੰ ਆਜ਼ਾਦੀ ਦਿਵਾਉਣ ਵਿੱਚ ਪੰਜਾਬੀਆਂ ਦੀ 93 ਪ੍ਰਤੀਸ਼ਤ ਭੂਮਿਕਾ ,ਦੇਸ਼ ਦਾ ਅੰਨਦਾਤਾ ਹਰੀ ਕ੍ਰਾਂਤੀ ਪੈਦਾ ਕਰਨ ਵਾਲਾ ਪੰਜਾਬ ਦਾ ਕਿਸਾਨ, ਇੱਜ਼ਤਾਂ ਦਾ ਰਖਵਾਲਾ ਪੰਜਾਬ ਜੋ ਦੁਨੀਆਂ ਲਈ ਇੱਕ ਮਿਸਾਲ ਸੀ ਪਰ ਅੱਜ ਉਹ ਪਹਿਲਾਂ ਵਾਲਾ ਪੰਜਾਬ ,ਉਹ ਪੰਜਾਬ ਨਹੀਂ ਰਿਹਾ ਪਤਾ ਨਹੀਂ ਕਿਉਂ ਅੱਜ ਦੇ ਪੰਜਾਬੀ ਨੌਜਵਾਨ ਨੂੰ ਪੰਜਾਬ ਤਾਂ ਦੂਰ ਦੀ ਗੱਲ ਉਸ ਨੂੰ ਆਪਣਾ ਪਿੰਡ ਹੀ ਵਧੀਆ ਲੱਗਣੋਂ ਹਟ ਗਿਆ ਹੈ ।ਹਰ ਮਾਂ ਬਾਪ ਦੀ ਹਰ ਨੌਜਵਾਨ ਬੱਚੇ ਦੀ ਅੱਜ ਇੱਕੋ ਤਮੰਨਾ ਹੈ ਕਿ ਉਹ ਕਦੋਂ ਆਪਣੀ ਜ਼ਮੀਨ ਜਾਇਦਾਦ ਅਤੇ ਘਰ ਬਾਰ ਵੇਚ ਕੇ ਬਾਹਰਲੇ ਮੁਲਕ ਸੈਟਲ ਹੋਵੇ ਪਿੰਡ ਪ੍ਰਤੀ, ਪੰਜਾਬ ਦੀ ਸੰਸਕ੍ਰਿਤੀ ਪ੍ਰਤੀ, ਇਤਿਹਾਸ ਪ੍ਰਤੀ, ਖੇਡਾਂ ਜਾਂ ਹੋਰ ਕੰਮਾਂ ਪ੍ਰਤੀ ਉਸ ਦਾ ਕੋਈ ਮੋਹ ਨਹੀਂ, ਕੋਈ ਗਿਆਨ ਨਹੀ ਬੱਸ ਉਸਦਾ ਇੱਕੋ ਨਿਸ਼ਾਨਾਂ ਪਹਿਲਾਂ ਆਈਲੈਟਸ ਕਰਨਾ ਤੇ ਫਿਰ ਕੈਨੇਡਾ ਅਮਰੀਕਾ ਆਸਟਰੇਲੀਆ ਇੰਗਲੈਂਡ ਨਿਊਜ਼ੀਲੈਂਡ ਜਾਂ ਕਿਸੇ ਹੋਰ ਮੁਲਕ ਜਾ ਕੇ ਵੱਸਣਾ ਹੈ।

ਏੱਕ ਸਮਾਂ ਸੀ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੰਬਰ ਇੱਕ, ਆਈ ਏ ਐਸ , ਆਈ ਪੀ ਐਸ ਬਣਦੇ ਸੀ ਪੰਜਾਬੀ ਪਰ ਅੱਜ ਸਿੱਖਾ ਦੇ ਬੱਚਿਆਂ ਨੂੰ ਪੰਜਾਬੀ ਨਹੀ ਲਿਖਣੀ ਆਉਦੀਂ । ਪੰਜਾਬੀ ਸਿਹਤ ਪੱਖੋਂ ਪੰਜਾਬੀ ਦੁਨੀਆ ਭਰ ਚ ਮੋਹਰੀ, ਪਰ ਅੱਜ ਨਸ਼ਿਆ ਦੀ ਰਾਜਧਾਨੀ ਬਣ ਗਿਆ ।ਓਲੰਪਿਕ ਖੇਡਾਂ ਵਿੱਚ ਤਗ਼ਮੇ ਜਿੱਤਣ ਵਾਲਿਆਂ ਵਿੱਚ ਪੰਜਾਬੀਆਂ ਦੀ ਤੂਤੀ ਬੋਲਦੀ ਸੀ ਭਾਰਤ ਅਤੇ ਕੀਨੀਆਂ ਵਰਗੇ ਮੁਲਕਾ ਦੀਆਂ ਹਾਕੀ ਟੀਮਾਂ ਵਿੱਚ 11-11 ਸਿੱਖ ਖਿਡਾਰੀਆ ਦੀ ਭਰਮਾਰ, ਪੰਜਾਬੀਆਂ ਦੀ ਬਹਾਦਰੀ ਦੀਆਂ ਗੱਲਾਂ ਦੁਨੀਆਂ ਵਿੱਚ ਹੁੰਦੀਆਂ ਸਨ ਪਰ ਸਮੇਂ ਸਮੇਂ ਦੀਆਂ ਸਰਕਾਰਾਂ ਅਤੇ ਰਾਜਨੀਤਕ ਆਗੂਆਂ ਨੇ ਆਜ਼ਾਦੀ ਤੋਂ ਬਾਅਦ ਕਦੇ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ, ਕਦੇ ਨਕਸਲਾਈਟ ਮੂਵਮੈਂਟ ਦੌਰਾਨ ਪੰਜਾਬ ਦੇ ਨੌਜਵਾਨਾਂ ਦਾ ਘਾਣ ਫੇਰ 1984 ਤੋਂ 1993 ਤੱਕ ਸਿੱਖ ਨੌਜਵਾਨੀ ਦਾ ਕਤਲੋ ਗਾਰਦ ਹੋਇਆ ਭਾਵੇਂ ਮੌਤਾਂ ਦੀ ਤਬਾਹੀ ਮੱਚੀ ਪਰ ਫਿਰ ਵੀ ਪੰਜਾਬ ਦਾ ਨੌ-ਜਵਾਨ ਬੇਇਨਸਾਫੀ ਦੇ ਵਿਰੁੱਧ ਡਟ ਕੇ ਲੜਿਆ ,ਸਰਕਾਰਾਂ ਤੋਂ ਇਹ ਬਹਾਦਰੀ ਬਰਦਾਸ਼ਤ ਨਾ ਹੋਈ । ਆਖ਼ਰ ਸਰਕਾਰਾਂ ਅਤੇ ਏਜੰਸੀਆਂ ਨੇ 1990 ਵੇਂ ਦਹਾਕੇ ਦੌਰਾਨ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿਚ ਵੱਡੇ ਪੱਧਰ ਤੇ ਤਬਦੀਲੀ ਲਿਆਂਦੀ ਬਹਾਦਰੀ ਵਾਲੇ ਇਤਿਹਾਸ ਨੂੰ ਖ਼ਤਮ ਕਰਕੇ ਅਤੇ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਕੇ ਉਨ੍ਹਾਂ ਨੂੰ ਰੋਮਾਂਚਕ ਅਤੇ ਫੈਸ਼ਨ ਵਾਲੀ ਜ਼ਿੰਦਗੀ ਵੱਲੋਂ ਮੋੜਿਆ । ਕਦਰਾਂ ਕੀਮਤਾਂ ਵਾਲੇ ਸੱਭਿਆਚਾਰ ਨੂੰ ਨਸ਼ਿਆਂ ਅਤੇ ਹਥਿਆਰਾਂ ਵੱਲ ਮੋੜਿਆ, ਘਰ ਦੀ ਸ਼ਰਾਬ ਹੋਵੇ ਆਪਣਾ ਪੰਜਾਬ ਹੋਵੇ, ਹਥਿਆਰਾਂ ਵਾਲੇ ਗੀਤ, ਗੁੰਡਾਗਰਦੀ ਵਾਲੇ ਗੀਤਾਂ ਨੂੰ ਉਤਸ਼ਾਹ ਕੀਤਾ ਪੰਜਾਬ ਦਾ ਉਹ ਹਥਿਆਰ ਜੋ ਗੁੰਡਾਗਰਦੀ ਦਾ ਟਾਕਰਾ ਕਰਦਾ ਸੀ ਉਸ ਨੂੰ ਗੁੰਡਾਗਰਦੀ ਵਾਲੇ ਮਾਹੌਲ ਵਿੱਚ ਤਬਦੀਲ ਕੀਤਾ ਇੰਨਾ ਗਾਉਣ ਵਾਲਿਆਂ ਨੇ ਇੱਕ ਸਾਜਿਸ਼ ਤਹਿਤ ਹੀ ਪੰਜਾਬ ਦੀ ਧੀ ਨੂੰ ਵੀ ਆਪਣੇ ਗਾਣਿਆ ਵਿੱਚ ਇੱਕ ਸ਼ੁੰਦਰ ਵਸਤੂ ਵਜੋਂ ਪੇਸ ਕੀਤਾ । ਗੈਂਗਸਟਰ ਜੋ ਸਬਦ ਕਦੇ ਕਿਸੇ ਪੰਜਾਬੀ ਨੇ ਸੁਣਿਆ ਹੀ ਨਹੀ ਸੀ ਉਹ ਅੱਜ ਪੰਜਾਬ ਦੇ ਹੀਰੋ, ਗਾਉਣ ਵਾਲਿਆ, ਕਬੱਡੀ ਵਾਲਿਆ, ਅਤੇ ਕੱਦਵਾਰ ਰਾਜਨੀਤਿਕ ਲੋਕਾ ਦੇ ਰਖਵਾਲੇ ਹਨ। ਪੰਜਾਬ ਦੇ ਸਰੋਤ ਧਰਤੀ ,ਪਾਣੀ, ਹਵਾ ਨੂੰ ਯੋਜਨਾ ਤਹਿਤ ਗੰਧਲਾ ਕੀਤਾ ਪੰਜਾਬ ਦੇ ਮੁੱਦੇ ਪਾਣੀਆਂ ਦੇ ਮਸਲੇ, 1984 ਸਿੱਖਾ ਦੀ ਨ ਸ ਲ ਕੁ ਸ਼ੀ , ਪੰਜਾਬ ਦੇ ਹੱਕਾ ਅਤੇ ਅਧਿਕਾਰਾਂ ਤੋਂ ਵਾਂਝੇ ਪੜੇ ਲਿਖੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਦਲਦਲ ਵਿੱਚ ਸੁੱਟਣਾ, ਕਿਸਾਨਾਂ ਨੂੰ ਕਰਜ਼ਿਆਂ ਦੀ ਮਾਰ ਹੇਠ ਆਤਮ ਹੱਤਿਆ ਕਰਨ ਲਈ ਮਜਬੂਰ ਕੀਤਾ , ਗਰੀਬ ਨੂੰ ਅਨਪੜ੍ਹਤਾ ਅਤੇ ਧਰਮ ਦੇ ਅੰਧ ਵਿਸ਼ਵਾਸ ਥੱਲੇ , ਕੌਮ ਦੀ ਮਾਨਸਿਕਤਾ ਨੂੰ ਇੱਕ ਯੋਜਨਾ ਤਹਿਤ ਦੱਬਿਆ ਹੈ।ਕਿਸੇ ਵੀ ਸਰਕਾਰ ਨੇ ਕਿਸੇ ਵੀ ਦੇਸ਼ ਜਾਂ ਰਾਜ ਵਿੱਚ ਜਦੋਂ ਤਬਾਹੀ ਦੀ ਤਬ-ਦੀਲੀ ਲਿਆਉਣੀ ਹੁੰਦੀ ਹੈ ਤਾਂ ਉਹ ਅਜਿਹੇ ਸੰਕਟ ਖੜ੍ਹੇ ਕਰਦੀਆਂ ਹੀ ਹਨ ਜੋ ਪੰਜਾਬ ਨਾਲ ਹੋਇਆ ਅਤੇ ਹੋ ਰਿਹਾ ਹੈ ਇਸ ਕਰਕੇ ਆਪਣਾ ਧੁੰਦਲਾ ਭਵਿੱਖ ਦੇਖਦਾ ਹੋਇਆ ਪੰਜਾਬ ਦਾ ਹਰ ਬੰਦਾ ਖਾਸ ਕਰਕੇ ਨੌਜਵਾਨ ਇੱਥੇ ਰਹਿਣਾ ਹੀ ਨਹੀਂ ਚਾਹੁੰਦਾ ਉਸ ਨੂੰ ਵਿਦੇਸ਼ਾਂ ਦੇ ਵਿੱਚ ਆਪਣੀ ਜ਼ਿੰਦਗੀ ਸੁਨਹਿਰੀ ਜਾਪਦੀ ਹੈ ਆਪਣਾ ਵਧੀਆ ਭਵਿੱਖ ਦਿਸਦਾ ਹੈ ਜਦ ਕੋਈ ਪੰਜਾਬ ਦਾ ਨੌਜਵਾਨ ਪੰਜਾਬ ਚ ਰਹਿਣਾ ਹੀ ਨਹੀਂ ਚਾਹੁੰਦਾ ਉਹ ਕਿਸ ਤਰ੍ਹਾਂ ਆਪਣੇ ਪਿੰਡ ਨੂੰ ਆਪਣੇ ਇਲਾਕੇ ਨੂੰ ਆਪਣੇ ਮੁਹੱਲੇ ਨੂੰ ਜਾਂ ਫਿਰ ਆਪਣੇ ਪੰਜਾਬ ਨੂੰ ਪਿਆਰ ਕਰੇਗਾ ਇਹ ਵਿਦੇਸ਼ਾ ਵਾਲਾ ਪ੍ਰਵਾਸ ਵੀ ਇੱਕ ਯੋਜਨਾ ਤਹਿਤ ਹੀ ਹੋ ਰਿਹਾ ਹੈ ਪੁਰਾਣੇ ਬਜ਼ੁਰਗ ਜੋ ਪਾਕਿਸਤਾਨ ਵਿੱਚੋਂ ਉੱਜੜ ਕੇ ਆਏ ਨੇ ਉਹ ਆਪਣੇ ਲਾਇਲਪੁਰ, ਲਾਹੌਰ ਅਤੇ ਹੋਰ ਸ਼ਹਿਰਾਂ ਪਿੰਡਾਂ ਦੀਆਂ ਬਾਤਾਂ ਪਾਉਂਦੇ ਜਹਾਨੋਂ ਤੁਰ ਗਏ ਹੁਣ ਦੀ ਪਨੀਰੀ ਕੈਨੇਡਾ ਅਮਰੀਕਾ ਆਸਟ੍ਰੇਲੀਆ ਜਾ ਕੇ ਆਪਣੇ ਪਿੰਡਾਂ ਦੀਆਂ ਯਾਦਾਂ ਦੀਆਂ ਬਾਤਾਂ ਸੁਣਾਉਂਦੀ ਵੀ ਇਕ ਦਿਨ ਤੁਰ ਜਾਵੇਗੀ। ਉਹਨਾ ਦੇ ਬੱਚਿਆ ਨੂੰ ਸਿਰਫ ਇੰਨਾਂ ਕਿ ਹੀ ਗਿਆਨ ਹੋਵੇਗਾ ਕਿ ਸਾਡੇ ਪਿਉ ਦਾਦਿਆ ਦੀ ਜਨਮ ਭੂਮੀ ਪੰਜਾਬ ਸੀ ਪਿੰਡ ਉਹਨਾਂ ਦੇ ਚੇਤਿਆ ਵਿੱਚੋ ਵਿਸਰ ਜਾਵੇਗਾ ਇਹੀ ਸਾਡਾ ਵੱਡਾ ਦੁਖਾਂਤ ਹੋਵੇਗਾ।



ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਪੰਜਾਬ ਦੇ ਨੌਜਵਾਨਾਂ ਦੇ ਵਿਦੇਸੀ ਪਰਵਾਸ ਦੀ ਨਿਖੇਧੀ ਤਾ ਹਰ ਕੋਈ ਕਰ ਰਿਹਾ ਹੈ ਪਰ ਇਸਨੂੰ ਰੋਕਣ ਦਾ ਯਤਨ ਕੋਈ ਨਹੀ ਕਰ ਰਿਹਾ ਜੇਕਰ ਕਿਸੇ ਨੇਤਾਵਾਨ ਜਾਂ ਸਰਕਾਰ ਨੇ ਪ੍ਰਵਾਸ ਰੋਕਣ ਦਾ ਉਪਰਾਲਾ ਕੀਤਾ ਤਾ ਪੰਜਾਬ ਦੀ ਤਸਵੀਰ ਬਦਲੇਗੀ ਨੌਜਵਾਨਾ ਨੂੰ ਇੱਥੇ ਰੋਜਗਾਰ ਵੀ ਮਿਲੇਗਾ ਅਤੇ ਪੜੇ ਲਿਖੇ ਨੌਜਵਾਨ ਰਾਜਭਾਗ ਦੇ ਹਿੱਸੇਦਾਰ ਵੀ ਬਨਣਗੇ ਜੋ ਸਾਡੇ ਨੇਤਾ ਸਹਿਬਾਨਾ ਨੂੰ ਕਦੇ ਵੀ ਬਰਦਾਸਤ ਨਹੀ ਹੋਵੇਗਾ। ਉਨਾਂ ਨੂੰ ਤਾ ਅਨਪੜ ਤੇ ਮਰੀਆਂ ਜ਼ਮੀਰਾ ਵਾਲੇ ਵੋਟਰ ਚਾਹੀਦੇ ਹਨ ਗੈਰਤਮੰਦ ਅਤੇ ਭਲੇਮਾਣਸ ਪੰਜਾਬੀਓ" ਤੁਹਾਡਾ ਉਜਾੜਾ ਤਾ ਹੋਣਾ ਹੀ ਹੋਣਾ ਹੈ ਜਿਸਦਾ ਆਪਣੇ ਪਿੰਡ ਵਿੱਚੋ ਉਜੜਣਾ ਹੀ ਯਕੀਨੀ ਹੋਵੇ ਉਹ ਫੇਰ ਆਪਣੇ ਪਿੰਡ ਨੂੰ ਕਿਉਂ ਪਿਆਰ ਕਰੂਗਾ। ਬੱਸ ਇਸ ਸਵਾਲ ਦਾ ਜਵਾਬ ਤੁਸੀ ਆਪ ਲੱਭ ਲੈਣਾ, ਪੰਜਾਬ ਦੇ ਨੌਜਵਾਨਾ ਦਾ ਰੱਬ ਹੀ ਰਾਖਾ !

# ਕੈਨੇਡਾ ਸਰਕਾਰ ਵੱਲੋਂ ਖੇਤੀਬਾੜੀ ਕਾਮੇ ਪੱਕੇ ਕਰਨ ਲਈ ਪਾਇਲਟ ਪ੍ਰੋਗਰਾਮ

**ਸਰੀ-** ਕੈਨੇਡਾ ਸਰਕਾਰ ਦੇ ਇਮੀਗਰੇਸ਼ਨ ਮੰਤਰਾਲੇ ਵੱਲੋਂ ਖੇਤੀਬਾੜੀ ਕਾਮਿਆਂ ਨੂੰ ਪੱਕੇ ਕਰਨ ਲਈ ਚਿਰਾਂ ਤੋਂ ਉਡੀਕੇ ਜਾ ਰਹੇ ਨਵੇਂ ਪਾਇਲਟ ਪ੍ਰੋਗਰਾਮ ਲਾਗੂ ਕਰ ਦਿੱਤਾ ਹੈ। ਤਿੰਨ ਸਾਲ ਤਕ ਚੱਲਣ ਵਾਲੇ ਇਸ ਪਾਇਲਟ ਪ੍ਰੋਗਰਾਮ ਵਿਚ ਕੋਈ ਵੀ ਉਮੀਦਵਾਰ ਖੇਤੀਬਾੜੀ ਵਿਚ ਇਕ ਸਾਲ ਕੰਮ ਕਰਨ ਤੋਂ ਬਾਅਦ ਪੀਆਰ ਲੈਣ ਦਾ ਹੱਕਦਾਰ ਹੋ ਜਾਵੇਗਾ। ਕੈਨੇਡਾ ਵਿਚ ਖੇਤੀਬਾੜੀ ਸ਼੍ਰੇਣੀ ਤਹਿਤ ਕੰਮ ਕਰ ਰਹੇ ਵਰਕਰਾਂ ਤੇ ਹੋਰ ਦੇਸ਼ਾਂ ਤੋਂ ਕੈਨੇਡਾ ਆਉਣ ਵਾਲੇ ਕਾਮਿਆਂ ਲਈ ਇਹ ਖਬਰ ਹੋਰ ਵੀ ਰਾਹਤ ਵਾਲੀ ਹੈ। ਇਸ ਸ਼੍ਰੇਣੀ ਅਧੀਨ ਪੱਕੇ ਹੋਣ ਲਈ ਘੱਟੋ-ਘੱਟ ਵਿਦਿਅਕ ਯੋਗਤਾ 10+2 ਤੇ ਆਈਲੈਟਸ ਵਿਚੋਂ ਸਿਰਫ 4 ਬੈਂਡ ਦੀ ਸ਼ਰਤ ਰੱਖੀ ਗਈ ਹੈ ਜੋ ਕਿ ਬਹੁਤੇ ਲੋਕਾਂ ਲਈ ਹਾਸਲ ਕਰਨੇ ਕੋਈ ਔਖਾ ਕੰਮ ਨਹੀਂ। ਇਸ ਪ੍ਰੋਗਰਾਮ ਵਿਚ ਇਕ ਸਾਲ 'ਚ ਸਿਰਫ 2750 ਅਰਜ਼ੀਆਂ ਲੈਣ ਦਾ ਕੋਟਾ ਤੈਅ ਕੀਤਾ ਗਿਆ ਹੈ ਤੇ ਇਸ ਸਾਲ ਦਾ ਇਹ ਕੋਟਾ ਬਹੁਤ ਛੇਤੀ ਭਰ ਜਾਣ ਦੀ ਉਮੀਦ ਹੈ। ਇਸ ਸ਼੍ਰੇਣੀ ਵਿਚ ਪੱਕੇ ਹੋਣ ਲਈ ਯੋਗ ਉਮੀਦਵਾਰਾਂ ਵੱਲੋਂ ਚਿਰਾਂ ਤੋਂ ਇਸ ਦੇ ਲਾਗੂ ਹੋਣ ਦੀ ਉਡੀਕ ਕੀਤੀ ਜਾ ਰਹੀ ਹੈ। ਕੈਨੇਡਾ 'ਚ ਖੇਤੀਬਾੜੀ ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਕਾਮਿਆਂ ਨੂੰ ਛੇਤੀ ਪੱਕੇ ਕਰਨ ਦੀ ਮੰਗ ਚਿਰਾਂ ਤੋਂ ਚੱਲ ਰਹੀ ਸੀ। ਲਿਬਰਲ ਪਾਰਟੀ ਨੇ ਫੈਡਰਲ ਚੋਣਾਂ ਤੋਂ ਪਹਿਲਾਂ ਸਤੰਬਰ 2019 ਵਿਚ ਇਸ ਪ੍ਰੋਗਰਾਮ ਦੀ ਰੂਪ ਰੇਖਾ ਬਣਾ ਕੇ ਐਲਾਨ ਕਰ ਦਿੱਤਾ ਸੀ ਤੇ ਮੁੜ ਪਾਰਟੀ ਦੀ ਸਰਕਾਰ ਬਣਨ ਉਪਰੰਤ ਇਸ ਨੂੰ ਜਨਵਰੀ 2020 ਵਿਚ ਲਾਗੂ ਕਰਨ ਦੀ ਗੱਲ ਕਹੀ ਸੀ। ਕੋਰੋਨਾ ਵਾਇਰਸ ਮਹਾਂਮਾਰੀ ਦੀ ਸ਼ੁਰੂਆਤ ਹੋਣ ਕਾਰਨ ਇਸ ਨੂੰ ਜਨਵਰੀ 2020 ਵਿਚ ਲਾਗੂ ਨਹੀਂ ਕੀਤਾ ਜਾ ਸਕਿਆ। ਹੁਣ ਮਈ 'ਚ ਇਸ ਪਾਇਲਟ ਪ੍ਰੋਗਰਾਮ ਤਹਿਤ ਅਰਜ਼ੀਆਂ ਲੈਣ ਦਾ ਐਲਾਨ ਕਰਦਿਆਂ ਇਮੀਗਰੇਸ਼ਨ ਮੰਤਰੀ ਮਾਰਕੋ ਮੈਂਡੀਸੀਨੋ ਨੇ ਇਸ ਨੂੰ ਪੂਰੀ ਕਾਮਯਾਬੀ ਮਿਲਣ ਦੀ ਆਸ ਪ੍ਰਗਟਾਈ ਹੈ।



# ਉਚ-ਖਿਡਾਰੀ, ਵਕੀਲ ਅਤੇ ਸਾਹਿਤ-ਸੱਭਿਆਚਾਰ ਦਾ ਸਿਰਮੌਰ ਪਰਵਾਸੀ ਹਸਤਾਖਰ : ਅਜੈਬ ਸਿੰਘ ਚੱਠਾ

ਵਤਨੋਂ ਦੂਰ ਕਨੇਡਾ ਦੀ ਧਰਤ ਉਤੇ ਜਾ ਕੇ ਵੀ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਤੇ ਪੰਜਾਬੀ ਜੀਵਨ-ਜਾਚ ਨੂੰ ਪ੍ਰਫੁਲਤ ਕਰਨ ਦਾ ਮੋਹ ਪਾਲਣ ਵਾਲਿਆਂ ਵਿਚ ਅਜੈਬ ਸਿੰਘ ਚੱਠਾ ਜੀ ਦਾ ਨਾਂਓ ਬੜੇ ਹੀ ਆਦਰ-ਸਤਿਕਾਰ ਨਾਲ ਮੂਹਰਲੀ ਕਤਾਰ ਵਿਚ ਲਿਆ ਜਾਂਦਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਇਸ ਪੁਤਲੇ ਦਾ ਜਨਮ ਮਾਤਾ ਸ਼ਮਿੰਦਰ ਕੌਰ ਦੀ ਪਾਕਿ ਕੁੱਖੋਂ ਪਿਤਾ ਜੋਗਿੰਦਰ ਸਿੰਘ ਪਹਿਲਵਾਨ ਦੇ ਘਰ ਪਿੰਡ ਢੱਡੋਵਾਲ (ਨਕੋਦਰ) ਵਿਖੇ 1957 ਵਿੱਚ ਹੋਇਆ। ਉਨ੍ਹਾਂ ਨੇ ਗਰੈਜੂਏਸ਼ਨ ਦੀ ਡਿਗਰੀ ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਤੋਂ ਹਾਸਲ ਕੀਤੀ।

6 ਫੁੱਟੇ ਉਚੇ ਲੰਬੇ ਨੌਜਵਾਨ ਅਜੈਬ ਸਿੰਘ ਚੱਠਾ ਜੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ 1973-74 ਵਿੱਚ ਪਹਿਲੀ ਵਾਰ ਉਹ ਕਬੱਡੀ ਦੇ ਮੈਦਾਨ ਵਿੱਚ ਆਏ ਅਤੇ 74-75 ਵਿੱਚ ਕਬੱਡੀ ਦਾ ਚਮਕਦਾ ਸਿਤਾਰਾ ਬਣ ਗਏ। 75-76 ਵਿੱਚ ਟੀਮ ਦੇ ਕਪਤਾਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਚੈਂਪੀਅਨ ਬਣੇ । ਸੰਨ 76-78 ਵਿੱਚ ਯੂਨੀਵਰਸਿਟੀ ਦੇ ਤਕੜੇ ਸਟਾਪਰ ਹੋਣ ਦਾ ਸਨਮਾਨ ਵੀ ਪ੍ਰਾਪਤ ਕੀਤਾ। ਉਪਰੰਤ, 1974 ਤੋਂ 78 ਤੱਕ ਲਗਾਤਾਰ 4 ਸਾਲ ਕਾਲਜ ਅਤੇ ਫਿਰ 1980 ਤੱਕ ਪੰਜਾਬੀ ਯੂਨੀਵਰਿਸਟੀ ਪਟਿਆਲਾ ਕੈਂਪਸ ਦੇ ਬੈਸਟ ਐਥਲੀਟ ਵੀ ਰਹੇ ।

1980-81 ਵਿੱਚ ਐਲ. ਐਲ. ਬੀ. ਕਰਨ ਪਿੱਛੋਂ ਨਕੋਦਰ ਦੀਆਂ ਕਚਹਿਰੀਆਂ ਵਿੱਚ ਵਕਾਲਤ ਕਰਦਿਆਂ ਉਨ੍ਹਾਂ ਚੰਗਾ ਨਾਂ ਬਣਾਇਆ। 1994 ਵਿੱਚ ਅਮਰੀਕਾ ਜਾ ਕੇ ਉਹ ਕੈਨੇਡਾ ਚਲੇ ਗਏ ਤੇ ਇੱਥੇ ਪਹੁੰਚਕੇ ਉਹਨਾਂ ਨੇ ਬੈਰਿਸਟਰ ਤੇ ਸੋਲੀਸਿਟਰ ਦੀਆਂ ਡਿਗਰੀਆਂ ਹਾਸਿਲ ਕੀਤੀਆਂ। ਇਸੇ ਦੋਰਾਨ ਉਹਨਾਂ ਦੀ ਮੁਲਾਕਾਤ ਪੰਜਾਬੀਅਤ ਨਾਲ ਮੋਹ ਰੱਖਣ ਵਾਲੀ ਅਹਿਮ ਸ਼ਖ਼ਸ਼ੀਅਤ ਪ੍ਰੋ. ਦਰਸ਼ਨ ਸਿੰਘ ਬੈਂਸ ਜੀ ਨਾਲ ਹੋਈ। ਚੂੰਕਿ ਚੱਠਾ ਜੀ ਨੂੰ ਵੀ ਆਪਣੀ ਮਾਂ-ਬੋਲੀ ਪੰਜਾਬੀ ਅਤੇ ਆਪਣੇ ਵੱਡਮੁੱਲੇ ਵਿਰਸੇ ਨਾਲ ਅੰਤਾਂ ਦਾ ਮੋਹ ਸੀ, ਇਸ ਲਈ ਇਸਦੀ ਤਰੱਕੀ ਵਾਸਤੇ ਸਭ ਨੂੰ ਨਾਲ ਜੋੜ ਕੇ ਸਾਂਝਾ ਉਪਰਾਲਾ ਕਰਦਿਆਂ ਇਸ ਖ਼ਾਤਰ ਉਹ ਪ੍ਰਚਾਰ ਤੇ ਪ੍ਰਸਾਰ ਵੀ ਕਰਨਾ ਚਾਹੁੰਦੇ ਸਨ। ਸੋ ਉਨ੍ਹਾਂ ਨੇ ਤੇ ਉਹਨਾਂ ਦੀ ਟੀਮ ਨੇ ਦਰਸ਼ਨ ਸਿੰਘ ਬੈਂਸ ਨਾਲ ਮਿਲ ਕੇ 2009 ਨੂੰ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਈ, ਜਿਸਦੀ ਸਾਰੇ ਵਿਸ਼ਵ ਵਿੱਚ ਖ਼ੂਬ ਚਰਚਾ ਹੋਈ। ਇਸ ਤਰਾਂ ਫਿਰ ਹਰ 2 ਸਾਲ ਬਾਦ ਵਿਸ਼ਵ ਪੰਜਾਬੀ ਕਾਨਫਰੰਸ ਕਰਾਈ ਜਾਣ ਲੱਗੀ। 2013 ਵਿੱਚ ਪ੍ਰੋ. ਬੈਂਸ ਜੀ ਦੇ ਇਸ ਦੁਨੀਆਂ ਤੋਂ ਬੇ-ਵਕਤੇ ਚਲੇ ਜਾਣ ਨਾਲ ਸਾਰੀ ਜ਼ਿੰਮੇਵਾਰੀ ਚੱਠਾ ਜੀ ਦੇ ਮੋਢਿਆਂ 'ਤੇ ਆ ਪਈ।



ਨਿਮਰਤਾ, ਹਲੀਮੀ, ਇਮਾਨਦਾਰੀ ਤੇ ਤਪੱਸਿਆ ਦੀ ਮੂਰਤ, ਪੱਬਪਾ, ਜਗਤ ਪੰਜਾਬੀ ਸਭਾ ਤੇ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਚੇਅਰ ਮੈਨ, ਚੱਠਾ ਜੀ ਨੇ ਹਿੰਮਤ, ਹੌਸਲੇ, ਦ੍ਰਿੜਤਾ ਤੇ ਸ੍ਰਿੜਤਾ ਨਾਲ ਕੰਮ ਕਰਦਿਆਂ ਇਕ ਯੋਗ ਆਗੂ ਹੋਣ ਦੀ ਮਿਸਾਲ ਕਾਇਮ ਕਰ ਵਿਖਾਈ। ਹੁਣ ਤੱਕ ਉਹ ਉੱਚ-ਕੋਟੀ ਦੇ ਵਿਦਵਾਨਾਂ, ਸਾਹਿਤਕਾਰਾਂ, ਲੇਖਕਾਂ ਤੇ ਬੁੱਧੀ-ਜੀਵੀਆਂ ਦੀਆਂ 5 ਵਿਸ਼ਵ ਪੰਜਾਬੀ ਕਾਨਫ਼ਰੰਸਾਂ ਕਰਾ ਚੁੱਕੇ ਹਨ, ਜਿਹਨਾਂ ਦੀ ਸਫ਼ਲਤਾ ਦੀਆਂ ਧੁੰਮਾਂ ਦੀ ਸ਼ਹਿਨਾਈ ਦੀ ਗੂੰਜ ਪੂਰੇ ਵਿਸ਼ਵ ਵਿਚ ਸੁਣਾਈ ਦੇ ਰਹੀ ਹੈ। ਇਸ ਤੋਂ ਇਲਾਵਾ ਹਰ ਸਾਲ ਗਾਲਾ ਨਾਈਟ ਦੌਰਾਨ ਆਪੋ-ਆਪਣੇ ਖੇਤਰ ਵਿੱਚ ਉੱਪਰ ਉੱਠੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਬੱਚਿਆਂ ਦੇ ਭਾਸ਼ਨ ਪ੍ਰਤਿਯੋਗਤਾ ਅਤੇ ਹੋਰ ਸਾਹਿਤਕ ਪ੍ਰੋਗਰਾਮ ਵੀ ਕਰਾਏ ਜਾਂਦੇ ਹਨ।

ਇੱਥੇ ਹੀ ਬਸ ਨਹੀ। ਚੱਠਾ ਜੀ ਵਲੋਂ ਨੈਤਿਕਤਾ ਵਿਸ਼ੇ 'ਤੇ ਕਿਤਾਬਾਂ ਤਿਆਰ ਕਰਾ ਕੇ ਪੰਜਾਬ ਵਿੱਚ ਸਕੂਲਾਂ ਦੇ ਸਿਲੇਬਸ ਵਿੱਚ ਲਗਾਈਆਂ ਗਈਆਂ ਹਨ। ਹੁਣ ਅਧਿਆਪਕ ਵਿਸ਼ੇ 'ਤੇ ਵੀ ਕਿਤਾਬ ਤਿਆਰ ਕਰਾਈ ਗਈ ਹੈ, ਜੋ ਕਿ ਹਰ ਘਰ ਅਤੇ ਹਰ ਸਕੂਲ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਨ ਦਾ ਦੱਮ ਰੱਖਦੀ ਹੈ ।



ਪ੍ਰੀਤਮ ਲੁਧਿਆਣਵੀ
9876428641

ਇਸ ਸਭੇ ਕੁਝ ਦਾ ਮੁੱਖ ਮਕਸਦ ਪਰਵਾਸੀ ਪੰਜਾਬੀਆਂ ਨੂੰ ਜਾਗਰੂਕ ਕਰਨ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜੀ ਰੱਖਣਾ ਹੀ ਹੈ । ਅਨੇਕਾਂ ਸਨਮਾਨ ਹਾਸਲ ਕਰ ਚੁੱਕੇ ਅਜੈਬ ਸਿੰਘ ਚੱਠਾ ਜੀ ਨੂੰ, "ਕੁਈਨ ਇਲਾਜ਼ਾਬੇਥ ਸੈਕੇਂਡ ਜੁਬਲੀ ਅਵਾਰਡ " ਮਿਲਣਾ ਸਮੁੱਚੇ ਪੰਜਾਬੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ।

ਚੱਠਾ ਜੀ ਵਲੋਂ ਸਾਹਿਤ ਅਤੇ ਸਮਾਜ ਲਈ ਕੀਤੇ ਜਾ ਰਹੇ ਅਜਿਹੇ ਮਹਾਨ ਕਾਰਜਾਂ ਵਿਚ ਉਨ੍ਹਾਂ ਦੀ ਧਰਮ-ਪਤਨੀ ਬਲਵਿੰਦਰ ਚੱਠਾ ਤੇ ਉਹਨਾਂ ਦੇ ਬੱਚੇ ਵੀ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇ ਰਹੇ ਹਨ, ਉਨ੍ਹਾਂ ਦਾ। ਇਹੋ ਜਿਹੇ ਪਰ-ਉਪਕਾਰੀ ਕਾਰਜ ਨਿਰਵਿਘਨਤਾ ਸਹਿਤ ਕਰਦਿਆਂ ਹਰ ਮੈਦਾਨੇ ਉਹਨਾਂ ਦੀ ਫ਼ਤਿਹ ਹੋਵੇ, ਦੁਆਵਾਂ ਤੇ ਸ਼ੁਭ ਇੱਛਾਵਾਂ ਹਨ ਮੇਰੀਆਂ।

# ਜਸਵੰਤ ਸਿੰਘ ਕੰਵਲ ਦੀ ਬਗੀਚੀ ਦਾ ਟਹਿਕਦਾ, ਮਹਿਕਦਾ ਕਲਮੀ-ਫੁੱਲ : ਬੀਬੀ ਪਰਵਿੰਦਰ ਗੋਗੀ

ਪੰਜਾਬ ਦੇ ਜਿਲਾ ਮੋਗਾ ਵਿਚਲਾ ਪਿੰਡ ਢੁੱਡੀਕੇ ਨਾਂਓ ਕਿਸੇ ਤੋਂ ਗੁੱਝਾ ਨਹੀ। ਸਾਹਿਤ ਦੇ ਬਾਬਾ ਬੋਹੜ ਜਸਵੰਤ ਸਿੰਘ ਕੰਵਲ ਨੇ ਆਪਣੀਆਂ ਕਲਮੀ ਖ਼ੁਸ਼ਬੂਆਂ ਦੁਆਰਾ ਪੂਰੇ ਵਿਸ਼ਵ ਵਿਚ ਸਾਹਿਤ- ਪ੍ਰੇਮੀਆਂ ਦੇ ਘਰ-ਘਰ ਤੱਕ ਖ਼ਬਰਾਂ ਪਹੁੰਚਾ ਦਿੱਤੀਆਂ ਹਨ ਕਿ ਇੰਨਾ ਹੀ ਬਹੁਤ ਹੈ, ਉਨਾਂ ਦਾ ਸਿਰਨਾਵਾਂ। ਜਿਸ ਸਵ: ਬਾਬਾ ਬੋਹੜ ਨੇ ਸੈਂਕੜੇ ਨਹੀ ਬਲਕਿ ਹਜ਼ਾਰਾਂ ਕਲਮਾਂ ਪੈਦਾ ਕਰ ਦਿੱਤੀਆਂ ਹੋਣ, ਓਸ ਦੀ ਕਲਮ ਦਾ ਅਸਰ ਉਸ ਦੇ ਪਰਿਵਾਰ ਵਿਚ ਪੈਣਾ ਕੁਦਰਤੀ ਹੀ ਸੀ। ਪਰਿਵਾਰ ਵਿਚ ਇਸ ਸਾਹਿਤਕ ਮਹੌਲ ਦਾ ਜਿਨਾਂ ਖ਼ੁਸ਼ਕਿਸਮਤ ਕੋਮਲ ਰੂਹਾਂ ਨੇ ਅਸਰ ਕਬੂਲਿਆ, ਉਨਾਂ ਸੁਭਾਗੇ ਨਾਵਾਂ ਵਿਚੋਂ ਇਕ ਨਾਂਓ ਹੈ- ਬੀਬੀ ਪਰਵਿੰਦਰ ਗੋਗੀ। ਯਨੀ ਕੰਵਲ ਜੀ ਦੇ ਭਰਾ ਹਰਬੰਸ ਸਿੰਘ ਜੀ ਦੀ ਸਪੁੱਤਰੀ, ਕੰਵਲ ਜੀ ਦੀ ਲਾਡਲੀ ਭਤੀਜੀ।

ਪਰਵਿੰਦਰ ਗੋਗੀ ਨੇ ਗੱਲਬਾਤ ਦੌਰਾਨ ਕਿਹਾ,''ਘਰ ਵਿੱਚ ਤਾਇਆ ਜੀ ਜਸਵੰਤ ਸਿੰਘ ਕੰਵਲ ਦੀ ਬਦੌਲਤ ਹਮੇਸ਼ਾਂ ਸਾਹਿਤਕ ਮਹੌਲ ਨਾਲ ਜੁੜੇ ਰਹਿਣ ਕਰਕੇ ਅਤੇ ਕੁੱਝ ਕਿਤਾਬਾਂ, ਮੈਗਜ਼ੀਨ ਪ੍ਰੀਤ ਲੜੀ, ਆਰਸੀ, ਨਾਗਮਣੀ ਤੇ ਅਖ਼ਬਾਰਾਂ ਆਦਿ ਪੜ ਕੇ ਕੁੱਝ ਨਾ ਕੁੱਝ ਮੇਰੇ ਦਿਮਾਗ 'ਚ ਚੱਲਦਾ ਹੀ ਰਹਿੰਦਾ ਸੀ, ਲਿਖਣ ਲਈ। ਪੜਾਈ ਤਾਂ ਬੇਸ਼ੱਕ ਸਕੂਲ ਤੱਕ ਹੀ ਸੀਮਤ ਰਹੀ। ਪਰ ਕਿਤਾਬਾਂ ਹਮੇਸ਼ਾਂ ਮੇਰੀਆਂ ਸਾਥੀ ਰਹੀਆਂ। ਮੈਂ ਕਦੀ ਕਹਾਣੀ ਲਿਖਣੀ ਤੇ ਕਦੀ ਕਵਿਤਾ ਲਿਖਣੀ। ਕੁਝ ਜ਼ਿੰਦਗੀ ਦੇ ਕੰਮ-ਕਾਜ ਦੇ ਝਮੇਲੇ ਅਤੇ ਫਿਰ ਸ਼ਾਦੀ ਤੋਂ ਬਾਦ ਮਹੌਲ ਦਾ ਬਦਲ ਜਾਣਾ ਕਲਮ ਨੂੰ ਕਾਫੀ ਢਾਹ ਲਾ ਗਿਆ। ਅਫ਼ਸੋਸ ਕਿ ਮੈਂ ਉਹਨਾਂ ਲਿਖਤਾਂ ਦੇ ਅਨਮੋਲ ਖ਼ਜਾਨੇ ਨੂੰ ਸੰਭਾਲ ਨਾ ਸਕੀ।'' ਪਰਵਿੰਦਰ 2011 ਵਿੱਚ ਕੈਨੇਡਾ ਚਲੇ ਗਈ ਪਰ ਉਥੇ ਵੀ ਉਹ ਬਹੁਤਾ ਬਾਹਰ ਸਮਾਜ ਨਾਲ ਜੁੜ ਨਾ ਸਕੀ। ਉਸਦੀ ਇਕੱਲਤਾ ਵਿੱਚ ਕਲਮ, ਕਿਤਾਬ ਤੇ ਕਵਿਤਾ ਨੇ ਹੀ ਉਸਦਾ ਸਾਥ ਦਿੱਤਾ। ਕਨੇਡਾ ਵਿਚ ਆਪਣੇ ਕਲਮੀ-ਸਰਮਾਏ ਨੂੰ ਉਸ ਨੇ ਬੱਚਿਆਂ ਵਾਂਗ ਸੰਭਾਲ-ਸੰਭਾਲ ਕੇ ਰੱਖਿਆ ਤੇ ਬਰੈਂਪਟਨ ਵਿੱਚ ਸਾਹਿਤਕ ਦੋਸਤਾਂ ਦੇ ਸੁਝਾਉ ਤੇ ਮਿਹਰਬਾਨੀ ਸਦਕਾ ਉਸ ਨੇ ਆਪਣੇ ਇਸ ਕਲਮੀ-ਸਰਮਾਏ ਵਿੱਚੋਂ ਪਲੇਠਾ ਕਾਵਿ-ਸੰਗ੍ਰਹਿ ''ਪਿਆਸੀ ਨਦੀ'' ਛਪਵਾ ਕੇ ਪਾਠਕਾਂ ਦੀ ਝੋਲੀ ਪਾਇਆ, ਜਿਸ ਨੂੰ ਸਾਹਿਤ-ਪ੍ਰੇਮੀਆਂ ਵਲੋਂ ਖ਼ੂਬ ਭਰਵਾਂ ਹੁੰਗਾਰਾ ਮਿਲਿਆ। ਇਸ ਕਾਰਜ ਵਿਚ ਉਸ ਦੇ ਬੱਚਿਆਂ ਨੇ ਵੀ ਉਸ ਦੇ ਲਿਖਣ ਸ਼ੌਕ ਨੂੰ ਦੇਖਦੇ ਹੋਏ ਕਿਤਾਬ ਛਾਪਣ ਲਈ ਨਾ-ਸਿਰਫ ਪ੍ਰੇਰਿਤ ਹੀ ਕੀਤਾ, ਬਲਕਿ ਅੰਤ ਤੱਕ ਕਾਫ਼ੀ ਮਦਦ ਵੀ ਕੀਤੀ । ਪਰਵਿੰਦਰ ਦੀਆਂ ਕਵਿਤਾਵਾਂ ਪੁਸਤਕ ਤੱਕ ਹੀ ਸੀਮਿਤ ਨਹੀ, ਸਗੋਂ ਅਰਤਿੰਦਰ ਸੰਧੂ ਜੀ ਨੇ ''ਏਕਮ '' ਮੈਗਜ਼ੀਨ ਵਿੱਚ ਅਤੇ ਡਾ. ਅਮਰਜੀਤ ਕਾਉਂਕੇ ਜੀ ਨੇ ''ਪ੍ਰਤਿਮਾਨ '' ਵਿੱਚ ਛਾਪ ਕੇ ਉਸ ਦੇ ਹੌਸਲੇ ਨੂੰ ਉਡਣ ਲਈ ਹੋਰ ਵੀ ਖੰਭ ਲਾ ਕੇ ਰੱਖ ਦਿੱਤੇ। ਨਤੀਜੇ ਵਜੋਂ ਹੁਣ ਉਹ ਆਪਣੀਆਂ ਚੋਣਵੀਆਂ ਕਵਿਤਾਵਾਂ ਵਿਚੋਂ ਅਗਲੀ ਪੁਸਤਕ ਦਾ ਖਰੜਾ ਸੈਟ ਕਰ ਰਹੀ ਹੈ। ਇਕ ਸਵਾਲ ਦਾ ਜੁਵਾਬ ਦਿੰਦਿਆਂ ਪਰਵਿੰਦਰ ਗੋਗੀ ਨੇ ਕਿਹਾ,''ਲੁਧਿਆਣਵੀ ਜੀ, ਅਸੀਂ ਕੈਨੇਡਾ ਜ਼ਰੂਰ ਰਹਿੰਦੇ ਹਾਂ ਪਰ ਮੇਰੀਆਂ ਯਾਦਾਂ ਵਿੱਚ ਮੇਰਾ ਪੰਜਾਬ, ਪੰਜਾਬ ਵਿਚਲਾ ਮੇਰਾ ਪਿੰਡ, ਬਚਪਨ ਦਾ ਘਰ, ਖੇਤ ਤੇ ਮਾਂ-ਪਿਉ ਹਮੇਸ਼ਾਂ ਮੇਰੇ ਇਰਦ-ਗਿਰਦ ਰਹਿੰਦੇ ਹਨ, ਜਿਹਨਾਂ ਦੇ ਨਕਸ਼-ਨੁਹਾਰ ਅਕਸਰ ਹੀ ਮੇਰੀਆਂ ਕਵਿਤਾਵਾਂ ਵਿੱਚੋਂ ਪਾਠਕਾਂ ਨੂੰ ਮਿਲਦੇ ਰਹਿੰਦੇ ਹਨ।'' ਗੋਗੀ ਬਹੁਤ ਹੀ ਸੰਵੇਦਨਸ਼ੀਲ ਕਵਿੱਤਰੀ ਹੈ। ਉਸ ਦਾ ਮੰਨਣਾ ਹੈ ਕਿ ਲਿਖਣ ਦੇ ਉਸ ਦੇ ਸ਼ੌਕ ਨੂੰ ਪ੍ਰਕਿਰਤੀ ਨੇ ਹੀ ਹੁਲਾਰਾ ਦਿੱਤਾ ਹੈ। ਪੰਜਾਬ ਰਹਿੰਦਿਆਂ ਵਕਤ ਖੇਤਾਂ ਵਿੱਚ ਘਰ ਹੋਣ ਕਰਕੇ ਕੁਦਰਤ ਨਾਲ ਵੀ ਉਸ ਦਾ ਪੂਰਾ ਮੋਹ ਹੋ ਗਿਆ ਸੀ। ਰੱਬ ਕਰੇ ! ਕਲਮ ਦੇ ਸ਼ਹਿਨਸ਼ਾਹ ਸਵ: ਜਸਵੰਤ ਸਿੰਘ ਕੰਵਲ ਦੀ ਬਗੀਚੀ ਦਾ ਟਹਿਕਦਾ, ਮਹਿਕਦਾ ਤੇ ਖ਼ੁਸ਼ਬੂਆਂ ਵਿਖੇਰਦਾ ਇਹ ਕਲਮੀ-ਫੁੱਲ ਬੀਬੀ ਪਰਵਿੰਦਰ ਗੋਗੀ, ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦਾ ਪਾਠਕਾਂ ਦੇ ਦਿਲਾਂ ਵਿਚ ਆਪਣੀ ਨਿਵੇਕਲੀ ਜਗਾ ਬਣਾਉਣ 'ਚ ਸਫ਼ਲ ਹੋਵੇ! ਆਮੀਨ!



# ਕੋਰੋਨਾ ਨਾਲ ਕੁਦਰਤ ਤੇ ਕਾਰਜ ਦੇ ਬਦਲੇ ਮਜਾਜ



ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
91-78374-90309

ਕੋਰੋਨਾ ਕਾਰਨ ਜਨਤਾ ਘਰਾ ਵਿੱਚ ਬੰਦ ਹੈ । ਜਿਸ ਨਾਲ ਸਨਅਤੀ,ਸ਼ਮਾਜਿਕ ਤੇ ਵਪਰਿਕ ਕੰਮ ਖੜੋਤ ਵਿੱਚ ਹਨ । ਕੁਲ ਆਲਮ ਮਾਰੂ ਵਿਸਾਣੂ ਦੀ ਰੋਕਥਾਮ ਵਿੱਚ ਰੁੱਝਾ ਹੋਇਆ ਜੁਝ ਹੈ। ਵਿਗਿਆਨੀ ਵਾਇਰਸ ਦੀ ਦਵਾਈ ਖੋਜ ਰਹੇ ਹਨ । ਪਰ ਕੋਈ ਵਿਧੀ ਹੱਥ ਨਹੀ ਲੱਗੀ। ਦੇਸ਼ ਦੇ ਨਿਰਮਾਣਕਾਰ ਹਾਦਸਿਆ ਦੀ ਭੇਂਟ ਚੜ ਰਹੇ ਹਨ । ਸਰਕਾਰ ਤਾੜੀ ਥਾਲੀਆ ਤੇ ਮੋਮਬੱਤੀਆ ਤੋ ਬਾਅਦ ਹੁਣ ਕੋਰੋਨਾ ਨਾਲ ਜਿਊਣ ਦੇ ਤਰੀਕੇ ਦੱਸ ਰਹੀ ਹੈ । ਸਨਅਤੀ ਖੇਤਰ ਦਾ ਪਹੀਆ ਪਹਿਲਾ ਹੀ ਜਾਮ ਹੈ । ਭੁੱਖਮਰੀ ਦੇ ਦੌਰ ਮਜਦੂਰਾ ਹਜਾਰਾ ਮੀਲਾ ਦਾ ਸ਼ਫਰ ਪੈਦਲ ਕਰਨ ਨੂੰ ਮਜਬੂਰ ਹਨ। ਹਿਜਰਤ ਨਾਲ ਛੋਟੀ ਦੁਕਨਦਾਰੀ, ਫੈਕਟਰੀਆ ਤੇ ਜੀਰੀ ਦਾ ਸੀਜਨ ਵੀ ਪ੍ਰਭਾਵਤ ਹੋਣਾ ਤੈਅ ਹੈ । ਸਰਕਾਰੀ ਰਾਸਨ ਦੀ ਕਾਣੀ ਵੰਡ ਦੇ ਦ੍ਰਿਸ ਛਿਪੇ ਨਹੀ ਰਹੇ । ਮਹਾਮਾਰੀ ਨੇ ਸਮਾਜ ਦੇ ਕਈ ਭਿਆਨਕ ਪੱਖਾ ਨੂੰ ਉਜਾਗਰ ਕਰ ਦਿੱਤਾ । ਪਰ ਇਸ ਦੌਰ ਵਿੱਚ ਵਾਪਰ ਰਹੀਆ ਸਕਾਰਤਾਮਕ ਕਿਰਿਆਵਾ ਨੂੰ ਅਣਦੇਖਿਆ ਨਹੀ ਕਰ ਸਕਦੇ । ਜਿਸ ਨਾਲ ਸਮਾਜ ਵਿੱਚ ਨਵੀਆ ਪਿਰਤਾ ਸੰਭਵ ਹਨ। ਜੋ ਮਨੁੱਖੀ ਜੀਵਨ ਨੂੰ ਚੜਦੀ ਕਲਾ ਵਿੱਚ ਰੱਖਣ ਲਈ ਸਹਾਈ ਵੀ ਹੋਵਣਗੀਆ । ਲੰਮੇ ਸਮੇ ਤੋ "ਸਾਦੇ ਵਿਆਹ ਤੇ ਸਾਦੇ ਭੋਗ" ਦੀ ਪੰਜਾਬੀਆ ਨੂੰ ਸਖਤ ਲੋੜ ਸੀ । ਜਿਸ ਨਾਲ ਸਮਾਜ ਦਾ ਆਰਥਿਕ ਪੱਖ ਮਜਬੂਤ ਹੋ ਜਾਣਾ । ਪਰ ਕਰਜੇ ਚੁੱਕ ਜਮੀਨਾ ਵੇਚ ਆਪਣੀ ਤਬਾਹੀ ਤੋ ਨਾ ਬਚੇ । ਹੁਣ 5-5 ਬਰਾਤੀਆ ਨਾਲ ਵੀ ਵਿਆਹ ਹੋ ਰਹੇ ਹਨ । ਕੀ ਇਸ ਨਵੇਲੀ ਜਿੰਦਗੀ ਦੀ ਖੁਸੀ ਨੂੰ ਤਾਮ -ਝਾਮ ਤੋ ਬਿਨਾ ਘੱਟ ਆਂਕਿਆ ਜਾ ਸਕਦਾ ਹੈ । ਸਗੋ ਇਸ ਰੀਤ ਨਾਲ ਕਈ ਗੁਰਬਤ ਦੇ ਮਾਰੇ ਵਾਧੂ ਖੁਸ਼ ਹਨ। ਬਲਕਿ ਇਹ ਪੈਸੇ ਸੁਨਹਿਰੀ ਭਵਿੱਖ ਲਈ ਵਰਤ ਸਕਦੇ ਹਾ । ਸੋਗ ਸਮਾਗਮਾ ਦੀਆ ਤਬਦੀਲੀਆ ਵੀ ਕਾਬਲੇ-ਏ-ਗੌਰ ਹੈ। ਜੋ ਨਾ ਚਾਹੁੰਦੇ ਵੀ ਅਡੰਬਰ ਰਚਣੇ ਪੈਂਦੇ ਸਨ ।ਨਸ਼ੇ ਦੀ ਘਟੀ ਸਪਲਾਈ ਨਾਲ ਕਈ ਮਾਪਿਆ ਨੇ ਵੀ ਸੁੱਖ ਦਾ ਸਾਹ ਲਿਆ। ਬਹੁਤੇ ਲੋਕੀ ਦਾਰੂ ਜਾ ਦੂਜੇ ਨਸ਼ਿਆ ਤੋ ਪਾਸਾ ਹੀ ਵੱਟ ਗਏ। ਇਹ ਬਦਲਾਉ ਆਪਣੇ ਹੀ ਅੰਦਾਜ ਵਿੱਚ ਜੀਵਨ ਨੂੰ ਰੌਸਨ ਕਰ ਰਹੇ ਹਨ । ਜਿੰਦਗੀ ਵਿੱਚ ਅਤਿ ਜਰੂਰੀ ਵਸਤਾ ਦਾ ਗਿਆਨ ਹੋ ਗਿਆ । ਜੋ ਸਮਾਜ ਲਈ ਸੇਧਦਾਇਕ ਵੀ ਹੈ।

ਪੁਰਾਤਨ ਕਾਲ ਤੋ ਜੁੱਤੀਆ, ਚੱਪਲਾ ਦੀ ਘਰ ਅੰਦਰ ਪਹਿਨਣ ਦੀ ਮਨਾਹੀ ਸੀ । ਰਸੋਈ ਨੂੰ ਸਫਾਈ ਲਈ ਖਾਸ ਤਵੱਜੋ ਦਿੰਦੇ ਸਨ । ਹੱਥ ਥੋਣੇ ,ਘਰ ਦੀ ਸਫਾਈ ਅਤੇ ਬਾਹਰੋ ਆਉਣ ਤੇ ਇਤਿਆਤ ਵਰਤਣੇ ਜਰੂਰੀ ਹੋ ਗਏ । ਇਹ ਸਭ ਸਾਡੇ ਸੰਸਕ੍ਰਿਤੀ ਦਾ ਹਿੱਸਾ ਹੈ। ਜਿਨਾ ਨੂੰ ਹੁਣ ਸੰਸਾਰ ਪੱਧਰ ਤੇ ਮਾਨਤਾ ਮਿਲ ਰਹੀ ਹੈ।

ਜੋ ਅਸੀ ਭੁੱਲ ਚੁੱਕੇ ਸੀ । ਕਰੋਨਾ ਵਾਪਿਸ ਉਸ ਸਮੇ ਵੱਲ ਲੈ ਆਇਆ । ਘਰ ਦਾ ਬਣਿਆ ਸੁੱਧ ਤੇ ਪੌਸਟਿਕ ਖਾਣਾ ਖਾ ਰਹੇ ਹਾ । ਜੋ ਸੋਖਿਆ ਪਚਦਾ ਤੇ ਰੋਗ ਰਹਿਤ ਰੱਖਦਾ ਹੈ । ਫਾਸਟ ਫੂਡ ਖਾਣਾ ਸਰੀਰਕ ਜਰੂਰਤ ਨਹੀ ਸਗੋ ਸਾਡੀ ਜੀਭ ਦੇ ਸੁਆਦਾ ਦਾ ਬਖੇੜਾ ਹੈ। ਆਪਣੇ ਕੰਮ ਖੁਦ ਕਰਕੇ ਘਰ ਦੇ ਕੰਮਾ ਵਿੱਚ ਵੀ ਹੱਥ ਵਟਾਉਦਾ ਹਾਂ। ਜਿਸ ਨਾਲ ਨਵੀ ਪੀੜੀ ਵਿੱਚ ਕਿਰਤ ਸੱਭਿਆਚਾਰ ਉਪਜੇਗਾ। ਕੁਦਰਤ ਦੇ ਰੁਕੇ ਖਿਲਵਾੜ ਦੀ ਗਵਾਹੀ ਲਈ ਨੀਲੇ ਪਾਣੀ, ਦੁੱਧ ਚਿੱਟਾ ਆਸਮਾਨ ਅਤੇ ਦਰਖਤਾ ਦੀ ਹਰਿਆਲੀ ਕਾਫੀ ਹੈ । ਲਾਕਡਾਊਨ ਦਬੀ ਪ੍ਰਤਿਭਾ ਨੂੰ ਨਿਖਾਰਨ ਅਤੇ ਬੱਚਿਆ ਨੂੰ ਕਿਤਾਬਾਂ ਰਾਹੀ ਸੱਭਿਆਚਾਰ ਤੇ ਵਿਗਿਆਨ ਪ੍ਰਤੀ ਪ੍ਰੇਰਤ ਲਈ ਚੰਗਾ ਸਮਾ ਹੈ । ਪੰਛੀਆ ਦੀਆ ਉਡਾਰੀਆ ਖੁਸ਼ਮਜਾਜੀ ਦਾ ਸੰਕੇਤ ਹੈ । ਸ਼ਪੀਕਰਾ ਤੇ ਆਵਾਜਾਈ ਦੇ ਸ਼ੁਨਾਟੇ ਵਿੱਚ ਇਹਨਾ ਦੇ ਤਰਾਨੇ ਸੁਣਦੇ ਹਨ। ਵਰਿਆ ਪਿਛੋ ਉਮੀਦੀ ਖੁਸਹਾਲ ਕੁਦਰਤ ਨਵੀਆ ਉਮੰਗਾ ਲੈ ਕੇ ਆਈ ਹੈ । ਜਿਸਨੇ ਅਣਕਿਆਸੇ ਹੀ ਮਨੁੱਖੀ ਜੀਵਨ ਬਦਲ ਦਿੱਤਾ। ਇਹ ਤਬਦੀਲੀਆ ਭਵਿੱਖ ਵਿੱਚ ਵੀ ਜਰੂਰੀ ਹਨ । ਜਿਸ ਨਾਲ ਦੇਸ਼ ਨਿਰੋਗ ਤੇ ਚੌਗਿਰਦਾ ਹਰਿਆ ਭਰਿਆ ਰਹੇਗਾ । ਸੋ ਆਉ ਨਵੀਆ ਪਿਰਤਾ ਦੀਆ ਪਰਵਾਜਾ ਨੂੰ ਹੋਰ ਬਲੰਦੀਆ ਵੱਲ ਲੈ ਜਾਈਏ।

# ਚੀਨ 'ਚ ਪਿਛਲੇ ਸਾਲ ਅਗਸਤ ਤੋਂ ਫੈਲਣ ਲੱਗਾ ਸੀ ਕੋਰੋਨਾ

**ਲੰਡਨ–** ਹਾਵਰਡ ਮੈਡੀਕਲ ਸਕੂਲ ਦੀ ਇਕ ਖੋਜ ਮੁਤਾਬਿਕ ਚੀਨ ਵਿਚ ਕੋਰੋਨਾ ਵਾਇਰਸ ਇਨਫੈਕਸ਼ਨ ਪਿਛਲੇ ਸਾਲ ਅਗਸਤ ਮਹੀਨੇ ਤੋਂ ਫੈਲਣਾ ਸ਼ੁਰੂ ਹੋਣ ਲੱਗਾ ਸੀ। ਇਹ ਖੋਜ ਹਸਪਤਾਲ ਯਾਤਰਾ ਪੈਟਰਨ ਦੀਆਂ ਉਪਗ੍ਰਹਿ ਤੋਂ ਲਈਆਂ ਗਈਆਂ ਤਸਵੀਰਾਂ ਅਤੇ ਸਰਚ ਇੰਜਣ ਦੇ ਡਾਟਾ 'ਤੇ ਆਧਾਰਤ ਹਨ। ਹਾਲਾਂਕਿ ਚੀਨ ਨੇ ਇਸ ਖੋਜ ਨੂੰ ਨਿਰਾਧਾਰ ਦੱਸਦੇ ਹੋਏ ਖਾਰਜ ਕਰ ਦਿੱਤਾ ਹੈ।

ਚੀਨ ਦੇ ਹੁਬੇਈ ਸੂਬੇ ਦੇ ਵੁਹਾਨ ਵਿਚ ਪਹਿਲੀ ਵਾਰ ਕੋਰੋਨਾ ਵਾਇਰਸ ਇਨਫੈਕਸ਼ਨ ਦਾ ਪਤਾ ਲੱਗਾ ਸੀ। ਖੋਜ ਵਿਚ ਵੁਹਾਨ ਦੇ ਪੰਜ ਹਸਪਤਾਲਾਂ ਦੀ ਪਾਰਕਿੰਗ ਦੀਆਂ ਉਪਗ੍ਰਿਹੀ ਲਈਆਂ ਤਸਵੀਰਾਂ ਦੀ ਵਰਤੋਂ ਕੀਤੀ ਗਈ ਹੈ। ਇਕ ਮਾਮਲੇ ਵਿਚ ਅਕਤੂਬਰ, 2018 ਵਿਚ ਵੁਹਾਨ ਦੇ ਸਭ ਤੋਂ ਵੱਡੇ ਹਸਪਤਾਲਾਂ ਵਿਚੋਂ ਇਕ ਤਿਆਨਯੋ ਹਸਪਤਾਲ ਦੇ ਬਾਹਰ ਪਾਰਕਿੰਗ ਵਿਚ ਖੋਜੀਆਂ ਨੇ 171 ਕਾਰਾਂ ਦੀ ਗਿਣਤੀ ਸੀ ਪ੍ਰੰਤੂ 2019 ਵਿਚ ਉਸੇ ਸਮੇਂ ਉਥੇ ਕਾਰਾਂ ਦੀ ਗਿਣਤੀ 285 ਸੀ। ਸਾਫ਼ ਹੈ ਕਿ ਵਾਹਨਾਂ ਦੀ ਗਿਣਤੀ ਵਿਚ 67 ਫ਼ੀਸਦੀ ਦਾ ਇਜ਼ਾਫਾ ਹੋਇਆ ਸੀ।



ਇਸ ਦੌਰਾਨ ਚੀਨੀ ਸਰਚ ਇੰਜਣ ਬਾਈਡੂ 'ਤੇ ਵੀ ਖਾਂਸੀ ਅਤੇ ਡਾਇਰੀਆ ਵਰਗੇ ਲੱਛਣਾਂ ਦੇ ਬਾਰੇ ਵਿਚ ਜਾਣਕਾਰੀਆਂ ਇਕੱਤਰ ਕੀਤੀਆਂ ਜਾ ਰਹੀਆਂ ਸਨ ਜਦਕਿ ਪਿਛਲੇ ਮੌਸਮ ਵਿਚ ਫਲੂ ਜਾਂ ਕਫ਼ ਦੇ ਬਾਰੇ ਵਿਚ ਖੋਜ ਦਾ ਅਜਿਹਾ ਕੋਈ ਡਾਟਾ ਨਹੀਂ ਮਿਲਿਆ। ਖੋਜ ਦੀ ਅਗਵਾਈ ਕਰਨ ਵਾਲੇ ਜਾਨ ਬ੍ਰਾਉਨਸਟੀਨ ਨੇ ਦੱਸਿਆ ਕਿ ਸਾਫ਼ ਹੈ ਕਿ ਕੋਰੋਨਾ ਵਾਇਰਸ ਮਹਾਮਾਰੀ ਦੀ ਸ਼ੁਰੂਆਤ ਦੇ ਬਾਰੇ ਵਿਚ ਪਹਿਲੀ ਜਾਣਕਾਰੀ ਨਾਲ ਕਾਫੀ ਪਹਿਲੇਂ ਕੁਝ ਪੱਧਰ 'ਤੇ ਸਮਾਜਿਕ ਰੁਝਾਨ ਪੈਦਾ ਹੋ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀਆਂ ਇਸ਼ਾਰਾ ਕਰਦੀਆਂ ਹਨ ਕਿ ਉਸ ਸਮੇਂ ਵੁਹਾਨ ਵਿਚ ਕੁਝ ਤਾਂ ਚੱਲ ਰਿਹਾ ਸੀ। ਖੋਜ ਮੁਤਾਬਿਕ ਇਹ ਸਿੱਟੇ ਇਸ ਗੱਲ ਦੀ ਵੀ ਪੁਸ਼ਟੀ ਕਰਦੇ ਹਨ ਕਿ ਇਹ ਵਾਇਰਸ ਦੱਖਣੀ ਚੀਨ ਵਿਚ ਪ੍ਰਕ੍ਰਿਤਕ ਤੌਰ 'ਤੇ ਉਭਰਿਆ ਸੀ। ਇਸ ਬਾਰੇ ਵਿਚ ਪੁੱਛੇ ਜਾਣ 'ਤੇ ਚੀਨੀ ਵਿਦੇਸ਼ ਮੰਤਰਾਲੇ ਦੀ ਤਰਜਮਾਨ ਹੁਆ ਚੁਨਿਯਿੰਗ ਨੇ ਮੰਗਲਵਾਰ ਨੂੰ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਇਹ ਹਾਸੇ ਵਾਲੀ ਗੱਲ ਹੈ ਕਿ ਆਵਾਜਾਈ ਵਰਗੀਆਂ ਜਾਣਕਾਰੀਆਂ ਦੇ ਆਧਾਰ 'ਤੇ ਸਿੱਟੇ 'ਤੇ ਪੁੱਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਵਿਚਾਰ
ਆਪੋ-ਆਪਣਾ



ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

# ਸਿੱਖੀ ਅਤੇ ਅਜੋਕੇ ਸਿੱਖ

## 'ਸਿੱਖ ਪਛਾਣ' ਦੀ ਚਿੰਤਾ ਸਹੀ ਗੁਰਮਤਿ ਪ੍ਰਚਾਰ ਹੀ ਦੂਰ ਕਰੇਗਾ!

**ਦਸਮ ਪਾਤਸ਼ਾਹ ਨੇ ਭਾਵੇਂ 'ਖਾਲਸੇ' ਨੂੰ ਇਕ ਨਿਸ਼ਚਿਤ ਵਰਦੀ ਧਾਰਨ ਕਰਨ ਲਈ ਪਾਬੰਦ ਕੀਤਾ ਪਰ ਇਸ ਨੂੰ ਅਸੀਂ ਭੇਖ ਇਸ ਲਈ ਨਹੀਂ ਆਖ ਸਕਦੇ ਕਿਉਂਕਿ ਸਤਿਗੁਰੂ ਜੀ ਨੇ ਖਾਲਸਾ ਪ੍ਰਮੇਸ਼ਰ (ਅਕਾਲ ਪੁਰਖ) ਕੀ ਫੌਜ ਬਣਾਈ ਹੈ, ਜਿਸ ਨੂੰ ਸੱਚ 'ਤੇ ਪਹਿਰਾ ਦੇਣ ਲਈ ਭੇਖੀਆਂ ਦੇ ਚੇਲਿਆਂ ਦੀਆਂ ਫੌਜਾਂ ਨਾਲ, ਜੰਗ ਕਰਨ ਸਮੇਂ ਆਪਣੀ ਵੱਖਰੀ ਪਛਾਣ ਦੀ ਲੋੜ ਹੈ ਤਾਂ ਕਿ ਆਪਣੇ, ਆਪਣਿਆਂ ਉਤੇ ਹੀ ਗਲਤੀ ਨਾਲ ਵਾਰ ਨਾ ਕਰ ਦੇਣ। ਦਸਮ ਪਾਤਸ਼ਾਹ ਨੇ 'ਖਾਲਸੇ' ਤੋਂ ਆਪ 'ਖੰਡੇ ਦੀ ਪਾਹੁਲ' ਪਾਨ ਕਰਕੇ, ਇਹ ਸੰਕੇਤ ਉਦੋਂ ਹੀ ਦੇ ਦਿੱਤਾ ਸੀ ਕਿ ਅੱਜ ਤੋਂ ਬਾਅਦ ਖਾਲਸਾ ਪੰਥ ਦੀ ਵਾਗਡੋਰ ਖਾਲਸਾ ਆਪ ਹੀ ਸੰਭਾਲੇਗਾ।**

'ਸਿੱਖੀ' ਗੁਰਮਤਿ ਵਿਚਾਰਧਾਰਾ ਦਾ ਨਾਉਂ ਹੈ। ਕਿਸੇ ਭੇਖ ਨਾਲ ਇਸ ਦਾ ਕੋਈ ਸੰਬੰਧ ਨਹੀਂ, ਕਿਉਂਕਿ ਗੁਰਮਤਿ ਅੰਦਰ ਭੇਖ ਨੂੰ ਨਕਾਰਿਆ ਤਾਂ ਹੋਇਆ ਹੈ ਪਰ ਸਵੀਕਾਰਿਆ ਨਹੀਂ ਹੋਇਆ। 'ਸਿੱਖੀ' ਉਹ ਸਿਖਿਆ ਹੈ, ਜਿਹੜੀ ਕਿ ਗੁਰਬਾਣੀ ਅੰਦਰ ਪੰਡਿਤਾਂ, ਪਾਂਧਿਆਂ, ਜੋਗੀਆਂ, ਨਾਥਾਂ, ਸੰਨਿਆਸੀਆਂ, ਬੈਰਾਗੀਆਂ, ਸਰੇਵੜਿਆਂ, ਕਾਜ਼ੀਆਂ, ਮੌਲਾਣਿਆਂ, ਸ਼ੇਖਾਂ, ਪੀਰਾਂ, ਫਕੀਰਾਂ ਆਦਿ ਜੋ ਉਸ ਸਮੇਂ ਗੁਰੂ-ਘਰ ਦੇ ਸੰਪਰਕ ਵਿਚ ਆਇਆਂ, ਲਈ ਦਰਜ ਹੈ। ਕਹਿਣ ਤੋਂ ਭਾਵ ਇਹ ਹੈ ਕਿ ਉਪਰੋਕਤ ਸਭਨਾਂ ਕਿਸਮਾਂ ਦੇ ਭੇਖਧਾਰੀਆਂ ਨੂੰ, ਗੁਰਮਤਿ ਨੇ ਸੱਚ ਦੀ ਸੋਝੀ ਦਾ ਰਾਹ ਦੱਸਿਆ। ਕਿਸੇ ਭੀ ਗੁਰੂ ਸਾਹਿਬ ਨੇ ਜਾਂ ਭਗਤਾਂ ਵਿਚੋਂ ਕਿਸੇ ਨੇ ਕਦੇ ਆਪਣੇ ਵੱਲੋਂ ਕਿਸੇ ਸਿਖਿਆਰਥੀ ਨੂੰ, ਪੁਰਾਣਾ ਭੇਖ ਛੱਡ ਕੇ, ਕਿਸੇ ਨਵੇਂ ਭੇਖ ਨੂੰ ਧਾਰ ਲੈਣ ਲਈ ਨਹੀਂ ਸੀ ਆਖਿਆ। ਕੇਵਲ ਉਸ ਨੂੰ ਗੁਰਮਤਿ ਵਿਚਾਰਧਾਰਾ ਅਪਣਾਅ ਲੈਣ ਲਈ ਹੀ ਕਿਹਾ ਸੀ। ਅਜਿਹਾ ਸ਼ਾਇਦ ਇਸ ਲਈ ਕਿ ਸਾਰੀ ਦੁਨੀਆਂ ਦੀ ਵਿਚਾਰਧਾਰਾ ਕੇਵਲ ਬਾਹਰਲੀ ਅਨੇਕਤਾ ਦੀ ਹੋਂਦ ਵਿਚ ਹੀ ਬਦਲ ਕੇ ਇਕ ਕੀਤੀ ਜਾ ਸਕਦੀ ਹੈ। ਟਕਰਾਉ ਦਾ ਕਾਰਨ, ਵਿਚਾਰਧਾਰਾ ਹੀ ਹੁੰਦੀ ਹੈ ਭੇਖ ਨਹੀਂ ਹੁੰਦਾ।

ਦਸਮ ਪਾਤਸ਼ਾਹ ਨੇ ਭਾਵੇਂ 'ਖਾਲਸੇ' ਨੂੰ ਇਕ ਨਿਸ਼ਚਿਤ ਵਰਦੀ ਧਾਰਨ ਕਰਨ ਲਈ ਪਾਬੰਦ ਕੀਤਾ ਪਰ ਇਸ ਨੂੰ ਅਸੀਂ ਭੇਖ ਇਸ ਲਈ ਨਹੀਂ ਆਖ ਸਕਦੇ ਕਿਉਂਕਿ ਸਤਿਗੁਰੂ ਜੀ ਨੇ ਖਾਲਸਾ ਪ੍ਰਮੇਸ਼ਰ (ਅਕਾਲ ਪੁਰਖ) ਕੀ ਫੌਜ ਬਣਾਈ ਹੈ, ਜਿਸ ਨੂੰ ਸੱਚ 'ਤੇ ਪਹਿਰਾ ਦੇਣ ਲਈ ਭੇਖੀਆਂ ਦੇ ਚੇਲਿਆਂ ਦੀਆਂ ਫੌਜਾਂ ਨਾਲ, ਜੰਗ ਕਰਨ ਸਮੇਂ ਆਪਣੀ ਵੱਖਰੀ ਪਛਾਣ ਦੀ ਲੋੜ ਹੈ ਤਾਂ ਕਿ ਆਪਣੇ, ਆਪਣਿਆਂ ਉਤੇ ਹੀ ਗਲਤੀ ਨਾਲ ਵਾਰ ਨਾ ਕਰ ਦੇਣ। ਦਸਮ ਪਾਤਸ਼ਾਹ ਨੇ 'ਖਾਲਸੇ' ਤੋਂ ਆਪ 'ਖੰਡੇ ਦੀ ਪਾਹੁਲ' ਪਾਨ ਕਰਕੇ, ਇਹ ਸੰਕੇਤ ਉਦੋਂ ਹੀ ਦੇ ਦਿੱਤਾ ਸੀ ਕਿ ਅੱਜ ਤੋਂ ਬਾਅਦ ਖਾਲਸਾ ਪੰਥ ਦੀ ਵਾਗਡੋਰ ਖਾਲਸਾ ਆਪ ਹੀ ਸੰਭਾਲੇਗਾ। ਹੁਣ ਇਸ ਨੂੰ ਕਿਸੇ ਦੂਸਰੇ ਵਿਅਕਤੀ ਤੋਂ ਸੇਧ ਲੈਣ ਦੀ ਬਜਾਏ ਕੇਵਲ ਗੁਰਬਾਣੀ ਤੋਂ ਹੀ ਸੇਧ ਲੈ ਕੇ ਚੱਲਣ ਦੀ ਲੋੜ ਹੈ। ਗੁਰੂ-ਵਿਅਕਤੀ ਦੀ ਜ਼ਿੰਮੇਵਾਰੀ ਉਦੋਂ ਤੋਂ ਹੀ ਦਸਮ ਪਾਤਸ਼ਾਹ ਨੇ ਖਾਲਸੇ ਨੂੰ ਸੌਂਪ ਦਿੱਤੀ ਹੈ। ਭਾਵੇਂ ਇਸ ਗੱਲ ਨੂੰ ਅੱਜ ਤਕ ਭੀ ਖਾਲਸੇ ਨੇ ਗੰਭੀਰਤਾ ਨਾਲ ਨਾ ਵਿਚਾਰਿਆ ਅਤੇ ਨਾ ਪਰਚਾਰਿਆ। ਜੇ ਇਸ ਗੱਲ ਨੂੰ ਗੰਭੀਰਤਾ ਨਾਲ ਵਿਚਾਰਿਆ ਅਤੇ ਪਰਚਾਰਿਆ ਜਾਂਦਾ ਤਾਂ ਅੱਜ ਨਿਤ ਨਵੇਂ ਬਨਾਉਟੀ ਢੋਂਗੀ ਗੁਰੂਆਂ ਦੇ ਕਿੱਸੇ ਵੇਖਣ ਅਤੇ ਸੁਣਨ ਨੂੰ ਨਾ ਮਿਲਦੇ, ਨਾ ਹੀ ਅੱਜ ਇਹ ਭੇਖੀ ਸੰਤਾਂ ਦੀਆਂ ਢਾਣੀਆਂ ਹੀ ਪੈਦਾ ਹੁੰਦੀਆਂ।

ਦਸਮ ਪਾਤਸ਼ਾਹ ਤੋਂ ਬਾਅਦ ਜਿਹੜਾ ਮਾਹੌਲ ਖਾਲਸੇ ਨੂੰ ਵਿਰਸੇ ਵਿਚ ਮਿਲਿਆ, ਉਹ ਖਾਲਸੇ ਦੀ ਕਠਨ ਪ੍ਰੀਖਿਆ ਦਾ ਦੌਰ ਸੀ। ਖਾਲਸੇ ਨੂੰ ਆਪਣੀ ਹੋਂਦ ਕਾਇਮ ਰੱਖ ਸਕਣਾ ਹੀ ਮੁੱਖ ਮਸਲਾ ਬਣ ਗਿਆ। ਸਿੱਖੀ ਦੇ ਪ੍ਰਚਾਰ ਦੀ ਗੱਲ ਦੂਜੇ ਨੰਬਰ 'ਤੇ ਰਹਿ ਗਈ। ਖਾਲਸੇ ਉਪਰ ਝੱਖੜ-ਝੋਲਿਆਂ ਦਾ ਇਹ ਦੌਰ, ਇਤਨੇ ਲੰਬੇ ਸਮੇਂ ਤਕ ਚਲਦਾ ਰਿਹਾ ਕਿ ਗੁਰਮਤਿ ਦੀ ਸੋਝੀ ਰੱਖਣ ਵਾਲੇ ਸਿੰਘ ਸਾਰੇ ਹੀ ਜਾਂ ਤਾਂ ਸ਼ਹੀਦ ਹੋ ਗਏ ਜਾਂ ਫਿਰ ਆਪਣੀ ਆਈ ਭੋਗ ਕੇ ਪਰਲੋਕ ਸਿਧਾਰ ਗਏ। ਗੁਰਬਾਣੀ ਦੀ ਪੜ੍ਹਾਈ ਦਿਨ ਰਾਤ ਘੋੜਿਆਂ ਦੀਆਂ ਕਾਠੀਆਂ ਉਤੇ ਰਹਿ ਕੇ ਕਿਵੇਂ ਹੋ ਸਕਦੀ ਸੀ ? ਕੇਵਲ ਪ੍ਰਮੇਸ਼ਰ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹਿਣਾ ਜੋ ਕਿ ਗੁਰਬਾਣੀ ਦਾ ਤੱਤ-ਸਾਰ ਹੈ, ਤਕ ਹੀ ਗੁਰਮਤਿ ਦੀ ਸੋਝੀ ਨੂੰ ਸੀਮਤ ਰੱਖ ਲਿਆ ਗਿਆ। ਖਾਲਸਾ ਪ੍ਰਮੇਸ਼ਰ ਦੇ ਭਾਣੇ (ਹੁਕਮ) ਨੂੰ ਖਿੜੇ-ਮੱਥੇ ਝਲਦਾ, ਸਮੇਂ ਦੇ ਝੱਖੜ-ਝੋਲਿਆਂ ਨਾਲ ਜੂਝਦਾ, ਬੇਪਰਵਾਹੀ ਦਾ ਜੀਵਨ ਬਸਰ ਕਰਦਾ ਰਿਹਾ।

ਭਾਵੇਂ ਉਹ ਸਮਾਂ ਭੀ ਆਇਆ, ਜਦੋਂ ਖਾਲਸਾ ਆਪਣੀ ਹੋਂਦ ਨੂੰ ਕਾਇਮ ਰੱਖਣ ਦੇ ਨਾਲ ਨਾਲ ਸੰਸਾਰੀ ਰਾਜ-ਭਾਗ ਦਾ ਮਾਲਕ ਭੀ ਬਣ ਗਿਆ। ਸੰਸਾਰੀ ਰਾਜ-ਭਾਗ ਨੇ ਖਾਲਸੇ ਨੂੰ ਸੱਚ ਧਰਮ ਤੋਂ ਖਿੜਕਾ ਦਿੱਤਾ। ਸੱਚ ਦਾ ਪ੍ਰੇਮੀ ਖਾਲਸਾ ਮਾਇਆ ਦੇ ਪ੍ਰਭਾਵ ਕਾਰਨ, ਭੇਖਧਾਰੀਆਂ ਦੇ ਅਧੀਨ ਹੁੰਦਾ ਚਲਿਆ ਗਿਆ। ਅਬਿਨਾਸ਼ੀ ਰਾਜ ਦਾ ਇੱਛਕ ਖਾਲਸਾ, ਸੰਸਾਰੀ ਰਾਜ ਦੀ ਪ੍ਰਾਪਤੀ ਲਈ ਗੁਰੂ ਤੋਂ ਮੁਖ ਮੋੜ ਗਿਆ। ਰਾਜ-ਭਾਗ ਨੂੰ ਕਾਇਮ ਰੱਖਣ ਲਈ ਉਨ੍ਹਾਂ ਸ਼ਕਤੀਆਂ ਦਾ ਗੁਲਾਮ ਹੋ ਗਿਆ ਜਿਹੜੀਆਂ ਸ਼ਕਤੀਆਂ, ਸਿੱਖੀ ਨੂੰ ਹੀ ਮਿਟਾ ਦੇਣਾ ਚਾਹੁੰਦੀਆਂ ਸਨ।

ਇਹ ਉਹ ਸਮਾਂ ਸੀ, ਜਦੋਂ ਸਿੱਖੀ ਦਾ ਪ੍ਰਚਾਰ ਦੁਬਾਰਾ ਆਰੰਭ ਹੋਇਆ। ਕਈ ਇਤਿਹਾਸਕ ਪੋਥੀਆਂ ਗੁਰ-ਇਤਿਹਾਸ ਦੇ ਨਾਉਂ ਹੇਠ ਤਿਆਰ ਕਰਵਾਈਆਂ ਗਈਆਂ, ਜਿਨ੍ਹਾਂ ਦਾ ਅਸਲ ਕੰਮ, ਗੁਰਮਤਿ ਨੂੰ ਦਿਸ਼ਾਹੀਨ ਕਰ ਦੇਣ ਦਾ ਹੀ ਸੀ। ਪੜੇ-ਲਿਖੇ ਪੰਡਤਾਂ ਨੂੰ ਸਿੱਖੀ ਭੇਖ ਧਾਰਨ ਕਰਵਾ ਕੇ ਗੁਰਬਾਣੀ ਦਾ ਟੀਕਾ ਤਿਆਰ ਕਰਵਾ ਲਿਆ ਗਿਆ, ਜਿਸ ਦਾ ਵਿਰੋਧ ਉਸ ਸਮੇਂ ਦੇ ਗੁਰਸਿੱਖਾਂ ਨੇ ਭੀ ਜ਼ੋਰ-ਸ਼ੋਰ ਨਾਲ ਤਾਂ ਕੀਤਾ, ਪਰ ਗੁਰਬਾਣੀ ਨੂੰ ਅਰਥਾਉਣ ਦੀ ਸਮਰੱਥਾ ਉਨ੍ਹਾਂ ਸਿੱਖਾਂ ਕੋਲ ਭੀ ਨਹੀਂ ਸੀ।

ਇਸ ਲਈ ਬਿਪਰਵਾਦ ਦੇ ਪ੍ਰਚਾਰ ਨੂੰ ਹੀ 'ਸੱਚ' ਦਾ ਪ੍ਰਚਾਰ ਮੰਨ ਕੇ ਪ੍ਰਚਾਰਿਆ ਜਾਂਦਾ ਰਿਹਾ ਜਿਸ ਦਾ ਸਿੱਟਾ ਅੱਜ ਸਾਡੇ ਸਾਹਮਣੇ ਹੈ। ਪਿਛਲੇ ਦਿਨੀਂ ਅਮਰੀਕਾ ਅਤੇ ਹੋਰ ਇੱਕੜ-ਦੁੱਕੜ ਯੂਰੋਪੀਨ ਦੇਸ਼ਾਂ ਵਿਚ ਸਿੱਖਾਂ 'ਤੇ ਹਮਲੇ ਇਸ ਲਈ ਹੋ ਗਏ ਕਿਉਂਕਿ ਸਿੱਖਾਂ ਅਤੇ ਅਫਗਾਨਾਂ ਦਾ ਬਾਹਰੀ ਸਰੂਪ ਇਕੋ ਜਿਹਾ ਹੈ।

ਸਾਡੇ ਮਿਸ਼ਨਰੀ, ਜਿਨ੍ਹਾਂ ਦੀ ਤਾਦਾਦ ਕਾਫੀ ਜ਼ਿਆਦਾ ਹੈ ਅਤੇ ਯੂਰਪੀਨ ਦੇਸ਼ਾਂ ਵਿਚ ਭੀ ਉਨ੍ਹਾਂ ਦੇ ਪੜੇ-ਪੜ੍ਹਾਏ, ਕਾਫੀ ਪ੍ਰਚਾਰਕ ਘੁੰਮਦੇ ਰਹਿੰਦੇ ਹਨ। ਉਨ੍ਹਾਂ ਦਾ ਪਚਾਰ ਗੁਰਮਤਿ ਦੀ ਵਿਚਾਰਧਾਰਕ ਸੋਝੀ ਦੀ ਬਜਾਇ ਕੇਵਲ ਰਹਿਤ ਮਰਯਾਦਾ ਅਤੇ ਭੇਖ ਤਕ ਹੀ ਸੀਮਤ ਹੈ। ਹੁਣ ਯੂਰੋਪ ਦੇ ਲੋਕਾਂ ਨੂੰ ਸਿੱਖੀ ਤੋਂ ਜਾਣੂ ਕਰਾਉਣ ਦੀ ਲੋੜ ਪੈ ਗਈ ਹੈ। ਸਿੱਖੀ ਦੀ ਸੋਝੀ ਕਰਾ ਦੇਣ ਵਿਚ ਪ੍ਰਚਾਰਕ ਜਾਂ ਚਿਟਕੱਪੜੀਏ ਸੰਤਾਂ ਦੀ ਟੋਲੀ ਜਾਂ ਸਾਡੀਆਂ ਸੰਪਰਦਾਵਾਂ ਦੇ ਪੜਾਏ ਹੋਏ ਗਿਆਨੀ, ਯੂਨੀਵਰਸਟੀਆਂ ਦੇ ਵਿਦਵਾਨ ਜਾਂ ਨਾਮਧਾਰੀਆਂ ਦਾ ਅਖੌਤੀ ਸਤਿਗੁਰੂ ਅਤੇ ਉਸ ਦੇ ਚੇਲੇ, ਸਾਰੇ ਦੇ ਸਾਰੇ ਅਸਫਲ ਹੋ ਚੁਕੇ ਹਨ। ਸੰਸਾਰ ਨੂੰ ਅੱਜ ਲੋੜ ਹੈ ਉਸ ਗੁਰਮੁਖੀ ਬੁਧੀ ਦੀ, ਜਿਹੜੀ ਗੁਰਮਤਿ ਦੀ ਵਿਚਾਰਧਾਰਕ ਸੋਝੀ ਕਰਾ ਦੇਣ ਦੀ ਸਮਰੱਥਾ ਰੱਖਦੀ ਹੋਵੇ।

ਪਿਛਲੀ ਵੀਹਵੀਂ ਸਦੀ ਦੇ ਆਰੰਭ ਤੋਂ ਹੀ ਗੁਰਸਿੱਖ, ਗੁਰਮਤਿ ਦੇ ਸਹੀ ਪ੍ਰਚਾਰ ਦੀ ਚਿੰਤਾ ਵਿਚ ਲੱਗੇ ਹੋਏ ਹਨ। ਇਸ ਖੇਤਰ ਵਿਚ ਭਾਵੇਂ ਬਹੁਤ ਸਾਰਾ ਕੰਮ, ਉਨ੍ਹਾਂ ਦੇ ਉਪਰਾਲਿਆਂ ਸਦਕਾ ਅੱਜ ਤਕ ਹੋਇਆ ਭੀ ਹੈ ਪਰ ਗੁਰਮਤਿ ਦੇ ਪ੍ਰਚਾਰ ਵਿਚੋਂ ਪਾਖੰਡਵਾਦ ਨੂੰ ਬਾਹਰ ਕੱਢ ਕੇ ਦੁੱਧ ਅਤੇ ਪਾਣੀ ਨੂੰ ਵੱਖਰਾ ਵੱਖਰਾ ਕਰ ਦੇਣ ਦਾ ਅਸਲੀ ਕੰਮ ਅਜੇ ਬਾਕੀ ਹੈ। ਨਿਰੋਲ ਸਿੱਖੀ ਹੀ ਗੁਰਸਿੱਖ ਨੂੰ ਆਪਣੇ ਮੂਲ ਨਾਲ ਜੋੜ ਦੇਣ ਵਿਚ ਸਮਰੱਥ ਹੈ।

ਸੱਚ ਤਾਂ ਇਹ ਹੈ ਕਿ ਜਦੋਂ ਤੋਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਸਿੱਖਾਂ ਕੋਲ ਆਈ ਹੈ ਉਦੋਂ ਤੋਂ ਲੈ ਕੇ ਹੁਣ ਤਕ ਅਸੀਂ ਸਿੱਖਾਂ ਦੀ ਹੀ ਚਿੰਤਾ ਕੀਤੀ ਹੈ, ਸਿੱਖੀ ਦੀ ਚਿੰਤਾ ਦੀ ਲੋੜ ਅਜੇ ਤਕ ਸਾਨੂੰ ਮਹਿਸੂਸ ਹੀ ਨਹੀਂ ਹੋਈ। ਪਰ ਹੁਣ ਜੋ ਪ੍ਰਮੇਸ਼ਰ ਨੇ ਖੇਡ ਵਰਤਾਈ ਹੈ, ਉਸ ਨਾਲ ਹੀ ਸ਼ਾਇਦ ਅਸੀਂ ਗਫਲਤ ਦੀ ਨੀਂਦ ਵਿਚੋਂ ਜਾਗ ਕੇ, ਗੁਰੂ-ਘਰ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਲਈ ਸਾਵਧਾਨ ਹੋ ਜਾਈਏ ਅਤੇ ਉਸ ਜ਼ਿੰਮੇਵਾਰੀ ਨੂੰ ਈਮਾਨਦਾਰੀ ਨਾਲ ਨਿਭਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ!

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



Chicago's Pizza with a Twist
Call: 1-209-398-2221









Parvinder Dhesi
Kulwant Sandhu
1471 B St., Unit B, Livingston, CA 95334

# ਪਰਵਾਸੀ ਮਜ਼ਦੂਰਾਂ ਦੀ ਤ੍ਰਾਸਦੀ ਬਾਰੇ ਉੱਚ ਅਦਾਲਤਾਂ ਦੇ ਸ਼ਲਾਘਾਯੋਗ ਫੈਸਲੇ



ਐਸ ਐਲ ਵਿਰਦੀ
ਐਡਵੋਕੇਟ
91-98145-17499

ਕਰੋਨਾ ਮਹਾਂਮਾਰੀ ਕਾਰਨ ਬੰਦ ਹੋਈਆਂ ਉਦਯੋਗਿਕ ਇਕਾਈਆਂ ਤੋਂ ਬੇਰੋਜ਼ਗਾਰ ਹੋਏ ਕਰੋੜਾਂ ਪਰਵਾਸੀ ਮਜ਼ਦੂਰਾਂ ਦੀ ਦੇਸ਼ ਦੀਆਂ ਸੜਕਾਂ ਉਤੇ ਹੋ ਰਹੀ ਖੱਜਲ-ਖੁਆਰੀ ਨੂੰ ਲੈ ਕੇ ਦੇਸ਼ ਦੀ ਸਰਬ ਉਚ ਅਦਾਲਤ ਸੁਪਰੀਮ ਕੋਰਟ ਦੇ ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਐਲ ਆਰ ਸ਼ਾਹ ਸੂਓ ਮੋਟੋ ਲੈਂਦਿਆ ਆਪਣੇ ਅੰਤਰਿਮ ਆਦੇਸ਼ ਵਿੱਚ ਕਿਹਾ ਹੈ ਕਿ ਮਜ਼ਦੂਰਾਂ ਨੂੰ ਉਹਨਾਂ ਦੇ ਘਰੀਂ ਪਹੁੰਚਾਉਣ ਸਮੇਂ ਉਹਨਾਂ ਤੋਂ ਬੱਸਾਂ ਅਤੇ ਟਰੇਨਾਂ ਦਾ ਕਿਰਾਇਆ ਨਾ ਲਿਆ ਜਾਵੇ। ਸੂਬਾ ਸਰਕਾਰਾਂ ਮਜ਼ਦੂਰਾਂ ਦਾ ਕਿਰਾਇਆ ਦੇਣਗੀਆਂ ਅਤੇ ਉਨ੍ਹਾਂ ਨੂੰ ਘਰ ਪਹੁੰਚਾਉਣ ਦੀ ਸਾਰੀ ਵਿਵਸਥਾ ਕਰਨਗੀਆਂ। ਰਸਤੇ ਵਿੱਚ ਉਹਨਾਂ ਨੂੰ ਖਾਣਾ ਰੇਲਵੇ ਦੇਵੇਗਾ। ਸਰਵਉਚ ਅਦਾਲਤ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰਾਂ ਮਜ਼ਦੂਰਾਂ ਦੀ ਵਾਪਸੀ ਵਿੱਚ ਤੇਜ਼ੀ ਲਿਆਉਣ ਤੇ ਵੱਖ ਵੱਖ ਸਥਾਨਾਂ 'ਤੇ ਫਸੇ ਸਾਰੇ ਪਰਵਾਸੀ ਮਜ਼ਦੂਰਾਂ ਨੂੰ ਸਬੰਧਿਤ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਤੇ ਹੀ ਭੋਜਨ ਦਾ ਪ੍ਰਬੰਧ ਕਰਨ। ਮਜ਼ਦੂਰਾਂ ਦੀ ਰਜਿਸਟਰੇਸ਼ਨ ਤੋਂ ਬਾਅਦ ਰਾਜ ਇਹ ਯਕੀਨੀ ਬਣਾਉਣਗੇ ਕਿ ਉਹ ਇੱਕ ਨਿਸਚਿਤ ਤਰੀਕ 'ਤੇ ਉਨ੍ਹਾਂ ਨੂੰ ਟਰੇਨ ਜਾਂ ਬੱਸ ਵਿੱਚ ਚੜ੍ਹਾਉਣ ਦਾ ਪ੍ਰਬੰਧ ਕਰਨਗੇ। ਮਜ਼ਦੂਰਾਂ ਨੂੰ ਟਰੇਨਾਂ ਤੇ ਬੱਸਾਂ ਵਿੱਚ ਚੜ੍ਹਨ ਦਾ ਸਮਾਂ ਵੀ ਦੱਸਿਆ ਜਾਵੇ। ਮਾਨਯੋਗ ਜੱਜ ਸਹਿਬਾਨ ਨੇ ਇਹ ਵੀ ਸਵਾਲ ਕੀਤਾ ਕਿ ਅਜਿਹੀਆਂ ਘਟਨਾਵਾਂ ਹੋਈਆਂ ਹਨ ਕਿ ਸੂਬਿਆਂ ਨੇ ਪਰਵਾਸੀ ਮਜ਼ਦਰਾਂ ਨੂੰ ਆਪਣੇ ਪ੍ਰਦੇਸ਼ ਵਿਚ ਪ੍ਰਵੇਸ਼ ਕਰਨ ਤੋਂ ਰੋਕਿਆ ਹੈ। ਇਸ ਤੇ ਸਾਲਿਸਟਰ ਜਨਰਲ ਨੇ ਕਿਹਾ ਕਿ ਕੋਈ ਵੀ ਸੂਬਾ ਪਰਵਾਸੀਆਂ ਦਾ ਪ੍ਰਵੇਸ਼ ਰੋਕ ਨਹੀਂ ਸਕਦਾ, ਉਹ ਭਾਰਤ ਦੇ ਨਾਗਰਿਕ ਹਨ। ਸਰਬਉਚ ਅਦਾਲਤ ਨੇ ਸਪੱਸ਼ਟ ਕੀਤਾ ਕਿ ਉਹ ਇਹ ਨਿਰਦੇਸ਼ ਸੂਬਾ ਸਰਕਾਰਾਂ ਨੂੰ ਜਾਰੀ ਕਰ ਰਹੀ ਹੈ।

ਸੁਪਰੀਮ ਕੋਰਟ 'ਚ ਸੁਣਵਾਈ ਦੇ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸੋਲਿਸਟਰ ਜਨਰਲ ਤੁਸ਼ਾਰ ਮੇਹਤਾ ਨੇ ਅਦਾਲਤ ਨੂੰ ਦੱਸਿਆ ਕਿ ਕੇਂਦਰ ਸਰਕਾਰ ਨੇ 3700 ਟਰੇਨਾਂ ਪ੍ਰਵਾਸੀ ਮਜ਼ਦੂਰਾਂ ਲਈ ਚਲਾ ਰੱਖੀਆਂ ਹਨ। ਇੱਕ ਮਈ ਤੋਂ ਲੈ ਕੇ 27 ਮਈ ਤੱਕ 91 ਲੱਖ ਪ੍ਰਵਾਸੀ ਮਜ਼ਦੂਰ ਆਪਣੇ ਘਰੀਂ ਪਿੰਡ ਜਾ ਚੁੱਕੇ ਹਨ। ਗੁਆਂਢੀ ਸੂਬਿਆਂ ਦੇ ਸਹਿਯੋਗ ਨਾਲ 40 ਲੱਖ ਨੂੰ ਸੜਕ ਤੋਂ ਸ਼ਿਫਟ ਕੀਤਾ ਗਿਆ ਹੈ। ਬਿਹਾਰ ਸਰਕਾਰ ਨੇ ਚੋਟੀ ਦੀ ਅਦਾਲਤ ਨੂੰ ਦੱਸਿਆ ਕਿ ਉਸ ਦੇ ਇੱਥੇ 10 ਲੱਖ ਪ੍ਰਵਾਸੀ ਮਜ਼ਦੂਰ ਸੜਕ ਰਾਹੀਂ ਆਏ ਹਨ। ਪਟੀਸ਼ਨਰ ਕਰਤਾ ਦੇ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਪਿਛਲੀ ਮਰਦਮਸ਼ੁਮਾਰੀ ਵਿੱਚ 3 ਕਰੋੜ ਪ੍ਰਵਾਸੀ ਮਜ਼ਦੂਰ ਸਨ, ਜੋ ਹੁਣ 4 ਕਰੋੜ ਹੋ ਚੁੱਕੇ ਹਨ। ਇਸ ਤਰ੍ਹਾਂ ਤਾਂ 4 ਕਰੋੜ ਨੂੰ ਭੇਜਣ ਵਿੱਚ ਤਿੰਨ ਮਹੀਨੇ ਹੋਰ ਲੱਗਣਗੇ। ਸਿਰਫ 3 ਫੀਸਦੀ ਟਰੇਨਾਂ ਦਾ ਹੀ ਇਸਤੇਮਾਲ ਹੋ ਰਿਹਾ ਹੈ, ਇਸ ਲਈ ਹੋਰ ਟਰੇਨਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ। ਸੁਪਰੀਮ ਕੋਰਟ ਕਿਹਾ ਸਰਕਾਰਾਂ ਨੇ ਪ੍ਰਬੰਧ ਤਾਂ ਕੀਤੇ ਹਨ ਪਰ ਵੱਡੀ ਗਿਣਤੀ ਮਜ਼ਦੂਰਾਂ ਨੂੰ ਰਾਹਤ ਨਹੀਂ ਪਹੁੰਚ ਰਹੀ। ਨਾਮ ਰਜਿਸਟਰ ਕਰਵਾਉਣ ਲਈ ਵੀ ਪਰਵਾਸੀ ਮਜ਼ਦੂਰਾਂ ਨੂੰ ਔਕੜਾਂ ਦਾ ਸਾਹਮਣਾ ਅਤੇ ਆਪਣੇ ਘਰੀਂ ਜਾਣ ਲਈ ਲੰਬਾ ਇੰਤਜਾਰ ਕਰਨਾ ਪੈ ਰਿਹਾ ਹੈ। ਦੇਸ਼ ਦੀ ਸਰਬਉਚ ਅਦਾਲਤ ਦਾ ਇਹ ਫੈਸਲਾ ਸ਼ਲਾਘਾਯੋਗ ਕਦਮ ਹੈ। ਜਿਸ ਦੀ ਪ੍ਰਸੰਸਾ ਹੋਣੀ ਚਾਹੀਦੀ ਹੈ।

ਦੇਸ਼ ਦੇ ਰਾਜਾਂ ਦੀਆਂ ਵੱਖ ਵੱਖ ਹਾਈ ਕੋਰਟਾਂ ਨੇ ਵੀ ਪਿੱਛਲੇ ਦਿਨੀ ਪਰਵਾਸੀ ਮਜ਼ਦੂਰਾਂ ਦੀ ਤ੍ਰਾਸਦੀ ਬਾਰੇ ਸ਼ਲਾਘਾਯੋਗ ਫੈਸਲੇ ਦਿੱਤੇ ਹਨ। ਮਦਰਾਸ ਹਾਈ ਕੋਰਟ ਨੇ 5 ਮਈ ਨੂੰ ਪ੍ਰਵਾਸੀ ਮਜ਼ਦੂਰਾਂ ਦੀ ਰਾਹਾਂ 'ਚ ਹੋ ਰਹੀ ਦੁਰਦਸ਼ਾ ਬਾਰੇ ਟਿਪਣੀ ਕਰਦਿਆਂ ਕਿਹਾ ਕਿ ਮਜ਼ਦੂਰਾਂ ਦੀ ਤਰਸਯੋਗ ਹਾਲਤ ਦੇਖ ਕੇ ਕੋਈ ਵੀ ਆਪਣੇ ਹੰਝੂਆਂ ਨੂੰ ਰੋਕ ਨਹੀਂ ਸਕਦਾ। ਆਂਧਰਾ ਪ੍ਰਦੇਸ਼ ਦੀ ਹਾਈ ਕੋਰਟ ਬੈਂਚ ਨੇ ਪ੍ਰਵਾਸੀ ਮਜ਼ਦੂਰਾਂ ਲਈ ਭੋਜਨ, ਆਸਰਾ ਗ੍ਰਹਿ ਅਤੇ ਉਨ੍ਹਾਂ ਨੂੰ ਘਰਾਂ 'ਚ ਪਹੁੰਚਾਉਣ ਲਈ ਲੁੜੀਂਦੇ ਪ੍ਰਬੰਧ ਕਰਨ ਲਈ ਸਰਕਾਰ ਨੂੰ ਆਦੇਸ਼ ਦਿੱਤਾ। ਕਲਕੱਤਾ ਹਾਈ ਕੋਰਟ ਦੀ ਬੈਂਚ ਨੇ ਸੂਬਾ ਸਰਕਾਰ ਨੂੰ ਪ੍ਰਵਾਸੀ ਮਜ਼ਦੂਰਾਂ ਬਾਰੇ ਇੱਕ ਮੁਕੰਮਲ ਰਿਪੋਰਟ ਤਿਆਰ ਕਰਕੇ ਬੈਂਚ ਅੱਗੇ ਰੱਖਣ ਲਈ ਕਿਹਾ। ਗੁਜਰਾਤ ਹਾਈ ਕੋਰਟ ਨੇ ਕੋਵਿਡ-19 ਨਾਲ ਪੀੜਤਾਂ ਦੇ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਵੱਲੋਂ ਲਈ ਜਾ ਰਹੀ ਫੀਸ ਦਾ ਨੋਟਿਸ ਲਿਆ। ਕਰਨਾਟਕ ਹਾਈ ਕੋਰਟ ਦੀ ਬੈਂਚ ਨੇ ਸੂਬਾ ਸਰਕਾਰ ਵੱਲੋਂ ਪ੍ਰਵਾਸੀ ਮਜ਼ਦੂਰਾਂ ਦੇ ਆਪਣੇ ਘਰਾਂ ਨੂੰ ਜਾਣ ਲਈ ਲੋੜੀਂਦੇ ਫੰਡ ਦੇਣ ਤੋਂ ਨਾਂਹ ਕਰਨ ਦਾ ਸਖਤ ਨੋਟਿਸ ਲਿਆ ਹੈ।

ਇਥੇ ਇਹ ਜਿਕਰਯੋਗ ਹੈ ਕਿ ਦੇਸ਼ ਵਿੱਚ ਮਜ਼ਦੂਰ ਹਿੱਤਾਂ ਲਈ ਕੰਮ ਕਰ ਰਹੀਆਂ ਐਨ ਜੀ ਓ ਨੇ ਕਰੋਨਾ ਮਹਾਂਮਾਰੀ ਕਾਰਨ ਕਰੋੜਾਂ ਮਜ਼ਦੂਰਾਂ ਦੀ ਸੜਕਾਂ ਉਤੇ ਹੋ ਰਹੀ ਖੱਜਲ-ਖੁਆਰੀ ਬਾਰੇ ਸੁਪਰੀਮਕੋਰਟ ਅਤੇ ਰਾਜਾਂ ਦੀਆਂ ਵੱਖ ਵੱਖ ਹਾਈ ਕੋਰਟਾਂ ਵਿੱਚ ਪਟੀਸ਼ਨਾਂ ਦਾਇਰ ਕਰਕੇ ਧਿਆਨ ਵਿਚ ਲਿਆਂਦਾ ਸੀ ਕਿ ਕਰੋੜਾਂ ਮਜ਼ਦੂਰ ਤੇ ਉਹਨਾਂ ਦੇ ਬੱਚੇ ਸੜਕਾਂ 'ਤੇ ਭੁੱਖੇ-ਪਿਆਸੇ ਵਿਲਕ ਤੇ ਲਿਲਕ ਰਹੇ ਹਨ। ਔਰਤਾਂ ਦਾ ਰੋ ਰੋ ਕੇ ਬੁਰਾ ਹਾਲ ਹੈ। ਬੱਚੇ, ਬੁੱਢੇ, ਅਪੰਗ ਗੱਠੜੀਆਂ ਵਿੱਚ ਬੰਨ੍ਹਕੇ ਉਹ ਘਨੇੜੀਆਂ, ਸਾਈਕਲਾਂ, ਟੈਚੀਆਂ ਤੇ ਰੱਖੇ ਹੋਏ ਪੈਦਲ ਆਪਣੇ ਘਰਾਂ ਨੂੰ ਜਾ ਰਹੇ ਹਨ। ਘਰ ਦਾ ਛੋਟਾ ਛੋਟਾ ਸਮਾਨ ਉਹ ਸਿਰਾਂ 'ਤੇ ਚੁੱਕੀ ਫਿਰਦੇ ਹਨ। ਲਗਾਤਾਰ ਮੀਲਾਂ ਵੱਧੀ ਰਾਤ-ਦਿਨ ਤੁਰਨ ਕਾਰਨ ਮਜ਼ਦੂਰਾਂ ਦੇ ਪੈਰ ਲਹੂ-ਲੁਹਾਣ ਹਨ। ਸੜਕਾਂ ਉਤੇ ਉਹਨਾਂ ਦੇ ਐਕਸੀਡੈਂਟ ਹੋ ਰਹੇ ਹਨ। ਸੈਂਕੜੇ ਮਜ਼ਦੂਰ ਸੜਕਾਂ 'ਤੇ ਕੁਚਲੇ ਜਾ ਚੁੱਕੇ ਹਨ। ਪਲਿਸ ਤਸ਼ੱਦਦ ਤੋਂ



ਬਚਣ ਲਈ ਮਜ਼ਦੂਰ ਰੇਲ ਲਾਈਨਾਂ ਉਤੇ ਚਲਦੇ ਮਾਰੇ ਜਾ ਰਹੇ ਹਨ। ਮਜ਼ਦੂਰਾਂ ਨਾਲ ਬਦਸਲੂਕੀ ਤੇ ਪਲਿਸ ਤਸ਼ੱਦਦ ਸ਼ਰੇਆਮ ਹੋ ਰਿਹਾ ਹੈ। ਸਰਕਾਰਾਂ ਵਲ੍ਹੋਂ ਮਜ਼ਦੂਰਾਂ ਦੇ ਘਰ ਵਾਪਸੀ ਲਈ ਲੁੜੀਂਦੇ ਆਵਾਜਾਈ ਦੇ ਸਾਧਨ ਨਹੀਂ ਜੁਟਾਏ ਜਾ ਰਹੇ। ਉਹਨਾਂ ਨੂੰ ਕਈ ਕਈ ਦਿਨ ਬੱਸ ਸਟੈਂਡਾ, ਰੇਲਵੇ ਸਟੇਸ਼ਨਾਂ 'ਤੇ ਕਦੇ ਇੱਧਰ, ਕਦੇ ਉਧਰ ਘੁਮਾ ਘੁਮਾ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਕੇਂਦਰ ਸਰਕਾਰ 'ਤੇ ਇਸ ਸੰਕਟ ਦੀ ਘੜੀ 'ਚ ਇਕਤਰਫਾ ਫੈਸਲਾ ਲੈਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਮੌਜੂਦਾ ਔਖੇ ਦੌਰ 'ਚ ਕੇਂਦਰ ਸਰਕਾਰ ਨੂੰ ਕੋਈ ਵੀ ਪਾਬੰਦੀ ਲਗਾਉਣ ਜਾਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਪਹਿਲਾਂ ਸੂਬਾ ਸਰਕਾਰਾਂ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੇਂਦਰ ਸਰਕਾਰ 'ਤੇ ਸਿਆਸਤ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਦੇਸ਼ 'ਚ ਲਾਕਡਾਊਨ ਦੀ ਯੋਜਨਾ ਗਲਤ ਢੰਗ ਨਾਲ ਬਣਾਈ ਗਈ ਅਤੇ ਇਸ ਨੂੰ ਲਾਗੂ ਕਰਨ ਦੇ ਹੁਕਮਾਂ ਅਤੇ ਪਾਬੰਦੀਆਂ 'ਚ ਛੋਟ ਸੰਬੰਧੀ ਨਿਰਦੇਸ਼ਾਂ 'ਚ ਬੜਾ ਵਖਰੇਵਾਂ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪ੍ਰਵਾਸੀ ਕਿਰਤੀਆਂ ਨੂੰ ਉਨ੍ਹਾਂ ਦੇ ਘਰ ਭੇਜਣ ਲਈ ਸੂਬਾ ਸਰਕਾਰਾਂ ਨੂੰ ਕੋਈ ਧਨ ਰਾਸ਼ੀ ਨਹੀਂ ਦਿੱਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੋਣ ਵਾਇਦੇ, 'ਜੇ ਉਹ ਸੱਤਾ 'ਚ ਆਏ ਤਾਂ ਉਹ ਹਵਾਈ ਚੱਪਲ ਪਹਿਨਣ ਵਾਲੇ ਮਜ਼ਦੂਰ ਨੂੰ ਹਵਾਈ ਜ਼ਹਾਜ ਚੜਾਉਣਗੇ' ਜੁਮਲਾ ਬਣਕੇ ਰਹਿ ਗਿਆ। ਉਹ ਮਜ਼ਦੂਰਾਂ ਨੂੰ ਹਵਾਈ ਸਫ਼ਰ ਨਹੀ ਕਰਾ ਸਕੇ ਪਰ ਝਾੜਖੰਡ ਦ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਕੋਸ਼ਿਸ਼ਾਂ ਕਰਕੇ ਮੁੰਬਈ ਤੋਂ ਝਾੜਖੰਡ ਤਕਰੀਬਨ 180 ਪਰਵਾਸੀ ਮਜ਼ਦੂਰ ਹਵਾਈ ਰਸਤਿਓ ਰਾਂਚੀ ਦੇ ਬਿਰਸਾ ਮੁੰਡਾ ਹਵਾਈ ਅੱਡੇ ਉਤੇ ਜਰੂਰ ਪਹੁੰਚਾ ਦਿੱਤੇ ਤੇ ਉਨ੍ਹਾਂ ਨੂੰ ਸਬੰਧਤ ਜ਼ਿਲ੍ਹੇ ਵਿੱਚ ਭੇਜਣ ਲਈ ਰਾਂਚੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੱਸਾਂ ਦੀ ਵਿਵਸਥਾ ਕੀਤੀ।

ਵਿਰੋਧੀ ਧਿਰ ਕਹਿੰਦੀ ਹੈ ਕਿ ਮੋਦੀ ਸਰਕਾਰ ਨੇ ਦੇਸ਼ ਨੂੰ ਆਰਥਿਕ ਤਬਾਹੀ ਵਿੱਚ ਝੋਕ ਦਿੱਤਾ ਹੈ। ਸੱਤਾਧਾਰੀ ਪਾਰਟੀ ਕਹਿੰਦੀ ਹੈ ਕਿ ਵਿਰੋਧੀ ਧਿਰ ਮਜ਼ਦੂਰਾਂ 'ਤੇ ਰਾਜਨੀਤੀ ਕਰ ਰਹੀ ਹੈ ਜਦਕਿ ਸਾਡੀ ਪਹਿਲਾਂ ਨਾਲੋਂ ਲੋਕ ਪ੍ਰਾਇਤਾ ਵਧੀ ਹੈ। ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਮੋਦੀ ਸਰਕਾਰ 'ਤੇ ਸਿਰਫ ਅਮੀਰਾਂ ਲਈ ਕੰਮ ਕਰਨ, ਗਰੀਬਾਂ ਦਾ ਮਜ਼ਾਕ ਉਡਾਉਣ ਅਤੇ ਉਨ੍ਹਾਂ ਨੂੰ ਨਾਗਰਿਕਾਂ ਦੇ ਰੂਪ 'ਚ ਪ੍ਰਾਪਤ ਅਧਿਕਾਰਾਂ ਤੋਂ ਵਾਂਝਿਆਂ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਨਰਿੰਦਰ ਮੋਦੀ ਦੇ 'ਅੱਛੇ ਦਿਨਾਂ ਦੇ ਜਾਦੂ' ਦੇ ਕਾਰਨ ਰੇਲਗੱਡੀਆਂ ਵੀ ਆਪਣਾ ਰਸਤਾ ਭਟਕ ਰਹੀਆਂ ਹਨ। ਅਫਸਰਸ਼ਾਹੀ ਪੂਰੇ ਦੇਸ਼ 'ਚ ਹਾਵੀ ਹੋ ਰਹੀ ਹੈ। ਜੇਕਰ ਵਿਰੋਧੀ ਪਾਰਟੀਆਂ ਇਸ ਬਾਰੇ ਆਪਣੀ ਗੱਲ ਕਹਿਣੀ ਚਾਹੁੰਦੀਆਂ ਹਨ ਜਾਂ ਉਨ੍ਹਾਂ ਨੂੰ ਕੋਈ ਸ਼ਿਕਾਇਤ ਹੈ ਤਾਂ ਉਸ ਨੂੰ ਸੁਣਿਆ ਜਾਣਾ ਚਾਹੀਦਾ ਹੈ ਤਾਂ ਕਿ ਸੰਕਟ ਦੀ ਇਸ ਘੜੀ 'ਚ ਦੇਸ਼ ਇਕਜੁੱਟ ਰਹੇ ਅਤੇ ਮਿਲਜੁਲ ਕੇ ਇਸ ਮਹਾਸੰਕਟ ਦਾ ਸਾਹਮਣਾ ਕੀਤਾ ਜਾ ਸਕੇ। ਅਸਲ ਵਿੱਚ ਵਿਰੋਧੀ ਧਿਰਾਂ ਇਕੱਠੇ ਹੋ ਕੇ ਪ੍ਰਵਾਸੀ ਮਜ਼ਦੂਰਾਂ ਦੀ ਤ੍ਰਾਸਦੀ ਨੂੰ ਸਰਕਾਰ ਅੱਗੇ ਰੱਖਣ ਵਿੱਚ ਅਸਫਲ ਰਹੀਆਂ ਹਨ।

ਰੋਮਨ ਮੈਗਸੈਸੇ ਅਵਾਰਡ ਜੇਤੂ ਕਰਮੱਠ ਪੱਤਰਕਾਰ ਰਵੀਸ਼ ਕੁਮਾਰ ਨੇ ਇੱਕ ਰਿਪੋਰਟ ਦਿਖਾਈ ਕਿ ਇੱਕ 11 ਸਾਲਾ ਚੌਥੀ ਕਲਾਸ ਦਾ ਵਿਦਿਆਰਥੀ ਬੱਚਾ, ਆਪਣੇ ਮਾਂ ਬਾਪ ਨੂੰ ਠੇਲੇ 'ਤੇ ਬਿਠਾ ਕੇ ਲਗਾਤਾਰ 9 ਦਿਨ ਠੇਲੇ ਨੂੰ ਸੜਕਾਂ 'ਤੇ ਚਲਾ ਕੇ ਬਨਾਰਸ ਤੋਂ ਅਰੜੀਆ ਤੱਕ 700 ਕਿ. ਮੀ. ਦਾ ਸਫਰ ਤੈਅ ਕਰਕੇ ਆਪਣੇ ਘਰ ਸੁਰੱਖਿਅਤ ਲੈ ਗਿਆ। ਬੱਚੇ ਦਾ ਬਾਪ ਬਨਾਰਸ ਵਿੱਚ ਠੇਲੇ 'ਤੇ ਮਜ਼ਦੂਰੀ ਕਰਦਾ ਸੀ। ਉਸ ਦਾ ਉਥੇ ਐਕਸੀਡੈਂਟ ਹੋ ਗਿਆ ਸੀ। ਉਸ ਦੇ ਪੈਰ 'ਤੇ ਪੱਥਰ ਡਿੱਗਣ ਨਾਲ ਉਸ ਦਾ ਪੈਰ ਟੁੱਟ ਗਿਆ। ਘਰੋਂ ਬੱਚਾ ਤੇ ਉਸ ਦੀ ਮਾਂ ਉਸ ਪ੍ਰਵਾਸੀ ਮਜ਼ਦੂਰ ਕੋਲ ਗਏ ਤਾਂ ਲਾਕਡਾਊਨ ਹੋ ਗਿਆ। ਬੱਚੇ ਨੇ ਦੱਸਿਆ ਕਿ ਜੇਕਰ ਉਥੇ ਰੋਟੀ ਪਾਣੀ ਦੀ ਸੁਵਿਧਾ ਰਹਿੰਦੀ ਤਾਂ ਉਹ ਬਨਾਰਸ ਤੋਂ ਵਾਪਸ ਨਾ ਆਉਂਦੇ੍ਰਸ ਨੇ ਦੱਸਿਆ ਕਿ ਉਹ ਪੁਲੀਸ ਸਟੇਸ਼ਨ ਵੀ ਗਏ, ਉਹ ਕਹਿੰਦੇ ਤੁਹਾਨੂੰ ਬੱਸਾਂ ਵਿੱਚ ਭੇਜਾਂਗੇ ਪਰ ਕੋਈ ਬੱਸ ਨਾ ਆਈ। ਉਸ ਦੱਸਿਆ ਕਿ ਰਸਤੇ ਵਿੱਚ ਰਾਤ ਨੂੰ ਜਿੱਥੇ ਕਿਤੇ ਪੈਟਰੋਲ ਪੰਪ ਆਉਦਾ ਸੀ, ਉਥੇ ਰੁਕ ਕੇ ਉਸ ਦੀ ਲਾਈਟ ਵਿੱਚ ਖਾਣਾ ਬਣਾ ਕੇ ਖਾ ਲੈਂਦੇ ਸੀ। ਥੋੜਾ ਸੌਂ ਲੈਂਦੇ ਤੇ ਫਿਰ ਚਲ ਪੈਂਦੇ ਸੀ। ਰਸਤੇ ਵਿੱਚ ਕਿਤੇ ਕਿਤੇ ਲੋਕਾਂ ਨੇ ਮਦਦ ਕੀਤੀ ਪਰ ਬਨਾਰਸ ਨਾਲੋਂ ਆਪਣੇ ਘਰ ਵਧੀਆ ਹੈ। ਕੋਰੰਨਟਾਈਨ ਕੈਂਪ ਵਿੱਚ ਬਾਸੀ ਖਾਣਾ ਮਿਲਦਾ ਸੀ।

ਸਕੂਲ ਪੜ੍ਹਦੀ ਬੇਟੀ ਆਪਣੇ ਬਜ਼ੁਰਗ ਪਿਤਾ ਨੂੰ ਸਾਈਕਲ ਦੇ ਪਿੱਛੇ ਬਿਠਾ ਕੇ ਸੈਂਕੜੇ ਮੀਲਾਂ ਦਾ ਪੈਂਡਾ ਤੈਹ ਕਰਕੇ ਆਪਣੇ ਘਰ ਪਹੁੰਚੀ। ਹਜ਼ਾਰਾਂ ਕਿਲੋਮੀਟਰ ਸਾਈਕਲ ਚਲਾ ਕੇ ਪਿਤਾ ਨੂੰ ਸੁਰੱਖਿਅਤ ਘਰ ਪਹੁੰਚਾਉਣ ਵਾਲੀ ਜੋਤੀ ਦੇ ਹੌਸਲੇ ਦੀ ਸ਼ਲਾਘਾ ਅਮਰੀਕਾ ਦੇ ਰਾਸ਼ਟਰਪਤੀ ਦੀ ਧੀ ਇਵਾਂਕਾ ਟਰੰਪ ਨੇ ਕੀਤੀ, ਤਾਂ ਭਾਰਤੀ ਲੀਡਰਾਂ 'ਚ ਵੀ ਵਧਾਈ ਦੇਣ ਦੀ ਹੋੜ 'ਚ ਫੋਟੋ ਦਿਖਾਉਣ ਲਈ ਲਾਈਨ ਲੱਗ ਗਈ। ਸੱਤ ਅੱਠ ਪਰਿਵਾਰਕ ਮੈਂਬਰਾਂ ਨੂੰ ਰਿਕਸ਼ੇ ਉਤੇ ਬਿਠਾਕੇ ਇੱਕ ਮਜ਼ਦੂਰ ਰਿਕਸ਼ਾ ਚਲਾ ਰਿਹਾ ਹੈ। ਉਪਰ ਬੈਠੇ ਵਾਰੋ-ਵਾਰੀ ਉਤਰ ਕੇ ਪਿੱਛਿਓ ਰਿਕਸ਼ੇ ਨੂੰ ਧੱਕਾ ਲਾ ਰਹੇ ਹਨ। ਪੁਲ ਦੀ ਚੜ੍ਹਾਈ ਆਉਣ 'ਤੇ ਕੁਝ ਉਤਰ ਜਾਂਦੇ, ਕੁਝ ਪਿੱਛਿਓ ਧੱਕ ਰਹੇ ਦਿਸਦੇ। ਰੇਲਵੇ ਸਟੇਸ਼ਨ ਉਤੇ ਭੁੱਖ ਨਾਲ ਮਰੀ ਪਈ ਮਾਂ ਨੂੰ ਜਗਾਉਦਾ ਮਸੂਮ ਬੱਚਾ ਸਭ ਨੇ ਦੇਖਿਆ। ਕੋਈ ਆਪਣੀ ਬੁੱਢੀ ਮਾਂ ਨੂੰ ਕੁੱਛੜ ਚੁੱਕ ਤੁਰ ਰਿਹਾ। ਕੋਈ ਆਪਣੇ ਬੁੱਢੇ ਬਾਪ ਨੂੰ ਘਨੇੜੀ ਚੁੱਕੀ ਜਾ ਰਿਹਾ, ਕੋਈ ਮਾਂ ਆਪਣੇ ਥੱਕ ਕੇ ਬੇਬੱਸ ਹੋਏ ਬੱਚੇ ਨੂੰ ਸੂਟਕੇਸ 'ਤੇ ਲਿਟਾ ਕੇ ਖਿੱਚੀ ਜਾ ਰਹੀ ਦਿਖਾਈ ਦਿੱਤੀ। ਕੋਈ ਆਪਣੇ ਪਾਲਤੂ ਜਾਨਵਰੇ ਨੂੰ ਮੋਢਿਆਂ 'ਤੇ ਰੱਖ ਤੁਰੀ ਜਾ ਰਿਹਾ। ਭੁੱਖ ਨਾਲ ਬੇਦਲ ਹੋਏ ਮਜ਼ਦੂਰਾਂ ਤੋਂ ਜ਼ੋਰ ਜ਼ਬਰੀ ਕੁੱਕੜ ਮਾਰਚ ਤੇ ਡੱਡੂ ਟਪੂਸੀਆਂ ਮਰਵਾਉਦੀ ਪਲਿਸ ਨੂੰ ਦੇਖਿਆ। ਇਹ ਸਭ ਲੋਕ, ਸਰਕਾਰੀ ਝੂਠੇ ਲਾਰਿਆਂ ਤੋਂ ਤੰਗ ਆ ਕੇ ਭੁੱਖੇ ਢਿੱਡ ਆਪਣੇ ਪਿੰਡਾਂ ਵੱਲ ਜਾ ਰਹੇ ਹਨ। ਬੰਬਈ ਤੋਂ ਜਾ ਰਹੀ ਰਾਜਧਾਨੀ ਟਰੇਨ ਦੀ ਟਾਇਲਟ 'ਚੋਂ ਮਜ਼ਦੂਰ ਮੋਹਨ ਦੀ ਲਾਸ਼ ਮਿਲੀ ਤੇ ਕਈ ਦਰਜਨਾਂ ਪ੍ਰਵਾਸੀ ਮਜ਼ਦੂਰ ਵਾਪਸ ਗਈਆਂ ਟਰੇਨਾਂ 'ਚ ਮਰੇ ਮਿਲੇ।

ਰੋਜ਼ਾਨਾ ਕਮਾਉਣ ਵਾਲੇ ਦਿਹਾੜੀਦਾਰ, ਮਿਸਤਰੀ, ਰਿਕਸ਼ੇ ਵਾਲੇ, ਥ੍ਰੀਵੀਲਰ ਵਾਲੇ, ਟੈਕਸੀ ਵਾਲੇ, ਡਰਾਈਵਰ, ਕੰਨਡਕਟਰ, ਰੇਹੜੀ-ਫੜੀ ਵਾਲੇ, ਫੇਰੀ ਵਾਲੇ, ਛੋਟੇ ਦੁਕਾਨਦਾਰ ਲਾਕਡਾਉਨ ਕਾਰਨ ਵਿਹਲੇ ਬੈਠੇ ਹਨ। ਉਹ ਪੈਸੇ ਪੈਸੇ ਲਈ ਤਰਸ ਰਹੇ ਹਨ ਤੇ ਪਿੰਡਾਂ-ਸ਼ਹਿਰਾਂ ਵਿੱਚ ਸਮਾਜ ਸੇਵੀ ਸੰਸਥਾਵਾਂ ਵਲ੍ਹੋਂ ਚਲਾਏ ਜਾ ਰਹੇ ਲੰਗਰਾਂ ਸਹਾਰੇ ਦਿਨ ਕਟੀ ਕਰ ਰਹੇ ਹਨ। ਬਿਹਾਰ, ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਰਗੇ ਗਰੀਬ ਸੂਬਿਆਂ ਦੇ ਪਿੰਡਾਂ ਅਤੇ ਕਸਬਿਆਂ 'ਚ ਸਹਿਮ ਦਾ ਮਾਹੌਲ ਹੈ।

ਕਰੋਨਾ ਮਹਾਂਮਾਰੀ ਦਾ ਮੁਕਾਬਲਾ ਕਰਨ ਲਈ ਕੇਂਦਰ ਸਰਕਾਰ ਨੇ 20 ਲੱਖ ਕਰੋੜ ਦਾ ਪੈਕਜ਼ ਤਾਂ ਦਿੱਤਾ, ਪਰ ਉਹ ਅਗਾਂਓ ਤਰੀਕ ਵਾਲਾ ਚੈਕ ਸਾਬਤ ਹੋ ਰਿਹਾ। ਹਾਂ ਇਸ ਨਾਲ ਨੀਰਵ ਮੋਦੀ, ਮੇਹਰ ਚੌਕਸੀ ਵਰਗੇ 50 ਬੈਂਕ ਲੋਨ ਡਿਫਾਲਟਰਾਂ ਦਾ 68607 ਕਰੋੜ ਰੁਪਿਆ ਜਰੂਰ ਮੁਆਫ਼ ਹੋ ਗਿਆ। ਹੋ ਸਕਦਾ ਕਰੋਨਾ ਦੀ ਆੜ ਵਿੱਚ ਸਰਮਾਏਦਾਰਾਂ ਨੂੰ ਲਾਭ ਹੋ ਜਾਵੇ ਕਿਉਂਕਿ ਕੇਂਦਰ ਤੇ ਕਈ ਰਾਜ ਸਰਕਾਰਾਂ ਮਜ਼ਦੂਰਾਂ ਲਈ ਸੁਰੱਖਿਤ ਕਨੂੰਨਾਂ ਨੂੰ ਪ੍ਰਭਾਵਹੀਣ ਕਰਨ ਲਈ ਬਦਲਾਵ ਕਰ ਰਹੀਆਂ ਹਨ। ਯੂ ਪੀ ਸਰਕਾਰ ਨੇ 1200 ਦਿਨਾਂ ਲਈ ਕਿਰਤ ਕਾਨੂੰਨਾਂ ਨੂੰ ਮੁਲਤਵੀ ਕਰ ਦਿੱਤਾ ਹੈ। ਇੰਜ ਹੀ ਮੱਧ ਪ੍ਰਦੇਸ਼ ਸਰਕਾਰ ਨੇ 1000 ਦਿਨਾਂ ਲਈ ਲੇਬਰ ਕਾਨੂੰਨ ਲਾਂਭੇ ਕਰ ਦਿੱਤੇ ਹਨ। ਰਾਜਸਥਾਨ ਪਹਿਲਾਂ ਹੀ ਛੇ ਸਾਲ ਪਿੱਛੇ ਵਸੁੰਧਰਾ ਰਾਜੇ ਦੀ ਅਗਵਾਈ ਵਾਲੀ ਸਰਕਾਰ ਅਧੀਨ ਇਹ ਫੈਸਲੇ ਲੈ ਚੁੱਕਾ ਹੈ।

ਪੰਜਾਬ ਵੀ ਅਜਿਹੀ ਪਹਿਲ ਕਰਨ ਲਈ ਤਿਆਰ ਬੈਠਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਸੂਬਿਆਂ 'ਚ ਕੰਮ ਦਾ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕੀਤਾ ਜਾ ਰਿਹਾ ਹੈ। ਪਾਰਟੀ ਸੱਤਾਧਾਰੀ ਹੋਵੇ ਜਾਂ ਵਿਰੋਧੀ ਧਿਰ, ਦੋਵੇਂ ਵੋਟ ਰਾਜਨੀਤੀ ਕਰ ਰਹੀਆਂ ਹਨ। ਕੇਦਰ ਤੇ ਰਾਜ ਸਰਕਾਰਾਂ ਮਜ਼ਦੂਰਾਂ ਦੇ ਖਾਣ-ਪੀਣ, ਰਹਿਣ ਦੇ ਯੋਗ ਪ੍ਰਬੰਧ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈਆਂ ਹਨ। ਲਾਕਡਾਊਨ ਦੇ ਸੰਕਟ 'ਚ ਸਮਾਜ ਸੇਵੀ ਸੰਸਥਾਵਾਂ ਦੇ ਲੱਖਾਂ ਨੌਜਵਾਨ ਸੰਘਰਸ਼ ਕਰ ਰਹੇ ਹਨ। ਭਾਰਤੀ ਨੌਜਵਾਨਾਂ ਦੇ ਇਸ ਉਪਰਾਲੇ ਦੀ ਹਰ ਪਾਸੇ ਪ੍ਰਸੰਸਾ ਹੋ ਰਹੀ ਹੈ। ਕਰੋਨਾ ਦੇ ਇਸ ਭਿਆਨਕ ਸੰਕਟ ਨੂੰ ਭਾਰਤ ਦੇ ਹਿੰਮਤੀ ਤੇ ਮੇਹਨਤਕਸ਼ ਲੋਕ ਸਰ ਕਰ ਹੀ ਲੈਣਗੇ ਪਰ ਸਰਕਾਰਾਂ ਉਤੇ ਪਰਵਾਸੀ ਮਜ਼ਦੂਰਾਂ ਦੇ ਦੁੱਖ ਦਰਦ ਦਾ ਕਰਜ਼ ਹਮੇਸ਼ਾ ਮੰਡਰਾਉਂਦਾ ਰਹੇਗਾ।

# ਰੁੱਸਿਆਂ ਨੂੰ ਮਨਾਉਣ ਲਈ ਕੈਪਟਨ ਨੇ ਵਿਧਾਇਕਾਂ ਨੂੰ ਕਰਵਾਇਆ ਲੰਚ, ਨਵਜੋਤ ਸਿੱਧੂ ਨਹੀ ਹੋਏ ਸ਼ਾਮਲ

**ਚੰਡੀਗੜ੍ਹ-** ਰੁੱਸੇ ਆਗੂਆਂ ਨੂੰ ਮਨਾਉਣ ਦੀ ਸ਼ੁਰੂ ਕੀਤੀ ਗਈ ਕਵਾਇਦ ਤਹਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੰਗਲਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਿਤ ਵਿਧਾਇਕਾਂ ਨੂੰ ਦੁਪਹਿਰ ਦਾ ਭੋਜਨ ਛਕਾ ਕੇ ਪਤਿਆਉਣ ਦਾ ਯਤਨ ਕੀਤਾ ਪਰ ਅਹਿਮ ਗੱਲ ਹੈ ਕਿ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਮੁੱਖ ਮੰਤਰੀ ਵੱਲੋਂ ਦਿੱਤੇ ਗਏ ਲੰਚ 'ਚ ਸ਼ਾਮਲ ਨਹੀਂ ਹੋਏ।

ਮੁੱਖ ਮੰਤਰੀ ਵੱਲੋਂ ਨਵਜੋਤ ਸਿੱਧੂ ਨੂੰ ਸੱਦਾ ਦਿੱਤਾ ਗਿਆ ਸੀ ਜਾਂ ਨਹੀਂ ਇਹ ਵੀ ਭੇਤ ਬਣਿਆ ਹੋਇਆ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਹੋਰਨਾਂ ਨੂੰ ਲੰਚ ਕਰਵਾ ਕੇ ਰੁੱਸਿਆਂ ਨੂੰ ਮਨਾਉਣ ਦੀ ਕਵਾਇਦ ਸ਼ੁਰੂ ਕੀਤੀ ਸੀ।

ਮੁੱਖ ਮੰਤਰੀ ਵੱਲੋਂ ਦਿੱਤੇ ਗਏ ਦੁਪਹਿਰ ਦੇ ਭੋਜਨ 'ਤੇ ਕੈਬਨਿਟ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਰਾਜ ਕੁਮਾਰ ਵੇਰਕਾ, ਇੰਦਰਬੀਰ ਸਿੰਘ ਬੁਲਾਰੀਆ, ਮੁੱਖ ਮੰਤਰੀ ਦੇ ਸਲਾਹਕਾਰ ਕੁਲਜੀਤ ਸਿੰਘ ਨਾਗਰਾ, ਸੁਨੀਲ ਦੱਤੀ ਤੇ ਹੋਰ ਵਿਧਾਇਕ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਵਿਧਾਇਕ ਪਿਛਲੇ ਕਾਫ਼ੀ ਸਮੇਂ ਤੋਂ ਮੁੱਖ ਮੰਤਰੀ ਨੂੰ ਮਿਲਣ ਲਈ ਸਮਾਂ ਮੰਗ ਰਹੇ ਸਨ।

ਮੰਤਰੀਆਂ ਅਤੇ ਮੁੱਖ ਸਕੱਤਰ ਵਿਚਕਾਰ ਪੈਦਾ ਹੋਈ ਕੁੜਤਣ ਕਾਰਨ ਕਈ ਵਿਧਾਇਕਾਂ ਨੇ ਟਵੀਟ ਕਰ ਕੇ ਮੁੱਖ ਸਕੱਤਰ 'ਤੇ ਉਂਗਲਾਂ ਚੁੱਕੀਆਂ ਸਨ, ਤਾਂ ਰਾਜ ਕੁਮਾਰ ਵੇਰਕਾ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਸੀ ਕਿ ਵਿਧਾਇਕ ਦਲ ਦੀ ਮੀਟਿੰਗ ਸੱਦੀ ਜਾਵੇ। ਪਿਛਲੇ ਦਿਨ ਵੀ ਰਾਜ ਕੁਮਾਰ ਵੇਰਕਾ ਨੇ ਬਰਗਾੜੀ ਕਾਂਡ ਤੇ ਬਹਿਬਲ ਕਲਾਂ ਕਾਂਡ ਵਿਚ ਇਨਸਾਫ਼ ਨਾ ਮਿਲਣ ਦੀ ਗੱਲ ਕਹੀ ਸੀ।

ਸੂਤਰ ਦੱਸਦੇ ਹਨ ਕਿ ਵਿਧਾਇਕਾਂ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਮੌਜੂਦਾ ਰਾਜਨੀਤਿਕ ਹਾਲਾਤ ਦੇ ਨਾਲ-ਨਾਲ ਕੋਰੋਨਾ ਬਾਰੇ ਗੱਲਬਾਤ ਕੀਤੀ ਹੈ।

ਮੁੱਖ ਮੰਤਰੀ ਨੇ ਵਿਧਾਇਕਾਂ ਵੱਲੋਂ ਨਾ ਮਿਲਣ ਦੀ ਮਿੱਥ ਨੂੰ ਤੋੜਨ ਦਾ ਯਤਨ ਕੀਤਾ ਹੈ ਕਿਉਂਕਿ 2022 ਦੀਆਂ ਚੋਣਾਂ ਨੇੜੇ ਆ ਰਹੀਆਂ ਹਨ। ਵਿਧਾਇਕਾਂ ਨਾਲ ਰਾਬਤਾ ਵਧਾਉਣ ਦਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਕੁਝ ਦਿਨ ਪਹਿਲਾਂ ਮੁੱਖ ਮੰਤਰੀ ਨੇ ਖ਼ੁਦ ਅਗਲੀਆਂ ਚੋਣਾਂ ਲੜਨ ਦਾ ਐਲਾਨ ਕੀਤਾ ਸੀ। ਜਦੋਂ ਕਿ 2017 ਦੀਆਂ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦੀ ਆਖ਼ਰੀ ਚੋਣ ਹੋਣ ਦੀ ਗੱਲ ਆਖੀ ਸੀ।

ਮੰਗਲਵਾਰ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਅਗਲੀਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਲੜਨ ਦਾ ਬਿਆਨ ਦਿੱਤਾ ਹੈ। ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿਧਾਇਕਾਂ ਨੂੰ ਲੰਚ ਦੇ ਕੇ ਜਿੱਥੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣ ਕੇ ਗੁੱਸਾ ਠੰਢਾ ਕਰਨ ਦਾ ਯਤਨ ਕੀਤਾ ਹੈ, ਉੱਥੇ ਭਵਿੱਖ ਦੀਆਂ ਚੋਣਾਂ ਨੂੰ ਲੈ ਕੇ ਲਾਮਬੰਦੀ ਵੀ ਸ਼ੁਰੂ ਕੀਤੀ ਹੈ।

### ਨਵਜੋਤ ਸਿੰਘ ਸਿੱਧੂ ਬਾਰੇ ਵੀ ਹੋਈ ਚਰਚਾ

ਸੂਤਰ ਦੱਸਦੇ ਹਨ ਕਿ ਮੀਟਿੰਗ ਦੌਰਾਨ ਨਵਜੋਤ ਸਿੱਧੂ ਬਾਰੇ ਵੀ ਚਰਚਾ ਹੋਈ ਕਿਉਂਕਿ ਕੁਝ ਦਿਨ ਪਹਿਲਾਂ ਸਿੱਧੂ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਖ਼ਬਰਾਂ ਨਸ਼ਰ ਹੋਈਆਂ ਸਨ।

ਸਿੱਧੂ ਦੇ ਆਪ ਵਿਚ ਸ਼ਾਮਲ ਹੋਣ ਦੀਆਂ ਖ਼ਬਰਾਂ ਉੱਡਣ ਤੋਂ ਬਾਅਦ ਰਾਜ ਕੁਮਾਰ ਵੇਰਕਾ ਨੇ ਬਿਆਨ ਦਿੱਤਾ ਸੀ ਕਿ ਸਿੱਧੂ ਕਿਤੇ ਨਹੀਂ ਜਾ ਰਹੇ।

ਉਹ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੇ ਪੀੜਤਾਂ ਨੂੰ ਨਿਆਂ ਨਾ ਦੇਣ ਅਤੇ ਡਰੱਗ ਮਾਮਲੇ ਵਿਚ ਸਹੀ ਕਦਮ ਨਾ ਉਠਾਏ ਜਾਣ ਕਾਰਨ ਨਾਰਾਜ਼ ਹਨ।





# ਸਤਲੁਜ ਦਰਿਆ: ਸਰਕਾਰਾਂ ਦੇ ਏਜੰਡੇ 'ਤੇ ਕਦੇ ਨਹੀ ਵਗਿਆ !



ਪਾਲ ਸਿੰਘ ਨੌਲੀ

ਪੰਜਾਂ ਪਾਣੀਆਂ ਦੀ ਧਰਤੀ ਦੇ ਜਾਇਆਂ ਦੇ ਜੋਸ਼ ਦੀ ਤੁਲਨਾ ਕਦੇ ਸੂਕਦੇ ਦਰਿਆਵਾਂ ਨਾਲ ਵੀ ਹੁੰਦੀ ਸੀ। ਪੰਜਾਬੀਆਂ ਦੇ ਜੁੱਸੇ ਵਿੱਚ ਜਿਹੜਾ ਲਹੂ ਦੌੜਦਾ ਹੈ ਅਸਲ 'ਚ ਉਸ ਵਿਚ ਇਸ ਧਰਤੀ 'ਤੇ ਵਗਦੇ ਦਰਿਆਵਾਂ ਦੀ ਤਾਸੀਰ ਹੈ। ਅਣਵੰਡੇ ਪੰਜਾਬ ਵਿੱਚ ਤਾਂ ਕਦੇ ਸੱਤ ਦਰਿਆ ਵੀ ਵਗਦੇ ਰਹੇ ਸਨ ਤੇ ਫਿਰ ਇਹ ਪੰਜ ਹੋ ਗਏ। 1947 ਤੋਂ ਬਾਅਦ ਪੰਜਾਬ ਦੇ ਹਿੱਸੇ ਢਾਈ ਦਰਿਆ ਹੀ ਰਹਿ ਗਏ। ਇਤਿਹਾਸ ਇਸ ਗੱਲ ਦਾ ਗਵਾਹ ਬਣਿਆ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿ-ਰਜਣਾ ਕੀਤੀ ਸੀ ਤਾਂ ਸਤਲੁਜ ਦਰਿਆ ਦੇ ਪਾਣੀ ਨੂੰ ਖੰਡੇ ਬਾਟੇ ਦੀ ਪਾਹੁਲ ਬਣਾ ਦਿੱਤਾ ਸੀ। ਸਿੱਖ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਨਾਲ ਜਿਹੜੀ ਸੰਧੀ ਕੀਤੀ ਸੀ ਉਸ ਦਾ ਗਵਾਹ ਰੋਪੜ ਨੇੜੇ ਸਤਲੁਜ ਦਾ ਕਿਨਾਰਾ ਬਣਿਆ ਸੀ। ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਅਸਥੀਆਂ ਵੀ ਸਤਲੁਜ ਵਿੱਚ ਜਲ ਪ੍ਰਵਾਹ ਕੀਤੀਆਂ ਗਈਆਂ ਸਨ। ਹੋਰ ਵੀ ਬਹੁਤ ਸਾਰਾ ਇਤਿਹਾਸ ਸਤਲੁਜ ਦੀਆਂ ਲਹਿਰਾਂ 'ਤੇ ਤੈਰਦਾ ਹੈ। ਉਹ ਪੰਜਾਬ ਤੇ ਪੰਜਾਬੀਆਂ ਨੂੰ ਆਵਾਜ਼ਾਂ ਮਾਰਦਾ ਹੈ ਪਰ ਕੋਈ ਇਸ ਦੀ ਖੈਰ ਖਵਾਹ ਸੁਣਨ ਵਾਲਾ ਕੋਈ ਨਹੀਂ ਦਿਸਦਾ। ਪੰਜਾਬ ਜਦੋਂ ਅਤਿਵਾਦ ਦੇ ਦੌਰ ਵਿੱਚੋਂ ਬਾਹਰ ਨਿਕਲ ਰਿਹਾ ਸੀ ਤਾਂ ਸ਼ਹਿਰਾਂ ਦਾ ਗੰਦਾ ਤੇ ਜ਼ਹਿਰੀਲਾ ਪਾਣੀ ਦਰਿਆਵਾਂ ਵਿੱਚ ਪੈਣ ਲੱਗ ਪਿਆ ਸੀ। 80ਵਿਆਂ ਦੇ ਦਹਾਕੇ ਤੋਂ ਸਤਲੁਜ ਦਰਿਆ ਵਿੱਚ ਗੰਦਗੀ ਪੈਣੀ ਸ਼ੁਰੂ ਹੋ ਗਈ ਸੀ ਪਰ ਕਿਸੇ ਨਹੀਂ ਸਣਿਆ। 90ਵਿਆਂ ਵਿੱਚ ਗੰਦਗੀ ਪੈਣ ਦਾ ਪ੍ਰਵਾਹ ਤੇਜ਼ ਹੋ ਗਿਆ। ਪੰਜਾਬ ਵਿੱਚ 1992 ਤੋਂ 2017 ਤੱਕ ਕਦੇ ਕਾਂਗਰਸ ਦਾ ਤੇ ਅਕਾਲੀ - ਭਾਜਪਾ ਦਾ ਰਾਜ ਰਿਹਾ। ਇਨ੍ਹਾਂ ਸਰਕਾਰਾਂ ਦੇ ਹੁੰਦਿਆਂ ਵਿਰੋਧੀ ਧਿਰਾਂ ਦੇ ਬੈਂਚਾਂ 'ਤੇ ਬਹਿਣ ਵਾਲਿਆਂ ਨੇ ਸਤਲੁਜ ਲਈ ਕੋਈ ਵੈਣ ਨਾ ਪਾਇਆ।

ਦਰਿਆ ਪਲੀਤ ਹੁੰਦਾ ਗਿਆ ਰਾਜਸੀ ਲੀਡਰਾਂ ਤੇ ਅਫਸਰਸ਼ਾਹੀ ਦੀ ਮਲੀਨ ਸੋਚ ਨਾਲ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਫਾਈਲਾਂ ਇਹ ਦਾਅਵਾ ਕਰਦੀਆਂ ਹਨ ਕਿ ਦਰਿਆ ਵਿੱਚ ਕੋਈ ਗੰਦਗੀ ਨਹੀਂ। ਇਸ ਬੋਰਡ ਦੇ ਅਧਿਕਾਰੀ ਅੰਕੜਿਆਂ ਨੂੰ ਗੇੜਾ ਦੇਣ ਦੇ ਮਾਹਿਰ ਹਨ। ਪੰਜਾਬ ਸਰਕਾਰ ਨੇ 2008 ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੈਂਬਰ ਬਣਾ ਦਿੱਤਾ। ਕਈ ਤਰ੍ਹਾਂ ਦੀਆਂ ਚਰਚਾਵਾਂ ਚੱਲੀਆਂ। ਇਹ ਪਹਿਲੀ ਵਾਰ ਹੋਇਆ ਕਿ ਬਾਬਾ ਜੀ ਦੇ ਮੈਂਬਰ ਬਣਨ ਨਾਲ ਲੋਕਾਂ ਦੇ ਮਸਲੇ ਬੋਰਡ ਦੇ ਅੰਦਰ ਉੱਠਣ ਲੱਗ ਪਏ ਤੇ ਬੋਰਡ ਦੀ ਕਾਰਗੁਜ਼ਾਰੀ ਲੋਕਾਂ ਦੀ ਕਚਹਿਰੀ ਵਿੱਚ ਆਉਣ ਲੱਗ ਪਈ। ਸਾਲ 2009 ਵਿੱਚ ਸੰਤ ਸੀਚੇਵਾਲ ਦੀ ਅਗਵਾਈ ਵਿੱਚ ਪਹਿਲੀ ਵਾਰ ਸਤਲੁਜ ਦਰਿਆ ਦੇ ਕੰਢੇ-ਕੰਢੇ ਵਾਤਾਵਰਣ ਚੇਤਨਾ ਮਾਰਚ ਕੱਢਿਆ ਗਿਆ ਸੀ। ਇਹ ਚੇਤਨਾ ਮਾਰਚ ਬੀਕਾਨੇਰ ਤੱਕ ਗਿਆ ਸੀ ਜਿੱਥੇ ਤੱਕ ਹਰੀਕੇ ਪੱਤਣ ਤੋਂ ਜ਼ਹਿਰੀਲੇ ਦੇ ਗੰਦੇ ਪਾਣੀ ਦੀ ਨਹਿਰ ਜਾਂਦੀ ਸੀ। ਇਸ ਚੇਤਨਾ ਮਾਰਚ ਨੇ ਰਾਜਸਥਾਨ ਦੇ ਲੋਕਾਂ ਨੂੰ ਹਲੂਣਿਆ ਕਿ ਪੰਜਾਬ ਤੋਂ ਉਨ੍ਹਾਂ ਨੂੰ ਇੰਡਸਟਰੀਆਂ ਤੇ ਸ਼ਹਿਰਾਂ ਦੀ ਗੰਦਗੀ ਪਿਲਾਈ ਜਾ ਰਹੀ ਹੈ, ਜਿਹੜੀ ਉਨ੍ਹਾਂ ਦੀਆਂ ਨਸਲਾਂ ਬਰਬਾਦ ਕਰੀ ਜਾ ਰਹੀ ਹੈ। ਇੱਕ ਦਹਾਕੇ ਤੱਕ ਲੋਕਾਂ ਨੇ ਸਰਕਾਰੀ ਲਾਣੇ ਦੀ ਢੀਠਤਾਈ ਬਰਦਾਸ਼ਤ ਕੀਤੀ। ਹੁਣ ਰਾਜਸਥਾਨ ਦੇ ਲੋਕ ਤਾਂ ਜਾਗ ਪਏ ਹਨ ਪਰ ਪੰਜਾਬੀ ਅਜੇ ਵੀ ਸੁੱਤੇ ਹੋਏ ਹਨ, ਜਿਹੜੇ ਆਪਣੇ ਪਾਣੀਆਂ ਨੂੰ ਪਲੀਤ ਹੋਣ ਦੇਈ ਜਾ ਰਹੇ ਹਨ। ਸਤਲੁਜ ਦਰਿਆ ਨੂੰ ਪਲੀਤ ਕਰਨ ਲਈ ਤੇ ਸੱਤਾ ਸੁਖ ਭੋਗਣ ਵਾਲੀਆਂ ਪਾਰਟੀਆਂ ਨੂੰ ਅੱਖਾਂ ਮੀਟੀ ਰੱਖਣ ਦਾ ਹਿੱਸਾਪਤੀ ਚੋਣ ਫੰਡ ਦੇ ਰੂਪ ਵਿੱਚ ਜਾਂਦਾ ਹੈ ਤੇ ਸਤਲੁਜ ਦੀ ਪਲੀਤ ਹੋ ਰਹੀ ਵਿਰਾਸਤ ਲਈ ਕੋਈ ਹਾਅ ਦਾ ਨਾਅਰਾ ਨਹੀਂ ਮਾਰ ਰਿਹਾ ਕਿਉਂਕਿ ਦਰਿਆ ਪਲੀਤ ਹੋਣ ਨਾਲ ਸੂਬੇ ਦੀ ਜੀਡੀਪੀ ਵਧ ਰਹੀ ਹੈ। ਲੋਕ ਬਿਮਾਰ ਹੋ ਰਹੇ ਹਨ ਤਾਂ ਹਸਪਤਾਲਾਂ ਦਾ ਕਾਰੋਬਾਰ ਵਧ ਰਿਹਾ ਹੈ। ਪੰਜਾਂ ਪਾਣੀਆਂ ਦੇ ਜਾਏ ਬੰਦ ਬੋਤਲਾਂ ਦਾ ਪਾਣੀ ਮੁੱਲ ਲੈ ਕੇ ਪੀ ਰਹੇ ਹਨ। ਮੁੱਲ ਦੇ ਪਾਣੀ ਦੀ ਕੀਮਤ ਕੌਣ ਤੈਅ ਕਰ ਰਿਹਾ ਹੈ ਪੰਜਾਬੀਆਂ ਨੂੰ ਇਸ ਗੱਲ ਦਾ ਇਲਮ ਨਹੀਂ। ਹਰ ਸਾਲ ਪਾਣੀ ਦੀ ਬੋਤਲ ਮਹਿੰਗੀ ਹੋ ਰਹੀ ਕੋਈ ਕੁਸਕ ਨਹੀਂ ਰਿਹਾ।

ਅਗਸਤ 2019 ਵਿੱਚ ਆਏ ਹੜ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਇੱਕਜੁਟ ਕੀਤਾ ਸੀ। ਉਦੋਂ ਅਸਲ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਦਰਸ਼ਨ ਹੋਏ ਸਨ। 30 ਜਨਵਰੀ 2020 ਦੀ ਤਾਰੀਕ ਵੀ ਸਤਲੁਜ ਦਰਿਆ ਦੇ ਇਤਿਹਾਸ ਵਿੱਚ ਦਰਜ ਹੋ ਗਈ ਹੈ ਜਦੋਂ ਹੜ੍ਹ ਪੀੜਤਾਂ ਦੀ ਅਗਵਾਈ ਕਰਦਿਆਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਤਲੁਜ ਦਰਿਆ ਵਿੱਚ ਹੜ੍ਹ ਆਉਣ ਦੀ ਜੜ੍ਹ ਨੂੰ ਫੜਦਿਆਂ ਇਸ ਵਿੱਚ ਜੰਮੀ 12 ਤੋਂ 18 ਫੁੱਟ ਤੱਕ ਮਿੱਟੀ ਕੱਢਣ ਦੀ ਕਾਰ ਸੇਵਾ ਸ਼ੁਰੂ ਕੀਤੀ ਸੀ। ਇਸ ਵਿੱਚ ਵੱਡੀ ਤੇ ਹਿੰਮਤ ਵਾਲੀ ਗੱਲ ਇਹੀ ਹੈ ਕਿ ਸਾਰਾ ਕੁਝ ਪਾਰਦਰਸ਼ੀ ਹੈ। ਸਤਲੁਜ ਦੇ ਕੰਢਿਆਂ 'ਤੇ ਵੱਸਣ ਵਾਲੇ ਜਿਹੜੇ ਲੋਕ ਹੜ੍ਹਾਂ ਨਾਲ ਉੱਜੜ ਜਾਂਦੇ ਸਨ ਉਨ੍ਹਾਂ ਨੇ ਗੁਰਬਾਣੀ ਦੀ ਉਸ ਪੰਕਤੀ ਨੂੰ ਅਮਲ ਵਿੱਚ ਲਿਆਂਦਾ ਜਿਸ ਵਿੱਚ ਕਿਹਾ ਗਿਆ ਹੈ,

ਆਪਣ ਹਥੀ ਆਪਣਾ ਆਪੈ ਹੀ ਕਾਜੁ ਸਵਾਰੀਐ£







ਜਦੋਂ ਤੱਕ ਸਾਡੇ ਪਾਣੀਆਂ ਦੇ ਸਰੋਤ ਚੋਣ ਮਨੋਰਥ ਪੱਤਰਾਂ ਵਿੱਚ ਥਾਂ ਨਹੀਂ ਮੱਲਣਗੇ ਦੋਂ ਤੱਕ ਕਿਸੇ ਰਾਜਸੀ ਪਾਰਟੀ ਨੇ ਪਲੀਤ ਹੁੰਦੇ ਪਾਣੀਆਂ ਦੀ ਬਾਤ ਨਹੀਂ ਪਾਉਣੀ। ਕੀ ਪੰਜਾਬ ਦੇ ਤਿੰਨ ਕਰੋੜ ਲੋਕ 117 ਬੰਦੇ ਅਜਿਹੇ ਨਹੀਂ ਚੁਣ ਸਕਦੇ ਜਿਹੜੇ ਇਮਾਨਦਾਰੀ ਨਾਲ ਕਹਿਣ ਕਿ ਕਿਹੜਾ ਹੈ ਮਾਈ ਦਾ ਲਾਲ ਜਿਹੜਾ ਸਤਲੁਜ ਦੀ ਹਸਤੀ ਨੂੰ ਖਤਮ ਕਰਨ ਦੀਆਂ ਗੋਂਦਾਂ ਗੁੰਦ ਰਿਹਾ ਹੈ। ਹੁਣ ਨਾ ਉਠੇ ਤਾਂ ਬੁੱਢੇ ਦਰਿਆ ਵਾਂਗ ਸਾਰੇ ਸਤਲੁਜ ਨੂੰ ਬੁੱਢਾ ਨਾਲਾ ਬਣਨ 'ਚ ਦੇਰ ਨਹੀਂ ਲੱਗਣੀ।


ਮਿਸ਼ਨ ਫਤਿਹ: ਕੋਵਿਡ-19 ਵਿਰੁੱਧ ਜੰਗ



ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ



ਸ: ਸਾਧੂ ਸਿੰਘ ਧਰਮਸੋਤ
(ਜੰਗਲਾਤ ਤੇ ਸਮਾਜਿਕ ਨਿਆਂ ਮੰਤਰੀ)



ਚੇਅਰਮੈਨ ਇੰਜੀ. ਮੋਹਲ ਲਾਲ ਸੂਦ

ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਜੀ ਦੀ ਛੱਤਰ ਛਾਇਆ ਹੇਠ ਅਤੇ ਕੈਬਨਿਟ ਮੰਤਰੀ ਸ: ਸਾਧੂ ਸਿੰਘ ਧਰਮਸੋਤ ਦੀ ਗਤੀਸ਼ੀਲ ਅਗਵਾਈ ਵਿਚ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਗਰੀਬਾਂ ਤੇ ਲੋੜਵੰਦਾਂ ਨੂੰ ਸਵੈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ। ਕੋਵਿਡ-19 ਦੀ ਮਹਾਂਮਾਰੀ ਤੋਂ ਉਭਾਰਨ ਲਈ ਅਨੁਸੂਚਿਤ ਜਾਤੀਆਂ ਦੇ ਗਰੀਬ ਲੋਕਾਂ ਨੂੰ 140.40 ਲੱਖ ਦੀ ਸਬਸਿਡੀ ਜਾਰੀ ਕੀਤੀ ਹੈ। ਲੌਕਡਾਊਨ ਕਾਰਨ ਫਸੀ ਕਰਜ਼ਿਆਂ ਦੀ ਰਹਿੰਦੀ ਰਕਮ 323.91 ਲੱਖ ਵੀ ਵੰਡਣ ਦੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

# ਨੇਤਾ ਦਾ ਕਿਰਦਾਰ

ਪਹਿਲਾਂ ਵੇਖੋ ਨੇਤਾ ਦਾ ਕਿਰਦਾਰ ਇਹਨੂੰ ਫੇਰ ਦਿਓ ਅਧਿਕਾਰ ।
ਕਰ ਦੇਣ ਜੋ ਪੂਰੇ ਕੀਤੇ ਗਏ ਇਕਰਾਰ ਉਨ੍ਹਾਂ ਤੇ ਕਰੋ ਇਤਬਾਰ ।
ਬਣ ਨੇਤਾ ਕਰੇ ਖੁਆਰ ਤਾਂ ਸਮਝੋ ਹੈ ਕੋਈ ਲਾਲਚ ਜਾਂ ਹੰਕਾਰ ।
ਪਹਿਲਾਂ ਵੇਖੋ ਨੇਤਾ ਦਾ ਕਿਰਦਾਰ ਇਹਨੂੰ ਫੇਰ ਦਿਓ ਅਧਿਕਾਰ ।

ਝੂਠੇ ਨੇਤਾ ਕਰਵਾ ਲੁੱਟ ਕਿਰਤ ਦੀ ਆਪਣਾ ਠਾਠ ਬਣਾਉਦੇ,
ਕੀਤੇ ਕੰਮ ਦਾ ਸਹੀ ਮੁੱਲ ਕੀ ਦੇਣਾ ਇਹ ਵਿੱਚੋਂ ਆਪ ਕਮਾਂਉਦੇ ।
ਵੋਟਾਂ ਵੇਲੇ ਆ ਜੀ ਜੀ ਕਰਦੇ ਫਿਰ ਮਿਲਣੋ ਹੁੰਦੇ ਨੇ ਇਨਕਾਰ,
ਪਹਿਲਾਂ ਵੇਖੋ ਨੇਤਾ ਦਾ ਕਿਰਦਾਰ ਇਹਨੂੰ ਫੇਰ ਦਿਓ ਅਧਿਕਾਰ ।

ਦੁੱਖ ਗਰੀਬ ਦਾ ਕਦੇ ਪੁੱਛਦੇ ਨਾਹੀਂ ਬਣ ਜਾਂਦੇ ਨੇ ਪੈਸੇ ਦੇ ਯਾਰ,
ਕਰੋੜਾਂ ਦੀਆਂ ਠਗੀਆਂ ਕਰ ਜੋ ਨੱਠੇ ਕਰਕੇ ਜਾਣ ਨਮਸਕਾਰ ।
ਖੇਲ ਤਕਦੀਰਾਂ ਦਾ ਪਾ ਰਾਸ ਰਚਾਂਉਦੇ ਤੇ ਸਾਂਭੀ ਰੱਖਦੇ ਸਰਕਾਰ,
ਪਹਿਲਾਂ ਵੇਖੋ ਨੇਤਾ ਦਾ ਕਿਰਦਾਰ ਇਹਨੂੰ ਫੇਰ ਦਿਓ ਅਧਿਕਾਰ ।

ਭੇਦ ਭਾਵ ਜਾਤ,ਧਰਮਾਂ ਵਿਚ ਪਾ ਇਹ ਵੰਡੀਆਂ ਥਾਂ-ਥਾਂ ਪਾਉਦੇ,
ਥੱਕ ਗਏ ਲੋਕੀ ਸੁਣ ਇਨ੍ਹਾਂ ਦੇ ਵਾਅਦੇ ਸੁੱਖੀ ਦਿਨ ਨਾਂ ਆਉਦੇ ।
ਪੰਜੀ ਸਾਲੀ ਬਣ ਜਾਦੂਗਰ ਆਉਂਦੇ ਕੱਢਕੇ ਨਵਾਂ ਇਸ਼ਤਿਹਾਰ,
ਪਹਿਲਾਂ ਵੇਖੋ ਨੇਤਾ ਦਾ ਕਿਰਦਾਰ ਇਹਨੂੰ ਫੇਰ ਦਿਓ ਅਧਿਕਾਰ ।

ਜ਼ਿੰਮੇਵਾਰੀ ਲਾਹ ਸਰਕਾਰ ਤੋਂ ਇਹ ਸਭ ਪ੍ਰਾਈਵੇਟ ਕਰੀ ਜਾਂਦੇ,
ਨੌਕਰੀਆ ਦਾ ਮੁਕਾ ਕੇ ਲਫੜਾ ਕੰਨਟਰੈਕਟ ਉਤੇ ਭਰੀ ਜਾਂਦੇ ।
ਚੋਰ ਆ ਬਹਿੰਦੇ ਸ਼ਰਨ ਇਨ੍ਹਾਂ ਦੀ ਪਰ ਇਹ ਦੱਸਦੇ ਪਹਿਰੇਦਾਰ,
ਪਹਿਲਾਂ ਵੇਖੋ ਨੇਤਾ ਦਾ ਕਿਰਦਾਰ ਇਹਨੂੰ ਫੇਰ ਦਿਓ ਅਧਿਕਾਰ ।

ਠੱਗ ਤੇ ਝੂਠੇ ਨੇਤਾ ਦਾ ਕਿਰਦਾਰ ਹੈ ਇਕੋ ਕਦੇ ਨਾ ਧੋਖਾ ਖਾਓ ,
ਠੱਗ ਦੀਆਂ ਗੱਲਾਂ ਵਿੱਚ ਫਸ ਜੋ ਜਾਂਦਾ ਉਹਦਾ ਹੁੰਦਾ ਨਾ ਬਚਾਓ ।
ਝੂਠਾ ਨੇਤਾ ਖਾਂਦਾ ਗੱਲਾਂ ਦਾ ਖੱਟਿਆ ਕਰੇ ਵਾਅਦੇ ਵਾਂਗ ਉਧਾਰ,
ਪਹਿਲਾਂ ਵੇਖੋ ਨੇਤਾ ਦਾ ਕਿਰਦਾਰ ਇਹਨੂੰ ਫੇਰ ਦਿਓ ਅਧਿਕਾਰ ।

ਬਣੇ ਰਹੇ ਜੇ ਹੋ ਕੇ ਖੰਡ ਦੇ ਬਾਵੇ ਤਾਂ ਚੂਸ-ਚੱਟ ਇਨ੍ਹਾ ਸਭ ਜਾਣੇ,
ਥੋੜ੍ਹੇ ਬਹੁਤੇ ਵਿੱਚ ਜੋ ਵੀ ਰੜਕੇ ਇਨ੍ਹਾਂ ਉਹ ਚਿੱਥ-ਚੱਬ ਕੇ ਖਾਣੇ ।
ਹੋ ਕੇ ਇਕਠੇ ਬਣ ਲੋਹਾ ਜਾਓ ਤੇ ਰੱਖੋ ਕਰ ਤੇਜ਼ ਤੇ ਤਿੱਖੀ ਧਾਰ,
ਪਹਿਲਾਂ ਵੇਖੋ ਨੇਤਾ ਦਾ ਕਿਰਦਾਰ ਇਹਨੂੰ ਫੇਰ ਦਿਓ ਅਧਿਕਾਰ ।



**- ਰਬਿੰਦਰ ਸ਼ਰਮਾ**
91-98146-67682

# ਲੈਂਦਾ ਨਹੀ ਕੋਈ ਸਾਰ ਬਜ਼ੁਰਗਾਂ ਦੀ..

ਵਿੱਚ ਬੁਢਾਪੇ ਲੈਂਦਾ ਨਹੀਂ, ਕੋਈ ਸਾਰ ਬਜੁਰਗਾਂ ਦੀ
ਏਦਾਂ ਤਾਂ ਫਿਰ ਪੈਣੀ ਕਦੇ ਨਹੀਂ, ਪਾਰ ਬਜੁਰਗਾਂ ਦੀ
ਵਿੱਚ ਬੁਢਾਪੇ ਲੈਂਦਾ ਨਹੀਂ ...

ਪਾਲ -ਪੋਸ਼ ਜਿੰਨਾ ਵੱਡਿਆ ਕੀਤਾ, ਕਦਰ ਨਹੀਂ ਕਰਦੇ ਬੱਚੇ
ਬੁੱਢੇ ਮਾਈ -ਬਾਪ ਨੂੰ, ਅੱਜ ਵੇਖ ਨਾ ਜਰਦੇ ਬੱਚੇ
ਏਸੇ ਕਰਕੇ ਹੁੰਦੀ ਨਹੀਂ, ਜੈ-ਜੈ ਕਾਰ ਬਜੁਰਗਾਂ ਦੀ
ਵਿੱਚ ਬੁਢਾਪੇ ਲੈਂਦਾ ਨਹੀਂ...

ਬਾਪ ਨੂੰ ਵੱਡਾ ਪੁੱਤ ਸਾਂਭਦਾ, ਮਾਂ ਨੂੰ ਛੋਟਾ ਵੀਰਾ
ਤੀਜਾ ਪੁੱਤਰ ਘਰ ਆਪਣੇ, ਕਰਦਾ ਨਿਤ ਕਚੀਰਾ
ਦੁੱਖ ਤੇ ਦਰਦ ਵੰਡਾਉਂਦੀ,ਨਹੀਂ ਸਰਕਾਰ ਬਜੁਰਗਾਂ ਦੀ
ਵਿੱਚ ਬੁਢਾਪੇ ਲੈਂਦਾ ਨਹੀਂ...

ਸ਼ਰਮ ਦੇ ਮਾਰੇ ਲੋਕਾਂ ਤੋਂ,ਪੁੱਤ ਸੰਗਦੇ ਸ਼ਰਮਾਉਂਦੇ ਨੇ
ਵੇਖ ਆਂਢ -ਗੁਆਂਢ ਸ਼ਰੀਕੇ ਵਾਲੇ, ਵੀ ਕੁਰਲਾਉਂਦੇ ਨੇ
ਐਂਵੇ ਤਾਂ ਨਹੀਂ ਹੁੰਦੀ ਪਈ,ਅੱਜ ਹਾਰ ਬਜੁਰਗਾਂ ਦੀ
ਵਿੱਚ ਬੁਢਾਪੇ ਲੈਂਦਾ ਨਹੀਂ...

ਪੁੱਤ- ਪੋਤਰੇ ਗੱਲ ਨਹੀਂ ਸੁਣਦੇ,ਪਾਸਾ ਵੱਟ ਲੰਘ ਜਾਂਦੇ
ਪੈਲੀ ਆਪਣੇ ਨਾਮ ਕਰਾਕੇ, ਹੁਣ ਨਹੀਂ ਨੈਣ ਮਿਲਾਂਦੇ
ਭਾਗਾਂ ਵਾਲੇ ਪੁੱਤ ਜੋ ਸੁਨਣ , ਪੁਕਾਰ ਬਜੁਰਗਾਂ ਦੀ
ਵਿੱਚ ਬੁਢਾਪੇ ਲੈਂਦਾ ਨਹੀਂ....

ਖਾਣਾ -ਪੀਣਾ ਦੁੱਭਰ ਹੋਇਆ, ਪੇਸ਼ ਕੋਈ ਨਾ ਜਾਵੇ
ਰੀਝਾਂ ਨਾਲ ਬਣਾਇਆ ਬੰਗਲਾ, ਵੱਢ ਖਾਣ ਨੂੰ ਆਵੇ
ਗੱਲ ਕੋਈ ਨਹੀਂ ਸੁਣਦਾ, ਅੱਜ ਲਾਚਾਰ ਬਜੁਰਗਾਂ ਦੀ
ਵਿੱਚ ਬੁਢਾਪੇ ਲੈਂਦਾ ਨਹੀਂ.....

ਜਗਜੀਤ -ਮੁਕਤਸਰੀ ਹੱਥ ਜੋੜ, ਅਰਜੋਈਆਂ ਕਰਦਾ ਏ
ਮੇਹਰ ਕਰੇ ! ਮੇਰਾ ਸਾਂਈ, ਉਹ ਡਰਦਾ ਹਉਂਕੇ ਭਰਦਾ ਏ
ਵੱਡੀ ਉਮਰੇ ਸੁਣਦੀ ਨਹੀਂ, ਲਲਕਾਰ ਬਜੁਰਗਾਂ ਦੀ
ਵਿੱਚ ਬੁਢਾਪੇ ਲੈਂਦਾ ਨਹੀਂ.....



**ਜਗਜੀਤ ਮੁਕਤਸਰੀ**
91-94175 -62053

# ਤੂਫਾਨ

ਹਰ ਤੂਫਾਨ ਆਉਂਦਾ,
ਤਬਾਹੀ ਲਿਆਉਂਦਾ।
ਲੋਕ ਕਹਿੰਦੇ,
ਇਹ ਵੱਡਾ ਤੂਫਾਨ ਏ।
ਉਸਦਾ ਨਾਂ ਬਣ ਜਾਂਦਾ।
ਆਪਣੀ ਕਰਨੀ ਕਰ ਜਾਂਦਾ।
ਜਿਹਨਾਂ ਨੂੰ ਸੇਕ
ਨਹੀਂ ਲੱਗਦਾ।
ਬਸੰਤਰ ਬਣ ਜਾਂਦਾ।
ਉਹੀ ਫੜਫੜਾਉਂਦਾ,
ਜਿਸਨੂੰ ਕਸਾਈ ਦੱਬ ਲੈਂਦਾ।
ਬਾਕੀ ਤਾਂ ਚੋਗਾ ਖਾਂਦਾ।
ਤੂਫਾਨ ਨੇ,
ਆਉਣਾ ਜਾਣਾ ਏ।
ਇਕ ਤੂਫਾਨ,
ਦਿਲਾਂ ਵਿਚ ਏ।
ਉਸਦਾ ਕੀ ਨਾਉਂ ਰੱਖੀਏ।
ਵਿਛੜ ਗਿਆਂ ਦੀਆਂ ਯਾਦਾਂ।
ਅਪਾਹਜ਼ ਦੀਆਂ ਫਰਿਆਦਾਂ।
ਤੂਫਾਨ ਕਦੋਂ ਮੁੱਕਿਆ ਏ।
ਵਿੱਦਿਆ,
ਬੇਰੁਜ਼ਗਾਰੀ,
ਬਿਮਾਰੀ,
ਆਰਥਿਕ ਤੰਗੀ।
ਨੌਜਵਾਨਾਂ ਦੇ ਦਿਲ ਵਿਚ,
ਕਦੇ ਚਿੱਟਾ ਕਦੇ ਕਾਲਾ,
ਤੂਫਾਨ ਏ।
ਇਹ ਅੰਦਰਲਾ ਤੂਫਾਨ ਏ।
ਇਸਦਾ ਕੀ ਉਪਾਅ ਏ?
ਕਿਸੇ ਤੇ ਉਮੀਦ ਕੀ ਏ।
ਆਪਣੀ ਹੋਣੀ,
ਆਪ ਬਣਾਉਣੀ ਹੈ।
ਹਰ ਤੂਫਾਨ ਵਿਉਪਾਰ ਏ।
ਸੋਚ ਸਾਡੀ ਬੇਕਾਰ ਏ।
ਹੋਣ ਦਿਓ ਜੋ ਹੋਈ ਜਾਂਦਾ
ਹਰ ਇਕ ਦਾ ਹੈ
ਇਕ ਦਿਨ ਆਉਂਦਾ।



**- ਪ੍ਰਮਿੰਦਰ ਸਿੰਘ 'ਪ੍ਰਵਾਨਾ'**
510-415-9377

# ਗ਼ਜ਼ਲ

ਦੁਨੀਆ ਦੀਆਂ ਨਜ਼ਰਾਂ ਭਰੀਆਂ ਵੈਰ ਦੀਆਂ ,
ਯਾਰੀ ਦੀ ਤਹਿ ਵਿੱਚ ਨੇ ਖੁੰਦਕਾਂ ਗ਼ੈਰ ਦੀਆਂ।

ਉਹਦੇ ਸ਼ਬਦ ਤਾਂ ਮਾਖਿਓਂ ਮਿੱਠੇ ਲਗਦੇ ਨੇ,
ਤਾਸੀਰ ਤੋਂ ਗੱਲਾਂ ਭਰੀਆਂ ਜ਼ਹਿਰ ਦੀਆਂ।

ਘੁੱਟ ਕਲੇਜੇ ਲਾਉਂਦਾ ਹਾਂ ਮਹਿਬੂਬਾ ਵਾਂਗ,
ਲਿਖੀਆਂ ਨੇ ਜੋ ਗ਼ਜ਼ਲਾਂ ਲੰਬੀ ਬਹਿਰ ਦੀਆਂ।

ਦਿਨ ਨੂੰ ਸਾਧ ਤੇ ਰਾਤੀਂ ਕਰਦੇ ਚੋਰੀਆਂ,
ਬਗਲਾਂ ਵਿਚ ਨੇ ਰੱਖੀਆਂ ਛੁਰੀਆਂ ਕਹਿਰ ਦੀਆਂ।

ਰੱਬ ਰੁੱਸਿਆ ਦਿਲ ਪੱਥਰ ਧਰ ਕੇ ਜੀ 'ਲਾਂ ਗੇ,
'ਸੰਧੂ' ਬਿਨ ਤਾਂ ਨਬਜ਼ਾਂ ਜਾਪਣ ਠਹਿਰਦੀਆਂ।

ਠੰਡੀਆਂ ਛਾਂਵਾਂ ਲੁੱਟ ਲਈਆਂ ਜਰਵਾਣਿਆਂ,
ਕਾਮੇ ਹਿੱਸੇ ਘੜੀਆਂ ਸਿਖ਼ਰ ਦੁਪਹਿਰ ਦੀਆਂ।

ਸੁਣ ਸਾਕੀ ਵੇ ਜਾਮ ਨੂੰ ਖ਼ਾਲੀ ਮੋੜੀਂ ਨਾ,
ਬਿਨ ਪੀਤੇ ਨਾ ਅੱਖ 'ਚ ਗ਼ਮੀਆਂ ਤੈਰਦੀਆਂ।

**- ਜੁਗਿੰਦਰ ਸੰਧੂ**
91-94174-02327



# ਭੇਤੀ

ਜੋ ਵੀ 'ਉਹਦੇ',
ਸਾਹਮਣੇ ਆਉਂਦਾ,
ਮੰਗ ਲੈਂਦਾ।
ਕੋਈ ਲਾਗਿਓ, ਲੰਘਦਾ
ਮੰਗ ਲੈਂਦਾ।
ਨਾ ਮਿਲਦਾ,
ਤਾਂ ਸੁਨੇਹਾ ਭੇਜ ਦਿੰਦਾ,
ਕੋਈ ਭੇਜ ਦਿੰਦਾ,
ਦੂਰੋ ਜਾਂ ਨੇੜਿਓ।
ਮੰਗਦੇ ਮੰਗਦੇ,
'ਉਹਨੂੰ' ਮੰਗਣ ਦੀ ਆਦਤ ਹੋ ਗਈ,
ਮੰਗਦਾ ਮੰਗਦਾ ਉਹ ,
ਮੰਗਤਾ ਬਣ ਗਿਆ।
ਉਹ ਜਣੇ ਖਣੇ ਕੋਲੋਂ ਮੰਗਣ ਲੱਗ ਪਿਆ,
ਉਨ੍ਹਾਂ ਨੇ ਦੇਣਾ ਬੰਦ ਕਰ ਦਿੱਤਾ।

ਸ਼ਾਇਦ,ਉਹਨੂੰ ਭੇਤ ਹੋਇਆ ਹੋਵੇ ਕਿ
ਕਰਮ ਬਿਨਾਂ ਮੰਗਣਾ ਕਾਹਦਾ।
ਹੁਣ 'ਉਹ ' ਕਰਮ ਕਰਦਾ,
ਪਰ ਮੰਗਦਾ ਨਾ,
'ਉਸ ਕੋਲ 'ਢੇਰ ਲੱਗ ਗਿਆ।
ਮੰਗਣ ਦੀ ਥਾਂ ,
ਦੇਣਾ ਸ਼ੁਰੂ ਕਰ ਦਿੱਤਾ।

ਦੇਣ ਵਾਲਿਆਂ ਨੂੰ,
ਫਿਰ 'ਉਹਦੀ 'ਯਾਦ ਆਈ,
ਉਹਨਾਂ ਦੇਣਾ ਚਾਹਿਆ,
ਪਰ 'ਉਹਨੇ' ਲੈਣਾ ਨਾ ਚਾਹਿਆ,
ਉਹਨਾਂ ਨੇ ਬਗੈਰ ਮੰਗੇ ,
ਦੇਣਾ ਸ਼ੁਰੂ ਕਰ ਦਿੱਤਾ।

ਉਹ ਦੋ ਦਿੰਦੇ,
'ਉਹ' ਚਾਰ ਦਿੰਦਾ,
ਉਹ ਇਕ ਹੱਥ ਦਿੰਦੇ,
'ਉਹ' ਦੋਵੇਂ ਹੱਥ ਦਿੰਦਾ।
ਸਿਲਸਿਲਾ ਚਲਦਾ ਰਿਹਾ।

ਏਧਰੋਂ ਲੈਂਦਾ,
ਓਧਰ ਦੇਂਦਾ,
ਉਧਰੋਂ ਲੈਂਦਾ ,
ਇਧਰ ਦਿੰਦਾ ,
'ਉਹ', ਅੱਜ ਵੀ 'ਮੰਗਤਾ' ਹੀ ਹੈ,
ਉਹ, 'ਉਹਨੂੰ ਦਾਤਾ' ਕਹਿਣ ਲੱਗੇ।

ਕੌਣ ਮੰਗਤਾ- ਕੌਣ ਦਾਤਾ
'ਉਹ'ਤਾਂ ਹੁਣ
'ਭੇਤੀ'ਹੈ,
ਲੈਣ ਦਾ
ਤੇ ਦੇਂਣ ਦਾ।

*ਨੋਟ- ਉਨ੍ਹਾਂ ਮੰਗਣ ਵਾਲਿਆਂ ਦੇ ਨਾਂ, ਜਿਨ੍ਹਾਂ ਨੇ ਕਰੋਨਾ ਮਹਾਂਮਾਰੀ ਦੌਰਾਨ ਨਾ ਸਿਰਫ ਆਪਣੀ ਪੂੰਜੀ ਲੋਕਾਂ ਵਿੱਚ ਵੰਡ ਦਿੱਤੀ, ਬਲਕਿ ਦਾਨ ਇਕੱਠਾ ਕਰਕੇ ਲੋੜਵੰਦਾਂ ਦੀ ਸਹਾਇਤਾ ਕੀਤੀ।*



**- ਹਰਮੇਸ਼ ਜੱਸਲ**

# ਬਠਿੰਡਾ, ਫਿਰੋਜ਼ਪੁਰ ਸਮੇਤ ਪੰਜਾਬ ਦੇ 8 ਜ਼ਿਲ੍ਹੇ ਕੋਰੋਨਾ ਨਾਲ ਮੌਤਾਂ ਰੋਕਣ 'ਚ ਰਹੇ ਕਾਮਯਾਬ

ਜਲੰਧਰ- ਪੰਜਾਬ 'ਚ ਮੰਗਲਵਾਰ ਨੂੰ 39 ਹੋਰ ਲੋਕ ਸਿਹਤਯਾਬ ਹੋ ਗਏ ਜਦਕਿ 54ਨਵੇਂ ਪਾਜ਼ੇਟਿਵ ਮਾਮਲੇ ਸਾਹਮਣੇ ਆਏ। ਇਨ੍ਹਾਂ ਵਿਚੋਂ 13 ਕੇਸ ਫ਼ਰੀਦਕੋਟ ਦੇ ਇਕ ਹੀ ਪਰਿਵਾਰ ਦੇ ਹਨ। ਹੁਣ ਸੂਬੇ ਵਿਚ ਕੁਲ ਇਨਫੈਕਟਿਡਾਂ ਦੀ ਗਿਣਤੀ 2831 ਹੋ ਗਈ ਹੈ ਜਿਨ੍ਹਾਂ ਵਿਚੋਂ 2167 ਸਿਹਤਯਾਬ ਹੋ ਚੁੱਕੇ ਹਨ। ਐਕਟਿਵ ਮਰੀਜ਼ਾਂ ਦੀ ਗਿਣਤੀ ਸਿਰਫ਼ 617 ਹੀ ਹੈ। ਉਧਰ ਮੰਗਲਵਾਰ ਨੂੰ ਜਲੰਧਰ ਵਿਚ ਤਿੰਨ ਜੱਜ, ਇਕ ਵਕੀਲ ਤੇ ਅਦਾਲਤੀ ਸਟਾਫ ਨੂੰ 14 ਦਿਨਾਂ ਲਈ ਕੁਆਰੰਟਾਈਨ ਕਰ ਦਿੱਤਾ ਗਿਆ। ਇੱਥੇ ਬੀਤੇ ਦਿਨੀਂ ਗ੍ਰਿਫ਼ਤਾਰ ਜੁਆਰੀ ਕੋਰੋਨਾ ਪਾਜ਼ੇਟਿਵ ਨਿਕਲਿਆ ਸੀ। ਉਸ ਤੋਂ ਬਾਅਦ ਪੁਲਿਸ ਦੇ ਚਾਰ ਮੁਲਾਜ਼ਮਾਂ ਨੂੰ ਕੁਆਰੰਟਾਈਨ ਕੀਤਾ ਗਿਆ ਸੀ।

**ਅੱਠ ਜ਼ਿਲ੍ਹੇ ਮੌਤਾਂ ਰੋਕਣ 'ਚ ਰਹੇ ਕਾਮਯਾਬ**

ਪੰਜਾਬ ਵਿਚ ਕੋਰੋਨਾ ਨਾਲ ਮਰਨ ਵਾਲਿਆਂ ਦੀ ਦਰ ਅਜੇ ਸਿਰਫ਼ 1.88 ਫ਼ੀਸਦੀ ਹੈ। ਕਈ ਸੂਬਿਆਂ ਦੇ ਮੁਕਾਬਲੇ ਇਹ ਦਰ ਕਾਫ਼ੀ ਬਿਹਤਰ ਹੈ। ਪੰਜਾਬ ਵਿਚ ਹੁਣ ਤਕ 55 ਲੋਕਾਂ ਦੀ ਮੌਤ ਹੋ ਚੁੱਕੀ ਹੈ। ਅੰਮ੍ਰਿਤਸਰ ਵਿਚ ਸਭ ਤੋਂ ਜ਼ਿਆਦਾ 11 ਮੌਤਾਂ ਹੋਈਆਂ ਹਨ। ਇਸ ਤੋਂ ਬਾਅਦ ਲੁਧਿਆਣੇ 'ਚ 10 ਤੇ ਜਲੰਧਰ ਵਿਚ ਨੌਂ ਲੋਕਾਂ ਦੀ ਜਾਨ ਗਈ ਹੈ ਪਰ ਅੱਠ ਜ਼ਿਲ੍ਹੇ ਅਜਿਹੇ ਵੀ ਹਨ ਜਿਨ੍ਹਾਂ ਵਿਚ ਇਕ ਵੀ ਮੌਤ ਨਹੀਂ ਹੋਈ। ਇਹ ਅੱਠ ਜ਼ਿਲ੍ਹੇ ਕੋਰੋਨਾ ਵਿਰੁੱਧ ਜੰਗ ਵਿਚ ਕਾਫ਼ੀ ਹੱਦ ਤਕ ਕਾਮਯਾਬ ਰਹੇ ਹਨ। ਇਨ੍ਹਾਂ ਵਿਚ ਬਠਿੰਡਾ, ਮਾਨਸਾ, ਮੋਗਾ, ਫਿਰੋਜ਼ਪੁਰ, ਫਾਜ਼ਿਲਕਾ, ਸੰਗਰੂਰ, ਫ਼ਰੀਦਕੋਟ, ਮੁਕਤਸਰ ਤੇ ਫ਼ਤਹਿਗੜ੍ਹ ਸਾਹਿਬ ਸ਼ਾਮਲ ਹਨ। ਏਨਾ ਹੀ ਨਹੀਂ ਇਨ੍ਹਾਂ ਸਾਰੇ ਜ਼ਿਲ੍ਹਿਆਂ ਵਿਚ ਸਿਰਫ਼ 67 ਫ਼ੀਸਦੀ ਸਗਰਮ ਕੇਸ ਹਨ। ਇਨ੍ਹਾਂ ਤੋਂ ਇਲਾਵਾ ਪੰਜ ਜ਼ਿਲ੍ਹੇ ਅਜਿਹੇ ਹਨ ਜਿਨ੍ਹਾਂ ਵਿਚ ਹੁਣ ਤਕ ਸਿਰਫ਼ ਇਕ-ਇਕ ਮੌਤ ਹੋਈ ਹੈ। ਇਨ੍ਹਾਂ ਵਿਚ ਨਵਾਂਸ਼ਹਿਰ, ਤਰਨਤਾਰਨ, ਰੂਪਨਗਰ, ਫਿਰੋਜ਼ਪੁਰ ਤੇ ਬਰਨਾਲਾ ਸ਼ਾਮਲ ਹਨ।

ਪੰਜਾਬ ਵਿਚ ਕੋਰੋਨਾ ਨਾਲ ਪਹਿਲੀ ਮੌਤ ਨਵਾਂਸ਼ਹਿਰ ਵਿਚ ਹੀ ਹੋਈ ਸੀ ਪਰ ਇਸ ਜ਼ਿਲ੍ਹੇ ਨੇ ਬੜੀ ਛੇਤੀ ਕੋਰੋਨਾ ਇਨਫੈਕਸ਼ਨ 'ਤੇ ਕਾਬੂ ਪਾ ਲਿਆ। ਇੱਥੋਂ ਦੇ ਇਕ ਗ੍ਰੰਥੀ ਦੇ ਸੰਪਰਕ ਵਿਚ ਆਉਣ ਨਾਲ 50 ਤੋਂ ਜ਼ਿਆਦਾ ਲੋਕ ਇਨਫੈਕਟਿਡ ਹੋ ਗਏ ਸਨ। ਇਹ ਸਾਰੇ ਸਿਹਤਯਾਬ ਹੋ ਚੁੱਕੇ ਹਨ। ਤਰਨਤਾਰਨ ਵਿਚ 28 ਅਪ੍ਰੈਲ ਤਕ ਕੋਈ ਕੇਸ ਨਹੀਂ ਸੀ। ਕਾਫ਼ੀ ਦਿਨ ਇਹ ਜ਼ਿਲ੍ਹਾ ਗ੍ਰੀਨ ਜ਼ੋਨ ਵਿਚ ਰਿਹਾ ਪਰ ਸ੍ਰੀ ਹਜ਼ੂਰ ਸਾਹਿਬ ਤੋਂ ਪਰਤੇ ਸ਼ਰਧਾਲੂਆਂ ਕਾਰਨ ਇੱਥੇ



ਇਨਫੈਕਸ਼ਨ ਤੇਜ਼ੀ ਨਾਲ ਫੈਲੀ। ਕੁਝ ਹੋਰ ਜ਼ਿਲ੍ਹੇ ਅਜਿਹੇ ਵੀ ਹਨ ਜਿੱਥੇ ਮੌਤਾਂ ਤਾਂ ਜ਼ਿਆਦਾ ਹੋਈਆਂ ਪਰ ਹੁਣ ਸਰਗਰਮ ਮਰੀਜ਼ਾਂ ਦੀ ਗਿਣਤੀ ਕਾਫ਼ੀ ਘੱਟ ਹੈ। ਫਿਰੋਜ਼ਪੁਰ ਤੇ ਬਰਨਾਲਾ ਵਿਚ ਇਕ-ਇਕ ਜਦਕਿ ਹੁਸ਼ਿਆਰਪੁਰ ਵਿਚ ਸਿਰਫ਼ ਛੇ ਕੇਸ ਹੀ ਸਰਗਰਮ ਹਨ।

**ਇੰਜ ਪਾਇਆ ਕਾਬੂ**

ਇਨ੍ਹਾਂ ਸਾਰੇ ਅੱਠ ਜ਼ਿਲ੍ਹਿਆਂ ਵਿਚ ਲੋਕਾਂ ਨੇ ਆਪਣੇ ਪੱਧਰ 'ਤੇ ਹੀ ਪਿੰਡਾਂ ਨੂੰ ਸੀਲ ਕਰ ਕੇ ਇਨਫੈਸ਼ਨ ਰੋਕਣ ਵਿਚ ਅਹਿਮ ਭੂਮਿਕਾ ਨਿਭਾਈ। ਬਾਹਰੋਂ ਆਉਣ ਵਾਲੇ ਲੋਕਾਂ ਲਈ ਆਬਾਦੀ ਤੋਂ ਦੂਰ ਕੁਆਰੰਟਾਈਨ ਸੈਂਟਰ ਬਣਾਏ ਜਿਸ ਨਾਲ ਪਿੰਡ ਵਾਇਰਸ ਦੇ ਅਸਰ ਤੋਂ ਬਚ ਗਏ। ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਚੌਕਸੀ ਦਿਖਾਈ ਤੇ ਕੋਈ ਵੀ ਪਾਜ਼ੇਟਿਵ ਕੇਸ ਸਾਹਮਣੇ ਆਉਣ 'ਤੇ ਸਖ਼ਤੀ ਨਾਲ ਕੁਆਰੰਟਾਈਨ ਨਿਯਮਾਂ ਦੀ ਪਾਲਣਾ ਕਰਵਾਈ।

ਕੋਰੋਨਾ ਮੀਟਰ
ਅੱਜ ਇਨਫੈਕਟਿਡ--54
ਅੱਜ ਮੌਤਾਂ--00
ਕੁਲ ਇਨਫੈਕਟਿਡ--2831
ਹੁਣ ਤਕ ਸਿਹਤਯਾਬ--2167
ਐਕਟਿਵ ਮਾਮਲੇ--617
ਕੁਲ ਮੌਤਾਂ--55
ਕੁਲ ਨਮੂਨੇ ਲਏ : 1,36,343

**ਅੱਠ ਜ਼ਿਲਿਆਂ ਵਿਚ ਕਿੰਨੇ ਐਕਟਿਵ ਕੇਸ**

ਸੰਗਰੂਰ--18
ਫ਼ਤਹਿਗੜ੍ਹ ਸਾਹਿਬ--14
ਫ਼ਰੀਦਕੋਟ--25
ਬਠਿੰਡਾ--8
ਫਿਰੋਜ਼ਪੁਰ--6
ਮੁਕਤਸਰ--4
ਮੋਗਾ--3
ਮਾਨਸਾ--2

ਪੰਜਾਬ 'ਚ ਹੁਣ ਤਕ ਦੀ ਸਥਿਤੀ
ਜ਼ਿਲ੍ਹਾ--ਪਾਜ਼ੇਟਿਵ--ਮੌਤ
ਅੰਮ੍ਰਿਤਸਰ--515--11
ਜਲੰਧਰ--315--9
ਲੁਧਿਆਣਾ--285--10
ਤਰਨਤਾਰਨ--169--1
ਗੁਰਦਾਸਪੁਰ---161--3
ਪਟਿਆਲਾ--137--3
ਹੁਸ਼ਿਆਰਪੁਰ--136--5
ਮੋਹਾਲੀ--136--3
ਸੰਗਰੂਰ--122--0
ਨਵਾਂਸ਼ਹਿਰ--120--1
ਪਠਾਨਕੋਟ--94--5
ਫ਼ਰੀਦਕੋਟ--75--0
ਰੂਪਨਗਰ--72--1
ਮੁਕਤਸਰ--71--0
ਫ਼ਤਹਿਗੜ੍ਹ ਸਾਹਿਬ--70--0
ਮੋਗਾ--69--0
ਬਠਿੰਡਾ--62--0
ਫਾਜ਼ਿਲਕਾ--50--0
ਮਾਨਸਾ--45--1
ਕਪੂਰਥਲਾ--45--3
ਬਰਨਾਲਾ--29--1




**Buying or Selling any Business? Call Now 916-271-5404**

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY $1500/mo.
Listing Price to $149,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Coffee Shop for Sale
Monthly Gross Sales: $25,000
Listing Price: $150,000




7Eleven
7 Eleven Store For Sale in Antioch, CA
Listing Price: $550,000




3 Bedroom 1 Bath Home on
10 Acre Lot
Listing Price: $1,500,000




BERKSHIRE HATHAWAY HOMESERVICES BH HS
Elite Real Estate
Home Services
BERKSHIRE HATHAWAY




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

**OFFICE: 7412 ELSIE AVE., SACRAMENTO, CA 95828**



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailer Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop